# ਗੁਰੂ ਨਾਨਕ ਬਾਣੀ ਵਿਚ ਅੰਤਰ-ਧਰਮੀ ਵਾਰਤਾਲਾਪ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਭਾਸ਼ਾ ਫੈਕਲਟੀ ਵਿਚ
ਪੀ-ਐੱਚ ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ

**ਸ਼ੋਧ-ਪ੍ਰਬੰਧ**

**1992**

ਖੋਜਾਰਥੀ

**ਸੁਰਜੀਤ ਸਿੰਘ**

ਗੁਰੂ ਨਾਨਕ ਸਿੱਖ ਸੱਟਡੀਜ਼ ਵਿਭਾਗ
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ

PANJAB UNIVERSITY LIBRARY

# ਵਿਸ਼ਾ-ਸੂਚੀ


1. ਪ੍ਰਵੇਸ਼ ੳ-ਸ

2. ਅਧਿਆਇ ਪਹਿਲਾ

ਸੰਚਾਰ, ਸੰਚਾਰ-ਵਿਗਿਆਨ ਅਤੇ ਸੰਸਕ੍ਰਿਤੀ ਸਿਧਾਂਤ

ੳ) ਸੰਚਾਰ, ਪਰਿਭਾਸ਼ਾ ਤੇ ਸਰੂਪ ਸੰਚਾਰ ਪ੍ਰਣਾਲੀਆਂ .. 1-6

ਅ) ਸੰਚਾਰ ਵਿਗਿਆਨ, ਪਰਿਭਾਸ਼ਾ ਤੇ ਸਰੂਪ 7-14

ੲ) ਸੰਚਾਰ ਵਿਗਿਆਨ ਅਤੇ ਸਾਹਿੱਤ ਸਿਰਜਣਾ 15-19

ਸ) ਸੰਚਾਰ ਵਿਗਿਆਨ ਦੇ ਪਰਿਪੇਖ ਵਿਚ ਸੰਸਕ੍ਰਿਤੀ ਸਿਧਾਂਤ 20-24

3. ਅਧਿਆਇ ਦੂਜਾ

ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ

ੳ) ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਮਾਧਿਅਮ 25-29

1. ਲੋਕ-ਰੂੜੀਆਂ (ਸਾਂਸਕ੍ਰਿਤਕ ਸੰਚਾਰਕ) 30-36
2. ਲੋਕ ਕਾਵਿ ਰੂਪ 37-71
3. ਰਾਗ ਸੰਗੀਤ 72-79
4. ਪ੍ਰਤੀਕਾਤਮਕ ਪ੍ਰਬੰਧ 80-86

4. ਅਧਿਆਇ ਤੀਜਾ

ਗੁਰੂ ਨਾਨਕ ਬਾਣੀ ਵਿਚ ਧਰਮ ਤੇ ਸਾਂਪ੍ਰਦਾਇਕਤਾ

ੳ) ਗੁਰੂ ਨਾਨਕ ਬਾਣੀ ਵਿਚ ਆਏ ਵੱਖ-ਵੱਖ ਧਰਮ।

ਅ) ਭਾਰਤੀ ਮੱਤ:- ਹਿੰਦੂ ਮੱਤ, ਵੈਦਿਕ ਮਤ, ਉਪਨਿਸ਼ਦਾਂ ਦਾ ਤੱਤ ਗਿਆਨ, ਜੋਗ ਮੱਤ, ਬੁੱਧ ਮੱਤ, ਜੈਨ-ਮੱਤ, ਸ਼ਾਕਤ ਮਤ, ਚਾਰਵਾਕ ਸਾਂਖ ਮਤ ਆਦਿ ।

ੲ) ਅਭਾਰਤੀ ਮੱਤ:- ਇਸਲਾਮ ਮਤ, ਸੂਫੀ ਮਤ ਅਤੇ ਈਸਾਈ ਮਤ ਆਦਿ । 87-129

5. ਅਧਿਆਇ ਚੌਥਾ

ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਸੰਵਾਦ ਪ੍ਰਣਾਲੀ ਵਾਰਤਾਲਾਪ

ੳ) ਵਾਰਤਾਲਾਪ ਸਰੂਪ ਅਤੇ ਪਰਿਭਾਸ਼ਾ, ਉਦੇਸ਼ ਤੇ ਕਾਰਜ

ਅ) ਗੁਰੂ ਨਾਨਕ ਬਾਣੀ ਦੀ ਵਾਰਤਾਲਾਪੀ-ਸ਼ੈਲੀ

ੲ) ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਸੰਵਾਦ-ਪ੍ਰਣਾਲੀ ਵਾਰਤਾਲਾਪ ਦਾ ਅਧਿਐਨ 130-172

6. ਅਧਿਆਇ ਪੰਜਵਾਂ

ਗੁਰੂ ਨਾਨਕ ਬਾਣੀ ਦੇ ਸੰਵਾਦ ਪ੍ਰਣਾਲੀ ਵਾਰਤਾਲਾਪ ਦਾ ਸਮਕਾਲੀ ਧਰਮਾਂ ਪ੍ਰਤੀ ਦ੍ਰਿਸ਼ਟੀਕੋਣ ।

ੳ) ਗੁਰੂ ਨਾਨਕ ਬਾਣੀ ਦੇ ਸੰਵਾਦ ਪ੍ਰਣਾਲੀ ਵਾਰਤਾਲਾਪ ਦਾ ਸਮਕਾਲੀ ਧਰਮਾਂ ਪ੍ਰਤੀ ਦ੍ਰਿਸ਼ਟੀਕੋਣ ।

ਅ) ਗੁਰੂ ਨਾਨਕ ਬਾਣੀ ਵਿਚਲੇ ਸੰਵਾਦ ਪ੍ਰਣਾਲੀ ਵਾਰਤਾਲਾਪ ਦਾ ਸਿਧਾਂਤ-ਵਿਸ਼ਲੇਸ਼ਣ ਅਤੇ ਸਿਧਾਂਤ ਪ੍ਰਸੰਗ 173-201

7. ਅਧਿਆਇ ਛੇਵਾਂ

ਨਿਸ਼ਕਰਸ਼ 202-211

8. ਪੁਸਤਕ ਸੂਚੀ 212-216

# ਭੂਮਿਕਾ

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰਾ ਜਨਮ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਸ਼ਰਧਾਲੂ ਅਤੇ ਪ੍ਰਮੁਖ ਸਿੱਖ 'ਅਜਿਤੇ ਰੰਧਾਵੇ' ਦੀ ਕੁੱਲ ਵਿੱਚ ਹੋਇਆ ਹੈ। ਮੇਰੀ ਜਨਮ-ਭੂਮੀ, ਡੇਰਾ ਬਾਬਾ ਨਾਨਕ ਦੀ ਉਸ ਜੂਹ ਵਿਚ ਪੈਂਦੀ ਹੈ, ਜਿਥੇ ਕਦੀ ਬਾਬਾ 'ਅਜਿਤਾ ਰੰਧਾਵਾ' ਆਪਣਾ ਮੱਝਾਂ ਚਾਰਿਆ ਕਰਦੇ ਸਨ। ਛੋਟੇ ਹੁੰਦਿਆਂ ਜਦੋਂ ਕਿਤੇ ਡੇਰਾ ਬਾਬਾ ਨਾਨਕ ਕਿਸੇ ਦਿਨ-ਤਿਉਹਾਰ ਜਾਂ ਮੇਲੇ-ਮਸਾਂਦੇ ਮੌਕਾ ਦੇਖਣ ਜਾਣਾ ਤਾਂ ਜਨਮ ਸਾਖੀ ਵਿਚ ਆਈ ਸਾਖੀ 'ਅਜਿਤਾ ਰੰਧਾਵਾ ਤੇ ਗੁਰੂ ਨਾਨਕ ਦੀ ਮੁਲਾਕਾਤ' ਦਾ ਖਿਆਲ ਕਰਕੇ ਖੁਸ਼ੀ ਵਿਚ ਨਾ ਸਮਾਉਂਦਾ। ਮੇਰੀ ਬਾਲ-ਬੁੱਧ ਅਜੇ ਉਸ ਸਮੇਂ ਸਾਹਿਤਾਂ ਦੇ ਮਹਾਨ ਨਾਇਕਾਂ ਨੂੰ ਜਾਣਨ ਤੋਂ ਅਸਮਰਥ ਸੀ। ਮੇਰੇ ਲਈ ਪੰਜ-ਪੁਸ਼ਤਿਆਂ ਪਹਿਲੇ ਬਾਬੇ ਇਸ ਗੱਲ ਦਾ ਮਾਣ ਹੀ ਕਾਫ਼ੀ ਸੀ ਕਿ ਸਾਡੇ ਇਸੇ ਵਡੇਰੇ ਦੀ ਗੁਰੂ ਨਾਨਕ ਸਾਹਿਬ ਨਾਲ ਮੁਲਾਕਾਤ ਹੋਈ ਸੀ। ਹੌਲੀ ਹੌਲੀ ਵਧਦੇ, ਜਵਾਨੀ ਵਿੱਚ ਪਰਿਵਰਤਨ ਹੋ ਗਿਆ, ਸਕੂਲ ਅਤੇ ਕਾਲਜ ਦੀ ਪੜ੍ਹਾਈ ਨੇ ਗੁਰੂ ਨਾਨਕ ਉਪਰ ਮੇਰੀ ਆਸਥਾ ਨੂੰ ਹੋਰ ਦ੍ਰਿੜ੍ਹ ਕੀਤਾ। ਪੰਜਾਬੀ ਅਧਿਆਪਕ ਬਣਨ ਉਪਰੰਤ ਜਦੋਂ ਪੀ.ਐਚ.ਡੀ ਕਰਨ ਦਾ ਮੌਕਾ ਮਿਲਿਆ ਅਤੇ ਇਸ ਮੌਕੇ ਪਿੱਛੇ ਮੇਰੇ ਕੋਲ ਦਾ ਵਿਚਾਰ ਅੰਦਰ ਛਿਪਿਆ ਸੀ। ਇਸ ਮੌਕੇ ਅਧੀਨ ਹੀ ਮੈਂ ਗੁਰੂ ਨਾਨਕ ਬਾਣੀ ਤੇ ਕੰਮ ਕਰਨ ਦਾ ਮਨ ਬਣਾਇਆ ਸੀ ਪਰ ਮੇਰੇ ਇਸ ਮੌਕੇ ਨੂੰ ਸਾਕਾਰ ਰੂਪ ਦੇਣ ਦਾ ਕਾਰਜ ਬੜਾ ਕਠਿਨ ਤੇ ਵਿਖੜੀ ਕਿਸਮ ਦਾ ਸੀ। ਮੇਰੀ ਇਸ ਆਸ ਨੂੰ ਉਸ ਸਮੇਂ ਫੁਲ ਲੱਗਾ, ਜਦੋਂ ਗੁਰੂ ਨਾਨਕ ਅਧਿਐਨ ਕੇਂਦਰ ਦੇ ਡਾਇਰੈਕਟਰ ਡਾ. ਦਰਸ਼ਨ ਸਿੰਘ ਜੀ ਨੇ ਮੈਨੂੰ ਖੁਸ਼ੀ ਖੁਸ਼ੀ ਗੁਰੂ ਨਾਨਕ ਬਾਣੀ ਤੇ ਕੰਮ ਕਰਨ ਦੀ ਕੇਵਲ ਆਗਿਆ ਹੀ ਨਾ ਦਿੱਤੀ ਸਗੋਂ ਅਤਿਅੰਤ ਕ੍ਰਿਪਾਲਤਾ ਕਰਦਿਆਂ ਹੋਇਆਂ ਮੇਰੇ ਨਿਗਰਾਨ ਬਣਨਾ ਵੀ ਪ੍ਰਵਾਨ ਕਰ ਲਿਆ। ਮੇਰੀ ਇਸ ਸਾਰੀ ਦਾਸਤਾਨ, ਮੇਰੇ ਇਸ ਸ਼ੋਧ-ਪ੍ਰਬੰਧ ਦੀ ਪ੍ਰੇਰਨਾ-ਸਰੋਤ ਹੈ।

ਆਪਣੇ ਅਧਿਐਨ ਕਾਰਜ ਨੂੰ ਮੈਂ ਛੇ ਭਾਗਾਂ ਵਿਚ ਵੰਡਿਆ ਹੈ। ਅੰਤਿਮ ਭਾਗ ਪ੍ਰਾਪਤ ਸਿੱਟਿਆਂ ਜਾਂ ਨਿਰਣਿਆਂ ਨਾਲ ਸੰਬੰਧਿਤ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦਾ ਅਧਿਐਨ ਸ਼ੋਧ ਪ੍ਰਬੰਧ ਦੀ ਕੇਂਦਰੀ ਸਮੱਸਿਆ ਹੈ। ਇਸ ਸਮੱਸਿਆ ਦੇ ਸਮਾਧਾਨ ਲਈ ਉਹਨਾਂ ਮੁੱਦਿਆਂ ਵਿਧੀਆਂ, ਢੰਗਾਂ ਜਾਂ ਤਰੀਕਿਆਂ ਅਥਵਾ ਉਸ ਮਾਧਿਅਮ ਦਾ ਅਧਿਐਨ ਕਰਨਾ ਉਚਿਤ ਜਾਪਦਾ ਹੈ ਜਿਨ੍ਹਾਂ ਦੁਆਰਾ ਵਾਰਤਾਲਾਪ ਹੋਂਦ ਵਿਚ ਆਉਂਦਾ ਹੈ। ਇਸ ਮੰਤਵ ਦੀ ਪੂਰਤੀ ਲਈ ਪਹਿਲੇ ਅਧਿਆਇ ਵਿੱਚ ਸੰਵਾਦ, ਸੰਵਾਦ-ਵਿਗਿਆਨ ਅਤੇ ਸੰਸਕ੍ਰਿਤੀ

ਸਿਰਜਣਾ ਦੀਆਂ ਮੂਲ ਸਮੱਸਿਆਵਾਂ ਨਾਲ ਨਜਿੱਠਣ ਦਾ ਯਤਨ ਕੀਤਾ ਗਿਆ ਹੈ । ਅਜਿਹਾ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਵਾਰਤਾਲਾਪ ਦਾ ਸੰਬੰਧ ਇਕ ਜਾਂ ਇਕ ਤੋਂ ਵਧੇਰੇ ਸੰਸਕ੍ਰਿਤੀਆਂ ਨਾਲ ਹੀ ਹੁੰਦਾ ਹੈ । ਇਸ ਅਧਿਆਇ ਵਿੱਚ ਸੰਵਾਦ ਦੀ ਧਾਰਨਾ ਨਿਸਚਿਤ ਕਰਨ ਉਪਰੰਤ, ਸੰਵਾਦ ਦੀਆਂ ਭਿੰਨ ਭਿੰਨ ਪ੍ਰਣਾਲੀਆਂ ਬਾਰੇ ਵੀ ਸੰਖੇਪ ਚਰਚਾ ਕੀਤੀ ਗਈ ਹੈ । ਉਪਰੰਤ ਸੰਵਾਦ ਵਿਗਿਆਨ ਦੇ ਸਰੂਪ ਅਤੇ ਸਿਧਾਂਤ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ । ਗੁਰੂ ਨਾਨਕ ਬਾਣੀ 'ਧੁਰ ਕੀ ਬਾਣੀ' ਹੁੰਦੀ ਹੋਈ ਵੀ ਕਾਵਿ-ਸਾਹਿਤ ਦੇ ਖੇਤਰ ਦੀ ਵਸਤ ਵੀ ਹੈ ਅਤੇ ਕਾਵਿ ਦੀ ਸਿਰਜਣਾ ਸਮੇਂ ਅਚੇਤ ਜਾਂ ਚੇਤਨ ਰੂਪ ਵਿੱਚ ਕੋਈ ਨਾ ਕੋਈ ਸੰਵਾਦ-ਵਿਗਿਆਨ ਜਾਂ ਸੰਵਾਦ-ਪ੍ਰਕ੍ਰਿਆ ਹੋਂਦ ਵਿਚ ਆ ਜਾਂਦੀ ਹੈ । ਇਸ ਅਧਿਆਇ ਦੇ ਅੰਤ ਵਿਚ ਸੰਵਾਦ ਵਿਗਿਆਨ ਅਤੇ ਸੰਸਕ੍ਰਿਤੀ-ਵਿਗਿਆਨ ਦੇ ਅੰਤਰ ਸੰਬੰਧਾਂ ਦੀ ਵਿਆਖਿਆ ਕਰਦਿਆਂ ਹੋਇਆਂ ਪੰਜਾਬੀ ਸਭਿਆਚਾਰ ਦੇ ਪਿਛੋਕੜ ਨੂੰ ਸਮਝਣ ਦਾ ਯਤਨ ਕੀਤਾ ਹੈ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਕਿਉਂਕਿ ਇਕ ਸਿਧਾਂਤ ਦੇ ਪ੍ਰਭਾਵਸ਼ਾਲੀ ਸੰਵਾਦ-ਪ੍ਰਕ੍ਰਿਆ ਦੇ ਅੰਤਰ-ਗਤ ਉਸਾਰੇ ਗਏ ਹਨ ਇਸ ਲਈ ਦੂਸਰੇ ਅਧਿਆਇ ਵਿੱਚ, ਗੁਰੂ ਨਾਨਕ ਬਾਣੀ ਦੀ ਸੰਵਾਦ-ਪ੍ਰਕ੍ਰਿਆ ਦਾ ਵਿਵੇਚਨ ਕਰਨ ਦਾ ਯਤਨ ਕੀਤਾ ਗਿਆ ਹੈ । ਗੁਰੂ ਨਾਨਕ ਬਾਣੀ ਦਾ ਅਧਿਐਨ ਕਰਨ ਅਤੇ ਇਸ ਵਿਚਲੇ ਅੰਤਰਧਰਮੀ ਵਾਰਤਾਲਾਪ ਨੂੰ ਸਮਝਣ ਸਮੇਂ ਤਿੰਨ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ । ਪਹਿਲਾ ਤੱਥ ਸਾਮਾਜਿਕ-ਧਾਰਮਿਕ ਤੇ ਲੋਕ-ਰੂੜ੍ਹੀਆਂ ਦੀ ਸਫਲ ਵਰਤੋਂ ਕਰਨਾ ਹੈ । ਦੂਸਰਾ ਤੱਥ ਲੋਕ ਕਾਵਿ ਰੂਪਾਂ ਅਤੇ ਤੀਸਰਾ ਤੱਥ ਕਲਾਸੀਕਲ ਭਾਰਤੀ ਸਾਹਿਤ ਪਰੰਪਰਾ ਦੀਆਂ ਕਾਵਿ-ਵਿਧਾਵਾਂ ਦੀ ਸਫਲ ਵਰਤੋਂ ਕਰਨਾ ਹੈ । ਇਸ ਤੋਂ ਇਲਾਵਾ, ਸੰਗੀਤ ਅਤੇ ਪ੍ਰਤੀਕਾਤਮਕ-ਪ੍ਰਬੰਧਾਂ ਦੀ ਵਰਤੋਂ ਵੀ ਇਸ ਸੰਵਾਦ-ਪ੍ਰਕ੍ਰਿਆ ਦਾ ਮਹੱਤਵ ਪੂਰਨ ਪਹਿਲੂ ਹਨ । ਇਨ੍ਹਾਂ ਸਾਰਿਆਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਦਾ ਉਪਰਾਲਾ ਕੀਤਾ ਹੈ ।

ਤੀਸਰਾ ਅਧਿਆਇ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਅਤੇ ਧਾਰਮਿਕਤਾ ਦੇ ਸੰਕਲਪਾਂ ਦਾ ਅਧਿਐਨ ਕਰਨ ਨਾਲ ਸੰਬੰਧਿਤ ਹੈ । ਅਜਿਹਾ ਇਸ ਲਈ ਕੀਤਾ ਹੈ ਕਿਉਂਕਿ ਗੁਰੂ ਨਾਨਕ ਬਾਣੀ ਵਿੱਚ ਜਿਨ੍ਹਾਂ ਧਰਮਾਂ ਦੇ ਸੰਬੰਧ ਵਿਚ ਸੰਵਾਦ ਰਚਾਏ ਗਏ ਹਨ, ਜੇ ਸਾਨੂੰ ਉਨ੍ਹਾਂ ਦੇ ਦਾਰਸ਼ਨਿਕ ਅਤੇ ਸਮਾਜਿਕ ਪੱਖਾਂ ਦੀ ਸੋਝੀ ਨਹੀਂ ਤਾਂ ਅਸੀਂ ਗੁਰੂ ਨਾਨਕ ਬਾਣੀ ਵਿਚ

ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਨੂੰ ਸਮਝ ਨਹੀਂ ਸਕਾਂਗੇ । ਇਸ-ਚਰਚਾ ਅਧੀਨ ਵੈਦਿਕ ਮਤ, ਬੁੱਧ ਮਤ, ਜੈਨ ਮਤ, ਸਾਂਖ ਮਤ, ਵੈਸ਼ਨਵ ਮਤ, ਸ਼ਾਕਤ ਮੱਤ, ਚਾਰਵਾਕ ਮੱਤ ਅਤੇ ਸ਼ੈਵ ਮਤਾਂ ਆਦਿ ਦਾ ਅਧਿਐਨ ਪ੍ਰਸਤੁਤ ਕੀਤਾ ਹੈ । ਇਨ੍ਹਾਂ ਸਾਰੇ ਧਰਮਾਂ ਅਤੇ ਮਤਾਂ ਮਤਾਂਤਰਾਂ ਵਿਚਲੇ ਧਰਮ ਅਤੇ ਧਾਰਮਿਕਤਾ ਦੀ ਸਾਰਥਿਕਤਾ ਨੂੰ ਗੁਰੂ ਨਾਨਕ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਯਤਨ ਕੀਤਾ ਹੈ ।

ਅਧਿਆਏ ਚੌਥਾ ਸ਼ੋਧ-ਪ੍ਰਬੰਧ ਦੀ ਕੇਂਦਰੀ ਸਮੱਸਿਆ ਗੁਰੂ ਨਾਨਕ ਬਾਣੀ ਵਿੱਚ ਅੰਤਰ ਧਰਮੀ ਵਾਰਤਾਲਾਪ ਦੇ ਵਿਸਤ੍ਰਿਤ ਅਧਿਐਨ ਨਾਲ ਸੰਬੰਧਿਤ ਹੈ । ਇਸ ਅਧਿਆਏ ਵਿਚ ਗੁਰੂ ਨਾਨਕ ਬਾਣੀ ਵਿੱਚ ਰਚਾਏ ਗਏ ਅੰਤਰ ਧਰਮੀ ਵਾਰਤਾਲਾਪ ਦਾ ਅਧਿਐਨ ਕਰਦੇ ਸਮੇਂ ਸਿਧਾਂਤਕ ਰੂਪ ਵਿੱਚ ਇਸ ਗਲ ਨੂੰ ਵੀ ਵਿਚਾਰਿਆ ਗਿਆ ਹੈ ਕਿ ਵਾਰਤਾਲਾਪ ਕੀ ਹੁੰਦਾ ਹੈ । ਇਸ ਦਾ ਸਰੂਪ ਕੀ ਹੈ ? ਅਤੇ ਇਸ ਦੀ ਪਰਿਭਾਸ਼ਾ ਕੀ ਹੈ ? ਵਾਰਤਾਲਾਪ ਦੀ ਨਾਟਕ ਵਿਧੀ ਅਤੇ ਉਦੇਸ਼ ਬਾਰੇ ਵੀ ਸੰਖਿਪਤ ਚਰਚਾ ਕੀਤੀ ਗਈ ਹੈ । ਇਸ ਅਧਿਆਏ ਵਿਚ ਗੁਰੂ ਨਾਨਕ ਬਾਣੀ ਦੀ ਵਾਰਤਾਲਾਪੀ ਸ਼ੈਲੀ ਬਾਰੇ ਵੀ ਚਰਚਾ ਕੀਤੀ ਹੈ । ਉਪਰੰਤ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਬਹੁ ਪੱਖੀ ਅਧਿਐਨ ਕਰਨ ਦਾ ਉਪਰਾਲਾ ਕੀਤਾ ਹੈ । ਗੁਰੂ ਨਾਨਕ ਬਾਣੀ ਵਿਚ ਅੰਤਰ ਧਰਮੀ ਵਾਰਤਾਲਾਪ ਵੱਖ ਵੱਖ ਧਰਮਾਂ ਦੇ ਵਿਅਕਤੀ ਵਿਸ਼ੇਸ਼ ਨਾਲ ਤੇ ਆਮ ਵਿਅਕਤੀਆਂ ਨਾਲ ਸੰਬੋਧਨੀ ਸ਼ੈਲੀ ਵਿਚ ਰਚਾਇਆ ਗਿਆ ਹੈ । ਇਸ ਤੋਂ ਇਨਾਂ ਇਕੋ ਸਮੇਂ ਇਕ ਤੋਂ ਵਧੇਰੇ ਧਰਮਾਂ ਨਾਲ ਵੀ ਇਹ ਸੰਵਾਦ ਰਚਾਇਆ ਗਿਆ ਹੈ । ਇਸ ਅਧਿਆਏ ਵਿਚ ਗੁਰਮਤਿ ਦਾ ਦੂਸਰੇ ਧਰਮਾਂ ਪ੍ਰਤੀ ਨਜ਼ਰੀਆ ਕੀ ਹੈ ? ਬਾਰੇ ਵੀ ਵਿਚਾਰ ਕੀਤੀ ਹੈ ਅਤੇ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਮੰਤਵ ਬਾਰੇ ਵੀ ਚਰਚਾ ਕੀਤੀ ਹੈ ।

ਪੰਜਵੇਂ ਅਧਿਆਏ ਵਿੱਚ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੇ ਸੁਭਾਅ ਅਤੇ ਉਦੇਸ਼ ਬਾਰੇ ਚਰਚਾ ਕੀਤੀ ਹੈ । ਇਸ ਚਰਚਾ ਅਧੀਨ ਗੁਰੂ ਨਾਨਕ ਬਾਣੀ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਦੋਹਾਂ ਬਾਰੇ ਵਿਚਾਰ ਕੀਤੀ ਗਈ ਹੈ । ਨਾਲ ਹੀ, ਇਸ ਅਧਿਆਏ ਵਿੱਚ ਗੁਰੂ ਨਾਨਕ ਬਾਣੀ ਵਿਚ ਆਏ ਅੰਤਰ-ਧਰਮੀ ਵਾਰਤਾਲਾਪਾਂ ਦਾ ਦੂਸਰੇ ਧਰਮਾਂ ਪ੍ਰਤੀ ਦ੍ਰਿਸ਼ਟੀਕੋਣ ਕੀ ਰਹੇ ਹੈ ? ਇਸ ਸਮੱਸਿਆ ਦਾ ਸਮਾਧਾਨ ਵੀ ਕਰਨ ਦਾ ਯਤਨ ਕੀਤਾ ਹੈ

ਇਸ ਅਧਿਆਏ ਵਿੱਚ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੀਆਂ ਸੰਚਾਰ-ਜੁਗਤਾਂ ਅਤੇ ਸੰਚਾਰ-ਵਿਗਿਆਨ ਬਾਰੇ ਅੰਤਿਮ ਰੂਪ ਵਿਚ ਚਰਚਾ ਕੀਤੀ ਹੈ ਕਿਉਂਕਿ ਵਾਰਤਾਲਾਪ ਦੀ

ਸਫਲਤਾ ਪਿਛੇ ਇਹ ਸਫਲ ਸੰਚਾਰ-ਪ੍ਰਕ੍ਰਿਆ ਕੋਸ਼ਿਸ਼ਾਂ ਵਿਚਰ ਰਹੀ ਹੁੰਦੀ ਹੈ ।

ਸ਼ੋਧ-ਪ੍ਰਬੰਧ ਦੀ ਸਮੁੱਚੀ ਵਿਚਾਰ ਤੋਂ ਪ੍ਰਾਪਤ ਸਿੱਟਿਆਂ ਨੂੰ ਛੇਵੇਂ ਅਧਿਆਏ ਵਿੱਚ, ਨਿਸ਼ਕਰਸ਼ ਸਿਰਲੇਖ ਅਧੀਨ ਵਿਚਾਰਿਆ ਹੈ । ਇਸ ਅਧਿਆਏ ਵਿੱਚ ਸੰਖਿਪਤ ਰੂਪ ਵਿੱਚ ਸਮੁੱਚੀ ਵਿਚਾਰ ਤੋਂ ਪ੍ਰਾਪਤ ਸਿੱਟਿਆਂ ਨੂੰ ਤੱਤਸਾਰ ਰੂਪ ਦੇਣ ਦਾ ਉਪਰਾਲਾ ਕੀਤਾ ਹੈ ।ਅੰਤ ਵਿਚ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਉਦੇਸ਼ ਨੂੰ ਸਮਕਾਲੀ ਕਰਨ ਰੂਪ ਵਿਚ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ। ਮੈਂ ਆਪਣੀ ਬੁੱਧੀ ਦੇ ਸੀਮਿਤ ਘੇਰੇ ਵਿੱਚ ਰਹਿੰਦਿਆਂ ਹੋਇਆਂ ਇਸ ਸ਼ੋਧ ਕਾਰਜ ਦੀ ਕੇਂਦਰੀ ਸਮੱਸਿਆ ਦਾ ਸਮਾਧਾਨ ਕਰਨ ਦਾ ਯਤਨ ਕੀਤਾ ਹੈ, ਸੰਪੂਰਨਤਾ ਦਾ ਦਾਅਵਾ ਨਹੀਂ ਕੀਤਾ । ਮਨੁੱਖ ਹੋਣੋਂ ਕਈ ਤਰੁੱਟੀਆਂ ਰਹਿ ਜਾਣੀਆਂ ਸੁਭਾਵਕ ਹਨ।

ਮੈਂ ਆਪਣੇ ਰਹਿਬਰ ਨਿਗਰਾਨ ਡਾ. ਦਰਸ਼ਨ ਸਿੰਘ ਜੀ ਦਾ ਅਤਿ ਰਿਣੀ ਹਾਂ ਜਿਨ੍ਹਾਂ ਨੇ ਮੇਰੀ ਡੋਲਦੀ ਸੂਝ ਦੀ ਉਂਗਲੀ ਫੜ ਕੇ, ਇਸ ਗੁੰਝਲਦਾਰ ਸਮੱਸਿਆ ਵਿਚੋਂ ਮੈਨੂੰ ਸਹੀ ਸਲਾਮਤ ਪਾਰ ਲੰਘਾ ਦਿਤਾ ਹੈ । ਮੇਰੇ ਕੋਲ ਅਜਿਹੇ ਸ਼ਬਦ ਨਹੀਂ ਹਨ ਜਿਨ੍ਹਾਂ ਨਾਲ ਮੈਂ ਆਪਣੇ ਨਿਗਰਾਨ ਦਾ ਧੰਨਵਾਦ ਕਰ ਸਕਾਂ । ਮੈਂ ਇੱਸੀ ਤੌਰ ਤੇ ਡਾ. ਅਮਰਜੀਤ ਸਿੰਘ 'ਦੂਆ' ਜੀ ਦਾ ਵੀ ਤਹਿ ਦਿਲ ਤੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ ਸਮੇਂ ਮੇਰੀਆਂ ਸਿਧਾਂਤਕ ਉਲਝਣਾਂ ਨੂੰ ਸੁਲਝਾਇਆ ਹੈ । ਮੈਂ ਸਭ ਤੋਂ ਵੱਧ ਰਿਣੀ ਆਪਣੀ ਜੀਵਨ-ਸਾਥਣ ਸਰਦਾਰਨੀ ਕ੍ਰਿਪਾਲ ਕੌਰ ਦਾ ਹਾਂ ਜਿਸਨੇ ਪਰਿਵਾਰ ਦੀਆਂ ਸਾਰੀਆਂ ਸਮਾਜਿਕ ਅਤੇ ਆਰਥਿਕ ਜ਼ਿੰਮੇਵਾਰੀਆਂ ਸੰਭਾਲੀ ਰੱਖੀਆਂ ਹਨ ਅਤੇ ਮੈਨੂੰ ਇਸ ਕਾਰਜ ਵਲ ਲੱਗੇ ਰਹਿਣ ਵਿਚ ਸਹਾਇਤਾ ਕੀਤੀ ਹੈ । ਮੈਂ ਪੰਜਾਬੀ ਜਗਤ ਦੇ ਉਨ੍ਹਾਂ ਸਾਰੇ ਵਿਦਵਾਨਾਂ ਦਾ ਧੰਨਵਾਦ ਕਰਨਾ ਵੀ ਆਪਣੇ ਫਰਜ਼ ਦੇ ਘੇਰੇ ਵਿਚ ਸਮਝਦਾ ਹਾਂ ਜਿਨਾਂ ਦੀਆਂ ਪੁਸਤਕਾਂ ਤੋਂ ਮੈਂ ਸਮੇਂ ਸਮੇਂ ਲਾਭ ਉਠਾਇਆ ਹੈ।

(ਸੁਰਜੀਤ ਸਿੰਘ)

## ਅਧਿਆਏ ਪਹਿਲਾ

# ਸੰਚਾਰ, ਸੰਚਾਰ-ਵਿਗਿਆਨ ਅਤੇ ਸੰਸਕ੍ਰਿਤੀ ਨਿਰਮਾਣ

ੳ) ਸੰਚਾਰ, ਪਰਿਭਾਸ਼ਾ ਤੇ ਸਰੂਪ
ਸੰਚਾਰ ਦੀਆਂ ਪ੍ਰਣਾਲੀਆਂ

ਅ) ਸੰਚਾਰ ਵਿਗਿਆਨ ਪਰਿਭਾਸ਼ਾ ਤੇ ਸਰੂਪ

ੲ) ਸੰਚਾਰ ਵਿਗਿਆਨ ਅਤੇ ਸਾਹਿੱਤ ਸਿਰਜਨਾ

ਸ) ਸੰਚਾਰ ਵਿਗਿਆਨ ਦੇ ਪਰਿਪੇਖ ਵਿੱਚ
ਸੰਸਕ੍ਰਿਤੀ ਨਿਰਮਾਣ

## ਅਧਿਆਏ ਪਹਿਲਾ

## ਸੰਚਾਰ, ਸੰਚਾਰ ਵਿਗਿਆਨ ਅਤੇ ਸੰਸਕ੍ਰਿਤੀ ਨਿਰਮਾਣ

ਸਮੁੱਚਾ ਬ੍ਰਹਿਮੰਡ ਅਨੰਤ ਕਾਲ ਤੋਂ ਇੱਕ ਸੰਚਾਰ-ਪ੍ਰਕ੍ਰਿਆ ਵਿੱਚ ਬੱਝਾ ਹੋਇਆ, ਨਿੱਤ, ਵਿਕਾਸ ਅਤੇ ਪਾਸਾਰ ਦੇ ਕੁਦਰਤੀ ਨੇਮਾਂ ਅਧੀਨ ਨਿਰੰਤਰ ਕ੍ਰਿਆਸ਼ੀਲ ਰੂਪ ਵਿਚ ਚਲਦਾ ਜਾ ਰਿਹਾ ਹੈ। ਵਿਸ਼ਾਲ ਅਤੇ ਵਿਆਪਕ ਬ੍ਰਹਿਮੰਡ ਦਾ ਇਕ ਬਹੁਤ ਛੋਟਾ ਜਿਹਾ ਰੂਪ, ਇਹ ਦਿੱਸਦਾ ਜਗਤ ਅਤੇ ਇਸ ਦੇ ਜੀਵ ਜੰਤੂ ਹਨ। ਜੀਵਾਂ ਵਿਚੋਂ ਵੀ ਉੱਤਮ ਪਦਵੀ ਮਨੁੱਖ ਨੂੰ ਪ੍ਰਾਪਤ ਹੈ। ਗੁਰਵਾਕ ਹੈ : "ਅਵਰਿ ਜੋਨਿ ਤੇਰੀ ਪਨਿਹਾਰੀ ਇਸੁ ਧਰਤੀ ਮਹਿ ਤੇਰੀ ਸਿਕਦਾਰੀ"।[1] ਮਨੁੱਖ ਦੀ ਇਸ 'ਸਿਕਦਾਰੀ' ਨੇ ਹੀ ਸਮਾਜ ਦੀ ਸਿਰਜਨਾ ਕੀਤੀ ਹੈ। ਵਿਅੱਕਤੀਗਤ ਮਨੁੱਖ ਤੋਂ ਸਮਾਜ ਵਿੱਚ ਜੁੜਨ ਦੀ ਪ੍ਰਕ੍ਰਿਆ ਆਪਣੇ ਆਪ ਵਿੱਚ, ਇਕ ਪ੍ਰਕਾਰ ਦੀ ਸੰਚਾਰ-ਪ੍ਰਕ੍ਰਿਆ ਹੈ। ਬ੍ਰਹਿਮੰਡ ਵਿਚਲੀ ਸੰਚਾਰ-ਪ੍ਰਕ੍ਰਿਆ ਸਥੂਲ ਅਤੇ ਅਸਥੂਲ ਦੋਹਾਂ ਜਗਤਾਂ ਵਿੱਚ ਪਸਰੀ ਹੋਈ ਹੈ। ਸੂਖ਼ਮ ਮਨੁੱਖੀ ਭਾਵਾਂ, ਵਿਚਾਰਾਂ ਅਤੇ ਅਕਾਂਖਿਆਵਾਂ ਦਾ ਅਦਾਨ-ਪ੍ਰਦਾਨ ਵੀ ਸੰਚਾਰ-ਪ੍ਰਕ੍ਰਿਆ ਦੇ ਖੇਤਰ ਦੀ ਵੱਥ ਹੈ। ਸਮੁੱਚਾ ਬ੍ਰਹਿਮੰਡ ਵੀ ਕਰਤਾਰੀ-ਸੰਚਾਰ-ਪ੍ਰਕ੍ਰਿਆ ਅਧੀਨ ਖਿਨ-ਪਲ ਤਬਦੀਲ ਹੁੰਦਾ ਅਤੇ ਵਿਕਾਸ ਕਰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਪਰਿਵਰਤਨ ਕੁਦਰਤ ਦਾ ਅੱਟਲ ਨੇਮ ਹੈ। ਇਸੇ ਨੇਮ ਵਿੱਚ ਸੰਚਾਰ ਦੀ ਰੁਚੀ ਛਿੱਪੀ ਹੋਈ ਹੈ। ਕੁਦਰਤੀ-ਪਸਾਰੇ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਹੀ ਮਨੁੱਖੀ-ਸਮਾਜ ਦੀ ਸੰਚਾਰ ਤੇ ਪਾਸਾਰ ਪ੍ਰਕ੍ਰਿਆ ਵਿਚਰਦੀ ਰਹਿੰਦੀ ਹੈ।

ਮਨੁੱਖੀ ਸਮਾਜ ਦੀ ਸੰਚਾਰ-ਪ੍ਰਕ੍ਰਿਆ ਦੀ ਆਪਣੀ ਨਵੇਕਲੀ ਹਸਤੀ ਹੈ। ਭਾਵੇਂ ਇਹ ਪ੍ਰਕ੍ਰਿਆ ਵੀ ਅੰਤਿਮ ਰੂਪ ਵਿੱਚ ਬ੍ਰਹਿਮੰਡ ਦੀ ਸੰਚਾਰ ਪ੍ਰਕ੍ਰਿਆ ਤੋਂ ਅਪ੍ਰਤੱਖ ਰੂਪ ਵਿਚ ਪ੍ਰਭਾਵਤ ਹੁੰਦੀ ਰਹਿੰਦੀ ਹੈ, ਮਨੁੱਖੀ-ਸੋਚ ਦੇ ਵਿਕਾਸ ਨਾਲ ਇਤਿਹਾਸਕ ਕਾਲ ਕ੍ਰਮ ਦੇ ਅੰਤਰਗਤ ਮਨੁੱਖੀ ਸੰਚਾਰ-ਪ੍ਰਕ੍ਰਿਆ ਨਿਰੰਤਰ ਕਾਰਜ਼ਸ਼ੀਲ ਰਹਿੰਦੀ ਹੈ। ਮਨੁੱਖੀ-ਜਗਤ ਦੇ ਦ੍ਰਿਸ਼ਟਮਾਨ ਜਗਤ ਵਿੱਚ ਸੰਚਾਰ ਪਦਾਰਥਕ ਰੂਪਾਂ ਵਿਚ ਵੀ ਅਤੇ ਸੂਖਮ ਭਾਵਾਂ ਦੇ ਰੂਪ ਵਿਚ ਵੀ ਹੁੰਦਾ ਰਹਿੰਦਾ ਹੈ। ਸੰਚਾਰ

---

1. ਆਸਾ ਮ. 5, ਗੁਰੂ ਗ੍ਰੰਥ ਸਾਹਿਬ, ਪੰ. 374

ਵਿਗਿਆਨ ਅਤੇ ਸੰਸਕ੍ਰਿਤੀ-ਨਿਰਮਾਣ ਵਰਗੇ ਮਹੱਤਵ ਪੂਰਨ ਸੰਕਲਪਾਂ ਤੇ ਵਿਚਾਰ ਕਰਨ ਤੋਂ ਪਹਿਲਾਂ, ਸੰਚਾਰ ਕੀ ਹੈ ? ਸੰਚਾਰ ਦਾ ਸੰਕਲਪ ਅਥਵਾ ਸਿਧਾਂਤ ਕੀ ਹੈ ਅਤੇ ਸੰਚਾਰ ਦੇ ਕਿਹੜੇ ਕਿਹੜੇ ਪੱਖ ਹਨ ? ਆਦਿ ਬਾਰੇ ਵਿਚਾਰ ਕਰਨੀ ਉਚਿਤ ਜਾਪਦੀ ਹੈ ।

'ਸੰਚਾਰ' ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਕਮਿਊਨੀਕੇਸ਼ਨ ( Communication) ਸ਼ਬਦ ਦਾ ਪਰਿਆਏਵਾਚੀ ਪੰਜਾਬੀ ਰੂਪ ਹੈ। ਸੰਚਾਰ, ਇਕ ਪ੍ਰਕਾਰ ਦਾ ਨਿਰੰਤਰ ਪ੍ਰਵਾਹ ਹੈ। ਇਹ ਪ੍ਰਵਾਹ ਮਨੁੱਖਾਂ, ਵਸਤੂਆਂ ਅਤੇ ਸਥਾਨਾਂ ਦਾ ਅੰਤਰ-ਸੰਬੰਧ ਜੋੜਦਾ ਹੈ। ਇਸ ਦ੍ਰਿਸ਼ਟੀ ਤੋਂ ਵਿਚਾਰਿਆਂ ਸੰਚਾਰ ਮਨੁੱਖੀ-ਹੋਂਦ ਦੀ ਇਕ ਵਿਸ਼ੇਸ਼ ਤੇ ਬੁਨਿਆਦੀ ਇਕਾਈ ਸਿੱਧ ਹੁੰਦਾ ਹੈ। ਸੰਚਾਰ ( Communication) ) ਦੀ ਪਰਿਭਾਸ਼ਾ ਵੱਖ ਵੱਖ ਵਿਦਵਾਨਾਂ ਨੇ ਆਪਣੇ ਆਪਣੇ ਢੰਗ ਨਾਲ ਕੀਤੀ ਹੈ। ਚਿੰਤਕਾਂ ਨੇ ਸੰਚਾਰ ਦੇ ਕਈ ਰੂਪਾਂ ਬਾਰੇ ਅਤੇ ਕਈ ਪ੍ਰਣਾਲੀਆਂ ਬਾਰੇ ਚਰਚਾ ਕੀਤੀ ਹੈ। ਤਾਰ, ਬੇਤਾਰ, ਟੈਲੀਫੂਨ, ਬੱਸ, ਹਵਾਈ ਜਹਾਜ, ਸਮੁੰਦਰੀ ਜਹਾਜ,ਰੇਲ ਸੇਵਾ ਮਾਲ ਅਤੇ ਯਾਤਰੀ ਆਦਿ ਸਮੂਹ ਸਾਧਨ ਸੰਚਾਰ-ਸਾਧਨ ਹੀ ਤਾਂ ਹਨ ।

ਸ਼ੋਧ-ਪ੍ਰਬੰਧ ਦੇ ਘੇਰੇ ਵਿੱਚ ਰਹਿੰਦਿਆਂ ਹੋਇਆਂ ਸਾਡਾ ਸੰਬੰਧ ਕੇਵਲ ਉਸ ਪ੍ਰਕਾਰ ਦੇ ਸੰਚਾਰ ਜਾਂ ਸੰਚਾਰ ਸਾਧਨਾਂ ਨਾਲ ਹੈ, ਜਿਨ੍ਹਾਂ ਦਾ ਪ੍ਰੇਰਨਾ ਸਰੋਤ ਮਨੁੱਖੀ ਭਾਵ ( Feelings) ਅਤੇ ਵਿਚਾਰ ( Thoughts ) ਹਨ। ਮਨੁੱਖ-ਭਾਵ ਤੇ ਵਿਚਾਰ ਜਦੋਂ ਸ਼ਾਬਦਿਕ-ਭਾਸ਼ਾ ਦਾ ਜਾਮਾ ਪਹਿਨ ਕੇ ਵਿਅਕਤੀਗਤ ਰੂਪ ਤੋਂ ਸਮੂਹਿਕ ਰੂਪ ਗ੍ਰਹਿਣ ਕਰਦੇ ਹਨ ਤਾਂ ਇਕ ਵਿਸ਼ਿਸ਼ਟ ਕਿਸਮ ਦੀ ਸੰਚਾਰ ਪ੍ਰਕ੍ਰਿਆ ਹੋਂਦ ਵਿੱਚ ਆਉਂਦੀ ਹੈ। ਇਸ ਸੰਚਾਰ-ਪ੍ਰਕ੍ਰਿਆ ਦੀ ਪਰਿਭਾਸ਼ਾ ਕਰਦਿਆਂ ਹੋਇਆਂ, ਇਕ ਵਿਦਵਾਨ ਆਈ.ਆਰ.ਰਿਚਰਡਜ਼ ਨੇ ਇਕ ਥਾਂ ਲਿਖਿਆ ਹੈ :

> "Communication takes place when one mind so acts upon its environment that another mind is influenced and in that other mind an experience occurs which is like the experience in the first mind, and is caused in part by that experience."[2]

ਅਰਥਾਤ: ਸੰਚਾਰ ਉਸ ਸਮੇਂ ਹੋਂਦ ਵਿਚ ਆਉਂਦਾ ਹੈ ਜਦੋਂ ਇਕ, ਵਿਅਕਤੀਗਤ ਇਨਸਾਨੀ ਮਨ, ਆਪਣੇ ਆਲੇ ਦੁਆਲੇ ਪ੍ਰਤਿ ਕਾਰਜਸ਼ੀਲ ਹੁੰਦਾ ਹੈ ਅਤੇ ਇਹ ਕਾਰਜਸ਼ੀਲਤਾ ਦੂਸਰੇ ਇਨਸਾਨੀ-ਮਨ ਨੂੰ ਸੰਪੂਰਨ ਜਾਂ ਆਂਸ਼ਿਕ ਰੂਪ ਵਿਚ ਪ੍ਰਭਾਵਤ ਕਰਦਾ ਹੈ ਠੀਕ ਉਸੇ ਤਰ੍ਹਾਂ ਜਿਵੇਂ ਪਹਿਲੇ ਵਿਅਕਤੀਗਤ ਮਨ ਨੇ ਮਹਿਸੂਸ ਕੀਤਾ ਸੀ।[2]

---

2. Encyclopaedia of Britanica Vol. 10,p.1005

ਉਪਰੋਕਤ ਪਰਿਭਾਸ਼ਾ ਦਾ ਭਾਵ ਇਹ ਨਿਕਲਦਾ ਹੈ ਕਿ 'ਸੰਚਾਰ' ਮਨੁੱਖੀ ਜੀਵਨ ਜਾਂ ਸਮਾਜ ਵਿੱਚ ਉਸ ਸਮੇਂ ਅਰੰਭ ਹੁੰਦਾ ਹੈ ਜਦੋਂ ਇਕ ਵਿਅੱਕਤੀ ਆਪਣੇ ਆਲੇ ਦੁਆਲੇ ਬਾਰੇ ਚੇਤੰਨ ਰੂਪ ਵਿਚ ਸੋਚਦਾ ਤੇ ਸਮਝਦਾ ਹੈ। ਇਸ ਸੋਚ ਤੇ ਸਮਝ ਦੇ ਪ੍ਰਤਿਕ੍ਰਮ ਦੇ ਅੰਤਰਗਤ ਉਹ ਜੋ ਕੁਝ ਮਹਿਸੂਸ ਕਰਦਾ ਹੈ, ਉਸ ਨੂੰ ਸ਼ਬਦਾਂ ਦੁਆਰਾ ਦੂਸਰਿਆਂ ਮਨੁੱਖਾਂ ਜਾਂ ਮਨੁੱਖ ਨੂੰ ਸਮਝਾਉਣ ਦਾ ਯਤਨ ਕਰਦਾ ਹੈ। ਇਸ ਯਤਨ ਵਿੱਚ ਜੇ ਦੂਸਰਾ ਵਿਅੱਕਤੀਗਤ-ਮਨ ਪਹਿਲੇ ਵਿਅੱਕਤੀਗਤ-ਮਨ ਦੇ ਅਹਿਸਾਸ ਤੋਂ ਆਂਸ਼ਿਕ ਜਾਂ ਸੰਪੂਰਨ ਰੂਪ ਵਿੱਚ ਪ੍ਰਭਾਵਤ ਹੋ ਜਾਂਦਾ ਹੈ ਤਾਂ ਇਕ ਪ੍ਰਕਾਰ ਦੀ ਸੰਚਾਰ ਜਾਂ ਸੰਚਾਰ-ਪ੍ਰਕ੍ਰਿਆ ਹੋਂਦ ਵਿੱਚ ਆ ਜਾਂਦੀ ਹੈ। ਇਹ ਸੰਚਾਰ-ਪ੍ਰਕ੍ਰਿਆ ਵਿਅੱਕਤੀ ਤੋਂ ਚਲ ਕੇ ਸਮੂਹ-ਵਿਅੱਕਤੀਆਂ ਅਥਵਾ ਸੰਪੂਰਨ ਸਮਾਜ ਤੱਕ ਕਾਰਜਸ਼ੀਲ ਹੋ ਜਾਂਦੀ ਹੈ ।

ਸੰਚਾਰ-ਪ੍ਰਕ੍ਰਿਆ ਕਿਸੇ ਸਮਾਜ ਦੀ ਮੁਢਲੀ ਤੇ ਬੁਨਿਆਦੀ ਲੋੜ ਹੈ। ਇਸ ਪ੍ਰਕ੍ਰਿਆ ਤੋਂ ਬਿਨਾਂ ਸਮਾਜ ਹੋਂਦ ਵਿੱਚ ਹੀ ਨਹੀਂ ਆਉਂਦਾ । ਜਦੋਂ ਵਿਅੱਕਤੀ ਔਰਤ,ਪੁੱਤਰ,ਧੀਆਂ,ਪਿਤਾ,ਮਾਂ, ਚਾਚੇ, ਤਾਏ, ਪੇਕੇ ਸਹੁਰੇ ,ਭੂਆ, ਮਾਮੇ,ਮਾਮੀ, ਮਾਸੜ ਆਦਿ ਰਿਸ਼ਤਿਆਂ ਵਿਚ ਜੁੜਦਾ ਹੈ ਤਾਂ ਇਕੋ ਕਿਸਮ ਦੇ ਭਾਵਾਂ ਤੇ ਵਿਚਾਰਾਂ ਦਾ ਸੰਚਾਰ ਆਪਣੇ ਆਪ ਹੁੰਦਾ ਹੈ ਅਤੇ ਇਸ ਤਰ੍ਹਾਂ ਵਿਅੱਕਤੀ ਤੋਂ ਪਰਿਵਾਰ, ਪਰਿਵਾਰ ਤੋਂ ਕਬੀਲਾ ਤੇ ਕਬੀਲੇ ਤੋਂ ਸਮਾਜ ਬਣਦਾ ਹੈ। ਇਸ ਸਮੁੱਚੀ ਕਾਰਜਸ਼ੀਲਤਾ ਵਿਚ ਸੰਚਾਰ ਅੰਤਰਨਿਹਤ ਹੈ। ਇਨਸਾਈਕਲੋਪੀਡੀਆ ਆਫ਼ ਸ਼ੋਸ਼ਲ ਸਾਇੰਸਜ਼ ਵਿਚ ਵੀ 'ਸੰਚਾਰ' ਦੀ ਪਰਿਭਾਸ਼ਾ ਨਿਮਨਲਿਖਤ ਸ਼ਬਦਾਂ ਵਿਚ ਹੋਈ ਹੈ :

> "It is obvious that for the building up of Society, its units and sub-divisions and the understanding which prevail its members some process of communicational needed".[3]

ਭਾਵ : ਸਮਾਜ ਦੇ ਨਿਰਮਾਣ ਅਤੇ ਉਸ ਦੇ ਵੱਖ ਵੱਖ ਅੰਗਾਂ ਵਿਚ ਵਿਚਾਰਾਂ ਦੀ ਸਾਂਝ ਲਈ ਕੋਈ ਨਾ ਕੋਈ ਸੰਚਾਰ ਪ੍ਰਕ੍ਰਿਆ ਅਵੱਸ਼ਕ ਹੈ ।[3]

ਇਸ ਪਰਿਭਾਸ਼ਾ ਦਾ ਭਾਵ ਵੀ ਇਹੀ ਨਿਕਲਦਾ ਹੈ ਕਿ 'ਸੰਚਾਰ' ਕਿਸੇ ਸਮਾਜ ਦੇ ਨਿਰਮਾਣ ਲਈ ਅਤਿ ਅਵਸ਼ੱਕ ਹੈ। ਇਸ ਦੇ ਮਾਧਿਅਮ ਦੁਆਰਾ ਹੀ ਸਮਾਜ ਦੇ ਲੋਕ ਆਪਸ'ਚ' ਜੁੜਦੇ ਹਨ। ਇਸੇ ਦੁਆਰਾ ਹੀ ਵਿਚਾਰਾਂ ਦੀ ਸਾਂਝ ਉਪਜਦੀ ਹੈ ਅਤੇ ਸੰਚਾਰ ਦੁਆਰਾ ਹੀ ਸਮਾਜ ਵਿਕਸਤ ਹੁੰਦਾ ਹੈ ।

---

3. Encyclopaedia of social sciences Vol,VIII,p.78

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਸੰਚਾਰ ਦਾ ਮਾਧਿਅਮ ਕੀ ਹੈ ?ਇਹ ਤਾਂ ਠੀਕ ਹੈ ਕਿ ਸੰਚਾਰ ਦੇ ਮਾਧਿਅਮ ਦੁਆਰਾ ਸਮਾਜ ਦਾ ਨਿਰਮਾਣ ਹੁੰਦਾ ਹੈ। ਪਰ ਸੰਚਾਰ ਦਾ ਆਪਣਾ ਵੀ ਤਾਂ ਕੋਈ ਮਾਧਿਅਮ ਹੈ ਅਤੇ ਇਹ ਮਾਧਿਅਮ ਹੈ ਭਾਸ਼ਾ ਅਥਵਾ ਬੋਲੀ।ਭਾਸਾ ਉਸੇ ਤਰ੍ਹਾਂ ਸੰਚਾਰ-ਪ੍ਰਕ੍ਰਿਆ ਦੀ ਮੁਢਲੀ ਤੇ ਬੁਨਿਆਦੀ ਲੋੜ ਹੈ ਜਿਵੇਂ ਸੰਚਾਰ-ਪ੍ਰਕ੍ਰਿਆ ਸਮਾਜ਼-ਉਸਾਰੀ ਦੀ ਮੁਢਲੀ ਤੇ ਬੁਨਿਆਦੀ ਲੋੜ ਹੈ। ਭਾਸ਼ਾ ਦੇ ਸ਼ਬਦਾਂ ਦੁਆਰਾ ਅਮੂਰਤ ਭਾਵ ਅਤੇ ਵਿਚਾਰ ਸਾਕਾਰ ਅਥਵਾ ਲਿਖਤੀ ਰੂਪ ਵਿਚ ਪ੍ਰਗਟ ਹੁੰਦੇ ਹਨ। ਭਾਸ਼ਾ ਸਾਹਿਤ ਦਾ ਅਧਾਰ ਹੈ ਅਤੇ ਸਾਹਿਤ ਕਿਸੇ ਸਮਾਜ ਦਾ ਪ੍ਰਤੀਬਿੰਬ ਹੁੰਦਾ ਹੈ। ਸਾਹਿਤ ਅਤੇ ਭਾਸ਼ਾ ਦੋਹਾਂ ਦਾ ਕਿਸੇ ਨਾ ਕਿਸੇ ਧਰਮ ਨਾਲ ਸਮੀਪੀ ਸੰਬੰਧ ਹੁੰਦਾ ਹੈ ਅਤੇ ਧਰਮ ਹੀ ਕਿਸੇ ਸਮਾਜ ਦੇ ਭੂਤਕਾਲ ਅਤੇ ਭਵਿੱਖਤ ਕਾਲ ਨੂੰ ਵਰਤਮਾਨ ਨਾਲ ਜੋੜਦਾ ਹੈ। ਇਹ ਜੁੜਨ ਦੀ ਪ੍ਰਕ੍ਰਿਆ ਆਪਣੇ ਆਪ ਵਿਚ ਸੰਚਾਰ-ਪ੍ਰਕ੍ਰਿਆ ਹੈ ਅਤੇ ਪ੍ਰਕ੍ਰਿਆ ਦਾ ਮਾਧਿਅਮ ਭਾਸ਼ਾ ਹੈ। ਇਨਸਾਈਕਲੋਪੀਡੀਆ ਸ਼ੋਸ਼ਲ ਸਾਇੰਸ਼ਜ ਵਿੱਚ ਲਿਖਿਆ ਹੈ :

> "Language is the most explicit type of communication that we know of language is the Communicative process parexcellence in every known society and it is exceedingly important to observe that whatever may be the shortcomings of a primitive society judged from the vantage point of civilization its language inevitably forms as sure, complete and potentially creative an apparatus of refrential symbolism as the most sophisticated language that we know of",

ਭਾਵ: ਭਾਸ਼ਾ, ਸੰਚਾਰ-ਪ੍ਰਕ੍ਰਿਆ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਕਿਸਮ ਹੈ। ਭਾਸ਼ਾ ਬਾਰੇ ਜੋ ਅਸੀਂ ਜਾਣਦੇ ਹਾਂ ਸੰਚਾਰ ਪ੍ਰਕ੍ਰਿਆ ਹੈ। ਹਰ ਇਕ ਵਿਕਸਤ ਸਮਾਜ ਦਾ ਭਾਸ਼ਾ ਹੀ ਉਤਮ ਤੱਤ ਹੈ। ਭਾਸ਼ਾ ਦੁਆਰਾ ਸਭਿਅਤਾ ਦੀ ਦ੍ਰਿਸ਼ਟੀ ਤੋਂ ਆਦਿ ਕਾਲੀਨ ਸਮਾਜ ਦੀਆਂ ਊਣਤਾਈਆਂ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਭਾਸ਼ਾ ਦੁਆਰਾ ਹੀ ਸਮਾਜ ਦਾ ਸਿਰਜਨਾਤਮਕ ਢਾਂਚਾ ਹੋਂਦ ਵਿਚ ਆਉਂਦਾ ਹੈ। ਇਸ ਢਾਂਚੇ ਵਿੱਚ ਚਿੰਨਵਾਦ ਅਥਵਾ ਪ੍ਰਤੀਕਵਾਦ ਵਿੱਚ ਸਭ ਤੋਂ ਵੱਧ ਨਜ਼ਾਕਤ ਤੇ ਨਫ਼ਾਜਤ ਪਾਈ ਜਾਂਦੀ ਹੈ ।[4]

---

4. Encyclopaedia of social Sciences Vol.VII,p.78

ਉਪਰੋਕਤ ਪਰਿਭਾਸ਼ਾ ਇਸ ਗੱਲ ਨੂੰ ਸਪਸ਼ਟ ਕਰਦੀ ਹੈ ਕਿ ਕਿਸੇ ਵੀ ਸਮਾਜ ਦੇ ਨਿਰਮਾਣ ਦਾ ਅਧਾਰ ਭਾਸ਼ਾ ਹੈ ਕਿਉਂਕਿ ਇਸ ਤੋਂ ਬਿਨਾਂ ਭਾਵਾਂ ਅਤੇ ਵਿਚਾਰਾਂ ਦਾ ਸੰਚਾਰ ਹੀ ਸੰਭਵ ਨਹੀਂ ਹੈ। ਭਾਵਾਂ ਤੇ ਵਿਚਾਰਾਂ ਦਾ ਸੰਚਾਰ ਧਰਮ ਦੇ ਪ੍ਰਸੰਗ ਵਿਚ ਗਤੀਸ਼ੀਲ ਹੁੰਦਾ ਹੈ। ਕਿਸੇ ਵੀ ਉੱਨਤ ਸਮਾਜ ਦਾ ਅਧਾਰ ਉਸਦੀ ਭਾਸ਼ਾ ਦੀ ਸੁਜੋਗਤਾ ਹੁੰਦੀ ਹੈ।ਜਿਤਨੀ ਭਾਸ਼ਾ ਸੁਯੋਗ ਹੋਵੇਗੀ ਉਤਨਾ ਹੀ ਵਿਚਾਰਾਂ ਦਾ ਸੰਚਾਰ ਸੁਖਾਲਾ ਹੋਵੇਗਾ। ਵਿਚਾਰਾਂ ਦੇ ਸੰਚਾਰ ਲਈ ਕੁਝ ਚਿੰਨਾਂ ਅਥਵਾ ਪ੍ਰਤੀਕਾਂ ਦੀ ਲੋੜ ਹੁੰਦੀ ਹੈ। ਇਹ ਲੋੜ ਸਮਾਜ ਦਾ ਸਾਂਸਕ੍ਰਿਤਕ ਵਿਰਸਾ ਪੂਰੀ ਕਰਦਾ ਹੈ। ਵਿਰਸੇਗਤ ਪ੍ਰਤੀਕਾਂ ਦੀ ਸਹਾਇਤਾ ਨਾਲ ਸੰਚਾਰ ਪ੍ਰਕ੍ਰਿਆ ਬੜੀ ਤੇਜੀ ਨਾਲ ਕਾਰਜਸ਼ੀਲ ਹੁੰਦੀ ਅਤੇ ਪ੍ਰਭਾਵ ਉਤਪਨ ਕਰਦੀ ਹੈ। ਪਰ ਇਸ ਸਾਰੀ ਪ੍ਰਕ੍ਰਿਆ ਦਾ ਮਾਧਿਅਮ ਭਾਸ਼ਾ ਹੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਚਾਰ ਕਿਸੇ ਸਮਾਜ ਦੇ ਨਿਰਮਾਣ ਦਾ ਅਧਾਰ ਹੈ ਪਰ ਸੰਚਾਰ ਦੀ ਰੀੜ ਦੀ ਹੱਡੀ ਅਗੋਂ ਭਾਸ਼ਾ ਹੈ। ਆਮ ਸਮਝਿਆ ਜਾਂਦਾ ਹੈ, ਮਨੁਖ ਜਾਤੀ ਨਾ ਤਾਂ ਨਿਰੋਲ ਪ੍ਰਤਿਰੂਪ-ਜਗਤ ਵਿਚ ਵਿਚਰਦੀ ਹੈ ਅਤੇ ਨਾਂ ਹੀ ਨਿਰੋਲ ਸਮਾਜਿਕ ਗਤੀ-ਸ਼ੀਲਤਾ ਦੀ ਦੁਨੀਆਂ ਵਿਚ ਵਿਚਰਦੀ ਹੈ। ਸਗੋਂ ਇਹ ਤਾਂ ਬਹੁਤ ਹੱਦ ਤੱਕ ਉਸ ਵਿਸ਼ੇਸ ਭਾਸ਼ਾ ਦੇ ਰਹਿਮੋ ਕਰਮ ਤੇ ਨਿਰਭਰ ਕਰਦੀ ਹੈ, ਜਿਹੜੀ ਉਹਨਾਂ ਦੇ ਸਮਾਜਿਕ ਪ੍ਰਭਾਵ ਦਾ ਮਾਧਿਅਮ ਬਣਦੀ ਹੈ। ਇ ਨਸਾਈਕਲੋਪੀਡੀਆ ਆਫ ਸ਼ੋਸ਼ਲ ਸਾਇੰਸਿਜ਼ ਵਿਚ ਇਬ ਥਾਂ ਲਿਖਿਆ ਹੈ :

> "Human beings do not live in the objective world alone nor alone in the world of social activi ty as ordinarily understood, but are very much at the mercy of that particular language which has become the medimum of expression for their society".

ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਮਨੁੱਖ ਨਾਂ ਤਾਂ ਨਿਰਾ ਆਦਰਸ਼ਕ ਜਗਤ ਵਿਚ ਵਿਚਰਦਾ ਹੈ ਅਤੇ ਨਾਂ ਹੀ ਨਿਰਾ ਸਮਾਜਿਕ ਕ੍ਰਿਆਵਾਂ ਦੀ ਦੁਨੀਆਂ ਵਿੱਚ ਸਗੋਂ ਮਨੁੱਖ ਉਸ ਵਿਸ਼ੇਸ ਭਾਸ਼ਾ ਦੇ ਰਹਿਮ ਤੇ ਜਿਊਂਦਾ ਹੈ ਜਿਹੜੀ ਉਸ ਦੇ ਸਮਾਜ ਦੀ ਅਭਿਵਿਅਕਤੀ ਦਾ ਸਾਧਨ ਬਣਦੀ ਹੈ ।[5]

---

5, International Encyclopaedia of the social sciences Vol.IX.,p.22.

ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸੰਚਾਰ ਅਤੇ ਸੰਚਾਰ ਪ੍ਰਕ੍ਰਿਆ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਮਾਧਿਅਮ ਭਾਸ਼ਾ ਹੁੰਦੀ ਹੈ। ਇਕ ਸੁਘੜ ਤੇ ਸਮਝਦਾਰ ਵਕਤਾ ਇਕ ਨਿਪੁੰਨ ਸ਼ੈਲੀਕਾਰ ਵਾਂਗ ਭਾਸ਼ਾ ਦੇ ਸ਼ਬਦਾਂ ਦੀ ਅਜਿਹੀ ਜੜਤ ਕਰਦਾ ਹੈ ਕਿ ਉਹ ਸੁਣਨ ਵਾਲੇ ਨੂੰ ਪ੍ਰਭਾਵਤ ਵੀ ਕਰਦਾ ਹੈ ਅਤੇ ਆਪਣੇ ਵਿਚਾਰਾਂ ਨੂੰ ਵੀ ਚੰਗੇ ਢੰਗ ਨਾਲ ਪੇਸ਼ ਕਰਦਾ ਹੈ। ਇਸ ਸੰਬੰਧ ਵਿਚ ਇਨਸਾਈਕਲੋਪੀਡੀਆ ਵਿਚ ਲਿਖਿਆ ਹੈ :

> "Within the range of the structural and lexical possibilities of a language, speakers are able to [illegible] the person or persons, they are addressing and toward the subject matter of what they are saying".

ਅਰਥਾਤ: ਭਾਸ਼ਾ ਦੀਆਂ ਸ਼ਬਦਗਤ ਸੰਭਾਵਨਾਵਾਂ ਦੇ ਢਾਂਚੇ ਦੇ ਅੰਤਰਗਤ ਹੀ ਵਕਤਾ ਜਨ ਆਪਣੇ ਭਾਵਾਂ ਅਤੇ ਅਹਿਸਾਸਾਂ ਨੂੰ ਸਰੋਤਾ ਜਾਂ ਸਰੋਤਿਆਂ ਤੱਕ ਪੁਜਦਾ ਕਰਦੇ ਹਨ। ਭਾਸ਼ਾ ਦੁਆਰਾ ਹੀ ਉਹ ਆਪਣੀ ਕਥਨ-ਸਮਗਰੀ ਨੂੰ ਨਿਸਚਿਤ ਰੂਪ ਵਿੱਚ ਪ੍ਰਗਟ ਕਰ ਸਕਦੇ ਹਨ ਜਿਹੜੀ ਕਿ ਉਹ ਕਹਿਣੀ ਚਾਹੁੰਦੇ ਹਨ"।[6]

ਇਸ ਪਰਿਭਾਸ਼ਾ ਦਾ ਭਾਵ ਵੀ ਇਹ ਨਿਕਲਦਾ ਹੈ ਕਿ ਮਨੁੱਖੀ ਸਮਾਜ ਵਿਚ ਭਾਵਾਂ ਦੇ ਅਦਾਨ-ਪ੍ਰਦਾਨ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਮਾਧਿਅਮ ਭਾਸ਼ਾ ਹੈ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਭਾਸ਼ਾ ਕਿਸੇ ਵੀ ਸਮਾਜਕ ਢਾਂਚੇ ਦੀ ਰੀੜ ਦੀ ਹੱਡੀ ਹੁੰਦੀ ਹੈ ਜਿਸ ਤੋਂ ਬਿਨਾਂ ਸਮਾਜ ਦਾ ਸਹੀ ਨਿਰਮਾਣ ਸੰਭਵ ਨਹੀਂ ਹੈ ।

'ਸੰਚਾਰ' ਦਾ ਸਰੂਪ ਨਿਸਚਿਤ ਕਰਦੇ ਸਮੇਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸੰਚਾਰ ਬ੍ਰਹਿਮੰਡਕ-ਪਸਾਰ ਦਾ ਇਕ ਕੁਦਰਤੀ ਨੇਮ ਹੈ। ਸੰਚਾਰ ਵਿਅਕਤੀਆਂ, ਪਸ਼ੂਆਂ, ਪੰਛੀ ਅਤੇ ਜਾਨਵਰਾਂ ਤੋਂ ਬਿਨਾਂ ਬਾਕੀ ਸਾਰੀ ਪ੍ਰਕ੍ਰਿਤੀ ਅਤੇ ਪ੍ਰਕ੍ਰਿਤਕ-ਪ੍ਰਬੰਧ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਵਾਪਰ ਰਿਹਾ ਹੈ। ਦਿਨ ਦਾ ਰਾਤ ਅਤੇ ਰਾਤ ਦਾ ਦਿਨ ਵਿਚ ਬਦਲਣਾ, ਰੁਤਾਂ ਦਾ ਪਰਿਵਰਤਨ ਹਵਾਵਾਂ ਦੇ ਰੁਖ ਤੇ ਨਿਰਭਰ ਕਰਦਾ ਹੈ। ਹਵਾਵਾਂ ਦੇ ਰੂਪ ਵਿਚ ਪਰਿਵਰਤਨ ਵੀ ਇਕ ਕੁਦਰਤੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਹੀ ਵਾਪਰਦਾ ਹੈ। ਬ੍ਰਹਿਮੰਡ ਦੇ

---

6. The New encyclopaedia of Britanica p.653

ਇਸ ਸੰਚਾਰ ਤੋਂ ਬਾਅਦ ਜੀਵਾਂ ਅਤੇ ਬਨਸਪਤੀ ਦੇ ਸੰਚਾਰ ਦੀ ਗੱਲ ਆਉਂਦੀ ਹੈ । ਮੁਕਦੀ ਗੱਲ ਇਹ ਕਿ ਹਰ ਉਤਪਤੀ ਦਾ ਕੋਈ ਨਾ ਕੋਈ ਸੰਚਾਰ ਸਾਧਨ ਜਰੂਰ ਹੈ। ਸੰਚਾਰ ਹੀ ਕੁਦਰਤੀ-ਪਾਸਾਰੇ ਦਾ ਅਧਾਰ ਹੈ ਅਤੇ ਇਹ ਹਰ ਛਿਨ-ਪਲ ਵਾਪਰ ਰਿਹਾ ਹੈ ।

ਮਨੁਖਾਂ ਦਾ ਸੰਚਾਰ, ਅਵਾਜ਼ਾਂ, ਅਵਾਜ਼ਾਂ ਦੇ ਪੱਧਰ ਅਤੇ ਅਵਾਜ਼ਾਂ ਪਿਛੇ ਵਿਚਰਦੇ ਸਾਂਸਕ੍ਰਿਤਕ ਅਤੇ ਮਾਨਸਿਕ-ਪ੍ਰਵਾਹ ਦੁਆਰਾ ਪ੍ਰਤੀਕਤਾਮਕ ਸ਼ਬਦਾਂ ਦਾ ਰੂਪ ਧਾਰਕੇ ਪ੍ਰਗਟ ਹੁੰਦਾ ਹੈ। ਇਸ ਪ੍ਰਕ੍ਰਿਆ ਵਿਚੋਂ ਹੀ ਭਾਸ਼ਾ ਉਪਜਦੀ ਹੈ। ਵਿਦਵਾਨਾਂ, ਭਾਸ਼ਾ-ਵਿਗਿਆਨੀਆਂ ਅਤੇ ਸਾਹਿਤਕਾਰਾਂ ਨੇ ਉਪਰ ਕੀਤੀ ਗਈ ਵਿਚਾਰ ਦੇ ਅੰਤਰਗਤ ਆਪਣੇ ਆਪਣੇ ਜ਼ਰੀਏ ਤੋਂ 'ਸੰਚਾਰ' ਦੀ ਪਰਿਭਾਸ਼ਾ ਅੰਕਿਤ ਕਰਨ ਦਾ ਯਤਨ ਕੀਤਾ ਹੈ। ਜੇ ਉਨ੍ਹਾਂ ਸਭ ਵਿਦਵਾਨਾਂ ਦੇ ਵਿਚਾਰ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿਸੇ ਇੱਕਵੀਂ ਅਤੇ ਨਿਸਚਿਤ ਪਰਿਭਾਸ਼ਾ ਦਾ ਨਿਰਮਾਣ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਸੰਚਾਰ ਇਕ ਅਜਿਹਾ ਮਾਧਿਅਮ ਹੈ, ਜਿਸ ਦੁਆਰਾ ਵਿਅੱਕਤੀ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਦੂਸਰੇ ਵਿਅਕਤੀਆਂ ਤੱਕ ਪੁਜਦਾ ਕਰਦਾ ਹੈ ਅਤੇ ਇਸ ਨਿਰੰਤਰ ਤੇ ਕਾਰਜਸ਼ੀਲ ਪ੍ਰਵਾਹ ਸਦਕਾ ਹੀ ਵਿਚਾਰਾਂ ਦੀ ਸਾਂਝ ਕਾਰਨ, ਇਕ ਸਮਾਜਿਕ ਢਾਂਚਾ ਹੋਂਦ ਵਿਚ ਆਉਂਦਾ ਹੈ। ਸੰਚਾਰ ਪ੍ਰਕ੍ਰਿਆ ਦੇ ਵਿਕਾਸ ਤੇ ਪਾਸਾਰ ਦਾ ਸੰਬੰਧ ਸਿੱਧੇ ਤੌਰ ਤੇ ਸਮਾਜ ਅਥਵਾ ਸਭਿਅਤਾ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ ।

<u>ਸੰਚਾਰ ਵਿਗਿਆਨ</u> ( Communication Science)

ਸੰਚਾਰ ਅਤੇ ਸੰਚਾਰ-ਵਿਗਿਆਨ ਦੋ ਵੱਖੋ ਵੱਖਰੇ ਖੇਤਰ ਹਨ। ਸੰਚਾਰ, ਦਿੱਸਦੇ ਅਤੇ ਅਣਦਿੱਸਦੇ ਦੋਹਾਂ ਜਗਤ-ਪਸਾਰਿਆਂ ਵਿੱਚ ਕਾਰਜਸ਼ੀਲ ਤੇ ਵਿਆਪਕ ਪ੍ਰਕ੍ਰਿਆ ਹੈ। ਇਸ ਦੇ ਅੰਤਰਗਤ ਸਾਰੀ ਬ੍ਰਹਿਮੰਡਕ ਚੇਤਨਾਂ ਵਿਕਾਸ ਕਰਦੀ ਤੇ ਨਿਰੰਤਰ ਕ੍ਰਿਆਸ਼ੀਲ ਰਹਿੰਦੀ ਹੈ। ਪਰ ਸੰਚਾਰ ਨਾਲ ਹੀ ਸੰਬੰਧਿਤ ਸੰਚਾਰ ਵਿਗਿਆਨ ਇਕ ਵੱਖਰਾ ਖੇਤਰ ਹੈ। ਇਸ ਖੇਤਰ ਦੀਆਂ ਆਪਣੀਆਂ ਸੀਮਾਵਾਂ ਹਨ। ਸੰਚਾਰ ਵਿਗਿਆਨ ਇਕ ਸਿਸਟਮ ਹੈ, ਇਕ ਨਿਸਚਤ ਪ੍ਰਕਾਰ ਦਾ ਪ੍ਰਬੰਧ ਹੈ। ਇਹ ਪ੍ਰਬੰਧ ਨਿਸਚਿਤ ਕਿਸਮ ਦੇ ਨੇਮਾਂ ਦੇ ਅੰਤਰਗਤ ਹੋਂਦ ਵਿਚ ਆਉਂਦਾ ਹੈ। ਸੰਚਾਰ ਦਾ ਇਤਿਹਾਸ ਬੜਾ ਪੁਰਾਣਾ ਹੈ। ਆਦਿ ਕਾਲ ਤੋਂ ਜਦੋਂ ਮਨੁੱਖੀ ਸਭਿਅਤਾ ਦਾ ਅਰੰਭ ਹੋਇਆ ਹੈ, ਸਗੋਂ ਉਸ ਤੋਂ ਵੀ ਪਹਿਲਾਂ ਬ੍ਰਹਿਮੰਡ ਦੀ ਸਿਰਜਨਾਂ ਦੇ ਸਮੇਂ ਤੋਂ ਹੀ ਸੰਚਾਰ ਕੁਦਰਤੀ ਰੂਪ ਵਿੱਚ ਹੁੰਦਾ ਰਿਹਾ ਹੈ। ਇੰਜ ਜਿਸ ਸੰਚਾਰ ਨੂੰ ਅਸੀਂ ਅੱਜ ਸੰਚਾਰ-ਵਿਗਿਆਨ ਦਾ ਅਧਾਰ ਮੰਨ ਕੇ ਤੁਰਦੇ ਹਾਂ ਉਸ ਦਾ ਇਤਿਹਾਸ ਮਨੁੱਖੀ ਸਭਿਅਤਾ ਦੇ ਇਤਿਹਾਸ ਜਿਤਨਾ ਹੀ ਪੁਰਾਣਾ ਹੈ। ਮਨੁੱਖੀ ਸਭਿਅਤਾ ਦੇ ਅਰੰਭਕ ਕਾਲ ਤੋਂ ਹੀ ਸੰਚਾਰ ਮਨੁੱਖੀ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਸਤੁਤ ਕਰਦਾ ਆ ਰਿਹਾ ਹੈ। ਪਰ ਸੰਚਾਰ ਪ੍ਰਬੰਧ ਬਤੌਰ ਇਕ ਸਿਸਟਮ ਦੇ ਉਨ੍ਹਵੀਂ ਅਤੇ ਵੀਹਵੀਂ ਸਦੀ ਵਿੱਚ ਹੀ ਹੋਂਦ

ਹੋਂਦ ਵਿਚ ਆਇਆ ਹੈ ।

ਸੰਚਾਰ ਵਿਗਿਆਨ ਦੋ ਸ਼ਬਦਾਂ ਦਾ ਸਮਾਸੀ ਸ਼ਬਦ ਹੈ। ਸੰਚਾਰ ਤੋਂ ਭਾਵ ਸੰਚਾਰ ਪ੍ਰਕ੍ਰਿਆ ਅਰਥਾਤ ਸੰਚਾਰ ਦੇ ਕਾਰਜ ਖੇਤਰ ਵਿਚਲਾ ਪ੍ਰਵਾਹ ਹੈ ਅਤੇ ਵਿਗਿਆਨ ਤੋਂ ਭਾਵ ਉਨ੍ਹਾਂ ਨੇਮਾਂ, ਜੁਗਤਾਂ, ਢੰਗਾਂ, ਤਰੀਕਿਆਂ ਜਾਂ ਵਿਧੀਆਂ ਤੋਂ ਹੈ ਜਿਨ੍ਹਾਂ ਦੁਆਰਾ ਸੰਚਾਰ ਹੁੰਦਾ ਹੈ । ਅੱਜ ਦੇ ਵਿਗਿਆਨਕ ਯੁਗ ਵਿਚ ਭਾਸ਼ਾ ਦੇ ਨਵੀਨਤਮ ਮਾਡਲਾਂ ਦੇ ਉਤੰਪਨ ਹੋ ਜਾਣ ਨਾਲ ਧਾਰਮਿਕ ਵਿਚਾਰਾਂ ਦੀ ਸੰਚਾਰ ਪ੍ਰਕ੍ਰਿਆ ਨੂੰ ਵੀ ਮਕਾਨਕੀ ਅਥਵਾ ਤਕਨੀਕੀ ਦ੍ਰਿਸ਼ਟੀ ਤੋਂ ਪਰਖਣ ਤੇ ਮੁਲੰਕਣ ਕਰਨ ਦਾ ਰਿਵਾਜ ਪੈਂਦਾ ਜਾ ਰਿਹਾ ਹੈ। ਇਸ ਵਿਚਾਰ ਅਧੀਨ ਹੀ ਅੱਜ ਇਸ ਗੱਲ ਦਾ ਮਹੱਤਵ ਘੱਟ ਸਮਝਿਆ ਜਾਂਦਾ ਹੈ ਕਿ ਸਾਹਿਤਕਾਰ ਨੇ ਕੀ ਕਿਹਾ ਹੈ ? ਇਸ ਦੇ ਮੁਕਾਬਲੇ ਤੇ ਇਸ ਗਲ ਦਾ ਮਹੱਤਵ ਵੱਧ ਗਿਆ ਹੈ ਕਿ ਸਾਹਿਤਕਾਰ ਨੇ ਕਿਸ ਤਰ੍ਹਾਂ ਕਿਹਾ ਹੈ ?

ਸਾਹਿਤਕ ਰਚਨਾ ਆਪਣੇ ਆਪ ਵਿਚ ਭਾਵਾਂ ਤੇ ਵਿਚਾਰਾਂ ਦਾ ਸੰਚਾਰ ਹੈ। ਧਾਰਮਿਕ ਅਥਵਾ ਅਧਿਆਤਮਕ ਸਾਹਿਤ ਧਰਮਾਂ ਦੇ ਆਪਸੀ ਵਾਰਤਲਾਪ ਦੁਆਰਾ ਅਦਾਨ-ਪ੍ਰਦਾਨ ਦੀ ਪ੍ਰਕ੍ਰਿਆ ਵਿਚ ਆਉਂਦਾ ਹੈ । ਇਸ ਪ੍ਰਕ੍ਰਿਆ, ਵਿਚ ਸੰਚਾਰ ਦੀਆਂ ਵਿਧੀਆਂ ਤੇ ਜੁਗਤਾਂ ਸੰਚਾਰ-ਵਿਗਿਆਨ ਹਨ। ਅੱਜ ਸਾਹਿਤਕ-ਮੁਲੰਕਣ ਕਰਦੇ ਸਮੇਂ ਭਾਸ਼ਾ ਦੇ ਸੰਚਾਰ ਪੱਖ ਨੂੰ ਵਧੇਰੇ ਅਹਿਮੀਅਤ ਦਿਤੀ ਜਾਂਦੀ ਹੈ। ਇਸ ਲਈ ਸੰਚਾਰ-ਵਿਗਿਆਨ ਇਕ ਅਜਿਹਾ ਢੰਗ, ਸਾਧਨ ਜਾਂ ਪ੍ਰਬੰਧ ਹੈ ਜਿਹੜਾ ਸਾਰੀ ਰਚਨਾ ਦੀ ਸਿਰਜਨ-ਪ੍ਰਕ੍ਰਿਆ ਵਿੱਚ ਸਮਾਇਆ ਹੋਇਆ ਹੁੰਦਾ ਹੈ ।

ਵਿਗਿਆਨੀਆਂ ਨੇ ਅਜੋਕੇ ਯੁਗ ਵਿੱਚ ਜਿਸ ਸੰਕਲਪ ਨੂੰ ਸੰਚਾਰ-ਵਿਗਿਆਨ ਦਾ ਨਾਮ ਦਿਤਾ ਹੈ, ਉਹ ਲਗਭਗ 1920 ਈਸਵੀ ਵਿੱਚ ਹੋਂਦ ਵਿੱਚ ਆਇਆ ਹੈ। ਪਦਾਰਥਕ ਜਗਤ ਦੀ ਪਦਾਰਥਕ ਸੰਚਾਰ ਪ੍ਰਣਾਲੀ ਜਿਵੇਂ ਟੈਲੀ ਗਰਾਫ, ਟੈਲੀਫੂਨ, ਵਾਇਰਲੈਸ, ਰੇਡੀਓ, ਟੀ. ਵੀ., ਸਮਾਚਾਰ ਪੱਤਰ, ਰਸਾਲੇ, ਮੈਗਜ਼ੀਨ, ਚਲ ਚਿੱਤਰ ਆਦਿ ਨੂੰ ਸੰਚਾਰ-ਵਿਗਿਆਨ ਬਤੌਰ ਇਕ ਸੰਕਲਪ ਦੇ ਉਭਾਰ ਕੇ ਸਾਹਮਣੇ ਲਿਆਂਦਾ ਹੈ। ਸੰਚਾਰ ਵਿਗਿਆਨ ਦੇ ਇਤਿਹਾਸਕ ਪਰਿਪੇਖ ਨੂੰ ਇਨਸਾਈਕਲੋਪੀਡੀਆ ਆਫ ਬ੍ਰੀਟੈਨਿਕਾ ਵਿਚ ਨਿਮਨਲਿਖਤ ਅਨੁਸਾਰ ਅੰਕਿਤ ਗਿਆ ਹੈ :

> "Since approximately in 1920, the growth and apparent influence of Communication technology have attracted the attention of many specialists who have attended to isolate communication as a specific facet of their particular interest. Psyclogists, in their Studies of behaviour and mind have evolved concepts of Communication useful to their inverstigations as well as to certain forms of theorapy. Social scientist have identified various forms of Communication by which myths, styles of living, mores and traditions have been passed either from generation to generation or from one segment of culture to another".[7]

ਭਾਵ ਕਿ "ਲਗਭਗ 1920 ਤੋਂ ਸੰਚਾਰ ਪ੍ਰਕ੍ਰਿਆ ਨੇ ਇਕ ਵਿਗਿਆਨ ਦੇ ਰੂਪ ਵਿਚ ਸਮੁੱਚੀ ਸੰਚਾਰ ਪ੍ਰਕ੍ਰਿਆ ਨਾਲੋਂ ਇਕ ਵਿਲੱਖਣ ਸੰਚਾਰ ਟਕਨਾਲੋਜ਼ੀ ਦੇ ਰੂਪ ਵਿਚ ਨਿਖੜਨਾ ਆਰੰਭ ਕੀਤਾ ।ਇਸ ਕਾਲ ਦੌਰਾਨ ਮਨੋਵਿਗਿਆਨੀਆਂ ਨੇ ਆਪਣੀ ਅਧਿਐਨ ਵਿਧੀ ਵਿਚ ਮਨੁੱਖੀ ਵਿਵਹਾਰ ਅਤੇ ਮਨੁੱਖੀ ਮਨ ਦੀ ਖੋਜ ਲਈ ਸੰਚਾਰ ਪ੍ਰਕ੍ਰਿਆ ਦੇ ਸੰਕਲਪ ਨੂੰ ਵਿਸ਼ੇਸ ਰੂਪ ਵਿਚ ਵਰਤਿਆ ਹੈ । ਸਮਾਜ ਵਿਗਿਆਨੀਆਂ ਨੇ ਸੰਚਾਰ ਪ੍ਰਕ੍ਰਿਆ ਦੀਆਂ ਕਈ ਕਿਸਮਾਂ ਦੀ ਖੋਜ ਕੀਤੀ ਹੈ ਜਿਨ੍ਹਾਂ ਦੁਆਰਾ ਮਿਥਿਹਾਸ, ਪਰੰਪਰਾਗੰਤ ਪਰੰਪਰਾਵਾਂ, ਰਹਿਣ ਸਹਿਣ ਦੇ ਢੰਗ ਤਰੀਕੇ ਦਾ ਇਕ ਨਸਲ ਤੋਂ ਅਗਲੀ ਨਸਲ ਅਥਵਾ ਪੀੜ੍ਹੀ ਤੱਕ ਪ੍ਰਸਾਰ ਹੁੰਦਾ ਹੈ ਅਤੇ ਇਕ ਸਭਿਆਚਾਰ ਦੂਸਰੇ ਸਭਿਆਚਾਰ ਵਿਚ ਪ੍ਰੀਵਰਤਿਤ ਹੁੰਦਾ ਹੈ "।[7]

ਉਪਰੋਕਤ ਵਿਚਾਰ ਦੀ ਵਿਆਖਿਆ ਵਜੋਂ ਅਸੀਂ ਕਹਿ ਸਕਦੇ ਹਾਂ ਕਿ 1920 ਤੋਂ ਬਾਅਦ ਸੰਚਾਰ-ਪ੍ਰਕ੍ਰਿਆ ਨੂੰ ਬਤੌਰ ਵਿਗਿਆਨ ਦੇ ਵਿਚਾਰਿਆਂ ਜਾਣ ਲਗਾ। ਜਦੋਂ ਸੰਚਾਰ ਪ੍ਰਕ੍ਰਿਆ ਦਾ ਬਤੌਰ ਵਿਗਿਆਨ ਵਿਸ਼ੇ ਦੇ ਅਧਿਐਨ ਹੋਣਾ ਆਰੰਭ ਹੋਇਆ ਤਾਂ 'ਸੰਚਾਰ ਵਿਗਿਆਨ' ਦਾ ਸੰਕਲਪ ਉਘੜਕੇ ਸਾਹਮਣੇ ਆਇਆ । ਅਜਿਹਾ ਹੋਣ ਨਾਲ ਸੰਚਾਰ-ਵਿਗਿਆਨ ਵੀ ਦੂਸਰੇ ਵਿਗਿਆਨਾਂ ਵਾਂਗ ਸੁਤੰਤਰ ਰੂਪ ਗ੍ਰਹਿਣ ਕਰ ਗਿਆ ਹੈ ਅਤੇ ਜਦੋਂ ਇਸ ਬੁਨਿਆਦੀ ਵਿਗਿਆਨ ਦੀ ਵਰਤੋਂ ਮਨੁੱਖੀ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਇਕ ਅਵਸ਼ਕ ਸਾਧਨ ਵਜੋਂ ਹੋਣ

ਲਗ ਪਈ ਹੈ ਤਾਂ ਸੰਚਾਰ-ਵਿਗਿਆਨ ਨੂੰ ਆਧੁਨਿਕ ਗਿਆਨ ਪ੍ਰਸਾਰ ਦਾ ਬੁਨਿਆਦੀ ਆਧਾਰ ਮੰਨ ਲਿਆ ਗਿਆ ਹੈ ।

ਇਹੀ ਕਾਰਣ ਹੈ ਕਿ ਅਸੀਂ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਆਧੁਨਿਕ ਸੰਚਾਰ ਵਿਗਿਆਨ ਦੀ ਪਰਿਪੇਖ ਵਿੱਚ ਅਧਿਐਨ ਕਰਨ ਦਾ ਉਪਰਾਲਾ ਕਰ ਰਹੇ ਹਾਂ ।ਅੰਤਰਧਰਮੀ ਵਾਰਤਲਾਪ ਦੇ ਸੰਚਾਰ-ਵਿਗਿਆਨ ਦੀ ਸਮੱਸਿਆ ਅਤੇ ਇਸਦੇ ਬਤੌਰ ਭੌਤਿਕ-ਵਿਗਿਆਨ ਦੇ ਵਿਚਾਰ ਕਰਨ ਉਪਰੰਤ ਉਨ੍ਹਾਂ ਸੰਚਾਰ ਮਾਧਿਅਮਾਂ ਦਾ ਅਧਿਐਨ ਕਰਨਾ ਵੀ ਉਚਿਤ ਜਾਪਦਾ ਹੈ ਜਿਨ੍ਹਾਂ ਨੂੰ ਸੰਚਾਰ ਵਿਗਿਆਨ ਦਾ ਨਾਮ ਦਿਤਾ ਜਾਂਦਾ ਹੈ। ਵਾਰਤਾਲਾਪ ਦੇ ਅੰਤਰਗਤ ਇਕ ਨਿਸਚਤ ਪ੍ਰਕਾਰ ਦਾ ਸੰਚਾਰ ਪ੍ਰਵਾਹ ਨਿਰੰਤਰ ਜਾਰੀ ਰਹਿੰਦਾ ਹੈ। ਇਸ ਪ੍ਰਵਾਹ ਨੂੰ ਸੰਚਾਰ ਮਾਡਲ ਆਖਦੇ ਹਨ। ਅੰਗ੍ਰੇਜ਼ੀ ਵਿਚ ਇਸ ਦਾ ਪਰਿਆਏਵਾਚੀ ਸ਼ਬਦ ( Communication code) ਹੈ। ਸੰਚਾਰ ਮਾਡਲਾਂ ਨੂੰ ਭਾਸ਼ਾ ਵਿਗਿਆਨੀਆਂ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ ।

1. ਸਿਗਨਲਜ਼
2. ਸਾਈਨਜ਼
3. ਸਿੰਬਲਜ਼

ਸਿਗਨਲ ਲਈ ਸੰਕੇਤ ਜਾਂ ਇਸ਼ਾਰੇ, ਸਾਈਨਜ਼ ਲਈ ਚਿੰਨ੍ਹ ਅਤੇ ਸਿੰਬਲਜ਼ ਲਈ ਪ੍ਰਤਿਰੂਪ ਆਦਿ ਪੰਜਾਬੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਸੰਖੇਪ ਜਿਹੀ ਵਿਆਖਿਆ ਕਰਨੀ ਠੀਕ ਹੈ ।

1. ਸੰਕੇਤ ਜਾਂ ਇਸ਼ਾਰੇ ( Signals ) -ਸੰਕੇਤ ਜਾਂ ਇਸ਼ਾਰੇ, ਸੰਚਾਰ ਵਿਗਿਆਨ ਦਾ ਇਕ ਮਹੱਤਵਪੂਰਨ ਅੰਗ ਹਨ ਕਿਉਂਕੇ ਇਨ੍ਹਾਂ ਦੁਆਰਾ ਅਰਥਾਂ ਦਾ ਸੰਚਾਰ ਹੁੰਦਾ ਹੈ।ਇਹਨਾਂ ਦਾ ਬੁਨਿਆਦੀ ਕੰਮ ਇਕ ਵਾਤਾਵਰਣ ਨੂੰ ਤਬਦੀਲ ਕਰਨਾ ਹੁੰਦਾ ਹੈ ਤਾਂ ਕਿ ਧਿਆਨ ਨੂੰ ਅਕ੍ਰਸ਼ਤ ਕੀਤਾ ਜਾ ਸਕੇ ਅਤੇ ਅਰਥਾਂ ਦਾ ਤਬਾਦਲਾ ਹੋ ਸਕੇ। ਸਿਗਨਲਜ਼ ਦੀ ਪ੍ਰੀਭਾਸ਼ਾ ਕਰਦਿਆਂ ਹੋਇਆਂ ਇਨਸਾਈਕਲੋਪੀਡੀਆ ਆਫ਼ ਬ੍ਰੀਟੈਨਕਾ ਵਿਚ ਲਿਖਿਆ ਹੈ :

> "Signal may be considered as some sort of interruption in a field of constant energy transfer".[8]

ਅਰਥਾਤ 'ਸੰਕੇਤ ਨੂੰ ਇਕ ਅਜਿਹੀ ਰੋਕ ( Interruption ) ਮੰਨਿਆ ਜਾਂਦਾ ਹੈ ਜਿਹੜੀ ਨਿਰੰਤਰ ਊਰਜਾ ਪ੍ਰਵਾਹ ਵਿਚ ਤਬਦੀਲੀ ਲਿਆਉਂਦੀ ਹੈ ।

---

8. Encyclopaedia of Britanica p.1007

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸੰਚਾਰ-ਵਿਗਿਆਨ ਦੇ ਖੇਤਰ ਵਿਚ ਇਸ਼ਾਰੇ ਜਾਂ ਸੰਕੇਤ ਇਕ ਮਹੱਤਵ ਸੰਚਾਰ ਮਾਧਿਅਮ ਜਾਂ ਮਾਡਲ ਹੈ ਜਿਸ ਦੁਆਰਾ ਅਰਥਾਂ ਦੀ ਤਬਦੀਲੀ ਦਾ ਨਿਰੰਤਰ ਪ੍ਰਵਾਹ ਜਾਰੀ ਰਹਿੰਦਾ ਹੈ। ਇਹ ਸੰਕੇਤ ਬਹੁਤੀ ਵਾਰ ਮੂਲ- ਭਾਸ਼ਾ ਵਿਚ ਵੀ ਅਰਥਾਂ ਦੇ ਪ੍ਰਵਾਹ ਨੂੰ ਜਾਰੀ ਰੱਖਦੇ ਹਨ। ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਵਿਚ ਅਜਿਹੇ ਸੰਕੇਤ ਜਾਂ ਇਸ਼ਾਰੇ ਥਾਂ ਥਾਂ ਤੇ ਪਾਏ ਜਾਂਦੇ ਹਨ ਅਤੇ ਇਹਨਾਂ ਸੰਕੇਤਾਂ ਦੁਆਰਾ ਸੰਪੂਰਨ ਸਾਂਸਕ੍ਰਿਤ ਸਰਵੇਖਣ ਪ੍ਰਸਤੁਤ ਹੋਇਆ ਹੈ। ਆਮ ਤੌਰ ਤੇ ਇਹ ਸੰਕੇਤ ਇਤਿਹਾਸ ਮਿਥਿਹਾਸ ਜਾਂ ਪੁਰਾਣ ਕਥਾਵਾਂ ਦੇ ਗੰਭੀਰ ਅਰਥਾਂ ਦਾ ਪ੍ਰਸਾਰ ਕਰਦੇ ਜਾਪਦੇ ਹਨ ਜਿਵੇਂ :

ਰੋਵੈ ਰਾਮੁ ਨਿਕਾਲਾ ਭਇਆ  
ਸੀਤਾ ਲਛਮਣੁ ਵਿਛੁੜਿ ਗਇਆ ।  
ਰੋਵੈ ਦਹਸਿਰੁ ਲੰਕ ਗਵਾਇ  
ਜਿਨਿ ਸੀਤਾ ਆਦੀ ਡਉਰੂ ਵਾਇ ।  
ਰੋਵਹਿ ਪਾਂਡਵ ਭਏ ਮਜੂਰ  
ਜਿਨ ਕੈ ਸੁਆਮੀ ਰਹਤ ਹਦੂਰਿ ,  
......  
ਰੋਵੈ ਜਮੁ ਜੋ ਭੀਖਿਆ ਖਾਇ ।  
ਐਸੀ ਦਰਗਹਿ ਮਿਲੈ ਸਜਾਏ।[9]

ਇਥੇ ਰਾਮ, ਸੀਤਾ, ਲਛਮਣ, ਪਾਂਡਵ ਸ੍ਰੀ ਕ੍ਰਿਸ਼ਨ ਆਦਿ ਸਿਗਨਲ(ਸੰਕੇਤ) ਹਨ ਜਿਹੜੇ ਅਰਥਾਂ ਦੇ ਇਕ ਵਿਸਥਾਰ ਪੂਰਵਕ ਸੰਦਰਭ ਨੂੰ ਵਰਤਮਾਨ ਵਿਚ ਪਰਿਵਰਤਿਤ ਕਰਦੇ ਹਨ। ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰਧਰਮੀ ਵਾਰਤਾਲਾਪ ਵਿਚ ਇਹ ਸੰਕੇਤ ਇਕ ਸ਼ਕਤੀਸ਼ਾਲੀ ਮਾਧਿਅਮ ਹਨ। ਇਨ੍ਹਾਂ ਦੁਆਰਾ ਗੁਰੂ ਜੀ ਜੁਗਾਂ ਦੀ ਉਡਾਰੀ ਮਾਰਕੇ ਲੋਕ-ਮਾਨਸ ਦੇ ਅਥਾਹ ਸਾਗਰ ਦੀ ਤਾਰੀ ਲਵਾਉਂਦੇ ਹਨ ਅਤੇ ਜਿਸ ਵਿਚਾਰ ਨੂੰ ਉਹ ਸਮਝਾਉਣਾ ਚਾਹੁੰਦੇ ਹਨ ਝਟ ਹੀ ਸਮਝ ਆ ਜਾਂਦਾ ਹੈ ।

<u>ਚਿੰਨ</u> (Sign)

ਸੰਚਾਰ ਵਿਗਿਆਨ ਦੇ ਖੇਤਰ ਵਿਚ ਚਿੰਨਾਂ ਦੀ ਖਾਸ ਮਹਾਨਤਾ ਹੁੰਦੀ ਹੈ। ਧਰਮ ਦੇ ਬਾਹਰੀ ਸਰੂਪ ਨੂੰ ਵੀ ਕੁਝ ਚਿੰਨਾ ਦੁਆਰਾ ਹੀ ਪਛਾਣਿਆ ਜਾਂਦਾ ਹੈ। ਇਹ ਚਿੰਨ ਵਸਤੂ

---

9. ਵਾਰ ਰਾਮਕਲੀ ਮ.1,ਗੁਰੂ ਗ੍ਰੰਥ ਸਾਹਿਬ, ਪੰ: 953-54

ਦੇ ਸੁਭਾਵ, ਕ੍ਰਿਆ ਅਤੇ ਗਤੀਸ਼ੀਲਤਾ ਨੂੰ ਪ੍ਰਗਟ ਕਰਦਾ ਹੋਇਆ ਉਸਦੇ ਸੂਖਮ ਅਰਥਾਂ ਦੀ ਪੇਸ਼ਕਾਰੀ ਕਰਦਾ ਹੈ। ਇਹ ਚਿੰਨ ਇਕ ਪ੍ਰਕਾਰ ਦਾ ਸ਼ਬਦ-ਚਿੱਤਰ ਉਸਾਰਦੇ ਹਨ। ਜਿਹੜਾ ਅਤਿ ਸੂਖਮ ਦਾਰਸ਼ਨਿਕ ਵਿਚਾਰਾਂ ਨੂੰ ਸਰਲ ਢੰਗ ਦੁਆਰਾ ਸਮਝਣਯੋਗ ਬਣਾਉਣ ਵਿਚ ਸਹਾਈ ਹੁੰਦਾ ਹੈ। ਇਹ ਚਿੰਨ ਰੰਗ ਰੂਪ ਵਿਚ ਸਰਲ,ਸਹਿਜ ਅਤੇ ਸੁਬੋਧ ਹੁੰਦੇ ਹਨ, ਪਰ ਪ੍ਰਭਾਵ ਵਜੋਂ ਬਹੁਤ ਤਿਖੇ ਤੇ ਬਲਵਾਨ ਹੁੰਦੇ। ਹਨ ।

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀ ਸੰਚਾਰ ਪ੍ਰਕਿਆ ਵਿਚ ਇਹਨਾਂ ਚਿਹਨਾਂ ਦੀ ਬਹੁਲਤਾ ਪਾਈ ਜਾਂਦੀ ਹੈ। ਇਹ ਚਿੰਨ੍ਹ ਜਾਂ ਬਿੰਬ ਆਮ ਰੋਜ਼ਾਨਾ ਦੇ ਜਨ ਜੀਵਨ ਨਾਲ ਸੰਪਰਕ ਵਿਚ ਆਉਂਦੀਆਂ ਵਸਤੂਆਂ, ਜੀਵਾਂ, ਜੰਤੂਆਂ,ਪੰਛੀਆਂ ਤੇ ਜਾਨਵਰਾਂ ਵਿਚੋਂ ਲਏ ਗਏ ਹਨ। ਇਥੇ ਕੇਵਲ ਦੋ ਉਦਾਹਰਣਾਂ ਅੰਕਿਤ ਕਰਦੇ ਹਾਂ ਤਾਂ ਜੋ ਚਿੰਨ ਦੀ ਪ੍ਰਕ੍ਰਿਤੀ ਸਪੱਸ਼ਟ ਹੋ ਸਕੇ ।

ਮਛੁਲੀ ਜਾਲੁ ਨਾ ਜਾਣਿਆ ਸਰੁ ਖਾਰਾ ਅਸਗਾਹੁ ।।  
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।।  
ਕੀਤੇ ਕਾਰਣਿ ਪਾਕੜੀ ਕਾਲੁ ਨਾ ਟਲੈ ਸਿਰਾਹੁ।।  
ਭਾਈ ਰੇ ਇਉਂ ਸਿਰਿ ਜਾਣਹੁ ਕਾਲੁ ।।  
ਜਿਉਂ ਮਛਲੀ ਤਿਉਂ ਮਾਣਸਾ ਪਵੈ ਅਚਿੰਤਾ ਜਾਲੁ।।[10]

ਇਸ ਸ਼ਬਦ ਵਿਚ ਮੱਛਲੀ, ਜਾਲ ਅਤੇ ਪਾਣੀ ਤਿੰਨ ਚਿੰਨ ਹਨ। ਇਹ ਤਿੰਨੇ ਜੀਵਨ ਅਤੇ ਮੌਤ ਦੇ ਸਬੰਧਾਂ ਨੂੰ ਨਿਸ਼ਚਤ ਕਰਦੇ ਹਨ ।

ਅਸਗਾਹ ਸਮੁੰਦਰ ਵਿਚ ਬੇ-ਪ੍ਰਵਾਹ ਮਛਲੀ ਚੋਗ ਦੇ ਲਾਲਚ ਵਿਚ ਜਾਲ ਵਿਚ ਫਸ ਜਾਂਦੀ ਹੈ। ਮੱਛਲੀ ਚਤੁਰ ਵੀ ਤੇ ਸੁਹਣੀ ਵੀ ਹੈ ਫਿਰ ਵੀ ਕਾਲ ਤੋਂ ਨਹੀਂ ਬਚ ਸਕਦੀ । ਇਸ ਤਰ੍ਹਾਂ ਮਨੁੱਖ ਵੀ ਸੰਸਾਰਕ ਰੰਗ ਤਮਾਸ਼ਿਆਂ ਵਿਚ ਗਲਤਾਨ ਮੌਤ ਨੂੰ ਭੁਲਾਈ ਬੈਠਾ ਹੈ ਅਤੇ ਪ੍ਰਭੂ ਸਿਮਰਨ ਨਹੀਂ ਕਰਦਾ ਉਸਦਾ ਹਾਲ ਵੀ ਮੱਛਲੀ ਵਾਲਾ ਹੀ ਹੋਵੇਗਾ। ਇਸੇ ਤਰ੍ਹਾਂ ਹਰਣੀ ਦਾ ਚਿੰਨ, ਕੋਇਲ ਦਾ, ਨਾਗਣ ਦਾ ਚਾਤਰਿਕ ਦਾ, ਸਿੰਬਲ ਰੁੱਖ ਦਾ ਆਦਿ ਅਨੇਕਾਂ ਚਿਹਨਾਂ ਦੀ ਗੁਰੂ ਨਾਨਕ ਬਾਣੀ ਵਿਚ ਭਰਮਾਰ ਹੈ। ਜਿਵੇਂ:

---

10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 55, ਮ. ੧

ਸਿੰਬਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ।।
ਓਇ ਜੁ ਆਵਹਿ ਆਸਕਰਿ ਜਾਇ ਨਿਰਾਸੇ ਕਿਤੁ ।।
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ।।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ।।[11]

ਭਾਵ: ਸਿੰਬਲ ਦਾ ਰੁੱਖ ਭੌਤਿਕ ਰੂਪ ਵਿਚ ਬਹੁਤ ਲੰਮਾ-ਉਚਾ ਹੁੰਦਾ ਹੈ। ਉਸਨੂੰ ਵੇਖ ਕੇ ਪੰਛੀ ਦੂਰੋਂ ਦੂਰੋਂ ਉਡਾਰੀਆਂ ਮਾਰਦੇ ਹੋਏ ਬੜੀ ਆਸ ਨਾਲ ਉਸ ਪਾਸ ਆਉਂਦੇ ਹਨ ਪਰ ਕੋਲ ਪੁਜ ਕੇ ਨਿਰਾਸ ਹੁੰਦੇ ਹਨ ਕਿਉਂਕੇ ਉਸਦੇ ਫਲ ਸਵਾਦ ਰਹਿਤ ਹਨ, ਫੁਲ ਵੀ ਸੁਗੰਧ ਰਹਿਤ ਹਨ। ਇਸੇ ਤਰ੍ਹਾਂ ਉਹ ਜੀਵ ਜੋ ਵੱਡੇ ਹਨ ਭਾਂਵੇ ਸ਼ਰੀਰ ਕਰਕੇ ਜਾਂ ਧਨ ਕਰਕੇ ਪਰ ਜੇਕਰ ਉਹਨਾਂ ਵਿਚ ਸਮਾਜ ਸੇਵਾ ਤੇ ਲੋਕ ਸੇਵਾ ਦੀ ਭਾਵਨਾ ਨਹੀਂ ਤਾਂ ਉਹ ਪ੍ਰਭੂ ਦੇ ਦਰ ਤੋਂ ਦੁਰਕਾਰੇ ਹੋਏ ਲੋਕ ਹੀ ਹਨ ਸਿੰਬਲ ਰੁੱਖ ਵਾਂਗ ਧਰਤੀ ਉੱਤੇ ਬੋਝ ਬਣੇ ਹਨ ।

ਸਿੰਬਲ ਜਾਂ ਪ੍ਰਤੀਕ ( Symbol) ਸਿਗਨਲ, ਸਾਈਨਜ਼ (ਸੰਕੇਤ ਤੇ ਚਿਨਾਂ) ਤੋਂ ਬਾਅਦ ਸੰਚਾਰ-ਵਿਗਿਆਨ ਦਾ ਅਗਲਾ ਮਹੱਤਵਪੂਰਨ ਅੰਗ ਜਾਂ ਮਾਡਲ ਸਿੰਬਲ ਅਥਵਾ ਪ੍ਰਤੀਕ ਜਾਂ ਪ੍ਰਤਿਰੂਪ ਦਾ ਹੈ। ਇਨਸਾਈਕਲੋਪੀਡੀਆ ਬ੍ਰੀਟੈਨਕਾ ਵਿਚ ਸਿੰਬਲ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਅੰਕਿਤ ਹੈ

"The term (symbol) gives to visible object representing to the mind resemblence of some thing which is not shown."

ਪ੍ਰਤੀਕ ਜਾਂ ਪ੍ਰਤਿਰੂਪ ਦੀ ਵਰਤੋਂ ਉਸ ਦ੍ਰਿਸ਼ ਲਈ ਹੁੰਦੀ ਹੈ
ਜਿਹੜਾ ਮਨ ਦੇ ਸਾਹਮਣੇ ਕਿਸੇ ਅਮੂਰਤ ਵਸਤੂ ਦੀ ਸਮਾਨਤਾ ਨੂੰ
ਆਪਣੇ ਸਬੰਧ ਸੂਤਰਾਂ ਰਾਹੀਂ ਪੇਸ਼ ਕਰਦੀ ਹੈ ।।[12]

"ਪੱਛਮੀ ਸਾਹਿਤ ਵਿਚ ਕਾਲਰਿਜ ਤੇ ਆਰਨਲਡ ਆਦਿ ਵਿਦਵਾਨਾਂ ਨੇ ਪ੍ਰਤੀਕ ਬਾਰੇ ਬੜੀ ਵਿਸਤ੍ਰਿਤ ਚਰਚਾ ਕੀਤੀ ਹੈ ਅਤੇ ਇਹ ਦੋਵੇਂ ਵਿਦਵਾਨ ਰਹਸਵਾਦੀ ਕਾਵਿ ਦੇ ਪ੍ਰਤੀਕਾਂ ਨੂੰ ਸਪੱਸ਼ਟ ਕਰਨ ਦਾ ਉਪਰਾਲਾ ਕਰਦੇ ਰਹੇ ਹਨ"।[13] ਪੱਛਮੀ ਵਿਦਵਾਨਾਂ ਦੇ ਵਿਚਾਰਾਂ ਦੇ ਅਧਾਰ

11. ਆਸਾ ਦੀ ਵਾਰ ਮ:1, ਆਦਿ ਗ੍ਰੰਥ ਪੰ. 470
12. Encyclopaedia of Britanica page-1007
13. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਦੀ ਕਾਵਿ ਕਲਾ, ਪੰ: 72

ਉਤੇ ਪ੍ਰਤੀਕ ਕਿਸੇ ਆਦ੍ਰਿਸ਼ ਜਾਂ ਅਮੂਰਤ ਸੱਚ ਦਾ ਮੂਰਤੀਕਰਣ ਹੈ ਜੋ ਆਪਣੇ ਸਬੰਧਾਂ ਜਾਂ ਪਰੰਪਰਾ ਦੁਆਰਾ ਅਕਾਰ ਗ੍ਰਹਿਣ ਕਰਦਾ ਹੈ ।[14]

ਇਸ ਦਾ ਭਾਵ ਇਹ ਹੋਇਆ ਕਿ ਪ੍ਰਤੀਕ ਅਮੂਰਤ ਮਾਨਵੀ ਭਾਵਨਾਵਾਂ/ ਅਨੁਭੂਤੀਆਂ ਨੂੰ ਪ੍ਰਗਟ ਕਰਨ ਦਾ ਮੂਰਤ ਜਾਂ ਸਥੂਲ ਮਾਧਿਅਮ ਹੈ । ਇਹ ਮਾਧਿਅਮ ਬਾਰ ਬਾਰ ਸਹਿਜ ਵਰਤੋਂ ਦੁਆਰਾ ਬਝਵੇਂ ਜਾਂ ਨਿਸਚਿਤ ਅਰਥ ਧਾਰਣ ਕਰਦਾ ਹੈ । ਗੁਰੂ ਨਾਨਕ ਬਾਣੀ ਅੰਤਰ ਧਰਮੀ ਵਾਰਤਾਲਾਪ ਵਿਚ ਸੰਚਾਰ ਵਿਗਿਆਨ ਦੇ ਇਸ ਮਾਡਲ ਦੀ ਵਰਤੋਂ ਵੀ ਭਰਪੂਰ ਰੂਪ ਵਿਚ ਹੋਈ ਹੈ । ਗੁਰੂ ਜੀ ਪ੍ਰਤਿਰੂਪ ਦੀ ਵਰਤੋਂ ਪ੍ਰਕ੍ਰਿਤੀ ਦੇ ਖੇਤਰ ਵਿਚੋਂ ਵੀ ਕਰਦੇ ਹਨ ਅਤੇ ਮਾਨਵੀ ਖੇਤਰ ਵਿਚੋਂ ਵੀ । ਮਾਨਵੀ ਤੇ ਸਮਾਜਿਕ ਖੇਤਰ ਵਿਚੋਂ ਪਤੀ-ਪਤਨੀ ਦੇ ਸਿੰਬਲ (ਪ੍ਰਤੀਕ) ਦੀ ਵਰਤੋਂ ਬਾਰ ਬਾਰ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਪਤੀ ਤੇ ਪਤਨੀ ਆਤਮਾ ਤੇ ਪ੍ਰਮਾਤਮਾ ਦਾ ਪ੍ਰਤਿਰੂਪ ਬਣ ਗਏ ਹਨ । ਗੁਰੂ ਨਾਨਕ ਬਾਣੀ ਵਿਚੋਂ ਇਕ ਉਦਾਹਰਣ ਪੇਸ਼ ਹੈ:

"ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪ ਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈਂ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁੱਖ ਨਾਸਾ ॥
ਸਗਲੀ ਜੋਤਿ ਜਾਤਾ ਤੂੰ ਸੋਈ ਮਿਲਿਆ ਭਾਇ ਸੁਭਾਇ ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੈ ਘਰਿ ਆਏ ॥[15]

ਉਪਰੋਕਤ ਸ਼ਬਦ ਵਿਚ ਨਾਇਕਾ ਆਤਮਾ ਹੈ ਜਿਹੜੀ ਪਤੀ ਪ੍ਰਮਾਤਮਾ ਲਈ ਉਡੀਕਵਾਨ ਹੈ । ਇਹ ਉਡੀਕ ਬੜੀ ਬਿਹਬਲਤਾ ਭਰਪੂਰ ਹੁੰਦੀ ਹੋਈ ਵੀ ਸਾਤਵਿਕ ਬਿਰਤੀ ਵਾਲੀ ਹੈ । ਨਾਇਕਾ ਪਤਨੀ (ਆਤਮਾ) ਪਤੀ (ਪ੍ਰਮਾਤਮਾ) ਦੇ ਆਗਮਨ ਨਾਲ ਉਪਜੀ ਆਪਣੀ ਆਨੰਦਿਤ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਸਜਣ ਪ੍ਰਤਿ ਰੂਪ ਹੈ ਪ੍ਰਮਾਤਮਾ ਦਾ । ਇਸ ਵਿਚ ਲਗਾਓ ਵੀ ਹੈ ਅਤੇ ਪਵਿਤਰਤਾ ਵੀ । ਅਜਿਹੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ, ਥਾਂ ਪੁਰ ਥਾਂ ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਹਨ ।

---

14. ਗੁਰਸ਼ਰਨ ਕੌਰ ਜੱਗੀ, ਗੁਰੂ ਨਾਨਕ ਦੀ ਕਾਵਿ ਕਲਾ, ਪੰ: 72
15. ਰਾਗ ਸੂਹੀ ਮ: 2 ਘਰ 3, ਆਦਿ ਗ੍ਰੰਥ ਪੰਨਾ 764

ਇਸ ਲਈ ਇਹ ਮੰਨਣਾ ਉਚਿਤ ਜਾਪਦਾ ਹੈ ਕਿ ਸੰਚਾਰ-ਵਿਗਿਆਨ ਵਿਚ ਬਤੌਰ ਮਾਧਿਅਮ-ਅੰਸ਼ ਦੇ ਮਹੱਤਵ ਪੂਰਨ ਹਿੱਸਾ ਸਿੰਬਲ ਜਾਂ ਪ੍ਰਤੀਕ ਦਾ ਹੈ। ਇਸ ਲਈ ਸੰਚਾਰ-ਵਿਗਿਆਨ ਦੇ ਮਾਧਿਅਮ ਵਜੋਂ ਸਿਗਨਲ (ਸੰਕੇਤ) ਚਿੰਨ ( Signs ) ਅਤੇ ਸਿੰਬਲ (ਪ੍ਰਤੀਕ) ਮਹੱਤਵਪੂਰਨ ਭੂਮਕਾ ਨਿਭਾਉਂਦੇ ਹਨ ।

ਇਨ੍ਹਾਂ ਤਿੰਨਾਂ ਦੀ ਗਤੀਸ਼ੀਲਤਾ ਨਾਲ ਜੋ ਨਿਯਮਬਧ ਸੰਚਾਰ ਪ੍ਰਕ੍ਰਿਆ ਹੋਂਦ ਵਿਚ ਆਉਂਦੀ ਹੈ ਉਸਨੂੰ ਸੰਚਾਰ-ਵਿਗਿਆਨ ਦਾ ਨਾਮ ਦਿਤਾ ਜਾਂਦਾ ਹੈ। ਇਸੇ ਸੰਚਾਰ ਵਿਗਿਆਨ ਦੇ ਸੰਦਰਭ ਵਿਚ ਅਸੀਂ ਗੁਰੂ ਨਾਨਕ ਬਾਣੀ ਵਿਚਲੇ ਅੰਤਰ-ਧਰਮੀ ਵਾਰਤਾਲਾਪਾਂ ਦਾ ਅਧਿਐਨ ਕਰਨ ਦਾ ਯਤਨ ਕਰ ਰਹੇ ਹਾਂ ਤਾਂ ਕਿ ਆਧੁਨਿਕ ਸਮਕਾਲੀਨ ਅਧਿਐਨ ਪਰਪਾਟੀਆ ਦੀ ਕਸਵਟੀ ਉਤੇ ਪੂਰਨ ਉਤਰਦੀ ਸਰਬਕਾਲੀ ਮਹਾਨਤਾ ਵਾਲੀ ਗੁਰੂ ਨਾਨਕ ਬਾਣੀ ਨੂੰ ਵਿਸਵ-ਧਰਮਾਂ ਦੇ ਪ੍ਰਸੰਗ ਵਿਚ ਸਮਝਿਆ ਜਾ ਸਕੇ ।

## ਸੰਚਾਰ ਵਿਗਿਆਨ ਅਤੇ ਸੰਚਾਰ ਮਾਡਲ

(Communication Science and Communication Code)

ਸੰਚਾਰ ਵਿਗਿਆਨ ਦੇ ਅੰਤਰਗਤ ਇਕ ਨਿਯਮਤ ਪ੍ਰਕਾਰ ਦੀ ਕਾਰਜਸ਼ੀਲ ਸੰਚਾਰ ਪ੍ਰਕ੍ਰਿਆ ਕਾਰਜਸ਼ੀਲ ਹੁੰਦੀ ਹੈ। ਇਸ ਦੀ ਕਾਰਜਸ਼ੀਲਤਾ ਦਾ ਮਾਧਿਅਮ ਹਨ ਸਿਗਨਲ, ਸਾਈਨ ਅਤੇ ਸਿੰਬਲ ਆਦਿ ।

> "Signals, signs and symbols are three related components of communication processes found in all known cultures have attracted considerable scholary attention because they do not relate particularly to the usal conceptions of words or language. Each is apparantly and increasingly more complex modification of the former, and each was probably developed in the depth of pre-history before or at the start of man's early experiments with vocal language".[16]

---

16. Encyclopedia of Britinica, P.1007

ਭਾਵ: ਸੰਕੇਤ ਅਤੇ ਚਿੰਨ ਪ੍ਰਤਿਰੂਪ ਸੰਚਾਰ ਪ੍ਰਕ੍ਰਿਆ ਨਾਲ ਸੰਬੰਧਿਤ ਅੰਗ ਹਨ । ਇਹ ਸਭ ਜਾਣੇ ਪਛਾਣੇ ਸਭਿਆਚਾਰ ਵਿਚ ਪਾਏ ਜਾਂਦੇ ਹਨ। ਇਹ ਅੰਗ ਇਕ ਖਾਸੀ ਵਿਦਵਤਾ ਭਰਪੂਰ ਖਿਚ ਦਾ ਕਾਰਣ ਬਣਦੇ ਹਨ ਕਿਉਂਕੇ ਇਹ ਸ਼ਬਦਾਂ ਦੇ ਸਧਾਰਣ ਸੰਕਲਪਾਂ ਨਾਲ ਸਬੰਧ ਨਹੀਂ ਰੱਖਦੇ ਸਗੋਂ ਇਹ ਸ਼ਬਦਾਂ ਅਤੇ ਭਾਸ਼ਾ ਦੇ ਬਦਲੇ ਹੋਏ ਅਰਥ ਪੇਸ਼ ਕਰਦੇ ਹਨ ਜਿਨ੍ਹਾਂ ਦੀਆਂ ਜੜਾਂ ਇਤਿਹਾਸ ਵਿਚ ਜਾਂ ਮਨੁੱਖ ਦੀ ਜ਼ਬਾਨੀ ਭਾਸ਼ਾ ਨਾਲ ਪਹਿਲੇ ਤਜਰਬਿਆਂ ਵਿਚ ਹੁੰਦੀਆਂ ਹਨ । ਸੰਕੇਤ, ਚਿੰਨ ਅਤੇ ਰੂਪਕ ਦੀ ਆਪਸੀ ਸੰਚਾਰ ਪ੍ਰਕ੍ਰਿਆ ਨੂੰ ਜਦੋਂ ਨਿਸਚਤ ਨੇਮਾਂ ਦੇ ਤਹਿਤ ਨਿਯਮਬਧ ਕਰ ਦਿੱਤਾ ਜਾਂਦਾ ਹੈ ਤਾਂ ਸੰਚਾਰ ਵਿਗਿਆਨ ਹੋਂਦ ਵਿਚ ਆਉਂਦਾ ਹੈ । ਸੰਚਾਰ ਵਿਗਿਆਨ ਅਨਿਸਚਤ ਤੇ ਉਘੜੇ-ਦੁਗੜੇ ਅਨੁਭਵ ਅਤੇ ਬੋਧ ਨੂੰ ਭਾਸ਼ਾ ਦੇ ਮਾਡਲ ਦੁਆਰਾ ਸੁਨਿਸਚਤ ਰੂਪ ਵਿਚ ਪੁਨਰ ਸਿਰਜਤ ਕਰਨ ਦਾ ਉਪਰਾਲਾ ਕਰਦਾ ਹੈ ।

"ਜਦੋਂ ਅਸੀਂ ਬ੍ਰਹਿਮੰਡ ਦੇ ਪਰਿਪੇਖ ਵਿਚ ਰੱਖਕੇ ਮਨੁੱਖੀ ਸਮਾਜ ਬਾਰੇ ਵਿਚਾਰ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਭਿਆਚਾਰ ਦੀ ਉਪਜ,ਉਤਪਾਦਨ ਦੀ ਨਿਯੰਤ੍ਰਿਤ ਸੰਚਾਰ ਵਿਧੀ ਰਾਂਹੀ ਹੁੰਦੀ ਹੈ । ਪ੍ਰਕਿਰਤੀ ਦੇ ਮੁਕਾਬਲੇ ਤੇ ਮਨੁੱਖ ਆਪਣੀਆਂ ਮਨਸੂਈ ਪ੍ਰਾਪਤੀਆਂ ਦਾ ਪ੍ਰਬੰਧ ਨਿਯੰਤ੍ਰਿਤ ਸੰਚਾਰ ਵਿਧੀ ਦੁਆਰਾ ਹੀ ਕਰਦਾ ਹੈ"।[17] ਪ੍ਰਸਿੱਧ ਸੰਚਾਰ-ਵਿਗਿਆਨੀ "ਮੂਰਲੋ ਨੇਟਸਨ" ਸਮੁੱਚੀ ਬ੍ਰਹਿਮੰਡਕ ਪ੍ਰਕ੍ਰਿਆ ਨੂੰ ਸੰਚਾਰ ਹੀ ਕਹਿੰਦਾ ਹੈ । ਸਮੁੱਚੀ ਕਾਇਨਾਤ ਨੂੰ ਆਪਣੇ ਸਾਰੇ ਪਸਾਰੇ ਵਿਚ ਜਟਿਲ ਸੰਚਾਰ ਪ੍ਰਕ੍ਰਿਆ ਦੇ ਅਰਥ ਦੇਂਦਾ ਹੈ ।

ਇਸ ਲਈ ਵਿਦਵਾਨਾਂ ਦਾ ਮਤ ਹੈ ਕਿ ਸੰਚਾਰ ਵਿਗਿਆਨ ਦੇ ਅਤਿਅੰਤ ਵਿਆਪਕ ਪ੍ਰਵਾਹ ਦੇ ਅੰਤਰਗਤ ਹੀ ਸਭਿਆਚਾਰ ਨੂੰ ਪਛਾਣਿਆ ਜਾ ਸਕਦਾ ਹੈ । ਪ੍ਰਾਕ੍ਰਿਤਕ ਭੌਤਿਕ ਤੇ ਪ੍ਰਾਣਾਧਾਰੀ ਵਾਤਾਵਰਣ ਵਿਚ ਸੰਚਾਰ ਪ੍ਰਕ੍ਰਿਆ ਨਿਰੰਤਰਤਾ ਦੀ ਵਿਧੀ ਵਿਚ ਉਜਾਗਰ ਹੁੰਦੀ ਹੈ । ਪ੍ਰਾਕ੍ਰਿਤਕ ਨਿਰੰਤਰਤਾ ਨੂੰ ਸਭਿਆਚਾਰਕ ਨਿਯੰਤ੍ਰਣ ਵਿਚ ਬਦਲਣ ਲਈ ਮਨੁੱਖ ਕੋਲ ਵਧੀਆ ਤੇ ਵਿਆਪਕ ਹਥਿਆਰ ਭਾਸ਼ਾ ਹੈ ।

ਭਾਸ਼ਾਈ ਪ੍ਰਬੰਧ ਦੁਆਰਾ ਹੀ ਮਨੁੱਖ ਆਪਣੇ ਬਨਾਵਟੀ ਵਾਤਾਵਰਣ ਦੇ ਅੰਤਰਗਤ ਚਿਰਹਨਕੀ ਅਜ਼ਾਦੀ ਪ੍ਰਾਪਤ ਕਰਦਾ ਹੈ । ਇਸ ਤਰ੍ਹਾਂ 'ਸੰਚਾਰ ਵਿਗਿਆਨ' ਦੀ ਮੱਦਦ ਨਾਲ ਇਕ ਵਿਸ਼ੇਸ਼ ਪ੍ਰਕਾਰ ਦਾ ਪ੍ਰਤੀਕ-ਜਗਤ ਜੋ ਭਾਸ਼ਾਈ ਅਤੇ ਗੈਰ ਭਾਸ਼ਾਈ ਪ੍ਰਾਪਤੀਆਂ ਤੇ ਅਧਾਰਿਤ ਹੁੰਦਾ ਹੈ ਨੂੰ ਸਿਰਜਨ ਦੇ ਯੋਗ ਹੋ ਜਾਂਦਾ ਹੈ ।

ਭਾਸ਼ਾਈ ਪ੍ਰਬੰਧ ਦੁਆਰਾ ਹੀ ਮਨੁੱਖ ਆਪਣੇ ਬਨਾਵਟੀ ਵਾਤਾਵਰਣ ਦੇ ਅੰਤਰਗਤ ਚਿਰਹਨਕੀ ਅਜ਼ਾਦੀ ਪ੍ਰਾਪਤ ਕਰਦਾ ਹੈ । ਇਸ ਤਰ੍ਹਾਂ 'ਸੰਚਾਰ ਵਿਗਿਆਨ' ਦੀ ਮੱਦਦ ਨਾਲ ਇ ਕ ਵਿਸ਼ੇਸ ਪ੍ਰਕਾਰ ਦਾ ਪ੍ਰਤੀਕ-ਜਗਤ ਜੋ ਭਾਸ਼ਾਈ ਅਤੇ ਗੈਰ ਭਾਸ਼ਾਈ ਪ੍ਰਾਪਤੀਆਂ ਤੇ

17. ਡਾ. ਮਹਿੰਦਰ ਕੌਰ ਗਿੱਲ-ਬਾਣੀ ਵਿਧਾਨ, ਪੰ. 76

ਹੁੰਦਾ ਹੈ ਨੂੰ ਸਿਰਜਨ ਦੇ ਯੋਗ ਹੋ ਜਾਂਦਾ ਹੈ ।

ਸੰਚਾਰ-ਵਿਗਿਆਨ ਦੇ ਵਾਰਤਾਲਾਪੀ ਘੇਰੇ ਵਿਚ ਅਮੂਰਤ ਭੂਮਿਕਾ ਚੇਤਨਾ ਤੋਂ ਜਗਤ ਤੱਕ ਦੀ ਚੇਤਨਾ ਦੀ ਹਰ ਵਸਤ ਵਿਚ ਆ ਸਕਦੀ ਹੈ । ਸਾਹਿਤ ਵਿਚ ਜਦੋਂ ਸੰਚਾਰ ਵਿਗਿਆਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਸਬੰਧ ਭਾਸ਼ਾ ਵਿਗਿਆਨ ਦੇ ਖੇਤਰ ਨਾਲ ਜਾ ਜੁੜਦਾ ਹੈ । ਇਸ ਕਰਕੇ ਸੰਚਾਰ-ਵਿਗਿਆਨ ਦੇ ਮਾਹਿਰ ਆਖਦੇ ਹਨ ਕਿ ਸਾਹਿਤ ਦਾ ਅਧਿਐਨ ਵਿਚਾਰ ਨਹੀਂ ਸਗੋਂ ਵਿਸ਼ੇਸ ਭਾਸ਼ਾਈ-ਜੁਗਤਾਂ ਹਨ, ਜਿਹੜੀਆਂ ਸੰਚਾਰ-ਵਿਗਿਆਨ ਦੇ ਘੇਰੇ ਵਿਚ ਨਿਯਮਤ ਤੇ ਨਿਸਚਤ ਨੇਮਾਂ ਦੀ ਪਾਲਣਾ ਕਰਦੀਆਂ ਹਨ । ਇਸ ਲਈ ਹਰ ਵੱਡੇ ਸਾਹਿਤਕਾਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਭਾਸ਼ਾ ਦੀਆਂ ਸੰਚਾਰ ਜੁਗਤਾਂ ਤੋਂ ਭਲੀ ਭਾਂਤ ਵਾਕਿਫ਼ ਹੋਵੇ ਤਾਂ ਹੀ ਉਹ ਭਾਸ਼ਾ ਦੇ ਚਮਤਕਾਰੀ ਗੁਣਾਂ ਦੁਆਰਾ ਆਪਣਾ ਸੰਦੇਸ਼ ਪਾਠਕਾਂ ਤੱਕ ਨਿਰਵਿਘਨ ਤੇ ਸਪੱਸ਼ਟ ਰੂਪ ਵਿਚ ਪਹੁੰਚਾ ਸਕੇਗਾ। ਇਸੇ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ-ਵਾਰਤਾਲਾਪ ਦੇ ਚਮਤਕਾਰੀ ਤੇ ਪ੍ਰਭਾਵਸ਼ਾਲੀ ਤੱਤਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ ।

"ਹਰ ਸਾਹਿਤਕਾਰ ਨੂੰ ਆਪਣੇ ਵਿਰਸੇ ਵਿਚ ਇਕ ਸਾਹਿਤਕ ਪਰੰਪਰਾ ਪ੍ਰਾਪਤ ਹੁੰਦੀ ਹੈ। ਇਸ ਪਰੰਪਰਾ ਵਿਚ ਧਰਮ ਵੱਡਮੁੱਲਾ ਯੋਗਦਾਨ ਪਾਉਂਦਾ ਹੈ ਕਿਉਂਕਿ ਧਰਮ ਦੀ ਸਾਂਝ ਹੀ ਸਮਾਜਿਕ ਗੁਣਾਂ ਦੀ ਸਾਂਝ ਬਣਦੀ ਹੈ। ਵੱਖ ਵੱਖ ਧਰਮਾਂ ਵਿਚ ਵਿਚਾਰਾਂ ਦੇ ਅਦਾਨ-ਪ੍ਰਦਾਨ ਲਈ ਵਾਰਤਾਲਾਪ ਇਕ ਕੜੀ ਦਾ ਕੰਮ ਕਰਦੇ ਹਨ। ਇਨ੍ਹਾਂ ਵਾਰਤਾਲਾਪਾਂ ਦੇ ਸਾਹਿਤਕ ਸਰੂਪ ਵਿਚ ਕੁਝ ਅਜਿਹੀਆਂ ਜੁਗਤਾਂ ਅਵਸ਼ਕ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਸੰਚਾਰ ਯੋਗਤਾ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ"।[18] ਇਸ ਪਰਿਪੇਖ ਵਿਚ ਲੋਕ ਮਨ ਅਤੇ ਧਰਮ-ਸੰਸਕਾਰ ਕਿਸੇ ਵਿਸ਼ੇਸ਼ ਵਿਅਕਤੀ ਲਈ ਨਿਸਚਤ ਕਰਨੇ ਅਸੰਭਵ ਹਨ। ਹਰ ਵਿਅਕਤੀ ਇਨ੍ਹਾਂ ਨੂੰ ਸਹਿਜ ਰੂਪ ਵਿਚ ਹੀ ਗ੍ਰਹਿਣ ਕਰਦਾ ਰਹਿੰਦਾ ਹੈ। ਜਦੋਂ ਕੋਈ ਸਾਹਿਤਕਾਰ ਆਪਣੀ ਸਾਹਿਤਕ-ਸਿਰਜਣਾ ਕਰਨ ਸਮੇਂ ਲੋਕ ਮਨ ਅਤੇ ਧਰਮ-ਸੰਸਕਾਰਾਂ ਨੂੰ ਮਾਡਲਾਂ(ਕੋਡ) ਦੇ ਰੂਪ ਵਿਚ ਵਰਤਦਾ ਹੈ ਤਾਂ ਉਸਦਾ ਮਾਧਿਅਮ ਭਾਸ਼ਾਈ ਜੁਗਤਾਂ ਦੇ ਨੇਮ ਹੀ ਬਣਦੇ ਹਨ। ਇਹ ਜੁਗਤਾਂ ਤੇ ਨੇਮ ਇਕ ਵਿਸ਼ੇਸ਼ ਪ੍ਰਕਾਰ ਦੇ ਸੰਚਾਰ ਵਿਗਿਆਨ ਦੇ ਅੰਤਰਗਤ ਹੀ ਉਪਜਦੇ ਤੇ ਕਾਰਜਸ਼ੀਲ ਹੁੰਦੇ ਹਨ। ਉਦਾਹਰਣ ਲਈ ਗੁਰੂ-ਕਾਵਿ ਨੇ ਲੋਕਮਨ ਦੀ ਅਭਿਵਿਅਕਤੀ ਲਈ ਲੋਕ-ਕਾਵਿ ਰੂਪਾਂ ਨੂੰ ਸੰਚਾਰ-ਮਾਡਲਾਂ ਦੇ ਰੂਪ ਵਿਚ ਅਪਣਾਇਆ ਹੈ ।

---

18. ਡਾ: ਮਹਿੰਦਰ ਕੌਰ ਗਿੱਲ, ਬਾਣੀ ਵਿਧਾਨ,ਪੰ: 76

'ਸੰਚਾਰ ਵਿਗਿਆਨ' ਦੇ ਅੰਤਰਗਤ ਹੀ ਬਾਣੀ-ਰਚਨਾਂ ਦੀ ਵਿਲੱਖਣ ਪ੍ਰਕਾਰੀ ਹੋਂਦ ਵਿਧੀ ਉਤਪੰਨ ਹੋ ਸਕੀ ਹੈ। ਬਾਣੀ ਦਾ ਰੂਪ ਅਨੁਭਵ, ਦਰਸ਼ਨ ਅਤੇ ਕਾਵਿ ਜੁਗਤਾਂ ਦੇ ਏਕੀਕਰਣ ਤੋਂ ਹੋਂਦ ਵਿਚ ਆਉਂਦਾ ਹੈ। ਅਤੇ ਇਹ ਰੂਪ ਆਮ ਤੌਰ ਤੇ ਸੰਵਾਦ-ਵਿਧੀ ਦੇ ਨਿਸਚਿਤ ਨੇਮਾ ਤੇ ਅਧਾਰਿਤ ਹੈ। ਸੂਤਰਕ ਦੀ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ :

ਬਾਣੀ ਰੂਪਾਕਾਰ =ਅਨੁਭਵ +ਦਰਸ਼ਨ + ਕਾਵਿ ਜੁਗਤਾਂ

ਇਥੇ ਇਹ ਸਪੱਸ਼ਟ ਕਰ ਦੇਣਾ ਉਚਿਤ ਹੈ ਕਿ ਕਾਵਿ-ਜੁਗਤਾਂ ਦਾ ਅਧਾਰ ਇਕ ਵਿਸ਼ੇਸ਼ ਪ੍ਰਕਾਰ ਦਾ ਭਾਸ਼ਾਈ ਪ੍ਰਬੰਧ ਹੈ। ਇਹ ਪ੍ਰਬੰਧ ਅਗੋਂ ਇਕ ਵਿਸ਼ੇਸ਼ ਪ੍ਰਕਾਰ ਦਾ ਸੰਚਾਰ ਵਿਗਿਆਨ ਦਾ ਧਾਰਨੀ ਹੁੰਦਾ ਹੈ।

ਬਾਣੀ ਰੂਪਾਕਾਰ ਦੇ ਸੰਚਾਰ-ਵਿਗਿਆਨ ਦੇ ਦੋ ਅਵੱਸ਼ਕ ਅੰਗ ਹਨ। ਰਾਗ ਬੰਦਿਸ਼ ਅਤੇ ਲੋਕ-ਕਾਵਿ ਰੂਪ। ਬਾਣੀ ਸੰਚਾਰ ਵਿਚ ਇਹ ਦੋਵੇਂ ਮਾਡਲ ਸਥਾਈ ਪੈਟਰਨ ਵਜੋਂ ਵਰਤੋਂ ਵਿਚ ਲਿਆਂਦੇ ਗਏ ਹਨ। ਜਿਵੇ ਇਹ ਦੋਵੇਂ ਕੇਵਲ ਸੰਚਾਰ-ਮਾਡਲ ਹਨ ਆਪਣੇ ਆਪ ਵਿਚ ਸੰਦੇਸ਼ ਨਹੀਂ ਹਨ। ਕਿਉਂਕਿ ਸੰਦੇਸ਼ ਤਾਂ ਦਾਰਸ਼ਨਿਕ ਕਿਸਮ ਦਾ ਹੈ ਅਤੇ ਅਮੂਰਤ ਬ੍ਰਹਮ ਦੀ ਸਰਬ ਵਿਆਪੀ ਹੋਂਦ ਨਾਲ ਸਬੰਧਿਤ ਹੈ। ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੋਹਾਂ ਮਾਡਲਾਂ ਦੀ ਵਰਤੋਂ ਕਰਦੇ ਹਨ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ-ਵਿਗਿਆਨ ਇਕ ਪਾਸੇ ਦਾਰਸ਼ਨਿਕਤਾ ਨੂੰ ਸਮਰਪਿਤ ਹੈ ਅਤੇ ਦੂਜੇ ਪਾਸੇ ਕਾਵਿ-ਜੁਗਤੀਆਂ ਅਤੇ ਲੋਕ-ਕਾਵਿ ਰੂੜੀਆਂ ਅਤੇ ਵਿਧੀਆਂ ਨੂੰ ਸੰਚਾਰ-ਸਾਧਨ ਵਾਂਗ ਵਰਤਦਾ ਹੈ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸੰਚਾਰ ਵਿਗਿਆਨ ਬਤੌਰ ਵਿਗਿਆਨਕ-ਤਕਨੀਕ ਦੇ ਵੀਹਵੀਂ ਸਦੀ ਦੀ ਉਪਜ ਹੈ। ਲਗ ਭਗ 1920 ਈਸਵੀ ਤੋਂ ਬਾਅਦ ਮਨੋਵਿਗਿਆਨੀਆਂ ਅਤੇ ਸਮਾਜ-ਵਿਗਿਆਨੀਆਂ ਨੇ ਭਾਸ਼ਾ ਨਾਲ ਸਬੰਧਿਤ ਸੰਚਾਰ ਪ੍ਰਕ੍ਰਿਆ ਦਾ ਅਧਿਐਨ ਇੱਕ ਜੱਟਿਲ ਤੇ ਵਿਗਿਆਨਕ ਪ੍ਰਕ੍ਰਿਆ ਦੇ ਰੂਪ ਵਿਚ ਕਰਨਾ ਆਰੰਭ ਕੀਤਾ ਹੈ। ਮਨੋਵਿਗਿਆਨੀਆਂ ਨੇ ਇਸ ਵਿਸ਼ੇਸ਼ ਕਿਸਮ ਦੀ ਸੰਚਾਰ-ਵਿਗਿਆਨ ਦੀ ਪ੍ਰਕ੍ਰਿਆ ਨਾਲ ਮਨੁੱਖੀ ਮਨ ਦਾ ਵਿਗਿਆਨਕ ਪੱਧਰ ਤੇ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਸ ਪ੍ਰਕ੍ਰਿਆ ਦੇ ਅਧਾਰ ਤੇ ਮਨੋਵਿਗਿਆਨੀਆਂ ਨੇ ਮਨੁੱਖੀ ਮਨ ਦੇ ਗਤੀਸ਼ੀਲ ਤਰੰਗਾਂ ਨੂੰ ਸ਼ਾਬਦਿਕ ਵਿਕਾਸ ਦੇ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਸਮਾਜ-ਵਿਗਿਆਨੀਆਂ ਨੇ ਸਭਿਆਚਾਰਕ

ਵਿਕਾਸ ਦੀ ਵਿਕਾਸ ਪ੍ਰਕ੍ਰਿਆ ਵਜੋਂ ਸੰਚਾਰ ਵਿਗਿਆਨ ਨੂੰ ਸਮਝਣ ਸਮਝਾਉਣ ਦਾ ਉਪਰਾਲਾ ਕੀਤਾ ਹੈ ।

ਇਸ ਤਰ੍ਹਾਂ ਹਰ ਖੇਤਰ ਦੇ ਚਿੰਤਕਾਂ ਨੇ ਭਾਸ਼ਾ ਮਾਡਲਾਂ ਦੀ ਉਨ੍ਹਾਂ ਦੇ ਚਿੰਨਾਂ, ਪ੍ਰਤੀਕਾਂ ਅਤੇ ਰੂਪਕਾਂ ਦੀ ਪਛਾਣ ਕਰਨ ਦਾ ਵਿਗਿਆਨਕ ਦ੍ਰਿਸ਼ਟੀ ਤੋਂ ਨਿਯਮਤ ਤੇ ਨਿਸਚਤ ਰੂਪ ਵਿਚ ਜੋ ਯਤਨ ਕੀਤਾ ਹੈ ਉਸਨੂੰ ਸੰਚਾਰ ਵਿਗਿਆਨ ਦਾ ਨਾਮ ਦਿੱਤਾ ਜਾਂਦਾ ਹੈ। ਇੰਜ ਸੰਚਾਰ ਮਾਡਲਾਂ ਦੇ ਰੂਪ ਵਿਚ ਸੰਚਾਰ ਪ੍ਰਕ੍ਰਿਆ ਦਾ ਇਕ ਵਿਲੱਖਣ ਤੇ ਸੁਤੰਤਰ ਅਸਤਿਤਵ ਹੋਂਦ ਵਿਚ ਆ ਗਿਆ ਹੈ ।

<u>ਸੰਚਾਰ ਵਿਗਿਆਨ ਅਤੇ ਧਰਮ</u>

ਸੰਚਾਰ ਵਿਗਿਆਨ ਅਤੇ ਸਾਹਿਤ ਦਾ ਕੀ ਸਬੰਧ ਹੈ ? ਇਹ ਪ੍ਰਸ਼ਨ ਵੀ ਦੀਰਘ ਵਿਚਾਰ ਦੀ ਮੰਗ ਕਰਦਾ ਹੈ । ਸੰਚਾਰ ਵਿਗਿਆਨ ਇਕ ਮਕਾਨਕੀ ਢੰਗ/ਵਿਧੀ/ਜੁਗਤ/ਤਰੀਕਾ ਜਾਂ ਸਾਧਨ ਦਾ ਨਾਮ ਹੈ। ਪਰ ਸਾਹਿਤ ਮਨੁੱਖੀ ਸਮਾਜ ਦੀਆਂ ਅਕਾਂਖਿਆਵਾਂ, ਰੀਝਾਂ, ਉਮੰਗਾਂ, ਸੰਭਾਵਨਾਵਾਂ ਅਤੇ ਆਦਰਸ਼ਾਂ ਦਾ ਸਮੂਰਤ ਰੂਪ ਹੈ। ਸੰਚਾਰ-ਵਿਗਿਆਨ ਆਪਣੇ ਆਪ ਵਿਚ ਇਕ ਅਮੂਰਤ ਰਚਨਾ-ਪ੍ਰਬੰਧ ਹੈ ਜਿਹੜਾ ਸ਼ਬਦਾਂ ਦਾ ਆਸਰਾ ਲੈ ਕੇ ਭਾਸ਼ਾਈ ਖੂਬੀਆਂ ਦੁਆਰਾ ਮਾਨਵੀ ਸੰਸਕ੍ਰਿਤੀ ਦੇ ਬਿੰਬ ਨੂੰ ਪੇਸ਼ ਕਰਦਾ ਹੈ । ਕੀ ਸੰਚਾਰ-ਵਿਗਿਆਨ ਦੇ ਨੇਮਾਂ ਦੀ ਉਲੰਘਣਾਂ ਕਰਕੇ ਸਾਹਿਤ ਰਚਿਆ ਜਾ ਸਕਦਾ ਹੈ ? ਕੀ ਕੋਈ ਸਾਹਿਤਕਾਰ ਵਿਆਕਰਣਿਕ-ਇਕਾਈਆਂ ਨੂੰ ਬੇ+ਤਰਤੀਬੀ ਵਿਚ ਜੋੜ ਕੇ ਸਾਹਿਤ ਰਚ ਸਕਦਾ ਹੈ ? ਜਾਂ ਆਪਣੇ ਵਿਚਾਰਾਂ ਨੂੰ ਸਮੂਰਤ ਰੂਪ ਦੇ ਸਕਦਾ ਹੈ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਾਂਹ ਵਿਚ ਹੀ ਹੋਵੇਗਾ ! ਕਿਉਂਕੋ ਬਿਨਾਂ ਕਿਸੇ ਭਾਸ਼ਾਈ-ਪ੍ਰਬੰਧ ਅਥਵਾ ਸਿਸਟਮ ਦੇ ਸਾਹਿਤ ਸਿਰਜਨਾ ਸੰਭਵ ਹੀ ਨਹੀਂ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਇਕ ਵਿਸ਼ੇਸ ਪ੍ਰਕਾਰ ਦਾ ਭਾਸ਼ਾਈ ਸਿਸਟਮ ਜਦੋਂ ਆਪਣੇ ਵਿਰਸੇ-ਗੱਤ ਲੋਕ ਰੂੜੀਆਂ ਨੂੰ ਮਾਡਲਾਂ ਦੇ ਰੂਪ ਵਿਚ ਵਰਤੋਂ ਵਿਚ ਲਿਆਉਂਦਾ ਹੈ ਤਾਂ ਸਾਹਿਤ ਪ੍ਰਗਟ ਹੁੰਦਾ ਹੈ । ਇਸ ਸਾਹਿਤ ਵਿਚ ਧਰਮ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ । ਇਸੇ ਵਿਧੀ ਦੀ ਸੁਯੋਗ ਵਰੋਤੋਂ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਵਿਚ ਹੋਈ ਹੈ ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸੰਚਾਰ ਵਿਗਿਆਨ ਅਤੇ ਸਾਹਿਤ ਸਮੁੱਚੇ ਮਨੁੱਖੀ ਸਮਾਜ ਤੇ ਸੰਸਕ੍ਰਿਤੀ ਦਾ ਸਮਨਵੀਕਰਨ ਰੂਪ ਪ੍ਰਸਤੁਤ ਕਰਨ ਵਾਲੇ ਸਾਧਨ ਹਨ।

ਸਭ ਤੋਂ ਪਹਿਲਾਂ ਸੰਚਾਰ ਪ੍ਰਕ੍ਰਿਤੀ ਵਿਚ ਹੁੰਦਾ ਹੈ । ਇਹ ਸੰਚਾਰ ਭਾਂਵੇਂ ਕੱਚ ਸੰਚਾਰ ਹੈ ਪਰ ਇਸ ਵਿਚ ਪ੍ਰਕ੍ਰਿਤੀ ਦਾ ਨੇਮ-ਪ੍ਰਬੰਧ ਅਚੇਤ ਰੂਪ ਵਿਚ ਹੀ ਕਾਰਜਸ਼ੀਲ ਹੋ ਰਹਿੰਦਾ ਹੈ । ਰੁਪਾਂ ਦਾ ਆਉਣਾ, ਤਾਰਾਂ ਤੇ ਦਿਨਾਂ ਦਾ ਬਣਨਾ, ਬਨਸਪਤੀ ਦਾ ਖਿੜਨਾ ਤੇ ਮੁਰਝਾਉਣਾ ਸਭ ਕੁਦਰਤੀ ਨੇਮ ਹਨ ਅਤੇ ਇਕ ਸੰਚਾਰ-ਪ੍ਰਬੰਧ ਦੇ ਅੰਤਰਗਤ ਹਨ। ਜਦੋਂ ਇਨਾਂ ਨੇਮਾਂ ਦੀ ਵਰਤੋਂ ਸੱਖਣੇ ਪੈਟਰਨ ਵਜੋਂ ਮਾਨਵੀ ਕਰਨ ਰੂਪ ਵਿਚ ਮਨੁੱਖੀ ਭਾਵਨਾਵਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ ਤਾਂ ਇਹ ਸਾਹਿਤ ਦਾ ਰੂਪ ਧਾਰਨ ਕਰ ਲੈਂਦਾ ਹੈ। "ਪ੍ਰਕਿਰਤੀ ਦੇ ਕੱਚ-ਸੰਚਾਰ ਤੋਂ ਲੈ ਕੇ ਮਾਨਵੀ ਦ੍ਰਿਸ਼ਟਮਾਨ ਕੱਚ-ਪਸਾਰ ਦੇ ਮਾਧਿਅਮ ਦੁਆਰਾ ਜਦੋਂ ਗੁਰਬਾਣੀ ਅਮੂਰਤ ਬ੍ਰਹਮ ਤੋਂ ਸਮੂਰਤ ਬ੍ਰਹਮ ਤੱਕ ਦਾ ਸਫ਼ਰ ਤਹਿ ਕਰਦੀ ਹੈ ਤਾਂ ਇਹ ਚਮਤਕਾਰੀ ਸਾਹਿਤ ਦਾ ਸਰੂਪ ਗ੍ਰਹਿਣ ਕਰ ਜਾਂਦੀ ਹੈ । ਇਹ ਸਾਰਾ ਪ੍ਰੀਵਰਤਨ ਜਿਹੜਾ ਸੱਖਣੇ ਪੈਟਰਨ ਤੋਂ ਆਰੰਭ ਹੁੰਦਾ ਹੈ ਅਤੇ ਅੰਤਿਮ ਸੰਦੇਸ਼ ਤੱਕ ਦਾ ਸਫ਼ਰ ਤਹਿ ਕਰਦਾ ਹੈ ਇਕ ਨਿਸ਼ਚਤ ਸੰਚਾਰ ਵਿਗਿਆਨ ਦੁਆਰਾ ਹੀ ਹੋਂਦ ਵਿਚ ਆਉਂਦਾ ਹੈ। ਇਸ ਲਈ ਸੰਚਾਰ ਵਿਗਿਆਨ ਅਤੇ ਸਾਹਿਤ ਦਾ ਅਨਿੱਖੜਵਾਂ ਸੰਬੰਧ ਹੈ"।[19]

## ਸੰਚਾਰ ਵਿਗਿਆਨ ਦੇ ਪਰਿਪੇਖ ਵਿੱਚ ਸੰਸਕ੍ਰਿਤੀ ਨਿਰਮਾਣ

"ਬ੍ਰਹਿਮੰਡ ਨੂੰ ਭਾਸ਼ਾ ਵਿਚ ਵਿਸਥਾਰਤ ਕਰਨਾ ਸੰਸਕ੍ਰਿਤੀ ਹੈ । ਬ੍ਰਹਿਮੰਡ ਦੇ ਦੋ ਪਸਾਰੇ ਹਨ (1) ਇਕ ਗੋਚਰ ਪਸਾਰਾ ਹੈ ਅਤੇ ਦੂਜਾ ਅਗੋਚਰ ਪਸਾਰਾ ਹੈ। ਇਨ੍ਹਾਂ ਦੋਹਾਂ ਨੂੰ ਭਾਸ਼ਾ ਵਿਚ ਵਿਸਥਾਰਤ ਕਰਨਾ ਸੰਸਕ੍ਰਿਤੀ ਹੈ, ਤਾਂ ਸਾਡਾ ਭਾਵ ਇਹੀ ਹੁੰਦਾ ਹੈ ਕਿ ਭਾਸ਼ਾ ਦੀ ਕਰਾਮਾਤ ਦੁਆਰਾ ਹੀ ਮਨੁੱਖ ਪ੍ਰਕ੍ਰਿਤੀ ਦੀਆਂ ਸ਼ਕਤੀਆਂ ਦਾ ਮੁਕਾਬਲਾ ਕਰਦਾ ਹੈ ਅਥਵਾ ਉਹਨਾਂ ਦੇ ਵਿਰੋਧ ਵਿਚ ਆਉਂਦਾ ਹੈ। ਬ੍ਰਹਿਮੰਡ ਦੀ ਨਿਰੰਤਰਤਾ ਨੂੰ ਜਦੋਂ ਮਨੁੱਖੀ ਸੋਚ ਨਿਅੰਤਰਿਤ ਕਰਨਾ ਆਰੰਭ ਕਰਦੀ ਹੈ ਤਾਂ ਸੰਸਕ੍ਰਿਤੀ ਦਾ ਨਿਰਮਾਣ ਹੁੰਦਾ ਹੈ"।[20]

ਪ੍ਰਕਿਰਤੀ ਦਾ ਸੰਚਾਰ ਤਾਂ ਨਿਰੰਤਰ ਚਲ ਰਿਹਾ ਹੈ ਪਰ ਮਨੁੱਖ ਨੇ ਉਸ ਵਿਚ ਰੁਕਾਵਟ ਪਾ ਕੇ ਉਸਨੂੰ ਆਪਣੇ ਅਨੁਸਾਰ ਢਾਲਣ ਦਾ ਯਤਨ ਕੀਤਾ ਹੈ । ਇਸ ਯਤਨ ਵਿਚੋਂ ਹੀ ਸੰਸਕ੍ਰਿਤੀ ਦਾ ਨਿਰਮਾਣ ਹੋਇਆ ਹੈ। ਪ੍ਰਾਕ੍ਰਿਤਕ ਨਿਯਮਾਂ ਅਨੁਸਾਰ ਔਰਤ ਅਤੇ ਮਰਦ

---

19. ਡਾ. ਪ੍ਰੀਤਮ ਕੌਰ ਆਦਿ ਗ੍ਰੰਥ ਦੀਆਂ ਵਾਰਾਂ ਦਾ ਸੰਚਾਰ ਸਿਧਾਂਤ, ਵਾਰਸ਼ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 1990, ਪੰ. 66

20. ਡਾ. ਤਰਲੋਕ ਸਿੰਘ ਕੰਵਰ, ਸੰਚਾਰ-ਸਭਿਆਚਾਰ ਪੰ. 1

ਦੋ ਇਕਾਈਆਂ ਹਨ । ਦੋਹਾਂ ਇਕਾਈਆਂ ਦੇ ਸੰਯੋਗ ਤੋਂ ਸਮਾਜ ਦੀ ਉਤਪਤੀ ਹੁੰਦੀ ਹੈ। ਪਰ ਮਨੁੱਖ ਭਾਸ਼ਾ ਦੁਆਰਾ ਇਨਾਂ ਦੋਹਾਂ ਇਕਾਈਆਂ ਨੂੰ ਆਪਣੇ ਮੰਤਵ ਲਈ ਕਈ ਰਿਸ਼ਤਿਆਂ ਵਿਚ ਬੰਨ ਲੈਂਦਾ ਹੈ ਜਿਵੇਂ ਮਾਂ, ਧੀ, ਪਤਨੀ, ਪ੍ਰੇਮਿਕਾ, ਭੈਣ, ਪਿਓ, ਭਰਾ, ਚਾਚੇ, ਚਾਚੀਆਂ ਆਦਿ । ਜਦੋਂ ਇਹ ਰਿਸ਼ਤੇ ਸਥਾਪਤ ਹੋ ਜਾਂਦੇ ਹਨ ਤਾਂ ਸੰਸਕ੍ਰਿਤੀ ਦਾ ਨਿਰਮਾਣ ਆਪਣੇ ਆਪ ਹੋਣਾ ਆਰੰਭ ਹੋ ਜਾਂਦਾ ਹੈ। ਉਦਾਹਰਣ ਲਈ ਡਾ. ਤਰਲੋਕ ਸਿੰਘ 'ਕੰਵਰ' ਆਪਣੀ ਇਕ ਪੁਸਤਕ ਵਿਚ ਲਿਖਦੇ ਹਨ :

"ਭਾਸ਼ਾ ਵਿਗਿਆਨ ਨੂੰ ਅੰਤਰ ਅਨੁਸ਼ਾਸਨ ਗਿਆਨ ਪ੍ਰਕ੍ਰਿਆ ਦੀ ਉਚਿਤ ਵਿਧੀ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਦੋ ਪੱਖਾਂ ਤੋਂ ਵਿਚਾਰ ਕੀਤੀ ਜਾ ਸਕਦੀ ਹੈ। ਪਹਿਲਾ ਪੱਖ ਸਮੁੱਚੀ ਸਾਂਸਕ੍ਰਿਤਕ ਪਰੰਪਰਾ ਨੂੰ ਚਿਹਨ-ਪ੍ਰਬੰਧ ਵਜੋਂ ਵਿਚਾਰਣ ਨਾਲ ਸਬੰਧਿਤ ਹੈ ਅਤੇ ਦੂਸਰਾ ਸਾਂਸਕ੍ਰਿਤਕ ਪ੍ਰਾਪਤੀਆਂ ਤੇ ਕਿਰਤਾਂ ਦੀ ਤੱਤ ਵਿਧੀਨਤਾ ਦਾ ਸੰਕਲਪ ਪ੍ਰਸਤੁਤ ਕਰਨ ਨਾਲ ਜੁੜਿਆ ਹੋਇਆ ਹੈ"।[21]

ਉਪਰੋਕਤ ਟਿੱਪਣੀ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਸ਼ਾ ਕਿਸੇ ਵੀ ਸਮਾਜੀ/ਸਭਿਆਚਾਰ ਦੇ ਇਤਿਹਾਸਕ ਕਾਲ-ਖੰਡਾਂ ਦਾ ਸੱਚ ਹੁੰਦੀ ਹੈ । ਜਿਵੇਂ ਜਿਵੇਂ ਕੋਈ ਸਭਿਆਚਾਰ ਵਿਚ ਪ੍ਰੀਵਰਤਣ ਹੁੰਦਾ ਰਹਿੰਦਾ ਹੈ ਤਿਵੇਂ ਤਿਵੇਂ ਭਾਸ਼ਾ ਦਾ ਸਰੂਪ ਵੀ ਤਬਦੀਲ ਹੁੰਦਾ ਰਹਿੰਦਾ ਹੈ । ਮਨੁੱਖੀ ਮਨ ਆਪਣੇ ਆਲੇ ਦੁਆਲੇ ਦੇ ਤਜੱਰਬਿਆਂ ਨੂੰ ਨਿਰੋਲ ਰੂਪ ਵਿਚ ਭਾਸ਼ਾ ਵਿਚ ਬੰਨ ਕੇ ਪ੍ਰਸਤੁਤ ਕਰਦਾ ਹੈ । ਇਸ ਤਰ੍ਹਾਂ ਭਾਸ਼ਾ ਸਭਿਆਚਾਰਕ ਵਿਸ਼ੇਸਤਾਵਾਂ ਅਤੇ ਵਿਭਿੰਨ ਅਮਲਾਂ ਨੂੰ ਆਪਣੇ ਵਿਚ ਸਮੋ ਲੈਂਦੀ ਹੈ । ਲੋਕ ਰੁੜੀਆਂ, ਲੋਕ-ਮਾਨਸ ਦਾ ਅਨਮੋਲ ਖਜ਼ਾਨਾ ਹਨ । ਇਹ ਕਿਸੇ ਕਾਲ-ਖੰਡ ਦੇ ਮਨੁੱਖ ਦੇ ਤਜਰਬੇ ਵਿਚ ਆਈਆਂ ਘਟਨਾਵਾਂ ਸਾਹਿਤਕ ਰੂਪ ਹਨ। ਇਨ੍ਹਾਂ ਨੂੰ ਜੇ ਭਾਸ਼ਾ ਵਿਚੋਂ ਖਾਰਜ ਨਹੀਂ ਕੀਤਾ ਜਾ ਸਕਦਾ ਤਾਂ ਸਭਿਆਚਾਰ ਦੇ ਨਿਰਮਾਣ ਨੂੰ ਭਾਸ਼ਾ ਨਾਲੋਂ ਅਲੱਗ ਕਰਨਾ ਅਸੰਭਵ ਹੈ ।

ਜਦੋਂ ਅਸੀਂ ਇਹ ਮੰਨਕੇ ਹੀ ਚਲਦੇ ਹਾਂ ਕਿ ਸਮਾਜ ਦੀ ਹੋਂਦ ਹੀ ਭਾਸ਼ਾ ਦੇ ਕਾਰਣ ਉਪਜੀ ਤਾਂ ਸਭਿਆਚਾਰ ਪਿਛੇ ਨਹੀਂ ਰਹਿ ਸਕਦਾ ਕਿਉਂਕੇ ਸਮਾਜ ਤੋਂ ਬਾਅਦ ਸਭਿਆਚਾਰ ਦੀ ਗੱਲ ਆਰੰਭ ਹੁੰਦੀ ਹੈ। ਇਸੇ ਤਰ੍ਹਾਂ ਭਾਸ਼ਾ ਤੋਂ ਬਾਅਦ ਭਾਸ਼ਾ-ਵਿਗਿਆਨ ਦੀ ਗੱਲ ਸ਼ੁਰੂ ਹੁੰਦੀ ਹੈ ।

---

21. ਡਾ. ਤਰਲੋਕ ਸਿੰਘ ਕੰਵਰ, ਸੰਚਾਰ-ਸਭਿਆਚਾਰ, ਪੰਨਾ-2

ਸੰਚਾਰ-ਵਿਗਿਆਨ ਦੇ ਅੰਤਰਗਤ ਮਨੁੱਖ ਪ੍ਰਾਕ੍ਰਿਤਕ ਪ੍ਰਾਪਤੀਆਂ ਨੂੰ ਲੋਕ ਰੂੜੀਆਂ ਦੇ ਰੂਪ ਵਿਚ ਵਿਰਸੇਗਤ ਰੂਪ ਵਿਚ ਗ੍ਰਹਿਣ ਕਰਦਾ ਰਹਿੰਦਾ ਹੈ। ਪ੍ਰਾਕ੍ਰਿਤਕ ਪ੍ਰਾਪਤੀਆਂ ਜਾਂ ਇਉਂ ਕਹਿ ਲਈਏ ਕਿ ਪ੍ਰਾਕ੍ਰਿਤਕ ਨਿਰੰਤਰਤਾ ਇਕ ਵਿਸ਼ਿਸ਼ਟ ਨਿਯਮ ਦੇ ਸੰਚਾਰ ਵਿਗਿਆਨ ਦੇ ਅੰਤਰਗਤ ਮਨੁੱਖੀ ਚੇਤਨਾਂ ਦਾ ਅੰਗ ਬਣਦੀ ਰਹਿੰਦੀ ਹੈ। ਇਹ ਚੇਤਨਾ ਹੀ ਸੰਸਕ੍ਰਿਤੀ ਦਾ ਨਿਰਮਾਣ ਕਰਦੀ ਹੈ ।

"ਬੇੜਾ ਬੰਧਿ ਨਾ ਸਕਿਓ ਬੰਧਨ ਕੀ ਵੇਲਾ
ਭਰਿ ਸਰਵਰ ਜਬ ਊਛਲੈ ਤਬ ਤਰਣ ਦੁਹੇਲਾ ।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ।।ਰਹਾਉ।।
ਇਕ ਆਪੀਨੈ ਪਤਲੀਸਹ ਕੇਰੇ ਬੋਲਾ ।
ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ ।।[22]

ਜਦੋਂ ਫ਼ਰੀਦ ਜੀ ਬੇੜਾ ਬੰਨ੍ਹਣ ਦੀ ਗਲ ਕਰਦੇ ਹਨ, ਸਮੇਂ ਦੀ ਗੱਲ ਕਰਦੇ ਹਨ, ਸਰਵਰ ਦੇ ਭਰਕੇ ਉਛਲਣ ਦੀ ਗਲ ਕਰਦੇ ਹਨ, ਪਤਲੀ ਤੇ ਸ਼ਹੁ ਦੀ ਗੱਲ ਕਰਦੇ ਹਨ। ਥਣਾਂ ਤੋਂ ਵਗ ਚੁੱਕੇ ਦੁੱਧ ਦੀ ਗਲ ਕਰਦੇ ਹਨ ਤਾਂ ਇਹ ਸਾਰੀ ਕ੍ਰਿਆ ਇਕ [illegible] ਸੰਚਾਰ ਵਿਗਿਆਨ ਦੁਆਰਾ ਲੋਕ ਵਿਚ ਆਉਂਦੀ ਹੈ ਅਤੇ ਇਸ ਵਿਚੋਂ ਸੰਸਕ੍ਰਿਤੀ ਦਾ ਨਿਰਮਾਣ ਸਹਿਜ ਰੂਪ ਵਿਚ ਹੀ ਹੋਈ ਜਾ ਰਿਹਾ ਹੈ। ਇਸ ਤਰਾਂ ਸੰਚਾਰ ਵਿਗਿਆਨ ਅਤੇ ਸੰਸਕ੍ਰਿਤੀ ਨਿਰਮਾਣ ਇਕ ਦੂਸਰੇ ਤੇ ਅਧਾਰਤ ਸੰਕਲਪ ਪ੍ਰਤੀਤ ਹੁੰਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ 'ਜਪੁਜੀ' ਵਿਚ ਫੁਰਮਾਣ ਕਰਦੇ ਹਨ :

"ਰਾਤੀ ਰੁਤੀ ਥਿਤੀ ਵਾਰ
ਪਵਣ ਪਾਣੀ ਅਗਨੀ ਪਾਤਾਲ
ਤਿਸੁ ਵਿਚ ਧਰਤੀ ਥਾਪਿ ਰਖੀ ਧਰਮਸਾਲ
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ
ਤਿਨ ਕੇ ਨਾਮ ਅਨੇਕ ਅਨੰਦ
ਕਰਮੀ ਕਰਮੀ ਹੋਇ ਵਿਚਾਰੁ
ਸਚਾ ਆਪਿ ਸਚਾ ਦਰਬਾਰ"।[23]

---

22. ਆਦਿ ਗ੍ਰੰਥ ਪੰਨਾ 794, ਰਾਗ ਆਸਾ
23. ਆਦਿ ਗ੍ਰੰਥ ਪੰਨਾ 7

ਤਾਂ ਸੰਸਕ੍ਰਿਤੀ ਦਾ ਨਿਰਮਾਣ ਨਾਲੋ ਨਾਲ ਹੋਈ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ 'ਨਾਮ' ਅਤੇ ਸ਼ਬਦ ਨਿਰੰਤਰਤਾ ਵੱਲ ਸੰਕੇਤ ਕਰਦੇ ਹਨ। ਅਸਲ ਵਿਚ ਨਿਰੰਤਰਤਾ ਨੂੰ ਪਛਾਨਣਾ ਹੀ ਨਿਅੰਤ੍ਰਿਤਾ ਹੈ। ਆਛੋ ਆਪਹੁੰਚ, ਅਗੰਮ ਆਦਿਖ ਨੂੰ ਭਾਵ ਅਮੂਰਤ ਨੂੰ ਭਾਸ਼ਾ ਦੁਆਰਾ ਸਮੂਰਤਣ ਰੂਪ ਦੇਣਾ ਹੀ ਨਿਅੰਤਰਿਤਾ ਹੈ ਅਤੇ ਇਸ ਨਿਅੰਤਰਿਤਾ ਵਿਚੋਂ ਹੀ ਮਨੁੱਖੀ ਸਭਿਆਚਾਰ ਹੋਂਦ ਵਿਚ ਆਇਆ ਹੈ।

ਭਾਸ਼ਾ ਵਿਗਿਆਨ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ ਪਰ ਭਾਸ਼ਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਦੇ ਵਿਧੀਵਤ ਅਧਿਐਨ ਨਾਲ ਆਦਿ ਕਾਲੀਨ ਯੁਗ ਤੋਂ ਆਧੁਨਿਕ ਯੁਗ ਦੇ ਮਨੁੱਖ ਦੇ ਸਭਿਆਚਾਰ ਦਾ ਇਤਿਹਾਸ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਸਭਿਆਚਾਰ ਦੇ ਇਤਿਹਾਸਕ ਵਿਕਾਸ ਖੰਡਾਂ ਦਾ ਅਧਿਐਨ ਕਰਨ ਲਈ ਵੀ ਭਾਸ਼ਾ ਵਿਗਿਆਨ ਹੀ ਸਾਡੀ ਮਦਦ ਕਰਦਾ ਹੈ।

ਭਾਸ਼ਾ ਵਿਗਿਆਨ ਭਾਸ਼ਾ ਦਾ ਵਿਧੀਵਤ ਅਧਿਐਨ ਕਰਨ ਦਾ ਰਸਤਾ ਦਸਦਾ ਹੈ। ਅਗੋਂ ਹਰ ਭਾਸ਼ਾ ਦਾ ਆਪਣਾ ਇਕ ਨਿਵੇਕਲੀ ਕਿਸਮ ਦਾ ਸੰਚਾਰ-ਪ੍ਰਬੰਧ ਹੁੰਦਾ ਹੈ। ਹਰ ਭਾਸ਼ਾ ਵਿਚ ਸੰਚਾਰ-ਪ੍ਰਬੰਧ ਲਈ ਕੁਝ ਪਰੋਖ ਅਤੇ ਕੁਝ ਅਪਰੋਖ ਵਿਧੀਆਂ ਹੁੰਦੀਆਂ ਹਨ। ਹਰ ਭਾਸ਼ਾ ਦੇ ਕੋਡ ਆਪਣੇ ਵਾਤਾਵਰਣ ਅਨੁਸਾਰ ਹੁੰਦੇ ਹਨ। ਇਨਾਂ ਕੋਡਾਂ ਦੀ ਪਕੜ ਲੋਕ-ਮਾਨਸ ਦੇ ਹਿਰਦਿਆਂ ਵਿਚ ਧੁਰ ਡੂੰਘੀ ਹੁੰਦੀ ਹੈ। ਸਾਹਿਤ ਲੋਕ-ਮਾਨਸ ਦੀ ਅਭਿਵਿਅਕਤੀ ਹੈ। ਇਸ ਲਈ ਸੰਚਾਰ-ਵਿਗਿਆਨ ਇਕ ਅਜਿਹਾ ਅਧਿਐਨ ਹੈ ਜਿਸ ਦੁਆਰਾ ਲੋਕ-ਮਾਨਸ ਦੀਆਂ ਅਕਾਂਖਿਆਵਾਂ ਸਾਹਿਤ ਵਿਚ ਪ੍ਰਗਟ ਹੁੰਦੀਆਂ ਹਨ ਅਤੇ ਇਸੇ ਪ੍ਰਕ੍ਰਿਆ ਵਿਚੋਂ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ।

ਡਾ. ਤਰਲੋਕ ਸਿੰਘ ਕੰਵਰ ਦਾ ਮੱਤ ਹੈ :

"ਸੰਚਾਰ ਦੇ ਅਤਿਅੰਤ ਵਿਆਪਕ ਪ੍ਰਵਾਹ ਦੇ ਅੰਤਰਗਤ ਹੀ ਸਭਿਆਚਾਰ ਨੂੰ ਪਛਾਣਿਆ ਜਾ ਸਕਦਾ ਹੈ। ਪ੍ਰਾਕ੍ਰਿਤਕ,ਭੌਤਿਕ ਅਤੇ ਪ੍ਰਾਣਧਾਰੀ ਵਾਤਾਵਰਣ ਵਿਚ ਸੰਚਾਰ ਪ੍ਰਕ੍ਰਿਆ ਨਿਰੰਤਰਤਾ ਦੀ ਵਿਧੀ ਵਿਚ ਉਜਾਗਰ ਹੁੰਦੀ ਹੈ। ਮਨੁੱਖ ਇਸੇ ਨਿਰੰਤਰਤਾ ਨੂੰ ਆਪਣੇ ਨਿਯੰਤਰਣ ਵਿਚ ਲੈਣ ਲਈ ਕਈ ਪ੍ਰਕਾਰ ਦੀਆਂ ਮਨਸੂਈ ਬਣਤਰਾਂ ਤੇ ਵਿਧੀਆਂ ਦਾ ਨਿਰਮਾਣ ਕਰਦਾ ਹੈ। ਪ੍ਰਾਕ੍ਰਿਤਕ ਨਿਰੰਤਰਤਾ ਨੂੰ ਸਭਿਆਚਾਰਕ ਨਿਯੰਤ੍ਰਣ ਵਿਚ ਬਦਲਣ ਲਈ ਮਨੁੱਖ ਪਾਸ ਸਭ ਤੋਂ ਵੱਡਾ ਤੇ ਵਿਆਪਕ ਹਥਿਆਰ ਭਾਸ਼ਾ ਹੈ। ਇਹ ਭਾਸ਼ਾ ਇਕ ਐਸਾ ਪ੍ਰਬੰਧ ਹੈ ਜੋ ਸ਼ਕਤੀ ਅਤੇ ਸੂਚਨਾ ਦੇ ਵਿਚਕਾਰ ਵਿਚੋਲੇ ਦਾ ਕਾਰਜ ਕਰਦਾ ਹੈ"।[24]

---

24. ਸੰਚਾਰ-ਸਭਿਆਚਾਰ, ਪੰ. 2-3

ਅਰਥਾਤ ਭਾਸ਼ਾ ਦੇ ਵਿਧੀਵਤ ਪ੍ਰਬੰਧ ਦੇ ਕਾਰਣ ਹੀ ਆਦਮੀ/ਮਨੁੱਖੀ-ਸਾਹਿਤਕਾਰ ਬਨਾਵਟੀ ਵਾਤਾਵਰਣ ਦੇ ਅੰਤਰਗਤ ਚਿਰਕਾਲੀ ਅਜ਼ਾਦੀ ਪ੍ਰਾਪਤ ਕਰ ਜਾਂਦਾ ਹੈ ਅਤੇ ਇਉਂ ਆਪਣਾ ਵਿਸ਼ੇਸ਼ ਪ੍ਰਕਾਰ ਦਾ ਪ੍ਰਤੀਕ-ਜਗਤ ਜਿਹੜਾ ਕਿ ਭਾਸ਼ਾਗਤ ਅਤੇ ਗੈਰ-ਭਾਸ਼ਾਗਤ ਪ੍ਰਾਪਤੀਆਂ ਤੇ ਨਿਰਭਰ ਕਰਦਾ ਹੈ ਨੂੰ ਨਿਰਮਾਣ ਕਰ ਸਕਣ ਦੇ ਯੋਗ ਹੋ ਜਾਂਦਾ ਹੈ । ਇਸੇ ਸਿਰਜਨਾਤਮਕ ਕਾਰਜ ਦੇ ਅੰਤਰਗਤ ਹੀ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ।

ਸਮੁੱਚੇ ਰੂਪ ਵਿਚ ਸੰਚਾਰ, ਸੰਚਾਰ ਪ੍ਰਕਿਰਿਆ ਸੰਚਾਰ ਵਿਗਿਆਨ ਤੇ ਸਾਹਿਤ ਸਿਰਜਨਾ ਅਤੇ ਸੰਚਾਰ ਵਿਗਿਆਨ ਦੇ ਸੰਦਰਭ ਵਿਚ ਸੰਸਕ੍ਰਿਤੀ ਅਥਵਾ ਸਭਿਆਚਾਰਕ ਨਿਰਮਾਣ ਦੇ ਆਪਸੀ ਸਬੰਧਾਂ ਨੂੰ ਨਿਸਚਤ ਕਰਨ ਦਾ ਉਪਰਾਲਾ ਕੀਤਾ ਹੈ। ਇਸ ਵਿਸ਼ਾਲ ਵਿਕਾਸ ਪ੍ਰਕਿਰਿਆ ਦੀ ਲੋੜ ਵਿਚ ਆਧੁਨਿਕ ਅਤੇ ਗਤੀਸ਼ੀਲ ਰਹਿਣ ਦੇ ਕੁਝ ਵਿਗਿਆਨਕ ਆਧਾਰ ਜਾਂ ਨਿਯਮ ਹਨ ਜਿਨ੍ਹਾਂ ਦੀ ਪਛਾਣ ਅਨੇਕੇ ਭਾਸ਼ਾ ਵਿਗਿਆਨੀ ਅਤੇ ਚਿੰਤਕਾਂ ਨੇ ਕੀਤੀ ਹੈ । ਇਸ ਪ੍ਰਭਾਵ ਦਾ ਸ੍ਰੀ ਗਣੇਸ਼ ਵੀਹਵੀਂ ਸਦੀ ਵਿਚ 1920 ਤੋਂ ਬਾਅਦ ਹੋਇਆ ਹੈ। ਇਸ ਪਛਾਣ ਦੇ ਅੰਤਰਗਤ ਹੀ ਅਜ ਵੱਖ ਵੱਖ ਸਿਸਟਮਾਂ ਦਾ ਅਧਿਐਨ ਹੋਣਾ ਆਰੰਭ ਹੋ ਗਿਆ ਹੈ । ਸਾਹਿਤ ਕਿਉਂਕਿ ਸਮਾਜ ਦਾ ਦਰਪਣ ਹੈ ਅਤੇ ਸਮਾਜ ਦਾ ਇਕ ਵਿਲੱਖਣ ਕਿਸਮ ਦਾ ਕਿਸੇ ਦੂਸਰੇ ਸਮਾਜ ਨਾਲੋਂ ਭਿੰਨ ਕਿਸਮ ਦਾ ਸਭਿਆਚਾਰ ਹੁੰਦਾ ਹੈ । ਇਸ ਲਈ ਸੰਚਾਰ ਵਿਗਿਆਨ ਜੀਵ ਦੀ ਉਤਪਤੀ ਤੋਂ ਇਸਦੇ ਸਮਾਜਿਕ ਜੀਵ ਬਣਨ ਤੱਕ ਅਤੇ ਫਿਰ ਸਭਿਆਚਾਰਕ ਨਿਰਮਾਣ ਦੇ ਗਤੀਸ਼ੀਲ ਰਹਿਣ ਤੱਕ ਦੀ ਪ੍ਰਕਿਰਿਆ ਨੂੰ ਸਾਕਾਰ ਕਰਨ ਵਾਲਾ ਵਿਗਿਆਨ ਹੈ ।

ਅਧਿਆਏ ਦੂਜਾ

# ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ

- ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਦੇ ਮਾਧਿਅਮ

1. ਲੋਕ ਰੂੜੀਆਂ (ਸਾਂਸਕ੍ਰਿਤਕ ਧਰਾਤਲ)
2. ਲੋਕ ਕਾਵਿ ਰੂਪ
3. ਰਾਗ-ਸੰਗੀਤ
4. ਪ੍ਰਤੀਕਾਤਮਕ ਪ੍ਰਵਚਨ

ਅਧਿਆਏ ਦੂਜਾ

## ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਨੂੰ ਸਮਝਣ ਲਈ, ਗੁਰੂ ਬਾਣੀ ਦੇ ਸਰੂਪ ਨੂੰ ਸਮਝਣ ਦੀ ਲੋੜ ਹੈ। ਮਹੱਤਵਪੂਰਨ ਗਲ ਇਹ ਹੈ ਕਿ ਬਾਣੀ-ਕਾਰ ਦੇ ਰੂਪ ਵਿੱਚ ਆਪਣੇ ਵਲੋਂ ਕੁਝ ਨਹੀਂ ਕਹਿੰਦੇ ਸਗੋਂ ਅਨੁਭਵ ਦੀ ਪੱਧਰ ਤੇ ਪ੍ਰਾਪਤ ਸਚਾਈ ਦੇ ਗਿਆਨ ਦੀ ਗੱਲ ਕਰਦੇ ਹਨ। ਇਸ ਗੱਲ ਦੀ ਗਵਾਹੀ ਗੁਰਬਾਣੀ ਵਿੱਚ ਕਈ ਥਾਵਾਂ ਤੇ ਮਿਲ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ 'ਏਮਨਾਬਾਦ' ਵਿੱਚ, ਭਾਈ ਲਾਲੋ ਦੇ ਘਰ,ਬਾਬਰ ਦੇ ਹਮਲੇ ਵੇਲੇ ਫੁਰਮਾਨ ਕਰਦੇ ਹੋਏ ਬਾਣੀ ਉਚਾਰਦੇ ਹਨ :-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।[1]

ਇਸ ਸੰਦਰਭ ਵਿੱਚ ਕਰਮਵਾਰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਅਤੇ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦੇ ਮਹਾਂਵਾਕ ਹਨ :-

- ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ।
  ਗਾਵਹੁ ਸਚੀ ਬਾਣੀ ।
  ਬਾਣੀ ਤ ਗਾਵਹੁ ਗੁਰੂ ਕੇਰੀ
  ਬਾਣੀਆ ਸਿਰਿ ਬਾਣੀ ।[2]

- ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ।
  ਹਰਿ ਕਰਤਾ ਆਪਿ ਮੁਹਹੁ ਕਢਾਏ ।[3]

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਇਸ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਫੁਰਮਾਨ ਕਰਦੇ ਹਨ:

---

1. ਆਦਿ ਗ੍ਰੰਥ, ਪੰ. 722
2. ਉਹੀ, ਪੰ. 920
3. ਉਹੀ, ਪੰ. 308

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ।[4]

ਉਪਰੋਕਤ ਉਦਾਹਰਣਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਬਾਣੀ ਸਧਾਰਣ ਮਨੁਖ ਦੀ ਕਵਿਤਾ ਨਹੀਂ ਹੈ। ਇਸ ਬਾਣੀ ਦਾ ਪ੍ਰੇਰਨਾ ਸਰੋਤ ਵੀ ਸੰਸਾਰਕ ਪਦਾਰਥ ਨਹੀਂ ਹੈ । ਇਸ ਦੀ ਪ੍ਰੇਰਨਾ ਅਕਾਲ ਪੁਰਖ ਵਾਹਿਗੁਰੂ ਆਪ ਹੈ। ਗੁਰੂ-ਵਿਅਕਤੀ ਸੰਸਾਰਕ ਪੱਧਰ ਤੋਂ ਉਪਰ ਉਠ ਕੇ ਅਨੁਭਵ ਦੇ ਦੇਸ਼ ਵਿਚ ਵਿਚਰਦੇ ਹਨ । ਭਾਵ ਇਹ ਕਿ ਜਦੋਂ ਗੁਰੂ ਵਿਅਕਤੀ ਪ੍ਰਭੂ ਨਾਲ ਅਭੇਦ ਹੋਣ ਦੀ ਅਵਸਥਾ ਵਿਚ ਹੁੰਦੇ ਹਨ ਤਾਂ ਜੋ ਪ੍ਰੇਰਨਾ ਉਹਨਾਂ ਨੂੰ ਅਕਾਲ ਪੁਰਖ ਵਲੋਂ ਮਿਲਦੀ ਹੈ ਅਰਥਾਤ ਜੋ ਆਦੇਸ਼ ਮਿਲਦਾ ਹੈ ਉਸ ਨੂੰ ਕਾਵਿ-ਰੂਪ ਵਿਚ ਸੰਗੀਤ-ਧੁਨਾਂ ਦੇ ਅੰਤਰਗਤ ਪ੍ਰਸਤੁਤ ਕਰਦੇ ਹਨ! ਨਿਰਸੰਦੇਹ ਬਾਣੀ ਕਾਵਿ-ਖੇਤਰ ਵਿਚ ਵੀ ਆਉਂਦੀ ਹੈ ਪਰ ਇਹ ਕਾਵਿ ਖੇਤਰ ਤੋਂ ਬਾਹਰੀ ਵਸਤ ਵੀ ਹੈ । ਇਸ ਪ੍ਰਸੰਗ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਦਾ ਯਤਨ ਕਰ ਸਕਦੇ ਹਾਂ ਅਤੇ ਇਸੇ ਦਿਸ਼ਾ ਵਲ ਵੱਧਣਾ ਸਾਡੇ ਸ਼ੋਧ-ਕਾਰਜ ਦਾ ਮੰਤਵ ਹੈ । ਬਾਣੀ ਦੇ ਰਚਨਹਾਰ ਗੁਰੂ ਸਾਹਿਬ, ਵਿਅੱਕਤੀ ਦੀ ਪੱਧਰ ਤੇ ਵੀ ਵਿਚਰਦੇ ਹਨ,ਆਮ ਸਾਧਾਰਣ ਮਨੁੱਖਾਂ ਵਾਲਾ ਦੁਖਾਂ ਸੁਖਾਂ ਦਾ ਜੀਵਨ ਬਤੀਤ ਕਰਦੇ ਹਨ ਅਤੇ ਅਜਿਹਾ ਜੀਵਨ ਬਤੀਤ ਕਰਦੇ ਹੋਏ ਰਹੱਸ ਦੀ ਪੱਧਰ ਤੇ ਵੀ ਵਿਚਰਦੇ ਹਨ । ਇਸ ਸਥਿਤੀ ਵਿੱਚ ਉਹ ਪ੍ਰਭੂ-ਪ੍ਰੇਮ ਵਿੱਚ ਰਤੇ ਹੋਏ ਸਮੁੱਚੇ ਬ੍ਰਹਿਮੰਡ ਦੀ ਕਰਤਾਰੀ-ਸ਼ਕਤੀ ਦਾ ਅੰਗ ਹੋ ਕੇ ਵੀ ਵਿਚਰਦੇ ਹਨ । ਗੁਰਬਾਣੀ ਨੂੰ ਸਮਝਣ ਲਈ, ਜਿਸਦੇ ਅੰਤਰਗਤ ਹੀ ਗੁਰੂ ਨਾਨਕ ਬਾਣੀ ਦੇ ਵਾਰਤਾਲਾਪ ਉਚਾਰੇ ਗਏ ਹਨ, ਇਹ ਨੁਕਤਾ ਸਮਝਣਾ ਬਹੁਤ ਜਰੂਰੀ ਹੈ। ਬਾਬਾ ਫਰੀਦ ਜੀ ਦਾ ਫੁਰਮਾਣ ਹੈ :

ਫਰੀਦਾ ਸੋਈ ਸਰਵਰੁ ਢੂੰਢਿ ਲਹੁ
ਜਿਥਹੁ ਲਭੀ ਵਥੁ ।[5]

ਇਸ ਪਰਿਪੇਖ ਵਿਚ ਸਮੁੱਚੀ ਬਾਣੀ 'ਵਥ' ਦੀ ਭਾਲ ਦਾ ਸੰਦੇਸ਼ ਸਿਰਜਦੀ ਹੈ । ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਵੀ ਵੱਖ ਵੱਖ ਧਰਮਾਂ ਅਤੇ ਮਤਾਂ-ਮਤਾਂਤਰਾਂ ਨਾਲ ਸੰਵਾਦ ਰਚਾਉਂਦੇ ਹੋਏ 'ਵਥ' ਦੀ ਪਛਾਣ ਅਤੇ ਭਾਲ ਕਰਨ ਦੀ ਪ੍ਰੇਰਨਾ ਦੇਂਦੇ ਹਨ। ਇਸ ਲਈ ਗੁਰੂ

---

4. ਆਦਿ ਗ੍ਰੰਥ, ਪੰ. 763
5. ਉਹੀ, ਪੰ. 1380

ਬਾਣੀ ਦਾ ਸਰੂਪ ਕੇਵਲ ਕਾਵਿ-ਰੂਪ ਹੀ ਨਹੀਂ, ਕਾਵਿ ਰੂਪ ਤੋਂ ਬਹੁਤ ਕੁਝ ਵੱਖਰਾ ਵੀ ਹੈ। ਇਸ ਦਾ ਕੇਂਦਰੀ ਧੁਰਾ ਅਕਾਲ ਪੁਰਖ ਵਾਹਿਗੁਰੂ ਆਪ ਹੈ। ਇਸੇ ਲਈ ਇਸ ਵਿੱਚ ਕੋਈ ਈਰਖਾ, ਵੈਰ-ਵਿਰੋਧ ਜਾਂ ਸਵਾਰਥ ਦੀ ਭਾਵਨਾ ਨਹੀਂ ਹੈ। ਸਾਰੀ ਬਾਣੀ ਸਰਬ ਸਾਂਝਾ ਸੰਦੇਸ਼ ਸਿਰਜਦੀ ਹੈ। ਇਹ ਸੰਦੇਸ਼ ਸਮੁੱਚੀ ਮਾਨਵ ਜਾਤੀ ਲਈ ਸਾਂਝਾ ਹੈ। ਇਸ ਦ੍ਰਿਸ਼ਟੀ ਤੋਂ ਬਾਣੀ ਨੂੰ ਸਮਝਣ ਨਾਲ ਹੀ ਅਸੀਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀ ਭਾਵਨਾ ਨੂੰ ਸਮਝ ਸਕਾਂਗੇ। ਇਹ ਭਾਵਨਾ ਕਿਸੇ ਸੰਚਾਰ-ਜੁਗਤ ਦੁਆਰਾ ਸਾਕਾਰ ਹੋਈ ਹੈ। ਇਸ ਸੰਚਾਰ-ਜੁਗਤ ਜਾਂ ਜੁਗਤਾਂ ਨੂੰ ਹੀ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕਿਰਿਆ ਦਾ ਨਾਮ ਦਿਤਾ ਗਿਆ ਹੈ।

ਗੁਰੂ ਨਾਨਕ ਬਾਣੀ ਗੁਰਮਤਿ ਦਾ ਗਾਡੀ-ਰਾਹ ਹੈ। ਇਸੇ ਰਸਤੇ ਤੇ ਚਲਦੇ ਹੋਏ ਗੁਰੂ ਸਾਹਿਬਾਨ ਨੇ ਵਿਸ਼ਵ ਦੀ ਸਾਰੀ ਮਾਨਵ ਜਾਤੀ ਨੂੰ ਸਮੂਹ ਧਰਮ ਨੂੰ ਸਰਬ ਸਾਂਝਾ ਸੰਦੇਸ਼ ਦਿਤਾ ਹੈ :

- ਸਭੇ ਸਾਂਝੀਵਾਲ ਸਦਾਇਨਿ
  ਤੂ ਕਿਸੈ ਨ ਦਿਸਹਿ ਬਾਹਰਾ ਜੀਉ।[6]
- ਏਕੁ ਪਿਤਾ ਏਕਸ ਕੇ ਹਮ ਬਾਰਿਕ।[7]
- ਅਵਲਿ ਅਲਹ ਨੂਰੁ ਉਪਾਇਆ
  ਕੁਦਰਤਿ ਦੇ ਸਭ ਬੰਦੇ।
  ਏਕ ਨੂਰ ਤੇ ਸਭੁ ਜਗ ਉਪਜਿਆ।
  ਕਉਨ ਭਲੇ ਕੋ ਮੰਦੇ।[8]

'ਕਉਨ ਭਲੇ ਕੋ ਮੰਦੇ' ਦੀ ਭਾਵਨਾ ਨੂੰ ਸਮਝੇ ਬਿਨਾਂ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਅਤੇ ਇਸ ਵਾਰਤਾਲਾਪ ਦੀ ਸੰਚਾਰ-ਪ੍ਰਕਿਰਿਆ ਨੂੰ ਸਮਝ ਸਕਣਾ ਮੁਸ਼ਕਲ ਹੈ। ਇਸ ਲਈ ਸਾਡਾ ਇਹ ਕਹਿਣਾ ਉਚਿਤ ਜਾਪਦਾ ਹੈ ਕਿ ਗੁਰਬਾਣੀ ਦਾ ਸਰੂਪ ਕੇਵਲ ਕਾਵਿ-ਰੂਪ ਹੀ ਨਹੀਂ ਸਗੋਂ ਇਸ ਤੋਂ ਵੱਧ ਕੁਝ ਹੋਰ ਵੀ ਹੈ। ਇਸ 'ਹੋਰ ਕੁਝ' ਨੂੰ ਬਾਣੀਕਾਰਾਂ ਨੇ ਵਿਸ਼ੇਸ਼ ਪ੍ਰਕਾਰ ਦੀ ਸੰਚਾਰ ਪ੍ਰਕ੍ਰਿਆ ਦੁਆਰਾ ਸੱਖਣੇ ਪੈਟਰਨ, ਵੇਰਵਿਆਂ ਤੇ ਪ੍ਰਵਚਨਾਂ ਨੂੰ ਸਿਰਜ ਕੇ ੲਹ

---

6. ਆਦਿ ਗ੍ਰੰਥ ਪੰ. 97
7. ਆਦਿ ਗ੍ਰੰਥ ਪੰ. 611
8. ਉਹੀ, ਪੰ. 1349

ਸੰਦੇਸ਼ ਦਿਤਾ ਹੈ। ਇਹ ਸੰਦੇਸ਼ ਕਾਵਿ ਦੇ ਖੇਤਰ ਨਾਲੋਂ ਵਖਰੀ ਕਿਸਮ ਦਾ ਸੰਦੇਸ਼ ਹੈ। ਇਹ ਸੰਦੇਸ਼ ਅਮੂਰਤ ਪ੍ਰਭੂ ਦੇ ਅਹਿਸਾਸ ਨੂੰ ਬਾਣੀ ਦਾ ਸਮੂਰਤ ਕਰਨ ਨਾਲ ਸੰਬੰਧਿਤ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਹਿਸਾਸ ਦੀ ਸਚਾਈ ਨੂੰ ਸਨਮੁੱਖ ਰਖਦਿਆਂ ਹੋਇਆਂ, ਸਮਕਾਲੀ ਧਰਮਾਂ ਤੇ ਮਤਾਂ-ਮਤਾਂਤਰਾ ਨਾਲ ਦਾਰਸ਼ਨਿਕ ਪੱਧਰ ਤੇ ਅਨੂਠੀ ਕਿਸਮ ਦੇ ਸੰਵਾਦ-ਰਚਾਏ ਹਨ। ਇਨਾਂ ਵਾਰਤਾਲਾਪਾਂ ਵਿੱਚ ਵਿਗਿਆਨਕ-ਪੱਧਰ ਦੀ ਸੰਚਾਰ-ਪ੍ਰਕ੍ਰਿਆ ਦੀ ਵਰਤੋਂ ਕੀਤੀ ਗਈ ਹੈ। ਇਸ ਸਮੁੱਚੀ ਸੰਚਾਰ-ਪ੍ਰਕ੍ਰਿਆ ਨੂੰ ਗੁਰੂ ਜੀ ਦਾ ਤੁਖਾਰੀ ਰਾਗ ਵਿੱਚ ਨਿਮਨ ਲਿਖਤ ਸ਼ਬਦ ਨਿਰੂਪਣ ਕਰਦਾ ਹੈ :

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ।
ਜਿਨਿ ਸ਼ੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖ ਮਸਤਕ ਭਾਗੋ।
ਨਾਨਕ ਅਹਿਨਿਸ ਰਾਵੈ ਪ੍ਰੀਤਮ ਹਰਿ ਵਰੁ ਥਿਰੁ ਸੁਹਾਗੋ।[9]

ਉਪਰੋਕਤ ਸ਼ਬਦ ਵਿਚ ਸਮੁੱਚਾ ਵੇਰਵਾ ਦ੍ਰਿਸ਼ਟਮਾਨ ਜਗਤ-ਪਸਾਰੇ ਦਾ ਹੈ। ਇਹ ਵੇਰਵਾ ਸਮਾਜਿਕ ਜੀਵਨ ਵਿੱਚ ਪਤੀ-ਪਤਨੀ ਦੇ ਮਿਲਾਪ ਦੇ ਦ੍ਰਿਸ਼ ਨੂੰ ਅਤੇ ਇਸ ਦ੍ਰਿਸ਼ ਦੇ ਸੰਸਾਰਕ ਸੁਖ ਨੂੰ ਰੂਪ ਮਾਨ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਹ ਵੇਰਵਾ ਅਸਲ ਗੱਲ ਕੁਝ ਹੋਰ ਸਮਝਾਉਂਦਾ ਹੈ। ਇਸ ਦੀਆਂ ਪਹਿਲੀਆਂ ਤਿੰਨ ਤੁਕਾਂ ਜਗਤ-ਪ੍ਰਪੰਚ ਦੇ ਮਿਲਾਪ ਨੂੰ ਸਾਕਾਰ ਕਰਦੀਆਂ ਹਨ ਅਤੇ ਅੰਤਲੀ ਪੰਕਤੀ ਵਿਚ 'ਹਰਿ' ਸ਼ਬਦ ਦੀ ਵਰਤੋਂ ਨਾਲ ਸਾਰਾ ਵੇਰਵਾ ਜਗਤ ਮੁੱਖੀ ਹੋਣ ਤੋਂ ਟੁੱਟ ਕੇ ਬ੍ਰਹਮ ਮੁੱਖੀ ਹੋ ਜਾਂਦਾ ਹੈ ਅਤੇ ਸੰਦੇਸ਼ ਕੇਵਲ ਆਤਮਾਂ ਤੇ ਪਰਮਾਤਮਾਂ ਦੇ ਮਿਲਾਪ ਦਾ ਬਣ ਜਾਂਦਾ ਹੈ। ਇਥੇ ਪਹਿਲੀਆਂ ਤਿਨ ਪੰਕਤੀਆਂ ਸੱਖਣੇ-ਪੈਟਰਨ ਨੂੰ ਰੂਪ ਮਾਨ ਕਰਦੀਆਂ ਹਨ ਅਤੇ ਅੰਤਲੀ ਪੰਕਤੀ ਅਸਲੀ ਸੰਦੇਸ਼ ਦੀ ਗਲ ਕਰਦੀ ਹੈ। ਇਸੇ ਸੰਦਰਭ ਵਿਚ ਹੀ ਅਸੀਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਬਾਰੇ ਵਿਸਤ੍ਰਿਤ ਚਰਚਾ ਕਰਨੀ ਹੈ। ਪਰ ਇਸ ਤੋਂ ਪਹਿਲਾਂ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਬਾਰੇ। ਜ਼ਰੂਰ ਵਿਚਾਰ ਕਰਨੀ ਬਣਦੀ ਹੈ।

## ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਲੋਕ ਰੂੜੀਆਂ, ਲੋਕ ਕਾਵਿ ਰੂਪਾਂ, ਰਾਗ, ਸੰਗੀਤ ਅਤੇ ਪ੍ਰਤੀਕਾਤਮਕ ਪ੍ਰਵਚਨਾਂ ਦੀ ਵਰਤੋਂ ਮੁੱਖ ਰੂਪ ਵਿਚ ਹੋਈ ਹੈ।

---

9. ਆਦਿ ਗ੍ਰੰਥ, ਪੰ: 1109-10

ਲੋਕ ਰੂੜੀਆਂ ਦੀ ਸਾਂਸਕ੍ਰਿਤਕ ਧਰਾਤਲ ਤੇ ਵਰਤੋਂ:

ਗੁਰੂ ਬਾਣੀ ਦੇ ਰਚਨ ਹਾਰਿਆਂ ਨੇ ਲੋਕ-ਮਾਨਸ ਦੇ ਜਿਗਰੇ ਨੂੰ ਟੁੰਬਣਾ ਸੀ, ਦੁਖਾਂ ਕਲੇਸ਼ਾਂ ਵਿਚ ਗ੍ਰਸੀ ਲੁਕਾਈ ਨੂੰ ਪ੍ਰੇਮ ਤੇ ਸ਼ਾਂਤੀ ਦਾ ਸੰਦੇਸ਼ ਦੇਣਾ ਸੀ ਅਤੇ ਇਸ ਦੇ ਨਾਲ ਲੋਕ-ਮਾਨਸ ਨੂੰ ਆਤਮਿਕ ਵਿਕਾਸ ਦੀ ਉਸ ਸਿੱਖਰ ਤੱਕ ਲੈ ਜਾਣਾ ਸੀ ਜਿਥੇ ਪੁਜ ਕੇ ਉਹ ਇਸ ਗਲ ਦਾ ਅਨੁਭਵ ਕਰ ਸਕੇ :

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ।[10]

ਗੁਰੂ ਨਾਨਕ ਬਾਣੀ ਅਤੇ ਇਸ ਵਿਚਲੇ ਅੰਤਰ ਧਰਮੀ ਵਾਰਤਾਲਾਪ ਦਾ ਵੀ ਇਹੀ ਮੰਤਵ ਸੀ ਕਿ ਅੰਧ ਵਿਸ਼ਵਾਸ਼ਾਂ, ਵਹਿਮਾਂ-ਭਰਮਾਂ ਅਤੇ ਧਾਰਮਿਕ-ਆਡੰਬਰਾਂ ਵਿਚ ਫਸੇ ਮਨੁੱਖ ਨੂੰ ਵਿਵੇਕ-ਸ਼ੀਲ ਬਣਾਇਆ ਜਾ ਸਕੇ, ਉਸ ਨੂੰ ਸੱਚ ਦੇ ਗਿਆਨ ਨਾਲ ਰੌਸ਼ਨ ਕੀਤਾ ਜਾ ਸਕੇ। ਅਜਿਹੀ ਸਥਿਤੀ ਨੂੰ ਉਤਪਨ ਕਰਨ ਲਈ ਲੋਕ-ਮਨ ਦਾ ਡੂੰਘੇਰਾ ਅਧਿਐਨ ਕਰਨ ਦੀ ਲੋੜ ਸੀ। ਇਸ ਪਰਿਪੇਖ ਵਿਚ ਹੀ ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਸਭ ਤੋਂ ਪਹਿਲਾਂ ਲੋਕ-ਮਨ ਦਾ ਸਾਪੇਖਣ ਕਰਦੀ ਹੋਈ ਬਤੌਰ ਸੰਚਾਰ-ਪ੍ਰਕ੍ਰਿਆ ਦੇ ਲੋਕ-ਰੂੜੀਆਂ ਨੂੰ ਇਕ ਮਾਡਲ ਦੇ ਤੌਰ ਤੇ ਵਰਤੋਂ ਵਿਚ ਲਿਆਉਂਦਾ ਹੈ। ਇਹ ਲੋਕ-ਰੂੜੀਆਂ ਆਦਿ ਕਾਲ ਤੋਂ ਲੋਕ-ਮਨ ਦਾ [illegible] ਸਰਮਾਇਆ ਹਨ। ਜਿਨ੍ਹਾਂ ਵਿਚ ਮਾਨਵਤਾ ਦਾ ਸਮੁੱਚਾ ਇਤਿਹਾਸ ਤੇ ਮਿਥਿਹਾਸ ਸਮਾਇਆ ਹੋਇਆ ਹੈ। ਇਸ ਲਈ ਸੁਭਾਵਿਕ ਗੁਰੂ ਨਾਨਕ ਦੇਵ ਜੀ ਨੇ ਲੋਕ-ਮਨ ਦੀ ਪਕੜ ਨੂੰ ਟਟੋਲਣ ਲਈ ਇਨ੍ਹਾਂ ਲੋਕ ਰੂੜੀਆਂ ਦੀ ਵਰਤੋਂ ਬਤੌਰ ਸੰਚਾਰ ਮਾਧਿਅਮ ਦੇ ਕੀਤੀ ਹੈ। ਇਤਿਹਾਸਕ, ਮਿਥਿਹਾਸਕ ਘਟਨਾਵਾਂ ਅਤੇ ਵਿਸ਼ੇਸ਼ ਵਿਅਕਤੀਆਂ ਦੇ ਕਾਰਜਾਂ ਦੀ ਪੁਨਰਸਥਾਪਨ ਲੋਕ ਚਿਤਰਿਆਂ ਤੇ ਅੰਕਿਤ ਹੁੰਦੀ ਹੈ। ਉਦਾਹਰਣ ਲਈ ਚੰਗੇ ਅਤੇ ਮੰਦੇ, ਨੇਕੀ ਅਤੇ ਬਦੀ ਵਿਚਕਾਰ ਅੰਤਰ ਦਰਸਾਉਣ ਲਈ ਇਤਿਹਾਸ ਮਿਥਿਹਾਸ ਵਿਚੋਂ ਰਾਮ ਅਤੇ ਰਾਵਣ ਦੀ ਲੋਕ ਰੂੜੀ ਅਜਿਹੀ ਹੈ ਜਿਹੜੀ ਲੋਕਾਂ ਦੇ ਮਨਾਂ ਵਿਚ ਅਚੇਤ ਰੂਪ ਵਿਚ ਅਚੇਤ ਰੂਪ ਵਿਚ ਹੀ ਵਸੀ ਹੋਈ ਹੈ। ਇਥੇ ਇਹ ਸਪੱਸ਼ਟ ਕਰ ਦੇਣਾ ਵੀ ਉਚਿਤ ਹੋਵੇਗਾ ਕਿ ਜਦੋਂ ਕੋਈ ਘਟਨਾ ਜਾਂ ਵਿਅਕਤੀ ਦਾ ਨਿੱਜੀ ਪੱਧਰ ਤੋਂ ਉਪਰ ਉਠ ਕੇ ਸਧਾਰਣੀਕਰਣ ਹੋ ਜਾਂਦਾ ਹੈ ਤਾਂ ਉਸ ਘਟਨਾ ਜਾਂ ਵਿਅਕਤੀ ਵਿਚੋਂ ਵਿਅਕਤੀਗਤ ਵੇਰਵੇ ਆਲੋਪ ਹੋ ਜਾਂਦੇ ਹਨ ਅਤੇ ਪ੍ਰਤੀਕ ਰਹਿ ਜਾਂਦੇ ਹਨ।

10. ਆਦਿ ਗ੍ਰੰਥ ਪੰ. 441

ਪ੍ਰਤੀਕ ਹੀ ਲੋਕ ਰੂੜੀਆਂ ਦਾ ਰੂਪ ਧਾਰਨ ਕਰਕੇ ਕਾਵਿ-ਸੰਸਾਰ ਵਿਚ ਯਾਤਰਾਂ ਕਰਦੇ ਰਹਿੰਦੇ ਹਨ । ਇਹ ਇਕ ਲੋਕ ਰੂੜੀ ਹੈ ਕਿ ਸਾਵਣ ਦਾ ਮਹੀਨਾ ਵਰਖਾ ਦਾ ਮਹੀਨਾ ਹੈ ਇਸ ਮਹੀਨੇ ਵਿਚ ਅਤਿ ਦੀ ਗਰਮੀ ਤੋਂ ਕੁਝ ਰਾਹਤ ਮਿਲਦੀ ਹੈ । ਇਸ ਮਹੀਨੇ ਵਿਚ ਪ੍ਰਕ੍ਰਿਤੀ ਸੁੰਦਰ ਤੇ ਖੁਸ਼ ਨਜ਼ਰ ਆਉਂਦੀ ਹੈ । ਮੀਂਹ ਦੀ ਆਸ ਵਿਚ ਬਦਲ ਵਾਈ ਦੇ ਸਮੇਂ ਮੋਰ ਪੈਲਾਂ ਪਾਉਂਦੇ ਹਨ । ਡੱਡੂ ਬੋਲਦੇ ਹਨ, ਬੀਂਡੇ ਆਪਣਾ ਰਾਗ ਅਲਾਪਦੇ ਹਨ। ਸਾਰਾ ਵਾਤਾਵਰਣ ਖੁਸ਼ੀਆਂ ਭਰਿਆ ਹੈ । ਪਰ ਜਿਸ ਸੁਹਾਗਣ ਇਸਤ੍ਰੀ ਦਾ ਪਤੀ ਪਰਦੇਸ ਗਿਆ ਹੋਇਆ ਹੈ ਉਸ ਨੂੰ ਇਹ ਸਾਰਾ ਵਾਤਾਵਰਣ ਤੇ ਖੁਸ਼ੀਆਂ ਭਰਿਆ ਮਾਹੌਲ ਸੁਖ ਨਹੀਂ ਦੇਂਦਾ ਸਗੋਂ ਦੁੱਖੀ ਕਰਦਾ ਹੈ ।ਇਸੇ ਲਈ ਸਾਵਣ ਦੇ ਮਹੀਨੇ ਵਿਚ ਪਤੀ ਮਿਲਾਪ ਦੀ ਬੜੀ ਮਹੱਤਤਾ ਹੈ।ਇਸ ਲੋਕ ਰੂੜੀ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਸਖਣੇ ਪੈਟਰਨ ਦੇ ਰੂਪ ਵਿਚ ਕਰਕੇ ਜੀਵ ਆਤਮਾ ਨੂੰ ਪਤੀ ਪ੍ਰਮਾਤਮਾ ਲਈ ਸਿੱਕ ਪੈਦਾ ਕਰਨ ਦੀ ਪ੍ਰੇਰਨਾ ਦੇਂਦੇ ਹਨ । ਜਿਵੇਂ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ।।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਆਏ ।।
ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ।।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ।।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਵਾਏ ।
ਨਾਨਕ ਸਾ ਸੁਹਾਗਣਿ ਕੰਤੀ ਪਿਰਕੈ ਅੰਕਿ ਸਮਾਵਏ ।[11]

ਇਥੇ ਸੁਹਜਆਤਮਕ ਰਸ ਵੀ ਹੈ । ਵਿਰਹਾ ਪ੍ਰਤਿ ਜੀਵਨ ਦਾ ਸਭ ਤੋਂ ਗੰਭੀਰ ਅਤੇ ਡੂੰਘਾ ਜਜ਼ਬਾ ਹੈ । ਸੰਸਾਰ-ਸਾਹਿਤ ਵਿਚ ਉੱਚਤਮ ਪ੍ਰਾਪਤੀਆਂ ਇਸ ਦੇ ਧਾਰਮਿਕ ਅਨੁਭਵ ਦਾ ਹੀ ਪ੍ਰਗਟਾਅ ਹਨ । ਇਹ ਸਾਰੇ ਸਖਣੇ ਪੈਟਰਨ ਮੂਲ ਸੰਦੇਸ਼ ਦੀ ਸਿਰਜਣਾ ਕਰਨ ਲਈ ਵਰਤੇ ਹਨ ।

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਲਈ ਨਿਮਨ ਲਿਖਤ ਖਾਕਾ ਸਹਾਇਕ ਹੋ ਸਕਦਾ ਹੈ :

ਗੁਰਬਾਣੀ

ਗੁਰਬਾਣੀ ਸੰਚਾਰ

| | | |
|---|---|---|
| ਅਨੁਭਵ | ਦਰਸ਼ਨ | ਕਾਵਿ ਜੁਗਤਾਂ |
| ਭਾਸ਼ਾ | ਲੋਕ ਰੂੜੀਆਂ | ਰਾਗ ਸੰਗੀਤ |
| | ਸੰਚਾਰ-ਪ੍ਰਕ੍ਰਿਆ | ਲੋਕ ਕਾਵਿ ਰੂਪ |
| ਮਾਡਲ | | ਭਾਸ਼ਾਈ ਜੁਗਤਾਂ |
| | | ਸੰਦੇਸ |

11. ਆਦਿ ਗ੍ਰੰਥ, ਪੰ. 1108, ਰਾਗ ਮ.1

ਉਪਰਲੇ ਖਾਕੇ ਵਿਚ ਅਨੁਭਵ ਤੋਂ ਦਰਸ਼ਨ, ਦਰਸ਼ਨ ਤੋਂ ਕਾਵਿ-ਮਾਡਲ, ਕਾਵਿ ਮਾਡਲ ਤੋਂ ਭਾਸ਼ਾ ਸੰਚਾਰ ਦੁਆਰਾ ਮੁੜ ਅਨੁਭਵ ਦੀ ਪੱਧਰ ਦੇ ਸੰਦੇਸ਼ ਨੂੰ ਸਿਰਜਿਆ ਗਿਆ ਹੈ। ਇਸ ਸਾਰੀ ਸੰਚਾਰ-ਪ੍ਰਕ੍ਰਿਆ ਵਿਚ ਨਿਰੰਤਰ ਬ੍ਰਹਿਮੰਡ ਦੀ ਸੰਚਾਰ ਪ੍ਰਕ੍ਰਿਆ ਵੀ ਸਮੂਰਤ ਰੂਪ ਵਿੱਚ ਸਮਲਤ ਹੈ ਅਤੇ ਇਸ ਨਿਰੰਤਰ ਸੰਚਾਰ ਪ੍ਰਕ੍ਰਿਆ ਪਿਛੇ ਵਿਚਰਦੀ ਅਮੂਰਤ ਸ਼ਕਤੀ ਦਾ ਸੰਦੇਸ਼ ਵੀ ਸਮਿਲਤ ਹੈ। ਗੁਰਿੰਦਰ ਕੌਰ ਆਪਣੀ ਪੁਸਤਕ ਵਿਚ ਇਕ ਥਾਂ ਗੁਰਬਾਣੀ ਦੀ ਸੰਚਾਰ ਪ੍ਰਕ੍ਰਿਆ ਬਾਰੇ ਇਸ ਤਰ੍ਹਾਂ ਲਿਖਦੀ ਹੈ :

1. ਬਣਤਰ
2. ਭਾਸ਼ਾ
3. ਇੰਦਾਵਲੀ
4. ਲੈਅ ਸੁਰ ਤਾਲ[12]

ਇਸ ਤਰ੍ਹਾਂ ਗੁਰਬਾਣੀ ਦੀ ਸੰਚਾਰ ਪ੍ਰਕ੍ਰਿਆ ਬਾਰੇ ਸਰੂਪ ਅਥਵਾ ਸਮੁੱਚਾ ਢਾਂਚਾ ਜਾਂ ਬਣਤਰ ਭਾਸ਼ਾ, ਇੰਦਾਵਲੀ ਅਤੇ ਸੰਗੀਤ ਅਥਵਾ ਸੁਰਤਾਲ ਸ਼ਾਮਲ ਹੋਣ ਬਾਰੇ ਮਹੱਤਵ ਪੂਰਨ ਸੰਕੇਤ ਮਿਲਦੇ ਹਨ। ਗੁਰੂ ਨਾਨਕ ਬਾਣੀ ਇਸ ਸੰਚਾਰ-ਪ੍ਰਕ੍ਰਿਆ ਦਾ ਆਰੰਭ ਵੀ ਹੈ ਅਤੇ ਅੰਤ ਵੀ ਕਿਉਂਕਿ ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਈਆਂ ਗਈਆਂ ਵਿਧੀਆਂ ਤੇ ਜੁਗਤਾਂ ਹੀ ਬਾਕੀ ਗੁਰੂ ਸਾਹਿਬਾਂ ਨੇ ਅਪਨਾਈਆਂ ਹਨ। ਕਿਤੇ ਥੋੜਾ ਬਹੁਤਾ ਪ੍ਰਗਟਾਅ ਵਿਚ ਅੰਤਰ ਹੈ।

ਲੋਕ ਰੂੜੀਆਂ ਦਾ ਸਬੰਧ ਸੰਪਰਦਾਇਕ ਅਤੇ ਭਾਈਚਾਰਕ ਸੰਸਕਾਰਾਂ ਨਾਲ ਹੁੰਦਾ ਹੈ। ਇਹ ਸੰਸਕਾਰ ਹੀ ਲੋਕ ਮਾਨਸ ਮਨ ਦਾ ਵਿਰਸਾ ਅਥਵਾ ਅਤੀਤ ਹੁੰਦੇ ਹਨ। ਗੁਰੂ ਨਾਨਕ ਬਾਣੀ ਇਸ ਲੋਕ-ਮਾਨਸ ਮਨ ਦੀ ਵਰਤੋਂ ਇਕ ਵਾਹਨ ਵੱਜੋਂ ਕਰਦੇ ਹਨ। ਗੁਰੂ ਨਾਨਕ ਬਾਣੀ ਦੇ ਸਬੰਧ ਵਿਚ ਡਾ. ਤਰਲੋਕ ਸਿੰਘ ਕੰਵਰ ਦਾ ਮੱਤ ਹੈ :-

> "ਸਿਰਜਨਾਤਮਕਤਾ ਜਦੋਂ ਆਪਣੀਆਂ ਸੰਭਾਵਨਾਵਾਂ ਵਿਚ ਜਾਗਦੀ ਹੈ ਤਦ ਵੀ ਭਾਈਚਾਰਕ ਤਥਾ ਸੰਪਰਦਾਇਕ ਸੰਸਕਾਰ ਇਸ ਦੇ ਨਾਲ ਹੀ ਹੁੰਦਾ ਹੈ। ਅਸੀਂ ਆਪਣੀ ਗਲ ਇਥੇ ਫਿਰ ਗੁਰੂ ਨਾਨਕ ਬਾਣੀ ਵਿਚੋਂ ਹੀ ਮਿਸਾਲ ਲੈ ਕੇ ਸਪੱਸ਼ਟ ਕਰਦੇ ਹਾਂ। ਇਸ ਪਹਿਲੂ ਤੋਂ ਯਾਦ

---

12. Gurinder Kaur, The Guru Granth Sahib, its Physics and Metaphysics page, 58, 59

ਰੱਖਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੀ ਬਾਣੀ ਦਾ ਇਕ ਮਹੱਤਵ ਸ਼ੀਲ ਪਹਿਲੂ ਸੰਪਰਦਾਈ-ਸੰਕੀਰਣਤਾ ਤੋਂ ਉਪਰ ਉੱਠ ਕੇ ਆਦਰਸ਼ ਮਾਨਵਤਾ ਨੂੰ ਪ੍ਰਸਤੁਤ ਕਰਨ ਨਾਲ ਜੁੜਿਆ ਹੋਇਆ ਹੈ । ........
ਸੰਪਰਦਾਇ ਦੇ ਕਿਸੇ ਵੀ ਪਹਿਲੂ ਨਾਲ ਕਿਸ਼ੋਰਾਕਾਰ ਮੁਕਾਬਲੇ ਵਿਚ ਕਿਤਨਾ ਆਪਣੇ ਸੰਪਰਦਾਇ, ਸੰਸਕਾਰਾਂ ਪ੍ਰਤੀ ਚੇਤੰਨ ਹੋਣ ਦੇ ਬਰਾਬਰ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਸੰਸਕਾਰਾਂ ਦੀ ਮੱਦਦ ਤੋਂ ਇਨਾਂ ਇਨਾਂ ਨਾਲ ਜਾਣਿਆ ਵੀ ਨਹੀਂ ਜਾ ਸਕਦਾ । ਇਹੀ ਕਾਰਨ ਹੈ ਕਿ ਅਜਿਹੀਆਂ ਸਥਿਤੀਆਂ ਵਿਚ ਸਮੂਰਤ ਸੰਸਕਾਰ ਅਤੇ ਅਮੂਰਤ ਮਾਨਵੀ-ਸੰਕਲਪ ਦਾ ਵਿਰੋਧਾਭਾਸ਼ੀ ਪੈਟਰਨ ਬਣ ਜਾਂਦਾ ਹੈ ਜੋ ਸੰਪਰਦਾਇ ਪਛਾਣ ਦੀਆਂ ਸੀਮਾਵਾਂ ਦੇ ਅੰਤਰਗਤ ਵਿਚਰਦਿਆਂ ਮਨੁੱਖ ਨੂੰ ਆਦਰਸ਼-ਮਾਨਵੀ ਪਸਾਰਾਂ ਵਲ ਵਧਣ ਦੀ ਪ੍ਰੇਰਨਾ ਦੇਂਦਾ ਹੈ ।[13]

ਗੁਰੂ ਨਾਨਕ ਬਾਣੀ ਇਸ ਮੰਤਵ ਦੀ ਪੂਰਤੀ ਲਈ ਲੋਕ-ਰੂੜੀਆਂ ਦੀ ਖੁਲ ਕੇ ਵਰਤੋਂ ਕਰਦੀ ਹੈ। ਕਿਤੇ ਗਊ ਤੇ ਸੂਰ ਕਿਤੇ ਕਸਾਈ ਆਦਿ ਦੀਆਂ ਲੋਕ-ਰੂੜੀਆਂ ਵਰਤੋਂ ਵਿਚ ਆਈਆਂ ਹਨ। ਜਿਵੇਂ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।[14]

"ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ।[15]

ਉਪਰੋਕਤ ਪੰਗਤੀਆਂ ਵਿਚ ਕੁਦਇਆ, ਡੂਮਣੀ, ਕਸਾਇਣ ਚੂਹੜੀ, ਚੰਡਾਲ ਅਜਿਹੀਆਂ ਲੋਕ ਰੂੜੀਆਂ ਹਨ ਜਿਹੜੀਆਂ ਲੋਕ-ਮਾਨਸ ਦਾ ਵਿਰਸਾ ਹਨ ਅਤੇ ਲੋਕ-ਮਾਨਸ ਦੀ ਅਚੇਤਨਾ ਜਾਂ ਅਰਧ ਚੇਤਨਾ ਦੀ ਅਵਸਥਾ ਵਿਚ ਅਚੇਤ ਹੀ ਪਾਈਆਂ ਰਹਿੰਦੀਆਂ ਹਨ ਜਿਹੜੀਆਂ ਸਮਾਂ ਪਾ ਕੇ ਮੁੜ ਜਾਗ ਪੈਂਦੀਆਂ ਹਨ ।

---

13. ਡਾ. ਤਰਲੋਕ ਸਿੰਘ ਕੰਵਰ-ਸੰਚਾਰ ਸਭਿਆਚਾਰ, ਪੰ. 14
14. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 239, ਰਾਗ ਮਾਝ ਦੀ ਵਾਰ ।
15. ਉਹੀ, ਪੰ. 215, ਸ੍ਰੀ ਰਾਗ ਦੀ ਵਾਰ

ਲੋਕ ਰੂੜੀਆਂ ਵਜੋਂ ਬ੍ਰਹਮਾਂ, ਵਿਸ਼ਨੂੰ, ਸ਼ਿਵ ਨਾਲ ਜੁੜੇ ਵਿਸ਼ਵਾਸ਼ਾਂ ਦੀ ਨਿਪੁੰਨ ਵਰਤੋਂ ਕੀਤੀ ਗਈ ਹੈ। ਇਤਿਹਾਸ ਮਿਥਿਹਾਸ ਵਿਚਲੀਆਂ ਰੂੜੀਆਂ ਰਾਜਿਆਂ, ਮਹਾਰਾਜਿਆਂ, ਰਾਵਣ, ਰਾਮ, ਮਹਾਂ ਭਾਰਤ, ਪੁਰਾਣਾਂ, ਸਿਮਰਤੀਆਂ ਵੇਦਾਂ ਆਦਿ ਦੀ ਵਰਤੋਂ ਵੀ ਲੋਕ ਰੂੜੀਆਂ ਦੇ ਰੂਪ ਵਿਚ ਕੀਤੀ ਗਈ ਹੈ। ਸੁਹਾਗਣ, ਦੁਹਾਗਣ, ਲਾੜੀ, ਜੰਞ, ਲਾੜਾ, ਬਾਬਲ, ਭੈਣ, ਭਰਾ, ਮਾਂ ਪਿਓ ਆਦਿ ਸਬੰਧਾਂ ਦੀ ਵਰਤੋਂ ਵੀ ਲੋਕ ਰੂੜੀਆਂ ਦੇ ਰੂਪ ਵਿਚ ਕੀਤੀ ਗਈ ਹੈ। ਗੁਰੂ ਨਾਨਕ ਕਾਵਿ ਯਾਤ੍ਰਾ ਇਨ੍ਹਾਂ ਸਾਰੇ ਚੱਕਰਾਂ ਨੂੰ ਕੱਟ ਕੇ ਮੁੜ ਪ੍ਰਭੂ ਕੇਂਦਰਤ ਹੋ ਜਾਂਦੀ ਹੈ ਕਿਉਂਕਿ ਇਸਦਾ ਉਦੇਸ਼ "ਮਨ ਤੂ ਜੋਤਿ ਸਰੂਪ ਹੈ" ਦਾ ਹੈ। ਉਦਾਹਰਣ ਲਈ ਕੁਝ ਸਤਰਾਂ ਹਨ :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ।।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ।।
ਤੇਰੇ ਦਰਸ਼ਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ।।
ਜਾ ਤੂ ਤਾਂ ਮੈਂ ਮਾਣ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ।[16]

ਇਥੇ ਇਸ ਸੁੰਦਰ ਲੋਕ-ਰੂੜੀ ਦੇ ਰੂਪਕ ਦੀ ਵਰਤੋਂ ਕੀਤੀ ਗਈ ਹੈ। ਇਸ ਰੂਪਕ ਦੇ ਅਰਥ ਭਾਵੁਕ ਰੁਚੀਆਂ ਵਾਲੇ ਹਨ। ਭਗਤ ਰੱਬ ਦੀ ਵਡਿਆਈ ਕਰਦਾ ਹੈ ਅਤੇ ਆਪ ਸਿਆਣਾ ਹੁੰਦਾ ਹੈ। ਇਥੇ ਸੰਸਾਰੀ ਪ੍ਰੇਮ ਦੇ ਬਿੰਬ ਦੀ ਰਹੱਸਵਾਦੀ ਪ੍ਰੇਮ ਦੇ ਸ਼ਬਦਾਂ ਵਿਚ ਵਿਆਖਿਆ ਹੈ :-

ਪ੍ਰਭ ਮਿਲੈ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ।।
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ।।
ਘਰ ਸੇਜ ਸੁਹਾਵੀ ਪਿਰ ਰਾਵੀ ਗੁਰਮੁਖਿ ਸ ਮਸਤਕਿ ਭਾਗੋ ।।
ਨਾਨਕ ਅਹਿ ਨਿਸ ਰਾਵੈ ਪ੍ਰੀਤਮ ਹਰਿ ਵਰੁ - ਥਿਰ ਸੁਹਾਗੋ ।।[17]

ਜਗਤ ਪਰਪੰਚ ਵਿਚ ਰਾਜਾ ਪਰਜਾ ਆਪਸੀ ਸਬੰਧਾਂ ਅਤੇ ਪਰਜਾ-ਪਰਜਾ ਦੇ ਆਪਸੀ ਸਬੰਧਾਂ ਨੂੰ ਨਿਸ਼ਚਤ ਕਰਨ ਲਈ ਰਾਜੇ ਮਹਾਰਾਜੇ ਦੇ ਦਰਬਾਰ ਦੀ ਲੋਕ ਰੂੜੀ ਬੜੀ ਮਹੱਤਵ ਪੂਰਨ ਹੈ। ਹਰ ਛੋਟੇ, ਵੱਡੇ, ਅਮੀਰ, ਗਰੀਬ ਵਿਦਵਾਨ, ਮੂਰਖ, ਪੜ੍ਹਿਆਂ, ਅਣਪੜ੍ਹਿਆਂ ਜੀਵ

---

16. ਆਦਿ ਗ੍ਰੰਥ, ਪੰ. 557, ਰਾਗ ਵਡਹੰਸ, ਮ. 1

17. ਉਹੀ, ਰਾਗ ਤੁਖਾਰੀ, ਮ. 1 ਪੰ. 1109

ਵਿਰਸੇਗਤ ਹੀ ਇਸ ਲੋਕ ਰੂੜੀ ਤੋਂ ਜਾਣੂ ਹੁੰਦਾ ਹੈ ਉਸਦੇ ਜ਼ਿਹਨ ਵਿਚ ਰਾਜ ਦਰਬਾਰ ਅਤੇ ਉਸਦਾ ਨਿਆਂ ਹਰ ਸਮੇਂ ਸਥਿਰ ਰਹਿੰਦਾ ਹੈ। ਗੁਰੂ ਨਾਨਕ ਬਾਣੀ ਇਸ ਲੋਕ ਰੂੜੀ ਦੀ ਇਕ ਤੋਂ ਵਧੀਕ ਕਈ ਵਾਰ ਪ੍ਰਭਾਵਸ਼ਾਲੀ ਰੂਪ ਵਿਚ ਵਰਤੋਂ ਕਰਦੀ ਹੈ।

ਸੋ ਦਰੁ ਕੇਹਾ ਸੁ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥[18]

ਪੰਚ ਪਰਵਾਣ ਪੰਚ ਪਰਧਾਨੁ ।
ਪੰਚੇ ਪਾਵਹਿ ਦਰਗਹਿ ਮਾਨੁ ।
ਪੰਚੇ ਸੋਹਹਿ ਦਰਿ ਰਾਜਾਨੁ ।
ਪੰਚਾ ਕਾ ਗੁਰੁ ਏਕੁ ਧਿਆਨ ।[19]

ਜਿਵੈ ਸਦੇ ਜੀ ਸਚਿ ਨਿਵੜੈ
ਰੁੰਨੇ ਵੇਖਿ ਕਵੇ ਜਜਮਾਨਿਆ ॥
ਜਾਣੂ ਪਾਇਨਿ ਕੂੜਿਆਰ ।
ਮੁਹ ਕਾਲੈ ਦੋਜ਼ਕਿ ਚਾਲਿਆ ।[20]

ਨਾਨਕੁ ਆਖੈ ਰੇ ਮਨਾ
ਸੁਣੀਐ ਸਿਖ ਸਹੀ ।
ਲੇਖਾ ਰੱਬ ਮੰਗੇਸੀਆ
ਬੈਠਾ ਕੱਢਿ ਵਹੀ ।
ਤਲਬਾਂ ਪਉਸਨਿ ਆਕੀਆ
ਬਾਕੀ ਜਿਨਾ ਰਹੀ ॥[21]

ਗੁਰੂ ਨਾਨਕ ਬਾਣੀ ਭਾਰਤੀ-ਸਾਹਿਤ ਵਿਚੋਂ ਵੀ ਹਵਾਲੇ ਦੇਂਦੀ ਪੁਰਾਣਾਂ ਅਨੁਸਾਰ ਚਿੱਤਰ ਤੇ ਗੁਪਤ ਦੇ ਵਿਸ਼ੇਸ਼ ਜੀਵਾਂ ਦੇ ਕਰਮਾਂ ਦਾ ਹਿਸਾਬ ਕਿਤਾਬ ਰੱਖਦੀ ਹੈ। ਜਿਵੇਂ :

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ।[22]

---

18. ਜਪੁਜੀ ਗੁਰੂ ਨਾਨਕ ਬਾਣੀ, ਪੰ. 38
19. ਉਹੀ, ਪੰ. 19
20. ਆਦਿ ਗ੍ਰੰਥ, ਪੰ. 463, ਰਾਗ ਆਸਾ ਦੀ ਵਾਰ, ਮ. 1
21. ਗੁਰੂ ਨਾਨਕ ਬਾਣੀ, ਭਾਗ ਦੂਜਾ, ਪੰ. 1043, ਮ. 1
22. ਜਪੁਜੀ ਗੁਰੂ ਨਾਨਕ ਬਾਣੀ, ਪੰ. 38

ਇਸੇ ਤਰ੍ਹਾਂ ਭਾਰਤੀ ਸੰਸਕ੍ਰਿਤੀ ਵਿਚ ਤੀਰਥ ਯਾਤਰਾ ਦੀ ਲੋਕ ਰੂੜੀ ਇਕ ਬਲਵਾਨ ਰੂੜੀ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਤੀਰਥਾਂ ਦਾ ਭ੍ਰਮਣ ਕਰਨ ਅਤੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਨਿਵਰਤੀ ਹੋ ਜਾਂਦੀ ਹੈ । ਇਸ ਤੱਥ ਨਾਲ ਜੁੜੇ ਅੰਧ-ਵਿਸ਼ਵਾਸਾਂ ਨੂੰ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਰਾਂਹੀ ਦੱਸਣ ਦਾ ਯਤਨ ਕੀਤਾ ਹੈ ਕਿ ਕਰਮ ਕਾਂਡਾਂ ਤੇ ਪਾਪਾਂ ਤੋਂ ਮੁਕਤੀ ਦਾ ਸਾਧਨ ਸਿਰਫ ਪ੍ਰਭੂ ਭਗਤੀ ਹੀ ਹੈ ਜਿਸ ਨਾਲ ਨਿਸ਼ਕਾਮੀ ਬਣਿਆ ਜਾ ਸਕਦਾ ਹੈ।

"ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ"।।[23]

"ਬਾਹਰਿ ਧੋਤੀ ਤੂਮੜੀ
ਅੰਦਰਿ ਵਿਸੁ ਨਿਕੋਰ "।।[24]

"ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ।।
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰੁ"।।[25]

ਹਿੰਦੂ ਸਮਾਜ ਵਿੱਚ ਜਨੇਊ ਪਾਉਣ ਦੀ ਲੋਕ ਰੂੜੀ ਵੀ ਇਕ ਬੜੀ ਮਹੱਤਵਪੂਰਨ ਲੋਕ ਰੂੜੀ ਹੈ । ਪਰ ਕੇਵਲ ਸੂਤ ਦਾ ਵੱਟਿਆ ਹੋਇਆ ਜਨੇਊ ਦਾ ਧਾਗਾ ਪਾਣ ਨਾਲ ਮੁਕਤੀ ਨਹੀਂ ਹੁੰਦੀ ਜਿਨ੍ਹਾਂ ਚਿਰ ਮਨੁ ਦੇ ਅਮਲ ਚੰਗੇ ਨਾ ਹੋਣ ਜੇ ਕਰਮ ਚੰਗੇ ਨਹੀਂ ਤਾਂ ਜਨੇਊ ਕੇਵਲ ਲੋਕ ਵਿਖਾਵਾ ਹੈ । ਗੁਰੂ ਜੀ ਦਾ ਫੁਰਮਾਣ ਹੈ :

"ਚਉਕੜਿ ਮੁਲਿ ਅਣਾਇਆ ਬਹਿ ਚਉਕੇ ਪਾਇਆ
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ।।[26]

ਆਸਾ ਦੀ ਵਾਰ ਵਿਚ ਜਿਨ੍ਹਾਂ ਲੋਕ ਰੂੜੀਆਂ ਦਾ ਵਿਸ਼ਲੇਸ਼ਣ ਗੁਰੂ ਨਾਨਕ ਜੀ ਨੇ ਕੀਤਾ ਹੈ ਉਨਾਂ ਬਾਰੇ ਡਾ. ਮਹਿੰਦਰ ਕੌਰ ਗਿੱਲ ਦਾ ਵਿਚਾਰ ਹੈ :

"ਧਰਮ ਗ੍ਰੰਥ ਪੜ ਕੇ ਗਾਇਤ੍ਰੀ ਮੰਤਰ ਦਾ ਜਾਪ
ਕਰਨਾ, ਪਰ ਮਨ ਵਿਚ ਵਿਵਾਦ ਰੱਖਣਾ।"
"ਸ਼ਰਧਾ ਰਹਿਤ ਸਾਲਗ੍ਰਾਮ ਦੀ ਪੂਜਾ ਕਰਨੀ ਮਾਲਾ ਪਾਉਣੀ,
ਮਥੇ ਤੇ ਤਿਲਕ ਲਾਉਣਾ, ਗਲੇ ਧੋਤੀ ਬੰਨਣੀ,ਜਨੇਊ ਪਾਉਣਾ ।

---

23. ਆਦਿ ਗ੍ਰੰਥ, ਪੰ. 473,ਰਾਗ ਆਸਾ ਮ. 1
24. ਗੁਰੂ ਨਾਨਕ ਬਾਣੀ ਰਾਗ ਸੂਹੀ, ਪੰ. 822
25. ਉਹੀ, ਪੰ. 822
26. ਵਾਰ ਆਸਾ ਮ. 1, ਆਦਿ ਗ੍ਰੰਥ,ਪੰ. 471

ਜਨੇਊ ਤੇ ਮਸੂਲ ਲਾਉਣਾ, ਚੌਕੇ ਨੂੰ ਪਵਿਤਰ ਮੰਨ ਕੇ

ਚੌਕੇ ਵਿਚ ਪੋਚਾ ਲਾਉਣਾ, ਸੁੱਚ ਭਿਟ, ਸੂਤਕ,

ਪਾਤਰ, ਸਰਾਧ, ਦਾਨ,ਪੁੰਨ, ਨਾਰੀ ਮਹਾਵਾਰੀ ਤੇ ਅਪਵਿਤਰਤਾ

ਨਾਲ ਸਬੰਧਤ ਵਹਿਮਾਂ ਭਰਮਾਂ ਦਾ ਖੰਡਨ ਕਰਕੇ ਪੁਨਰ ਮੁਲੰਕਣ ਕੀਤਾ ਹੈ।[27]

ਜਨੇਊ ਪੂਜਾ ਦੀ ਲੋਕ ਰੂੜੀ ਵੀ ਬੜੀ ਸ਼ਕਤੀਸ਼ਾਲੀ ਹੈ। ਗੁਰੂ ਜੀ ਇਸ ਦੀ ਕੇਵਲ ਵਿਖਾਵੇ ਦੀ ਪੂਜਾ ਬਾਰੇ ਦੱਸਦੇ ਹਨ :

ਜਨੇਊ ਇਦਾਨਾਮਣ ਕਉ ਕਰ ਨਾਵਹੁ
ਫਿਰ ਤਰਹੂ ਨ ਜਾਈ ॥
ਚੋਰੀ ਕਿਆ ਹੈ ਜਪ ਮਾਲੀ
ਪਾਨੂ ਮਰੋੜਾ ਖਾਣੀ "॥[28]

"ਜੇਕਰ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ"॥[29]

<u>ਲੋਕ ਕਾਵਿ-ਰੂਪ</u> :

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਮਾਧਿਅਮ ਵਜੋਂ ਲੋਕ ਕਾਵਿ ਰੂਪਾਂ ਦੀ ਵਰਤੋਂ ਵੀ ਵਡੇ ਸਹਿਜੇ ਰੂਪ ਵਿਚ ਹੋਈ ਹੈ। ਇਕ ਉਤਕ੍ਰਿਸ਼ਟ ਸਾਹਿਤਕਾਰ ਜਾਂ ਧਾਰਮਿਕ ਰਹਿਬਰ ਆਪਣੇ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਲਈ ਅਜਿਹੇ ਕੋਡਜ਼ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਦੀ ਜਨ-ਸਧਾਰਨ ਵਿਅਕਤੀ ਨੂੰ ਪਛਾਣ ਹੋਵੇ ਅਰਥਾਤ ਜਿਹੜੇ ਆਮ ਮਨੁੱਖ ਦੀ ਸਮਝ ਵਿਚ ਆ ਸਕਦੇ ਹੋਣ ਜਾਂ ਉਨ੍ਹਾਂ ਦੀ ਪਹੁੰਚ ਸਮਰਥਾ ਅਨੁਸਾਰ ਹੋਣ। ਜੇ ਸਾਹਿਤਕਾਰ/ਆਗੂ ਅਜਿਹਾ ਨਹੀਂ ਕਰਦਾ ਤਾਂ ਉਹ ਆਪਣੀ ਗਲ ਅਥਵਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਸਫਲ ਨਹੀਂ ਹੋ ਸਕਦਾ। ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਚਾਰ ਪ੍ਰਬੰਧ ਵਿਚ ਲੋਕ ਰੂੜੀਆਂ ਤੋਂ ਬਾਅਦ ਸਭ ਤੋਂ ਵੱਧ ਵਰਤੋਂ ਲੋਕ ਕਾਵਿ ਰੂਪਾਂ ਦੀ ਕੀਤੀ ਹੈ। ਗੁਰੂ ਨਾਨਕ ਬਾਣੀ ਵਿਚ ਬਤੌਰ ਸੰਚਾਰ ਮਾਧਿਅਮ

---

27. ਮਹਿੰਦਰ ਕੌਰ ਗਿੱਲ ਬਾਣੀ ਬਿਧਾਨ, ਪੰ. 72
28. ਆਦਿ ਗ੍ਰੰਥ, ਵਾਰ ਆਸਾ, ਪੰ. 471
29. ਉਹੀ, ਪੰ. 472

ਦੋ ਦੋ ਪ੍ਰਕਾਰ ਦੇ ਸਿਰਜਣ ਮਾਧਿਅਮ ਰਾਹੀਂ ਵਿਚ ਵਿਖਾਏ ਜਾਂਦੇ ਹਨ । ਪਹਿਲੇ ਦਾ ਸਬੰਧ ਸਾਹਿਤਕ ਪ੍ਰੰਪਰਾ ਨਾਲ ਹੈ ਅਤੇ ਦੂਜੇ ਮਾਧਿਅਮ ਦਾ ਸੰਬੰਧ ਲੋਕ-ਪਰੰਪਰਾ ਨਾਲ ਹੈ । ਸਾਹਿਤਕ ਪਰੰਪਰਾ ਨਾਲ ਸੰਬੰਧਿਤ ਹਨ :

1. ਇਕ ਪਦੇ
2. ਦੋ ਪਦੇ
3. ਤਿੰਨ ਪਦੇ
4. ਚਉਪਦੇ
5. ਪੰਜ ਪਦੇ
6. ਛੇ ਪਦੇ
7. ਸਤ ਪਦੇ
8. ਅਸ਼ਟਪਦੀ
9. ਸਲੋਕ
10. ਸੋਹਲੇ ਆਦਿ

ਲੋਕ ਪਰੰਪਰਾ ਨਾਲ ਸੰਬੰਧਿਤ ਹਨ :

1. ਪਹਰੇ
2. ਥਿਤੀ
3. ਛੰਤ
4. ਬਾਰਾਂ ਮਾਹ
5. ਵਾਰਾਂ
6. ਅਲਾਹਣੀ
7. ਸਦ
8. ਕੀਰ ਆਦਿ
9. ਕਾਫੀ ।

ਇਹ ਗੁਰਬਾਣੀ ਦੀ ਕਾਵਿ-ਪਰੰਪਰਾ ਵਿਚ ਕੁਝ ਅਜਿਹੀਆਂ ਕੁਝਤਾਂ ਵੀ ਹੋਈਆਂ ਹਨ ਜਿਹੜੀਆਂ ਸਿਧਾਂਤ-ਮੋਜਲਾਂ ਦੇ ਮਾਧਿਅਮ ਦੁਆਰਾ ਵੀ ਸਿਰਜਨ ਹੋਈਆਂ ਮਿਲਦੀਆਂ ਹਨ। ਲੋਕ-ਮਨ ਅਤੇ

ਧਰਮ ਦੇ ਸੰਸਕਾਰ ਵਿਅਕਤੀ ਵਿਸ਼ੇਸ਼ ਨਹੀਂ ਨਿਸਚਿਤ ਕਰਨੇ ਮੁਸ਼ਕਲ ਹਨ। ਜਿਸਦੇ ਟਾਕਰੇ ਤੇ ਹਰ ਵਿਅਕਤੀ ਇਛਾਂ ਨੂੰ ਸਹਿਜ ਰੂਪ ਵਿਚ ਹੀ ਗ੍ਰਹਿਣ ਕਰਦਾ ਰਹਿੰਦਾ ਹੈ । ਗੁਰੂ ਨਾਨਕ ਬਾਣੀ ਦੀ ਵਿਲੱਖਣਤਾ ਦਾ ਰਾਜ਼ ਉਸਦੀ ਵਸਤੂ ਸਮੱਗਰੀ ( content )ਅਤੇ ਵਿਧੀ ( mode ) ਹੈ । ਨਿਰਗੁਣ ਤੇ ਅਰੂਪ ਬ੍ਰਹਮ ਨਾਲ ਸਬੰਧਿਤ ਰਹੱਸਾਤਮਕ ਅਨੁਭਵ ਸੰਕਲਪ ਦੀ ਪੱਧਰ ਤੇ ਰੂਪ ਵਿਸ਼ੇਸ਼ ਦੁਆਰਾ ਹੀ ਪ੍ਰਗਟ ਹੁੰਦਾ ਹੈ । ਰੂਪ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਜਿਵੇਂ ਉਪਰ ਗੁਰੂ ਨਾਨਕ ਬਾਣੀ ਵਿਚ ਦੋ ਪ੍ਰਕਾਰ ਦੇ ਸੰਚਾਰ ਮਾਡਲਾਂ ਦੀ ਵਰਤੋਂ ਕੀਤੀ ਗਈ ਹੈ ਇਕ ਮਾਡਲ ਦਾ ਪ੍ਰੇਰਨਾ ਸਰੋਤ ਭਾਰਤੀ ਸਾਹਿਤਕ ਪ੍ਰੰਪਰਾ ਹੈ ਅਤੇ ਦੂਸਰੇ ਮਾਡਲ ਦਾ ਅਧਾਰ ਭਾਰਤੀ ਲੋਕ ਸਾਹਿਤ ਪ੍ਰੰਪਰਾ ਹੈ ।[30]

ਗੁਰੂ ਨਾਨਕ ਦੇਵ ਜੀ ਨੇ ਛੰਤ ਥਿਤੀ, ਬਾਰਾਂਮਾਹ,ਵਾਰਾਂ ਅਤੇ ਅਲਾਹੁਣੀਆਂ ਰੂਪ ਦੀ ਵਰਤੋਂ ਕੀਤੀ ਹੈ । ਗੁਰੂ ਜੀ ਇਹਨਾਂ ਲੋਕ ਪਰੰਪਰਾਂ ਨਾਲ ਜੁੜੇ ਕਾਵਿ ਰੂਪਾਂ ਦੀ ਵਰਤੋਂ ਨਾਲ ਸਮਕਾਲੀ ਮਨੁੱਖ ਨੂੰ ਆਪਣਾ ਵਿਸ਼ੇਸ਼ ਸੰਦੇਸ਼ ਦੇਂਦੇ ਹਨ । ਭਾਰਤੀ ਸਾਹਿਤ ਪਰੰਪਰਾ ਵਿਚ 'ਪਹਿਰੇ' ਕਾਵਿ ਰੂਪ ਦੀ ਵਰਤੋਂ 'ਬਾਰਾਮਾਂਹ' ਵਾਂਗ ਹੋਈ ਹੈ। 'ਪਹਿਰੇ' ਨੂੰ 'ਪਹਿਰ' ਕਰਕੇ ਵੀ ਲਿਖਿਆ ਹੈ । ਇਹ 'ਪਹਿਰ' ਦਿਨ ਦੇ ਚਾਰ ਭਾਗ ਵੀ ਹਨ ਤੇ ਮਨੁੱਖ ਦੀ ਉਮਰ ਦੇ ਚਾਰ ਭਾਗ ਵੀ ਹਨ ।

ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿੱਤਰਾ ।[31]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਪਹਿਲੋਂ ਕਰਮਵਾਰ ਗੁਰੂ ਸਾਹਿਬਾਂ ਦੇ ਚਉਪਦੇ ਆਉਂਦੇ ਹਨ ਫਿਰ ਆਮ ਤੌਰ ਤੇ ਅਸ਼ਟਪਦੀਆਂ, ਛੰਤ ਤੇ ਹੋਰ ਲੰਮੇਰੀਆਂ ਬਾਣੀਆਂ ਆਉਂਦੀਆਂ ਹਨ । ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਦੇ, ਦੁਪਦੇ, ਚਉਪਦੇ,ਅਸ਼ਟਪਦੀਆਂ ਛੰਤ,ਕਾਫ਼ੀ, ਬਾਰਾਮਾਂਹ, ਥਿਤੀ,ਕੁਚੱਜੀ,ਸੁਚੱਜੀ ਪਹਿਰੇ, ਸ਼ਲੋਕ ਆਦਿ ਕਾਵਿ ਰੂਪਾਂ ਦੀ ਵਰਤੋਂ ਕੀਤੀ ਗਈ ਹੈ । ਇਨਾਂ ਵਿਚੋਂ ਕੁਝ ਕਾਵਿ ਰੂਪ ਭਾਰਤੀ ਸਾਹਿਤਕ ਕਾਵਿ-ਪ੍ਰੰਪਰਾ ਨਾਲ ਸਬੰਧਿਤ ਹਨ ਅਤੇ ਕੁਝ ਕਾਵਿ ਰੂਪ ਲੋਕ-ਕਾਵਿ ਪਰੰਪਰਾ ਨਾਲ ਸਬੰਧਿਤ ਹਨ ।

---

30. ਡਾ. ਮਹਿੰਦਰ ਕੌਰ ਗਿਲ ਬਾਣੀ ਵਿਧਾਨ, ਪੰ. 76

31. ਆਦਿ ਗ੍ਰੰਥ, ਸ੍ਰੀ ਰਾਗ ਮ: 1,ਪੰ.,74

ਇਥੇ ਇਸ ਗੱਲ ਦਾ ਨਿਖੇੜ ਕਰ ਲੈਣਾ ਉਚਿਤ ਹੋਵੇਗਾ ਕਿ ਭਾਰਤੀ ਕਾਵਿ ਪਰੰਪਰਾ ਅਤੇ ਲੋਕ ਕਾਵਿ ਪ੍ਰੰਪਰਾਂ ਵਿਚ ਢੂੰਹੀ ਅੰਤਰ ਹੈ ਇਹ ਦੋਵੇਂ ਕਾਵਿ-ਪਰੰਪਰਾਵਾਂ ਸਮਾਨ-ਅੰਤਰ ਰੂਪ ਵਿਚ ਵਿਕਸਤ ਹੁੰਦੀਆਂ ਰਹੀਆਂ ਹਨ । ਸਾਹਿਤਕ ਕਾਵਿ ਪਰੰਪਰਾ ਦਾ ਸਬੰਧ ਰਿਸ਼ੀਆਂ-ਮੁਨੀਆਂ ਸਾਹਿਤ-ਚਾਰੀਆਂ ਅਤੇ ਵਿਦਵਾਨਾਂ ਅਥਵਾ ਕਵੀਆਂ ਦੁਆਰਾ ਵਰਤੇ ਗਏ ਕਾਵਿ ਰੂਪਾਂ ਨਾਲ ਹੈ । ਜਦੋਂ ਕਿ ਲੋਕ ਕਾਵਿ ਰੂਪਾਂ ਦਾ ਸਬੰਧ ਮੌਖਿਕ ਕਾਵਿ-ਧਾਰਾ ਸਮਾਜਕ ਰਸਮ-ਰੀਤਾਂ ਅਤੇ ਲੋਕ ਵਿਸ਼ਵਾਸ਼ਾਂ ਨਾਲ ਹੈ । ਪਹਿਲੀ ਕਾਵਿ ਪਰੰਪਰਾ ਦਾ ਘੇਰਾ ਪੜ੍ਹੇ ਲਿਖੇ ਵਿਦਵਾਨ ਬੁਧੀਮਾਨ ਵਿਅਕਤੀਆਂ ਨਾਲ ਸਬੰਧਤ ਹੈ ਜਦੋਂ ਕਿ ਦੂਸਰੀ ਕਾਵਿ ਪਰੰਪਰਾ ਦਾ ਸਬੰਧ ਜਨ ਸਧਾਰਣ ਵਿਅਕਤੀ ਨਾਲ ਹੈ ਅਤੇ ਉਸਦੇ ਨਿੱਤ ਦੇ ਕਾਰ ਵਿਹਾਰ, ਵਰਤਾਰੇ ਅਤੇ ਰਹਿਣ-ਸਹਿਣ ਦੇ ਢੰਗ ਨਾਲ ਹੈ । ਦੂਸਰੀ ਕਾਵਿ-ਪ੍ਰੰਪਰਾ ਵਧੇਰੇ ਢੁਕਵੀਂ ਤੇ ਉਚਿਤ ਸਿਧ ਹੋਈ ਹੈ ।

<u>ਸਾਹਿਤਕ ਪਰੰਪਰਾਂ ਨਾਲ ਸਬੰਧਤ ਕਾਵਿ ਰੂਪ :</u>

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਸਾਹਿਤਕ ਪਰੰਪਰਾ ਨਾਲ ਸਬੰਧਤ ਕਾਵਿ ਰੂਪ ਹਨ । ਪਦੇ, ਉਪਦੇ, ਅਸ਼ਟਪਦੀਆਂ, ਸ਼ਲੋਕ ਅਤੇ ਸੋਲਹੇ ਆਦਿ । ਇਨਾਂ ਕਾਵਿ ਰੂਪਾਂ ਦੀ ਸੁਯੋਗ ਵਰਤੋਂ ਨਾਲ ਗੁਰੂ ਨਾਨਕ ਆਪਣੇ ਵਿਚਾਰਾਂ ਦਾ ਪ੍ਰਸਾਰ ਪੜ੍ਹੇਂ ਲਿਖੇ ਪਾਠਕ ਵਰਗ ਲਈ ਵਿਉਂਤਦੇ ਹਨ । ਇਹ ਵਰਗ ਭਾਰਤੀ ਸਾਹਿਤਕ ਪਰੰਪਰਾ ਤੋਂ ਭਲੀ ਭਾਂਤ ਜਾਣੂ ਵਰਗ ਹੈ । ਇਸ ਵਰਗ ਨੂੰ ਆਪਣੀ ਗਲ ਸਾਹਿਤਕ ਪੱਧਰ ਤੇ ਸਮਝਾਉਣ ਲਈ ਗੁਰੂ ਜੀ ਨੇ ਉਕਤ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ । ਇਨਾਂ ਕਾਵਿ ਰੂਪਾਂ ਵਿਚੋਂ ਇਕ ਜਾਂ ਦੋ ਉਦਾਹਰਣ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਸਰਵੇਖਣ ਹਿੱਤ ਦੇ ਰਹੇ ਹਾਂ :

<u>ਪਦੇ ਜਾਂ ਇਕ ਪਦੇ</u> : ਵੱਖ ਵੱਖ ਰਾਗਾਂ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ 56 ਪਦੇ ਉਚਾਰੇ ਗਏ ਹਨ ਇਨ੍ਹਾਂ ਪਦਿਆਂ ਦੁਆਰਾ ਜਗਤ ਜੀਵ ਤੇ ਬ੍ਰਹਮ ਦੇ ਆਪਸੀ ਸਬੰਧਾਂ ਨੂੰ ਨਿਸ਼ਚਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਜਿਵੇਂ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ।।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤ ਨਾ ਆਵੈ ਨਾਉ ।।
ਹਰਿ ਬਿਨੁ ਜੀਉ ਜਲਿ ਬਲਿ ਜਾਉ ।
ਮੈਂ ਆਪਣਾ ਗੁਰੁ ਪੂਛ ਦੇਖਿਆ ਅਵਰੁ ਨਾਹੀਂ ਥਾਉ ।ਰਹਾਉ।
ਧਰਤੀ ਤੇ ਹੀਰੇ ਨਾਲ ਜੜਤੀ ਪਲਘਿ ਲਾਲ ਜੜਾਉ

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ਮਤੁ
ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ।
ਸਿਧ ਹੋਵਾ ਸਿਧਿ ਲਾਈ ਰਿਧਿ ਆਖਾ ਆਉ।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ
ਸੁਲਤਾਨ ਹੋਵਾਂ ਮੇਲਿ ਲਸਕਰ ਤਖਤ ਰਾਖਾ ਪਾਉ ।
ਹੁਕਮ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਓ ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ।।[32]

ਉਕਤ ਪਦੇ ਵਿਚ ਸੰਸਾਰਕ ਪਦਾਰਥਾਂ ਅਤੇ ਪਾਰਲੌਕਿਕ ਜੀਵਨ ਦੀ ਸਚਾਈ ਵਿਚ ਵਿਰੋਧ ਸਿਰਜ ਕੇ ਅੰਤਿਮ ਸੋਚ ਬਾਰੇ ਨਿਰਣਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ ।ਦੁਨਿਆਵੀ ਪਦਾਰਥਾਂ ਵਿਚ ਹੀਰੇ ਜਵਾਹਰਾਤ, ਲਾਲ, ਸੁੰਦਰ ਮਕਾਨ, ਖੂਬਸੂਰਤ ਔਰਤਾਂ, ਸ਼ਾਹੀ ਸਿੰਘਾਸਨ, ਸ਼ਾਹੀ ਤਖ਼ਤ,ਫੌਜਾਂ, ਲਸ਼ਕਰ, ਰਿਧੀਆਂ ਸਿਧੀਆਂ ਆਦਿ ਸਭ ਸ਼ਕਤੀ ਦੀਆਂ ਵਸਤੂਆਂ ਹਨ ਜਿਸ ਵਿਅਕਤੀ ਕੋਲ ਇਹ ਵਸਤੂਆਂ ਹਨ ਦੁਨੀਆਂਦਾਰ ਲੋਕ ਉਸਦਾ ਭਉ ਵੀ ਮੰਨਦੇ ਹਨ ਅਤੇ ਉਸਦਾ ਆਦਰ ਵੀ ਕਰਦੇ ਹਨ । ਦੁਨੀਆਂਦਾਰ ਅਮੀਰਾਂ, ਅਹਿਲਕਾਰਾਂ, ਰਾਜਿਆਂ, ਮਹਾਰਾਜਿਆਂ ਜੋਗੀਆਂ, ਸੰਤਾਂ, ਕਰਾਮਾਤੀਆਂ ਸਭ ਕੋਲੋਂ ਡਰਦੇ ਹਨ ਕਿਉਂਕੇ ਇਹਨਾਂ ਵਿਅਕਤੀਆਂ ਕੋਲ ਕਿਸੇ ਨਾ ਕਿਸੇ ਕਿਸਮ ਦੀ ਸ਼ਕਤੀ ਹੈ । ਇਹ ਸ਼ਕਤੀ ਭਾਂਵੇ ਪਦਾਰਥਾਂ ਦੀ ਹੈ ਤੇ।ਭਾਂਵੇ ਪਰਾਸਰੀਰਕ ਰਿਧੀਆਂ ਸਿਧੀਆਂ ਦੀ । ਦੁਨੀਆਂਦਾਰਾਂ ਲਈ ਅਤੇ ਵਿਸ਼ੇਸ ਕਰਕੇ ਸਧਾਰਣ ਵਿਅਕਤੀਆਂ ਲਈ ਇਹ ਵਸਤੂਆਂ ਬੜੀ ਮਾਨਤਾ ਰੱਖਦੀਆਂ ਹਨ । ਉਹ ਲੋਕ ਇਹਨਾਂ ਚੀਜ਼ਾਂ ਨੂੰ ਹੀ ਸੱਚ ਮੰਨ ਬੈਠੇ ਹਨ । ਪਰ ਗੁਰੂ ਨਾਨਕ ਦੇਵ ਜੀ ਜਿਗਿਆਸੂ ਨੂੰ ਸਮਝਾਉਂਦੇ ਹਨ ਕੇ ਇਹਨਾਂ ਵਸਤੂਆਂ ਦੀ ਚਾਹ ਨਾ ਕਰ ਕਿਤੇ ਅਜਿਹਾ ਨਾ ਹੋਵੇ ਕਿ ਤੂੰ ਇਹਨਾਂ ਮਾਇਕ ਪਦਾਰਥਾਂ, ਰੰਗ ਤਮਾਸ਼ਿਆਂ ਵਿਚ ਉਲਝ ਕੇ ਰਹਿ ਜਾਵੇ ਅਤੇ ਤੈਨੂੰ ਪ੍ਰਭੂ ਦਾ ਨਾਮ ਸਦੀਵੀ ਤੌਰ ਤੇ ਭੁਲ ਜਾਏ । 'ਪਦੇ' ਸਾਹਿਤ ਰੂਪ ਦੀ ਇਕ ਹੋਰ ਮਿਸਾਲ ਵੀ ਬੜੀ ਵਧੀਆ ਹੈ :

---

32. ਗੁਰੂ ਨਾਨਕ ਬਾਣੀ, ਪੰਜਾਬੀ ਯੂਨੀਵਰਸਿਟੀ,ਪਟਿਆਲਾ,ਪੰ. 79

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ।
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ।
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ।
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ
ਨਾ ਮਨੀਆਰੁ ਨ ਚੂੜੀਆਂ ਨਾ ਸੇ ਵੰਗੁੜੀਆਹਾ ।
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ।
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ।
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ।
ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ।
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ।
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ।
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ।
ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ।
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ।
ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ।
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ।
ਕਿਉ ਨ ਮਰੀਜੈ ਜੀਅੜਾ ਨਾ ਦੀਜੈ ਜਾ ਸਹੁ ਭਇਆ ਵਿਡਾਣਾ ।।33

ਉਪਰੋਕਤ ਪਦਾ ਸੁੰਦਰਤਾਂ ਬੋਧ ਅਤੇ ਸੁਹਜਵਾਦੀ ਭਾਵਨਾਵਾਂ ਦੀ ਸੁੰਦਰ ਮਿਸਾਲ ਹੈ । ਇਸ ਵਿਚ ਬਾਹਰੀ ਪ੍ਰਾਕ੍ਰਿਤਕ ਵਾਤਾਵਰਣ ਅਤੇ ਜੀਵਆਤਮਾਂ ਦੇ ਅੰਤਰੀਵੀ ਭਾਵ -ਜਗਤ ਨੂੰ ਬੜੀਆਂ ਹੀ ਯਥਾਰਥਿਕ ਤੇ ਸ਼ਕਤੀਸ਼ਾਲੀ ਉਪਮਾਵਾਂ ਦੁਆਰਾ ਬਿਆਨ ਕੀਤਾ ਗਿਆ ਹੈ । ਇਸ ਪਦੇ ਵਿਚ ਸਾਵਣ ਦੇ ਮਹੀਨੇ ਦੇ ਪ੍ਰਾਕ੍ਰਿਤਕ ਵਾਤਾਵਰਣ ਦੀ ਸੁੰਦਰਤਾ ਦੇ ਅੰਤਰਗਤ ਜੋਬਨਮਤੀ ਮੁਟਿਆਰ ਦੀਆਂ ਪ੍ਰੇਮ ਅਦਾਵਾਂ ਦਾ ਵਰਨਣ ਹੈ । ਜੀਵ ਇਸਤ੍ਰੀ ਆਪਣੇ ਰੂਪ ਰੰਗ ਅਤੇ ਸ਼ਿੰਗਾਰ ਦੇ ਮਾਣ ਵਿਚ ਸਮਝਦੀ ਹੈ ਕਿ ਮੈਂ ਤਾਂ ਆਪਣੇ ਪਤੀ ਪ੍ਰਭੂ ਨੂੰ ਆਪਣੀ ਸੁੰਦਰਤਾ ਨਾਲ ਅਤੇ ਨੈਣਾਂ ਨਾਲ ਵਸ ਕੀਤਾ ਹੋਇਆ ਹੈ ਇਸ ਸਮੇਂ ਵਾਤਾਵਰਣ ਵੀ ਸੁਹਾਵਣਾ ਹੈ ਇਸ ਲਈ ਮਿਲਾਪ ਅਵੱਸ਼ ਹੋਵੇਗਾ ।

33. ਗੁਰੂ ਨਾਨਕ ਬਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 647-48

ਜਦੋਂ ਜੀਵ ਰੂਪੀ ਇਸਤ੍ਰੀ ਅਜੇ ਇਸ ਤਰ੍ਹਾਂ ਦੀਆਂ ਉਕਤੀਆਂ-ਯੁਕਤੀਆਂ ਬਾਰੇ ਵਿਚਾਰ ਹੀ ਕਰ ਰਹੀ ਹੁੰਦੀ ਹੈ ਤਾਂ ਉਸਨੂੰ ਝੱਟ ਫੁਰਨਾ ਫੁਰਦਾ ਹੈ ਅਤੇ ਆਪਣੇ ਪ੍ਰਭੂ (ਪਤੀ ਦੀ ਸੁੰਦਰਤਾ ਦਾ ਅਹਿਸਾਸ ਹੁੰਦਾ ਹੈ । ਪਤੀ ਪ੍ਰਭੂ ਤਾਂ ਅਤਿ ਸੁੰਦਰ ਹੈ । ਇਹ ਸੋਚ ਕੇ ਜੀਵ ਆਤਮਾ ਸ਼ਰਮਸਾਰ ਹੁੰਦੀ ਹੈ ਅਤੇ ਕਹਿੰਦੀ ਹੈ ਹੇ ! ਪ੍ਰਭੂ ਮੈਂ ਤੇਰੇ ਦਰਸ਼ਨ ਤੋਂ ਬਲੀਹਾਰੇ ਜਾਂਦੀ ਹਾਂ ਜੇ ਮੈਂ ਮਾਣ ਕੀਤਾ ਹੈ ਤਾਂ ਉਹ ਐਸੇ ਕਰਕੇ ਕਿ ਤੂੰ ਮੇਰਾ ਆਪਣਾ ਹੈ । ਹੁਣ ਜੀਵ ਆਤਮਾਂ ਨੂੰ ਆਪਣੀ ਅਸਲੀਅਤ ਦਾ ਅਹਿਸਾਸ ਹੁੰਦਾ ਹੈ ਅਤੇ ਉਸਨੂੰ ਆਪਣੇ ਹਾਰ ਸ਼ਿੰਗਾਰ ਫਿਕੇ ਲਗਣ ਲਗ ਪੈਂਦੇ ਹਨ । ਉਸਨੂੰ ਅਹਿਸਾਸ ਹੁੰਦਾ ਹੈ ਕਿ ਉਸਦਾ ਹਾਰ ਸ਼ਿੰਗਾਰ ਕਿਸੇ ਕੰਮ ਨਹੀਂ ਆਉਂਣਾ ਜਦੋਂ ਕੇ ਪਤੀ ਪ੍ਰਮਾਤਮਾ ਤਾਂ ਹੋਰ ਜੀਵਆਤਮਾਂ ਨੂੰ ਪਿਆਰ ਕਰਦਾ ਹੈ । ਫਿਰ ਉਹ ਸੋਚਦੀ ਹੈ ਮੇਰੇ ਪਾਸ ਨਾਂ ਤਾਂ ਭਗਤੀ ਰੂਪੀ ਚੂੜੀਆਂ ਹਨ ਨਾਂ ਹੀ ਗੁਰੂ ਹੈ । ਮੈਂ ਪ੍ਰਭੂ ਪਤੀ ਨੂੰ ਕਿਵੇਂ ਰਿਝਾਉਣਾ ਹੈ । ਮੇਰੀਆਂ ਗੁੰਦੀਆਂ ਹੋਈਆਂ ਪੱਟੀਆਂ ਕਿਸ ਕੰਮ ਹਨ ਮੇਰੇ ਮਾਂਗ ਦਾ ਸੰਧੂਰ ਕਿਸ ਕੰਮ ਹੈ ਮੇਰੇ ਦੁਖਾਂ ਨੂੰ ਦੇਖ ਕੇ ਵਣਾਂ ਦੇ ਪੰਛੀ ਵੀ ਰੋਂਦੇ ਹਨ । ਹੇ ! ਪ੍ਰਭੂ ਮੈਂ ਤੈਨੂੰ ਇਕ ਵਾਰ ਸੁਪਨੇ ਵਿਚ ਮਿਲੀ ਸਾਂ ਤੇ ਫਿਰ ਵਿਛੁੜ ਗਈ ਸਾਂ ਹੇ ਭਾਗਾਂ ਵਾਲੀ ਨੀਂਦ ਤੂੰ ਦੁਬਾਰਾ ਆ ਤਾਂ ਕਿ ਸੁਪਨੇ ਵਿਚ ਹੀ ਪਤੀ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ । ਹੇ ਪ੍ਰਭੂ ਮੈਂ ਤੇਰੇ ਕੋਲ ਪਹੁੰਚ ਨਹੀਂ ਸਕਦੀ, ਨਾਂ ਹੀ ਸੰਦੇਸ਼ ਭੇਜ ਸਕਦੀ ਹਾਂ ਜੇ ਕੋਈ ਮੈਨੂੰ ਮੇਰੇ ਪਿਆਰੇ ਪਤੀ -ਪਰਮਾਤਮਾ ਦੀ ਗੱਲ ਦਸੇ ਤਾਂ ਮੈਂ ਸਿਰ ਵੱਢ ਕੇ ਚੌਕੀ ਵੱਜੋਂ ਦੇਵਾਂ ਅਤੇ ਬਿਨਾਂ ਸਿਰ ਤੋਂ ਮਾਣ ਰਹਿਤ ਹੋ ਕੇ ਸੇਵਾ ਕਰਾਂ ।

ਇਸ ਪਦੇ ਵਿਚ ਕੇਂਦਰੀ ਥੀਮ ਪ੍ਰਭ ਪਿਆਰ ਹੈ । ਪਰ ਇਸ ਪਿਆਰ ਬਾਰੇ ਅੰਤਲੀਆਂ ਪ੍ਰਕਤੀਆਂ ਵਿਚ ਆ ਕੇ ਗਲ ਸਪੱਸ਼ਟ ਕੀਤੀ ਹੈ। ਉਪਰੋਕਤ ਸਾਰਾ ਵਿਵਰਣ ਸੰਸਾਰਕ ਪ੍ਰੇਮ ਤੇ ਸਰੀਰਕ ਸੁੰਦਰਤਾ ਦੇ ਭਾਵਾਂ ਨਾਲ ਭਰਪੂਰ ਹੈ ਜੋ ਕਿ ਸਰੋਤੇ ਜਾਂ ਪਾਠਕ ਨੂੰ ਆਕਰਸ਼ਤ ਕਰਨ ਵਾਲਾ ਹੈ । ਗੁਰੂ ਨਾਨਕ ਦੇਵ ਜੀ ਦੀ ਸੰਚਾਰ ਪ੍ਰਕ੍ਰਿਆ ਦੀ ਇਹ ਖੂਬੀ ਹੈ ਕਿ ਉਹ ਪਾਰਲੌਕਿਕ ਗੱਲ ਨੂੰ ਸਮਝਾਉਣ ਲਈ ਲੌਕਿਕ ਜਗਤ ਦਾ ਪਾਸਾਰ ਰਚਦੇ ਹਨ ਅਤੇ ਜਿਉਂ ਹੀ ਉਹ ਪਾਰਲੌਕਿਕ ਨੁਕਤੇ ਨੂੰ ਸਪੱਸ਼ਟ ਕਰਦੇ ਹਨ ਤਾਂ ਲੌਕਿਕ ਪਾਸਾਰਾ ਲੋਪ ਹੋ ਜਾਂਦਾ ਹੈ । ਉਪਰੋਕਤ ਸਾਰਾ ਵਿਵਰਣ ਅਰਥਹੀਣ ਹੋ ਜਾਂਦਾ ਹੈ ਅਤੇ ਰਹਿ ਜਾਂਦੀ ਹੈ ਪਾਰਲੌਕਿਕ ਸੱਚ ਦੀ ਵਡਿਆਈ।

<u>ਚਉਪਦੇ</u> : ਗੁਰੂ ਨਾਨਕ ਦੇਵ ਜੀ ਨੇ ਸਾਹਿਤਕ ਪਰੰਪਰਾ ਵਿਚ ਚਉਪਦੇ ਕਾਵਿ ਰੂਪ ਦੀ ਵਰਤੋਂ ਵੀ ਬੜੀ ਸਰਲਤਾ ਨਾਲ ਕੀਤੀ ਹੈ। ਕਈ ਥਾਵਾਂ ਤੇ ਚਉਪਦੇ, ਦੁਪਦੇ ਇਕੱਠੇ ਆਏ ਹਨ ਅਤੇ ਕਈ ਥਾਂਵਾਂ ਤੇ ਚਉਪਦੇ ਆਏ ਹਨ । ਤੀਸਰੀ ਸਥਿਤੀ ਹੈ ਜਿਸ ਵਿਚ ਚਉਪਦੇ ਦੀ ਵਰਤੋਂ ਕੀਤੀ ਗਈ ਹੈ । ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਦੇ ਅੰਤਰਗਤ ਚਉਪਦਿਆਂ ਦੀ ਗਿਣਤੀ ਸਭ

ਤੋਂ ਵੱਧ ਹੈ ਜਿਸ ਦੀ ਗਿਣਤੀ ਮੋਟੇ ਤੌਰ ਤੇ ਦੋ ਸੌ ਦੇ ਕਰੀਬ ਹੈ। ਚਉਪਦੇ/ਦੁਪਦੇ ਸਾਹਿਤ ਰੂਪ ਦੀ ਉਦਾਹਰਣ :

ਪਉਣੈ ਪਾਣੀ ਅਗਨੀ ਕਾ ਮੇਲੁ ।
ਚੰਚਲ ਚਪਲ ਬੁਧਿ ਕਾ ਖੇਲੁ ।
ਨਉ ਦਰਵਾਜੇ ਦਸਵਾ ਦੁਆਰੁ ।
ਬੁਝੁ ਰੇ ਗਿਆਨੀ ਏਹੁ ਬੀਚਾਰੁ ।।੧।।
ਕਥਤਾ ਬਕਤਾ ਸੁਣਤਾ ਸੋਈ ।
ਆਪੁ ਬੀਚਾਰੇ ਸੁ ਗਿਆਨੀ ਹੋਈ।।ਰਹਾਉ।
ਦੇਹੀ ਮਾਟੀ ਬੋਲੈ ਪਉਣੁ।।
ਬੁਝੁ ਰੇ ਗਿਆਨੀ ਮੂਆ ਹੈ ਕਉਣੁ।
ਮੂਈ ਸੁਰਤਿ ਬਾਦੁ ਅਹੰਕਾਰੁ ।
ਓਹੁ ਨ ਮੂਆ ਜੋ ਦੇਖਣਹਾਰੁ ।।2।।
ਜੈ ਕਾਰਣਿ ਤਟਿ ਤੀਰਥ ਜਾਹੀ ।
ਰਤਨ ਪਦਾਰਥ ਘਟ ਹੀ ਮਾਹੀ ।
ਪੜਿ ਪੜਿ ਪੰਡਿਤੁ ਬਾਦੁ ਵਖਾਣੈ ।
ਭੀਤਰਿ ਹੋਦੀ ਵਸਤੁ ਨ ਜਾਣੈ।।3।।
ਹਉ ਨ ਮੂਆ ਮੇਰੀ ਮੁਈ ਬਲਾਇ ।
ਓਹੁ ਨ ਮੂਆ ਜੋ ਰਹਿਆ ਸਮਾਇ ।
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ।
ਮਰਤਾ ਜਾਤਾ ਨਦਰਿ ਨ ਆਇਆ।4।4।[34]

ਚਉਪਦੇ ਦਾ ਭਾਵ ਹੈ ਚਾਰ ਪਦਾਂ ਵਾਲੇ ਸ਼ਬਦ । ਹਰ ਪਦੇ ਵਿਚ ਚਾਰ ਜਾਂ ਚਾਰ ਤੋਂ ਵੱਧ ਪੰਕਤੀਆਂ ਹੁੰਦੀਆਂ ਹਨ । ਜਿਵੇਂ ਇਸ ਪਦੇ ਵਿਚ 18 ਪੰਕਤੀਆਂ ਹਨ ।

---

34. ਗੁਰੂ ਨਾਨਕ ਬਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 302

ਗੁਰੂ ਨਾਨਕ ਬਾਣੀ ਵਿਚ ਚਉਪਦਿਆਂ ਦੀ ਗਿਣਤੀ ਵਧੇਰੇ ਹੈ । ਇਸ ਲਈ ਚਉਪਦੇ ਵਿਚ ਮਨੁੱਖੀ ਸਰੀਰ ਦੇ ਵਿਸ਼ਲੇਸ਼ਣ ਬਾਰੇ, ਇਸ ਦੀ ਜੀਵੰਤ ਪ੍ਰਕ੍ਰਿਆ ਅਤੇ ਇਸ ਪ੍ਰਕ੍ਰਿਆ ਦੇ ਅੰਤਰਗਤ ਸਰੀਰ ਦੀ ਸੰਚਾਲਕ ਸ਼ਕਤੀ ਬਾਰੇ ਵਰਣਨ ਹੈ । ਇਹ ਸਰੀਰ ਅੱਗ, ਹਵਾ ਮਿੱਟੀ ਆਕਾਸ਼ ਆਦਿ ਤੱਤਾਂ ਦਾ ਬਣਿਆ ਹੈ, ਇਹ ਸਾਹ ਲੈਂਦਾ ਹੈ, ਬੋਲਦਾ ਹੈ, ਸੁੰਘਦਾ, ਵੇਖਦਾ ਤੇ ਅਹਿਸਾਸ ਕਰਦਾ ਹੈ ਇਹ ਸਾਰੀ ਪ੍ਰਕ੍ਰਿਆ ਇਸ ਦੀ ਗੋਚਰ ਹੋਂਦ ਦੀ ਲਖਾਇਕ ਹੈ । ਪਰ ਇਸ ਸਰੀਰ ਦੇ ਅੰਦਰ ਇਕ ਅਨੂਪ ਵਸਤੂ ਵੀ ਹੈ । ਜਿਸ ਬਾਰੇ ਇਸ ਪਦੇ ਵਿਚ ਆਖਿਆ ਹੈ ।

ਪੜਿ ਪੜਿ ਪੰਡਿਤੁ ਬਾਦੁ ਵਖਾਣੈ ।
ਭੀਤਰਿ ਹੋਂਦੀ ਵਸਤੁ ਨ ਜਾਣੈ ।[35]

ਇਸਦੇ ਸਰੀਰਕ ਪ੍ਰਕਾਰਜ ਵਿਚ ਜਨਮ ਤੇ ਮਰਨ ਦਾ ਕਾਰਜ ਵੀ ਸ਼ਾਮਿਲ ਹੈ। ਪਰ ਮਰਦਾ ਕੌਣ ਹੈ, ਆਤਮਾ ਤਾਂ ਅਮਰ ਹੈ ਉਹ ਤਾਂ ਰੂਪ ਰੰਗ, ਚੱਕ ਚਿਹਨ ਰਹਿਤ ਹੈ। ਤਾਂ ਫਿਰ ਕੌਣ ਮਰਦਾ ਹੈ ਇਸ ਸਿਧਾਂਤਕ ਗੱਲ ਨੂੰ ਸਮਝਾਉਣ ਲਈ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਜਨ ਸਧਾਰਨ ਦੀ ਪੱਧਰ ਤੇ ਪੁਜ ਕੇ ਇਸ ਤਰ੍ਹਾਂ ਸਪੱਸ਼ਟ ਕਰਦੀ ਹੈ :

ਦੇਹੀ ਮਾਟੀ ਬੋਲੈ ਪਉਣੁ
ਬੁਝੁ ਰੇ ਗਿਆਨੀ ਮੂਆ ਹੈ ਕਉਣੁ
ਮੂਈ ਸੁਰਤਿ ਬਾਦੁ ਅਹੰਕਾਰੁ
ਉਹੁ ਨ ਮੂਆ ਜੋ ਦੇਖਣਹਾਰੁ ।[36]

ਭਾਵ ਸਰੀਰਕ ਪ੍ਰਕ੍ਰਿਆ ਵਿਚ ਹੀ ਮਿੱਟੀ ਸਰੀਰ ਸੁਰਤ ਅਤੇ ਅਹੰਕਾਰ ਹਨ । ਸਰੀਰ ਦੇ ਨਾਸ਼ ਹੋਣ ਨਾਲ ਇਹੀ ਮਰਦੇ ਹਨ । ਉਹ ਅਮਰ ਮੂਲ ਜੋਤ ਜੋ ਇਸ ਜਗਤ ਤਮਾਸ਼ੇ ਨੂੰ ਵੇਖਦੀ ਹੈ ਉਹ ਤਾਂ ਕਦੇ ਨਹੀਂ ਮਰਦੀ । ਰਾਗ ਤਿਲੰਗ ਵਿਚ ਚਉਪਦੇ ਸਾਹਿਤ ਕਾਵਿ ਰੂਪ ਦੀ ਇਕ ਸੁੰਦਰ ਮਿਸਾਲ ਪੇਸ਼ ਹੈ :

---

35. ਆਦਿ ਗ੍ਰੰਥ ਪੰ. 152, ਰਾਗ ਗਉੜੀ, ਮ: 1
36. ਉਹੀ, ਪੰ.,152

ਇਆਨੜੀਏ ਮਾਨੜਾ ਕਾਇ ਕਰੇਹਿ ।
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ।
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥
ਭੈ ਕੀਆ ਦੇਹਿ ਸਲਾਈਆ ਨੈਣੀ ਭਾਵਕਾਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ।
ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥
ਕਰਣ ਪਲਾਹ ਕਰੇ ਬਹੁਤੇ ਰਾਧਾਵੈ ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ।
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ।
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ।
ਜਾਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ।
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ।
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ।
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ।
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ।
ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ।[37]

ਉਪਰੋਕਤ ਛੁਪਦੇ ਵਿਚ ਗੁਰੂ ਸਾਹਿਬ ਜੀਵ ਆਤਮਾਂ ਨੂੰ ਘਟ ਸਮਝ ਵਾਲੀ ਇਆਣੀ ਬਾਲੀ ਦੇ ਰੂਪ ਵਿਚ ਬਿਆਨ ਕਰਦੇ ਹੋਏ ਸਮਝਾਉਂਦੇ ਹਨ । ਇਥੇ ਵੀ ਬਤੌਰ ਸੰਚਾਰ ਪ੍ਰਕ੍ਰਿਆ ਦੇ

ਲੌਕਿਕ ਜਗਤ ਅਤੇ ਪਾਰ ਲੌਕਿਕ ਪਰਮ ਤੱਤ ਵਿਚਕਾਰ ਇਕ ਵਿਰੋਧ ਭਾਸ ਸਿਰਜਿਆ ਗਿਆ ਹੈ । ਲੌਕਿਕ ਜਗਤ ਦੀ ਹੇ ਜੀਵ-ਇਸਤ੍ਰੀ ਤੂ ਕਾਹਦਾ ਮਾਣ ਕਰਦੀ ਹੈ ? ਤੇਰਾ ਮਾਣ ਵਿਅਰਥ ਹੈ ਤੂੰ ਆਪਣੇ ਹਿਰਦੇ ਵਿਚ ਵਸਦੇ ਹਰੀ ਦੇ ਰਸ ਨੂੰ ਤਾਂ ਮਾਣ ਨਹੀਂ ਸਕਦੀ । ਪਤੀ ਪ੍ਰਮਾਤਮਾ ਤਾਂ ਤੇਰੇ ਹਿਰਦੇ ਵਿਚ ਵਸਦਾ ਹੈ ਜਿਸਨੂੰ ਤੂ ਬਾਹਰੋਂ ਲਭ ਰਹੀ ਹੈ । ਹੇ-ਮੰਦ ਅਕਲ ਵਾਲੀਏ ਆਪਣੀਆਂ ਅੱਖਾਂ ਵਿਚ ਪ੍ਰਮਾਤਮਾ ਦੇ ਭੈ ਦਾ ਸੁਰਮਾ ਪਾ ਅਤੇ ਪ੍ਰੇਮ ਦਾ ਸ਼ਿੰਗਾਰ ਕਰ।

ਸੰਚਾਰ ਪ੍ਰਕ੍ਰਿਆ ਵਜੋਂ ਪਾਰਲੌਕਿਕ ਸੋਚ ਅਤੇ ਲੌਕਿਕ ਜਗਤ ਦਾ ਵਿਰੋਧਾਭਾਸ ਇਸ ਪ੍ਰਕਾਰ ਸਿਰਜਿਆ ਹੈ :

---

37. ਆਦਿ ਗ੍ਰੰਥ ਰਾਗ ਤਿਲੰਗ, ਮ: 1, ਪੰ: 722

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ।

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ।

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ।

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ।

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ।

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ।

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ।[38]

ਇਸ ਅੰਤਰ ਵਿਰੋਧ ਵਿਚੋਂ ਪਾਰਲੌਕਿਕ ਸੱਚ ਨੂੰ ਰੂਪਮਾਨ ਕੀਤਾ ਗਿਆ ਹੈ ਅਤੇ ਉਸਦੀ ਪ੍ਰਾਪਤੀ ਲਈ ਅਤਿ ਨਿਰਮਾਣ ਅਤੇ ਯੁਕਤੀਆਂ, ਜੁਗਤੀਆਂ ਅਤੇ ਹੋਰ ਸਿਆਣਪਾਂ ਚਤੁਰਾਈਆਂ ਨੂੰ ਤਿਆਗਣ ਦੀ ਸਿਖਿਆ ਦਿੱਤੀ ਹੈ ।

<u>ਅਸ਼ਟਪਦੀਆਂ</u> : ਭਾਰਤੀ ਸਾਹਿਤ ਪਰੰਪਰਾ ਵਿਚ ਮਹੱਤਵਪੂਰਨ ਸਾਹਿਤ ਰੂਪ ਹੈ। ਇਸ ਵਿਚ ਆਮ ਤੌਰ ਤੇ 8 ਪਦੇ ਹੁੰਦੇ ਹਨ । ਪਰ ਗੁਰੂ ਨਾਨਕ ਦੇਵ ਜੀ ਦੁਆਰਾ ਰਚੀਆਂ ਗਈਆਂ ਅਸ਼ਟਪਦੀਆਂ ਵਿਚ ਲਗ ਭਗ ਹਰ ਰਾਗ ਵਿਚ ਅਸ਼ਟਪਦੀ ਦੀ ਰਚਨਾ ਕੀਤੀ ਗਈ ਹੈ । ਸੂਹੀ ਰਾਗ ਵਿਚੋਂ ਉਦਾਹਰਣ ਪੇਸ਼ ਹੈ :

ਸਭੇ ਕੰਤ ਮਹੇਲੀਆ, ਸਗਲੀਆ ਕਰਹਿ ਸੀਗਾਰੁ ।

ਗਣਤ ਗਣਾਵਣਿ ਆਈਆ, ਸੂਹਾ ਵੇਸੁ ਵਿਕਾਰੁ ।

ਪਾਖੰਡਿ ਪ੍ਰੇਮੁ ਨ ਪਾਈਐ, ਖੋਟਾ ਪਾਜੁ ਖੁਆਰੁ।੧।

ਹਰਿ ਜੀਉ ਇਉ ਪਿਰੁ ਰਾਵੈ ਨਾਰਿ ।

ਤੁਧੁ ਭਾਵਨਿ ਸੋਹਾਗਣੀ ਆਪਣੀ ਕਿਰਪਾ ਲੈਹਿ ਸਵਾਰਿ ।੧।

ਗੁਰਸਬਦੀ ਸੀਗਾਰੀਆ, ਤਨੁ ਮਨੁ ਪਿਰ ਕੈ ਪਾਸਿ ।

ਦੁਇ ਕਰ ਜੋੜਿ ਖੜੀ ਤਕੈ, ਸਚੁ ਕਹੈ ਅਰਦਾਸਿ ।

---

38. ਆਦਿ ਗ੍ਰੰਥ ਰਾਗ ਤਿਲੰਗ, ਮ: 1, ਪੰ: 722

ਨਾਮਿ ਰਤੀ ਸਚ ਹੈ ਵਸੀ, ਭਾਇ ਰਤੀ ਰੰਗਿ ਰਾਸਿ ।।2।।
ਪ੍ਰਿਅ ਕੀ ਚੇਰੀ ਕਾਂਢੀਐ, ਲਾਲੀ ਮਾਨੈ ਨਾਉ ।
ਸਾਚੀ ਪ੍ਰੀਤਿ ਨ ਤੁਟਈ, ਸਾਚੇ ਮੇਲਿ ਮਿਲਾਉ ।
ਸਬਦਿ ਰਤੀ ਮਨੁ ਵੇਧਿਆ, ਹਉ ਸਦ ਬਲਿਹਾਰੈ ਜਾਉ ।3।
ਸਾ ਧਨ ਰੰਡ ਨ ਬੈਸਈ, ਜੇ ਸਤਿਗੁਰ ਮਾਹਿ ਸਮਾਇ ।
ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ।
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ।4।
ਸਾਚੁ ਧੜੀ ਧਨ ਮਾਡੀਐ, ਕਾਪੜੁ ਪ੍ਰੇਮ ਸੀਗਾਰੁ ।
ਚੰਦਨੁ ਚੀਤਿ ਵਸਾਇਆ, ਮੰਦਰੁ ਦਸਵਾ ਦੁਆਰੁ।
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰਹਾਰੁ।5।
ਨਾਰੀ ਅੰਦਰਿ ਸੋਹਣੀ, ਮਸਤਕਿ ਮਣੀ ਪਿਆਰੁ।
ਸੋਭਾ ਸੁਰਤਿ ਸੁਹਾਵਣੀ, ਸਾਚੈ ਪ੍ਰੇਮਿ ਅਪਾਰ ।
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ, ਗੁਰ ਕੈ ਹੇਤਿ ਪਿਆਰਿ।6।
ਨਿਸਿ ਅੰਧਿਆਰੀ ਸੁਤੀਏ, ਕਿਉ ਪਿਰ ਬਿਨੁ ਰੈਣਿ ਵਿਹਾਇ ।
ਅੰਕੁ ਜਲਉ ਤਨੁ ਜਾਲੀਅਉ, ਮਨੁ ਧਨੁ ਜਲਿਬਲਿ ਜਾਇ ।
ਜਾ ਧਨ ਕੰਤਿ ਨ ਰਾਵੀਆ, ਤਾਂ ਬਿਰਥਾ ਜਬਨੁ ਜਾਇ ।
ਸੇਜੈ ਕੰਤ ਮਹੇਲੜੀ, ਸੂਤੀ ਬੂਝ ਨਾ ਪਾਇ ।
ਹਉ ਸੁਤੀ, ਪਿਰੁ ਜਾਗਣਾ, ਕਿਸ ਕਉ ਪੂਛਉ ਜਾਇ ।
ਸਤਿਗੁਰਿ ਮੇਲੀ, ਭੈ ਵਸੀ, ਨਾਨਕ ਪ੍ਰੇਮੁ ਸਖਾਇ ।।8।[39]

ਅਸ਼ਟਪਦੀ ਦੇ ਅੱਠ ਪਦੇ ਹੁੰਦੇ ਹਨ, ਪਰ ਕਈ ਅਸ਼ਟਪਦੀਆਂ ਵਿਚ ਪਦਿਆਂ ਦੀ ਗਿਣਤੀ ਨੌ ਵੀ ਹੈ । ਸ੍ਰੀ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਦੂਸਰੀ ਅਸ਼ਟਪਦੀ ਹੈ ।ਜਿਸ ਵਿਚ ਗੋਚਰ ਜਗਤ ਦੀਆਂ ਸਚਾਈਆਂ ਤੇ ਵਰਤੋਂ ਵਰਤਾਰੇ ਦੇ ਮੁਕਾਬਲੇ ਤੇ ਪਾਰਲੌਕਿਕ ਸਤ ਦੀ ਵਰਤੋਂ ਵਰਤਾਰੇ ਵਿਚਲੇ ਪਾਰਲੌਕਿਕ ਸਵੈ-ਵਿਰੋਧੀ ਪਸਾਰ ਦੁਆਰਾ ਪਾਰਲੌਕਿਕ 'ਸਤਿ' ਦੀ ਮਹਾਨਤਾ ਨੂੰ ਬਿਆਨ ਕੀਤਾ ਗਿਆ ਹੈ । ਜਨ ਸਧਾਰਣ ਆਪਣੀ ਬੁਧੀ ਅਨੁਸਾਰ ਵੇਖੀਆਂ ਛੋਹੀਆਂ ਵਸਤੂਆਂ ਅਤੇ ਜੀਵਾਂ ਬਾਰੇ ਜਾਣਕਾਰੀ ਰੱਖਦਾ ਹੈ । ਉਸਦੀ ਇਸ ਪਹਿਲਾਂ ਤੋਂ ਹੀ

---

39. ਗੁਰੂ ਨਾਨਕ ਬਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ ਪਹਿਲਾ, ਪੰ. 145-46

ਪ੍ਰਾਕ੍ਰਿਤ ਜਾਣਕਾਰੀ ਨੂੰ ਅਧਾਰ ਬਣਾ ਕੇ ਸਾਹਿਬ ਸ੍ਰੀ ਨਾਨਕ ਦੇਵ ਜੀ ਆਪਣੇ ਸੂਖਮ ਭਾਵਾਂ ਦਾ ਸੰਚਾਰ ਕਰਦੇ ਹਨ । ਇਹੀ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਵਿਲੱਖਣ ਗੁਣ ਹੈ ।

ਸੁਹਾਗਣਾਂ ਦੇ ਸ਼ਿੰਗਾਰ ਅਤੇ ਹਾਵ ਭਾਵ ਤਾਂ ਹਰ ਵਿਅਕਤੀ ਨੇ ਵੇਖੇ ਹੁੰਦੇ ਹਨ । ਸੁਹਾਗਣਾਂ ਦੇ ਲਾਲ ਰੰਗ ਦੇ ਕਪੜਿਆਂ ਤੋਂ ਕੌਣ ਜਾਣੂ ਨਹੀਂ ਪਰ ਗੁਰੂ ਜੀ ਕਹਿੰਦੇ ਹਨ ਇਹ ਆਡੰਬਰ ਕੇਵਲ ਵਿਖਾਵੇ ਦੇ ਹਨ । ਇਨ੍ਹਾਂ ਆਡੰਬਰਾਂ ਨਾਲ ਹਰੀ 'ਪਤੀ' ਨੂੰ ਵੀ ਰੀਝਾਇਆ ਜਾ ਸਕਦਾ ਹੈ ? ਹਰੀ ਪਤੀ ਨੂੰ ਰੀਝਾਣ ਲਈ ਤਾਂ ਪ੍ਰੇਮ-ਭਗਤੀ, ਨਿਰਮਾਣਤਾ, ਆਪਾ ਨਿਛਾਵਰ, ਆਤਮ ਸਮਰਪਣ ਦੀ ਲੋੜ ਹੈ। ਹਰੀ ਪਤੀ ਨੂੰ ਖੁਸ਼ ਕਰਨ ਵਾਲੀ ਜੀਵ ਆਤਮਾਂ ਨੂੰ ਸੋਚ ਰੂਪੀ ਮੋਤੀਆਂ ਗੁੰਦਣੀਆਂ ਪੈਂਦੀਆਂ ਹਨ ਅਤੇ ਪ੍ਰੇਮ ਰੂਪੀ ਗਹਿਣੇ ਪਾਉਣੇ ਪੈਂਦੇ ਹਨ । ਜਿਸ ਜੀਵ ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ ਪਤੀ ਦਾ ਵਾਸਾ ਨਹੀਂ ਹੋਇਆ ਉਸ ਦਾ ਜੋਬਨ ਤੇ ਜਵਾਨੀ ਕਿਸ ਕੰਮ ਹੈ ? ਇਸ ਤਰ੍ਹਾਂ ਜੀਵ ਨੂੰ ਸਮਝਾ ਕੇ ਪ੍ਰਭੂ ਭਗਤੀ ਦੀ ਪ੍ਰੇਰਣਾ ਦਿੰਦੀ ਹੈ । ਅਸ਼ਟਪਦੀ ਦੀ ਇਕ ਹੋਰ ਉਦਾਹਰਣ :

ਗੁਰੁ ਸਾਗਰੁ ਰਤਨੀ ਭਰਪੂਰੇ ।
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ।
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ।
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ।੧।
ਕਿਆ ਬਗੁ ਬਪੁੜਾ ਛਪੜੀ ਨਾਇ ।
ਕੀਚੜਿ ਡੂਬੈ ਮੈਲੁ ਨ ਜਾਇ।੧।ਰਹਾਉ।
ਰਖਿ ਰਖਿ ਚਰਨ ਧਰੇ ਵੀਚਾਰੀ ।
ਦੁਬਿਧਾ ਛੋਡਿ ਭਏ ਨਿਰੰਕਾਰੀ ।
ਮੁਕਤਿ ਪਦਾਰਥੁ ਹਰਿ ਰਸ ਚਾਖੇ ।
ਆਵਣ ਜਾਣ ਰਹੇ ਗੁਰ ਰਾਖੇ।2।
ਸਰਵਰ ਹੰਸਾ ਛੋਡਿ ਨ ਜਾਇ ।
ਪ੍ਰੇਮ ਭਗਤਿ ਕਰਿ ਸਹਜਿ ਸਮਾਇ ।
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ।
ਅਕਥ ਕਥਾ ਗੁਰ ਬਚਨੀ ਆਦਰੁ।।3।।

ਸੁੰਨ ਮੰਡਲ ਇਕੁ ਜੋਗੀ ਬੈਸੇ ।
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ।
ਤ੍ਰਿਭਵਣ ਜੋਤਿ ਰਹੇ ਲਿਵ ਲਾਈ ।
ਸੁਰਿ ਨਰ ਨਾਥ ਸਚੇ ਸਰਣਾਈ ।
ਆਨੰਦ ਮੂਲੁ ਅਨਾਥ ਅਧਾਰੀ ।
ਗੁਰਮੁਖਿ ਭਗਤਿ ਸਹਜਿ ਬੀਚਾਰੀ ।
ਭਗਤਿ ਵਛਲ ਭੈ ਕਾਟਣਹਾਰੇ ।
ਹਉਮੈ ਮਾਰਿ ਮਿਲੇ ਪਗੁ ਧਾਰੇ ।
ਅਨਿਕ ਜਤਨ ਕਰਿ ਕਾਲੁ ਸੰਤਾਏ ।
ਮਰਣੁ ਲਿਖਾਇ ਮੰਡਲ ਮਹਿ ਆਏ ।
ਜਨਮੁ ਪਦਾਰਥੁ ਦੁਬਿਧਾ ਖੋਵੈ ।
ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ।
ਕਹਤਉ ਪੜਤਉ ਸੁਣਤਉ ਏਕ ।
ਧੀਰਜ ਧਰਮੁ ਧਰਣੀਧਰ ਟੇਕ।
ਜਤੁ ਸਤੁ ਸੰਜਮੁ ਰਿਦੈ ਸਮਾਏ ।
ਚਉਥੇ ਪਦ ਕਉ ਜੇ ਮਨੁ ਪਤੀਆਏ ।
ਸਾਚੇ ਨਿਰਮਲ ਮੈਲੁ ਨ ਲਾਗੈ ।
ਗੁਰ ਕੈ ਸਬਦਿ ਭਰਮ ਭਉ ਭਾਗੈ ।
ਸੁਰਤਿ ਮੂਰਤਿ ਆਦਿ ਅਨੂਪੁ ।
ਨਾਨਕੁ ਜਾਚੈ ਸਾਚੁ ਸਰੂਪੁ ।[40]

ਇਸ ਅਸ਼ਟਪਦੀ ਵਿੱਚ ਗੁਰੂ ਦੀ ਮਹਿਮਾਂ ਦੱਸੀ ਗਈ ਹੈ । ਗੁਰੂ ਦੀ ਸੰਗਤ ਕਰਨ ਵਾਲੇ ਪ੍ਰਭੂ ਦੇ ਨਾਮ ਰੂਪੀ ਮੋਤੀਆਂ ਨੂੰ ਚੁਗਦੇ ਹਨ । ਅਜਿਹੇ ਸੰਤਾਂ ਨੂੰ ਪ੍ਰਭੂ ਦੂਰ ਨਹੀਂ ਸਗੋਂ ਨੇੜੇ ਆਪਣੇ ਹਿਰਦੇ ਵਿਚ ਹੀ ਨਜ਼ਰ ਆਉਂਦਾ ਹੈ । ਪਰ ਗੁਰੂ ਰੂਪੀ ਸਮੁੰਦਰ ਵਿਚੋਂ ਗੁਰਮੁਖ ਹੰਸ ਹੀ ਮੋਤੀ ਚੁਗ ਸਕਦੇ ਹਨ । ਛਪੜੀਆਂ ਤੇ ਰਹਿਣ ਵਾਲੇ ਭਾਵ ਮਨਮੁਖ ਵਿਕਾਰਾਂ ਦੀ ਮੈਲ ਨਾਲ ਭਰੇ ਹੋਏ ਇਨ੍ਹਾਂ ਮੋਤੀਆਂ ਦੀ ਸਾਰ ਨਹੀਂ ਜਾਣਦੇ ਕਿਉਂਕਿ ਉਹ ਤਾਂ ਚਿੱਕੜ ਵਿਚ ਹੀ ਰਹਿੰਦੇ ਹਨ।

---

40. ਗੁਰੂ ਨਾਨਕ ਬਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ ਪਹਿਲਾ, ਪੰ. 735-36

ਇਸ ਸ਼ਬਦ ਵਿੱਚ ਗੁਰਮੁਖ ਅਤੇ ਮਨਮੁੱਖ ਦਾ ਅੰਤਰ ਵਿਰੋਧੀ ਪ੍ਰਸੰਗ ਜੋੜਕੇ ਅੰਤਿਮ 'ਸਤਿ' ਦੀ ਮਹਿਮਾਂ ਦਾ ਬਿਆਨ ਕੀਤਾ ਗਿਆ ਹੈ । ਜਿਵੇਂ ਹੰਸ ਅਤੇ ਸਰੋਵਰ ਦੀ ਹਸਤੀ ਦੀ ਦਵੈਤ ਖ਼ਤਮ ਹੋ ਜਾਂਦੀ ਹੈ ਅਤੇ ਅਦਵੈਤ ਦੀ ਸਥਿਤੀ ਵਿਚ ਪਾਰਲੌਕਿਕ 'ਸਤਿ' ਦਾ ਸਰੂਪ ਪਹਿਚਾਣ ਵਿਚ ਆ ਜਾਂਦਾ ਹੈ । ਅੰਤਲਾ ਪਦਾ ਸਮੁੱਚੀ ਵਿਚਾਰ ਪ੍ਰਕ੍ਰਿਆ ਦਾ ਵਾਸਤਵਿਕ ਤੱਤ੍ਹ ਪੇਸ਼ ਕਰਦਾ ਹੈ ਜਿਵੇਂ :

ਸਾਚੇ ਨਿਰਮਲ ਮੈਲੁ ਨਾ ਲਾਗੇ ।
ਗੁਰ ਕੇ ਸਬਦਿ ਭਰਮ ਭਉ ਭਾਗੈ ।
ਸੂਰਤਿ ਮੂਰਤਿ ਆਦਿ ਅਨੂਪ ।
ਨਾਨਕ ਜਾਂਦੇ ਸਾਚੁ ਸਰੂਪੁ ।[41]

'ਸਤਿ' ਸਰੂਪ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਹੀ ਹੁੰਦੀ ਹੈ ਅਤੇ ਹੋਰ ਸਭ ਸਿਆਣਪਾਂ ਅਤੇ ਜੱਸ ਫ਼ਜ਼ੂਲ ਹਨ ।

<u>ਛੰਤ:</u> ਛੰਤ ਕਾਵਿ-ਰੂਪ ਵਿੱਚ ਹਰ ਪਦ ਛੇ ਸਤਰਾਂ ਦਾ ਹੁੰਦਾ ਹੈ । ਇਸ ਕਾਵਿ ਰੂਪ ਦੁਆਰਾ ਗੁਰੂ ਜੀ ਨੇ ਸੂਖਮ ਰਹੱਸਵਾਦੀ ਵਿਚਾਰਾਂ ਨੂੰ ਬਿਆਨ ਕੀਤਾ ਹੈ । ਭਾਰਤੀ ਪੂਜਾ-ਆਚਾਰ ਅਤੇ ਤੀਰਥ ਯਾਤ੍ਰਾ ਦੇ ਸਬੰਧ ਵਿਚ ਨਿਮਨ ਲਿਖਤ ਛੰਤ ਵਿਚ ਚਾਰ ਪਦਿਆਂ ਦੁਆਰਾ ਮਨੁੱਖੀ ਹੋਂਦ ਨੂੰ ਵਿਆਪਕ ਪ੍ਰਭੂ ਅਤੇ ਉਸਦੇ ਬ੍ਰਹਿਮੰਡਕ-ਪਸਾਰ ਦੇ ਸੰਦਰਭ ਵਿਚ ਇਕ ਤਨਾਉ ਯੁਕਤ ਵਿਵਰਣ ਦੁਆਰਾ ਦਰਸਾਇਆ ਗਿਆ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ।
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ।
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ।
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ।।
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ।
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ।
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ।
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ।

---

41. ਗੁਰੂ ਨਾਨਕ ਬਾਣੀ ਕੋਸ਼, ਪਟਿਆਲਾ, ਪੰ. 735-36

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਚੇ ਭਾਵਏ ।
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ।
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ।
ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ।
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ।
ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ।
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਚ ਸਤੇ ।।
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ।
ਗਤਿ ਸੰਗਿ ਮੀਤਾ ਸੰਤ ਸੰਗਤਿ ਕਰਿ ਨਦਰਿ ਮੇਲਿ ਮਿਲਾਇਆ ।।
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ।
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ।
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ।
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ।
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ।
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ।[42]

ਨਿਮਨ ਲਿਖਤ ਛੰਤ ਵਿਚ ਜਿੰਦਗੀ ਦੇ ਚਾਰ ਮੁੱਖ ਪੜਾਵਾਂ ਦੁਆਰਾ ਜੀਵ ਆਤਮਾ ਅਤੇ ਪਾਰਲੌਕਿਕ ਪ੍ਰਮਾਤਮਾ ਦੇ ਆਪਸੀ ਸਬੰਧਾਂ ਨੂੰ ਦ੍ਰਿਸ਼ਟਮਾਨ ਦੇ ਪਰਿਪੇਖ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਜਿਸ ਤਰ੍ਹਾਂ ਕਿਸੇ ਕੀਮਤੀ ਵਸਤੂ ਦੀ ਸੰਭਾਲ ਲਈ ਕਿਸੇ ਨੂੰ ਉਚੇਚੇ ਤੌਰ ਤੇ ਤਾੜਨਾ ਕੀਤੀ ਜਾਂਦੀ ਹੈ :

ਪਹਿਲੈ ਪਹਿਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ।
ਵਖਰੁ ਰਾਖੁ ਮੁਈਏ ਆਵੈਵਾਰੀ ਰਾਮ ।
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ।।
ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ।
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ।
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ।

---

42 . ਗੁਰੂ ਨਾਨਕ ਬਾਣੀ ਭਾਗ ਪਹਿਲਾ ਪੰ. 741-42

ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ।
ਵਖਰੁਰਾਖੁ ਮੁਈਏ ਖਾਜੈ ਖੇਤੀ ਰਾਮ ।
ਰਾਖਹੁ ਖੇਤੀ ਹਰਿਗੁਰ ਹੇਤੀ ਜਾਗਤ ਚੋਰੁ ਨ ਲਾਗੈ ।
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉਭਾਗੈ ।
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ।
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ।।
ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ।
ਮਾਇਆ ਸੁਤਦਾਰਾ ਦੂਖਿ ਸੰਤਾਪੀ ਰਾਮ ।
ਮਾਇਆ ਸੁਤਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ।
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ।
ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ।
ਨਾਨਕਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ।
ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ।
ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ।
ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ।
ਗੁਰਸਬਦੁਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ।
ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮਸੇ ।
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ।
ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ ।
ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ।
ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ।
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ।
ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ।
ਨਾਨਕ ਸੁਰਿਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ।[43]

---

43. ਗੁਰੂ ਨਾਨਕ ਬਾਣੀ ਭਾਗ ਦੂਜਾ ਪੰ. 1259

ਜ਼ਿੰਦਗੀ ਦੇ ਪਹਿਲੇ ਭਾਗ ਵਿਚ ਹੇ ਜੀਵ-ਰੂਪੀ ਇਸਤ੍ਰੀਏ ਤੇਰੀ ਅਗਿਆਨਤਾ ਦੀ ਅੰਧੇਰੀ ਰਾਤ ਨਿਰੰਤਰ ਬਣੀ ਰਹਿੰਦੀ ਹੈ । ਹੇ ! ਮਰਨ ਜੋਗੀਏ ਆਪਣੀ ਨਾਮ-ਰੂਪੀ ਪੂੰਜੀ ਨੂੰ ਬਚਾ ਕੇ ਸੰਭਾਲ ਕਿਉਂਕਿ ਮੌਤ ਆਉਣ ਵਾਲੀ ਹੈ । ਮੌਤ ਤਾਂ ਕਿਸੇ ਸਮੇਂ ਵੀ ਆ ਜਾਵੇਗੀ ਪਰ ਤੈਨੂੰ ਮਾਇਆ ਦੀ ਨੀਂਦ ਵਿਚ ਸੁਤੀ ਨੂੰ ਕੌਣ ਖ਼ਬਰਦਾਰ ਕਰੇ । ਤੂ ਸੁਤੀ ਸੁਤੀ ਹੀ ਲੁਟੀ ਜਾਵੇਂਗੀ । ਹੇ ! ਜੀਵ ਰੂਪੀ ਇਸਤ੍ਰੀਏ ਤੇਰੀ ਜੀਵਨ ਰੂਪੀ ਮਤ ਦਾ ਦੂਸਰਾ ਪਹਿਰ ਵੀ ਗਫ਼ਲਤ ਵਿਚ ਲੰਘਦਾ ਜਾ ਰਿਹਾ ਹੈ । ਹਰੀ ਗੁਰੂ ਨਾਲ ਪਿਆਰ ਕਰਕੇ ਸੁਚੇਤ ਹੋ ਕੇ ਜਾਗਦੀ ਰਹੁ ਇਸੇ ਤਰ੍ਹਾਂ ਜੀਵਨ ਰੂਪੀ ਰਾਤ ਦਾ ਤੀਜਾ ਪਹਿਰ ਵੀ ਲੰਘਦਾ ਜਾ ਰਿਹਾ ਹੈ ਪਰ ਜੀਵ ਇਸਤ੍ਰੀ ਅਜੇ ਵੀ ਗੂੜੀ ਨੀਂਦ ਵਿਚ ਸੁਤੀ ਹੋਈ ਹੈ । ਹੇ ! ਮਰਨ ਜੋਗੀਏ ਤੂ ਅਜੇ ਵੀ ਧੀਆਂ-ਪੁੱਤਰਾਂ ਦੇ ਮੋਹ ਵਿਚ ਫਸੀ ਦੁਖੀ ਹੋ ਰਹੀ ਹੈ । ਇਸੇ ਸਥਿਤੀ ਵਿਚ ਜੀਵਨ ਰੂਪੀ ਮਤ ਦਾ ਚੌਥਾ ਪਹਿਰ ਵੀ ਆਣ ਖਲੋਤਾ ਹੈ । ਮੌਤ ਰੂਪ ਪਹੁ-ਫੁਟਾਲੇ ਹੋਣ ਵਾਲਾ ਹੈ ਪਰ ਮੂਰਖ ਇਸਤ੍ਰੀ ਅਜੇ ਵੀ ਗੁਰੂ ਦੇ ਉਪਦੇਸ਼ ਨੂੰ ਪੱਲੇ ਨਹੀਂ ਬੰਨਦੇ ਜਿਸ ਨੂੰ ਇਹ ਨਹੀਂ ਪਤਾ ਕਿ ਕਿਸੇ ਵੇਲੇ ਵੀ ਪ੍ਰਭੂ ਦਾ ਚਲਣ ਦਾ ਹੁਕਮ ਆ ਜਾਵੇਗਾ ਅਤੇ ਸਾਹਾਂ ਰੂਪੀ ਗੰਢ ਖੁਲ ਜਾਵੇਗੀ ।

ਇਸ ਤਰ੍ਹਾਂ ਸੰਬੋਧਨੀ ਸੁਰ ਵਿਚ ਜੀਵ ਆਤਮਾ ਨੂੰ ਪ੍ਰਭੂ ਪਿਆਰ ਦੀ ਪ੍ਰੇਰਨਾ ਦਿੱਤੀ ਹੈ । ਇਸ ਸ਼ਬਦ ਦਾ ਸਾਰਾ ਪਰਪੰਚ ਤਾਂ ਲੌਕਿਕ ਹੈ ਪਰ ਇਸਦਾ ਕੇਂਦਰੀ ਉਦੇਸ਼ ਪਾਰਲੌਕਿਕ 'ਸਤਿ' ਹੈ ।

<u>ਕੁਚੱਜੀ</u> : ਭਾਰਤੀ ਸਮਾਜ ਵਿਚ ਕੁਚੱਜੀ ਔਰਤ ਤੇ ਸੁਚੱਜੀ ਔਰਤ ਦਾ ਪ੍ਰਾਚੀਨ ਚਿੰਨ ਸਦਾ ਹੀ ਮਹੱਤਵ ਪੂਰਨ ਮੰਨਿਆ ਜਾਂਦਾ ਹੈ । ਕੁੱਚਜੀ ਤੇ ਸੁਚੱਜੀ ਲੋਕ ਸੰਸਕ੍ਰਿਤੀ ਤੇ ਲੋਕ ਸਿਮਰਤੀ ਵਿਚ ਇਸ ਸੁਭਾਅ ਨੂੰ ਜਾਂ ਸਖਸੀਅਤ ਨੂੰ ਪ੍ਰਤੱਖ ਕਰਨ ਵਾਲੇ ਸ਼ਬਦ ਹਨ । ਇਕ ਸ਼ਬਦ ਦੀ ਵਰਤੋਂ ਨਾਲ ਇਕ ਮਨੁੱਖ ਦਾ ਸੰਪੂਰਨ ਚਿੱਤਰ ਅੱਖਾਂ ਸਾਹਮਣੇ ਆ ਜਾਂਦਾ ਹੈ । ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਦਾ ਇਹ ਵਿਸ਼ੇਸ ਲੱਛਣ ਹੈ ਕਿ ਇਸ ਵਿਚ ਲੋਕ ਸੰਸਕ੍ਰਿਤੀ ਤੇ ਲੋਕ ਸਿਮਰਤੀ ਨੂੰ ਪਾਰਲੌਕਿਕ 'ਸਤਿ' ਦੀ ਅਭਿਵਿਅਕਤੀ ਲਈ ਸਾਧਨ ਵਜੋਂ ਵਰਤਿਆ ਗਿਆ ਹੈ ਜਿਵੇਂ :

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ।
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ।

ਜੇ ਗੁਣ ਮੰਞੂ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ।
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ।
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।
ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ।
ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ।
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ।
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ।
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਨ ਆਇ ਜੀਉ ।
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ।
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ।
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ।
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ।
ਸਭਿ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਰਾਤਿ ਜੀਉ ।।[44]

ਮੈਂ ਕੁਚੱਜੀ, ਚੱਜ ਅਚਾਰਹੀਣ ਜੀਵ ਇਸਤ੍ਰੀ ਕਿਵੇਂ ਪਤੀ ਪ੍ਰਮਾਤਮਾ ਨੂੰ ਪਾ ਸਕਦੀ ਹਾਂ ਜਦੋਂ ਕਿ ਮੈਨੂੰ ਪਤੀ ਪ੍ਰਾਪਤ ਕਰਨ ਦਾ ਚੱਜ ਹੀ ਨਹੀਂ ਆਉਂਦਾ ।

<u>ਸੁੱਚਜੀ</u> : ਸੁੱਚਜੀ ਕਾਵਿ ਰੂਪ ਕਿਸੇ ਸਾਹਿਤਕ ਪਰੰਪਰਾ ਦਾ ਕਾਵਿ ਰੂਪ ਨਹੀਂ ਹੈ । ਪਰ ਕੁਚੱਜੀ ਤੇ ਸੁਚੱਜੀ ਪੰਜਾਬੀ ਸੰਸਕ੍ਰਿਤੀ ਵਿਚ ਸਮਾਜਿਕ ਜੀਵਨ ਵਿਚ ਪ੍ਰਚਲਤ ਦੋ ਪ੍ਰਮੁੱਖ ਬਿੰਬ ਹਨ । ਗ੍ਰਿਹਸਤੀ ਜੀਵਨ ਵਿਚ ਸੁਚੱਜੀ ਮੁਟਿਆਰ ਸਹੁਰੇ ਘਰ ਆਦਰਮਾਣ ਪ੍ਰਾਪਤ ਕਰਦੀ ਹੈ ਕਿਉਂਕਿ ਉਸਨੇ ਸਤਿ, ਸੰਜਮ, ਧੀਰਜ ਆਦਿ ਦੇ ਗੁਣ ਗ੍ਰਹਿਣ ਕੀਤੇ ਹਨ । ਇਸਦੇ ਟਾਕਰੇ ਤੇ ਕੁਚੱਜੀ ਮੁਟਿਆਰ ਝਗੜੈਲੀ, ਝੂਠੀ ਅਤੇ ਫਰੇਬਣ ਹੋਣ ਕਰਕੇ ਨਿਰਾਦਰੀ ਦੀ ਪਾਤਰ ਹੁੰਦੀ ਹੈ ਗੁਰੂ ਨਾਨਕ ਦੇਵ ਜੀ ਨੇ ਇਸ ਬਿੰਬ ਦੀ ਵਰਤੋਂ ਬਤੌਰ ਕਾਵਿ ਰੂਪ ਦੇ ਕੀਤੀ ਹੈ :

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ।
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ।
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ।
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ।

---

44. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 796

ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ।
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ।
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ।
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ।
ਕਿਆ ਮਾਗਉ ਕਿਆਕਹਿਸੁਣੀ ਮੈਦਰਸਨ ਭੂਖਪਿਆਸਿ ਜੀਉ ।
ਗੁਰਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ।[45]

ਅਰਥਾਤ ਉਹ ਜੀਵ ਆਤਮਾਂ ਸੁਚੱਜੀ ਹੈ ਜਿਹੜੀ ਆਪਣੇ ਪਤੀ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦੀ ਹੈ । ਹੇ ਮਾਲਕ-ਪ੍ਰਭੂ ! ਜੇ ਤੂੰ ਮੇਰੇ ਕੋਲ ਹੈ ਤਾਂ ਸਾਰੇ ਹੀ ਮੇਰੇ ਕੋਲ ਹਨ । ਹੇ ਪਤੀ ਪ੍ਰਮਾਤਮਾ ! ਜੇ ਤੂ ਮੇਰੇ ਹਿਰਦੇ ਵਿਚ ਵਸਿਆ ਰਹੇ ਤਾਂ ਮੈਂ ਸਦਾ ਸੁਖੀ ਰਹਿੰਦੀ ਹਾਂ ।ਹੇ ਪ੍ਰੀਤਮ ! ਤੇਰੇ ਹਿਰਦੇ ਵਿਚ ਵੱਸਣ ਨਾਲ ਮੇਰੀ ਹਰ ਥਾਂ ਹੀ ਸੋਭਾ ਹੁੰਦੀ ਹੈ । ਹੇ ਮੇਰੇ ਪਿਆਰੇ ! ਤੂੰ ਜਿਸ ਨੂੰ ਚਾਹੇ ਤਖ਼ਤ ਦੀਆਂ ਵਡਿਆਈਆਂ ਸੌਂਪ ਦੇਵੇ। ਜਿਸ ਨੂੰ ਉਪਰਾਮ ਕਰੇ ਉਹ ਦਰ-ਦਰ ਮੰਗਦਾ ਫਿਰੇ, ਇਹ ਸਭ ਤੇਰੀ ਸਮਰੱਥਾ ਹੈ ਤੂੰ ਚਾਹੇ ਤੇ ਸੁਕੀ ਧਰਤੀ ਤੇ ਦਰਿਆ ਚਲਣ ਲਗ ਪੈਣ ਤੇ ਵਗਦੇ ਦਰਿਆ ਪਹਾੜਾਂ ਵਿਚ ਬਦਲ ਜਾਣ। ਸਮੁੰਦਰਾਂ ਵਿਚ ਵੀ ਫੁਲ ਖਿੜ ਸਕਦੇ ਹਨ ਤੇ ਭਵ-ਜਲ ਵੀ ਤੇਰੇ ਹੀ ਹੁਲਾਰੇ ਨਾਲ ਪਾਰ ਹੋ ਸਕਦਾ ਹੈ ।

ਸੁਚਜੀ ਜੀਵ ਇਸਤ੍ਰੀ ਜਿਹੜੀ ਉਸ ਸ਼ਹੁ ਪਤੀ ਦੇ ਹੁਕਮ ਨੂੰ ਸਮਝਦੀ ਹੈ ਇਹ ਦਸਦੀ ਹੈ ਕਿ ਉਸ ਪਿਆਰੇ ਪਤੀ ਦੀ ਭੇਟ ਵੀ ਪ੍ਰਭੂ ਭਾਣੇ ਵਿਚ ਹੀ ਪ੍ਰਾਪਤ ਹੁੰਦੀ ਹੈ । ਭਾਣੇ ਵਿਚ ਹੀ ਪਤੀ-ਪ੍ਰਮਾਤਮਾ ਮਹਲਾਂ ਤੇ ਗੁਣਾਂ ਦਾ ਖ਼ਜ਼ਾਨਾ ਦਿਸਦਾ ਹੈ । ਜੇ ਤੇਰਾ ਭਾਣਾ ਹੋਵੇ ਤਾਂ ਮੰਦ ਜੀਵ ਇਸਤ੍ਰੀ ਨੂੰ ਮਰਨ ਜੀਣ ਦੇ ਚੱਕਰ ਵਿਚ ਪਾਈ ਰੱਖਦਾ ਹੈ । ਸੁਚੱਜੀ ਜੀਵ-ਆਤਮਾਂ ਆਖਦੀ ਹੈ, ਹੇ ! ਮੇਰੇ ਰਾਂਗਲੇ ਸ਼ਹੁ ਤੂ ਪਹੁੰਚ ਤੇ ਤੋਲ ਤੋਂ ਉਪਰ ਹੈ । ਤੈਨੂੰ ਕੋਈ ਆਪਣੇ ਯਤਨਾਂ ਨਾਲ ਨਹੀਂ ਪਹੁੰਚ ਸਕਦਾ । ਭਾਣੇ ਨੂੰ ਮੰਨਣ ਵਾਲੀ ਆਗਿਆਕਾਰ ਜੀਵ-ਆਤਮਾਂ ਕੇਵਲ ਦਰਸ਼ਨ ਕਰਨ ਦੀ ਤ੍ਰਿਖਾ ਲੈ ਕੇ ਜੀਂਦੀ ਹੈ ਅਤੇ ਮੰਗ ਕੋਈ ਨਹੀਂ ਕਰਦੀ। ਸੁਚੱਜੀ ਜੀਵ ਆਤਮਾ ਆਖਦੀ ਆਖ ਹੈ ਗੁਰੂ-ਸ਼ਬਦ ਦੀ ਵਿਚਾਰ ਦੁਆਰਾ ਹੀ ਹਰ ਸੁਹਾਗਣਿ

---

45. ਗੁਰੂ ਨਾਨਕ ਬਾਣੀ ਭਾਗ ਦੂਜਾ ਪੰ. 798

ਇਸਤ੍ਰੀ ਤੇ ਪਤੀ ਪ੍ਰਮਾਤਮਾ ਨੂੰ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਨਾਨਕ ਵੀ ਇਹੋ ਅਰਦਾਸ ਕਰਦਾ ਹੈ। ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਅਜਿਹੀਆਂ ਸਾਂਸਕ੍ਰਿਤਕ ਪ੍ਰਣਾਲੀਆਂ ਦੀ ਵਰਤੋਂ ਸੂਖ਼ਮ ਰਹੱਸਵਾਦੀ ਭਾਵਾਂ ਨੂੰ ਪ੍ਰਤੱਖ ਦੀ ਪੱਧਰ ਤੇ ਸਮਝਾਉਣ ਲਈ ਹੋਂਦ ਵਿਚ ਲਿਆਂਦੀਆਂ ਗਈਆਂ ਹਨ।

ਪਹਿਰੇ : ਪਹਿਰੇ ਇਕ ਧਾਰਮਿਕ ਕਾਵਿ ਰੂਪ ਹੈ। ਇਸ ਕਾਵਿ-ਰੂਪ ਵਿਚ ਮਨੁੱਖ ਦੀ ਸਮੁੱਚੀ ਆਯੂ ਨੂੰ ਚਾਰ ਭਾਗਾਂ ਵਿਚ ਵੰਡ ਕੇ ਦਿਨ ਦੇ ਚਾਰ ਪਹਿਰਾਂ ਦੇ ਅਨੁਰੂਪ ਬਿਆਨ ਕੀਤਾ ਜਾਂਦਾ ਹੈ ਇਸਨੂੰ ਸ਼ਬਦੀ ਆਖਦੇ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਪਹਿਰੇ ਦੀ ਤੁਕ 23,12 ਦੀ ਹੈ।"[46] ਜਦੋਂ ਘੰਟੇ, ਮਿੰਟਾਂ, ਸਕਿੰਟਾਂ ਦਾ ਸਮਾਂ ਯੰਤਰ ਹੋਂਦ ਵਿਚ ਨਹੀਂ ਸੀ ਆਇਆ ਤੁੱਦੋਂ ਲੋਕ ਰਾਤ ਅਤੇ ਦਿਨ ਦੇ ਸਾਰੇ ਸਮੇਂ ਨੂੰ ਤਾਰਿਆਂ ਦੀ ਸਹਾਇਤਾ ਨਾਲ ਚਾਰ, ਚਾਰ ਪਹਿਰਾ ਵਿਚ ਵੰਡ ਕੇ ਕੰਮ ਚਲਾਉਂਦੇ ਸਨ। ਜਿਸ ਵੰਡ ਬਾਰੇ ਸਧਾਰਨ ਤੋਂ ਸਧਾਰਨ ਵਿਅਕਤੀ ਵੀ ਜਾਣੂ ਸੀ। ਇਸੇ ਲਈ ਗੁਰੂ ਨਾਨਕ ਬਾਣੀ ਦੀ ਸੰਚਾਰ-ਪ੍ਰਕ੍ਰਿਆ ਵਿਚ ਇਸਨੂੰ ਬਤੌਰ ਕਾਵਿ ਰੂਪ ਦੇ ਵਰਤਿਆ ਗਿਆ ਹੈ।

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ।
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ।
ਨਾਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ।
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ।
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ।
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ।
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ।

46. ਅਕਾਦਮਿਕ ਆਲੋਚਨਾ, ਡਾ. ਰੋਸ਼ਨ ਲਾਲ ਆਹੂਜਾ, ਪੰਨਾ-30

ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ।
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ।
ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ।
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ।
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ।
ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ ।
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ।
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ"।[47]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਪਹਰੇ ਵਿਚ ਮਨੁੱਖੀ ਜਿੰਦਗੀ ਨੂੰ ਚਾਰ ਹਿਸਿਆਂ ਵਿਚ ਵੰਡ ਕੇ ਮਨੁੱਖੀ ਆਯੂ ਦੀਆਂ ਚਾਰ ਅਵਸਥਾਵਾਂ ਨੂੰ ਬਿਆਨ ਕੀਤਾ ਹੈ ਅਤੇ ਪ੍ਰਾਣੀ ਨੂੰ ਸੁਚੇਤ ਹੋਣ ਦੀ ਖ਼ਬਰ ਕੀਤੀ ਹੈ । ਸਮਾਂ ਬੀਤ ਰਿਹਾ ਹੈ ਪਰ ਮਨੁੱਖ ਗਫ਼ਲਤ ਕੀ ਨੀਂਦੇ ਲਾ-ਪ੍ਰਵਾਹ ਸੁੱਤਾ ਹੈ । ਜੀਵਨ ਰੂਪੀ ਰਾਤ ਦੇ ਪਹਿਲੇ ਪਹਿਰ ਮਨੁੱਖ ਮਾਂ ਦੇ ਗਰਭ ਵਿਚ ਆਉਂਦਾ ਹੈ ਉਥੇ ਪ੍ਰਮਾਤਮਾ ਪਾਸ ਅਰਦਾਸ ਕਰਦਾ ਹੈ ਕਿ ਹੇ, ਵਾਹਿਗੁਰੂ ਇਸ ਨਰਕ ਕੁੰਡੀ ਵਿਚੋਂ ਕਢੋ। ਮਨੁੱਖ ਨੰਗਾ ਹੀ ਜੰਮਦਾ ਤੇ ਨੰਗਾ ਹੀ ਮਰਦਾ ਹੈ ।

ਜੀਵਨ ਰੂਪੀ ਰਾਤ ਦੇ ਦੂਜੇ ਪਹਿਰ ਵਿਚ ਇਸ ਜੀਵ ਨੂੰ ਮਾਤਾ ਪਿਤਾ ਦੀ ਸੋਝੀ ਆਉਂਦੀ ਹੈ । ਘਰ ਵਾਲੇ ਉਸਨੂੰ ਹੱਥੋਂ ਹੱਥੀਂ ਚੁਕਦੇ ਹਨ । ਮਾਂ ਪੁੱਤਰ ਨੂੰ ਮਮਤਾ ਨਾਲ ਪਾਲਦੀ ਹੈ। ਇਸ ਤਰ੍ਹਾਂ ਉਸਦੀ ਲਿਵ ਪ੍ਰਮਾਤਮਾ ਨਾਲੋਂ ਟੁੱਟ ਜਾਂਦੀ ਹੈ । ਤੀਸਰੇ ਪਹਿਰ ਵਿਚ ਅਥਵਾ ਤੀਜੇ ਭਾਗ ਵਿਚ ਮਨੁੱਖ ਜਵਾਨ ਹੁੰਦਾ ਹੈ ਅਤੇ ਜਵਾਨੀ ਅਤੇ ਦੌਲਤ ਨਾਲ ਪਿਆਰ ਕਰਦਾ ਹੈ । ਮੂਰਖ ਜੀਵ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦਾ ਇਸ ਤਰ੍ਹਾਂ ਮਾਇਆ ਮਗਰ ਦੌੜਦਾ ਹੋਇਆ ਆਪਣਾ ਜੀਵਨ ਤਬਾਹ ਕਰ ਲੈਂਦਾ ਹੈ ।

ਚੌਥੇ ਪਹਿਰ ਵਿਚ ਉਮਰ ਪੱਕ ਕੇ ਮੌਤ ਆ ਜਾਂਦੀ ਹੈ ਰਿਸ਼ਤੇਦਾਰ ਅਤੇ ਹੋਰ ਸਨੇਹੀ ਛੱਡ ਕੇ ਪਾਸੇ ਹੋ ਜਾਂਦੇ ਹਨ । ਦੋ ਚਾਰ ਦਿਨ ਝੂਠਾ ਰੋਣਾ ਕਰਲਾਉਣਾ ਕਰਕੇ ਫਿਰ ਆਪਣੇ ਦੁਨਿਆਵੀ ਧੰਧੇ ਵਿਚ ਆ ਜਾਂਦੇ ਹਨ ਇਸੇ ਤਰ੍ਹਾਂ ਇਹ ਮਨੁਖੀ ਅਮੋਲਕ ਜੀਵਨ ਦਾ ਨਾਸ਼ ਕੌਡੀ ਬਦਲੇ ਹੀ ਹੋ ਜਾਂਦਾ ਹੈ ।

---

47. ਗੁਰੂ ਨਾਨਕ ਬਾਣੀ ਭਾਗ ਪਹਿਲਾ ਪੰ., 204-5

ਅਲਾਹੁਣੀਆਂ : ਲੋਕ ਕਾਵਿ-ਪਰੰਪਰਾ ਵਿਚ ਵਿਛੜੇ ਜੀਵ ਦੀ ਯਾਦ ਵਿਚ ਅਲਾਹੁਣੀਆਂ ਦੇਣ ਦੀ ਰੁਚੀ ਪੰਜਾਬੀ ਸਮਾਜ ਤੇ ਲੋਕ ਜੀਵਨ ਵਿਚ ਬਹੁਤ ਚਿਰ ਪੁਰਾਣੀ ਹੈ । 'ਮਰੇ' ਜੀਵ ਨੂੰ ਵੱਖ ਵੱਖ ਨਾਵਾਂ ਤੇ ਉਪਨਾਵਾਂ ਨਾਲ ਸੰਬੋਧਨ ਕਰਕੇ ਅਲਾਹੁਣੀਆਂ ਦਿੱਤੀਆਂ ਜਾਂਦੀਆਂ ਹਨ । ਆਮ ਤੌਰ ਤੇ ਮਰਾਸਣ ਔਰੋ ਔਰੋ ਅਤੇ ਹੋਰ ਔਰਤਾਂ ਪਿਛੇ ਪਿਛੇ ਬੋਲ ਕੇ ਇਸ ਕਾਵਿ ਰੂਪ ਵਿਚ ਮਰੇ ਜੀਵ ਪ੍ਰਤੀ ਪਿਆਰ ਤੇ ਸਨੇਹ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਆਪਣੀ ਦੁਖਿਤ ਮਾਨਸਿਕ ਤੇ ਆਤਮਿਕ ਅਵਸਥਾ ਦਾ ਪ੍ਰਦਰਸ਼ਨ ਕਰਦੀਆਂ ਹਨ । ਲੋਕ ਜੀਵਨ ਵਿਚੋਂ ਆਪਣੇ ਵਿਚਾਰਾਂ ਦੇ ਸੰਚਾਰ ਲਈ ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਰੂਪ ਨੂੰ ਲਿੱਪੀ ਬਧ ਕਰਨ ਦਾ ਪਹਿਲਾ ਉਦਮ ਕੀਤਾ ਹੈ ਕਿਉਂਕੇ ਗੁਰੂ ਜੀ ਤੋਂ ਪਹਿਲਾਂ ਪੰਜਾਬੀ ਵਿਚ ਅਲਾਹੁਣੀਆਂ ਦਾ ਅਜੇ ਤੱਕ ਕੋਈ ਲਿਖਤੀ ਨਮੂਨਾ ਪ੍ਰਾਪਤ ਨਹੀਂ ਹੈ ।

> "ਲੋਕ ਕਾਵਿ ਰੂਪ ਵਿਚ ਅਲਾਹੁਣੀ ਪ੍ਰਾਣੀ ਦੀ ਬਿਨਸ ਗਈ ਦੇਹ ਨਾਲ ਸਬੰਧਿਤ ਹੈ । ਪਰ ਗੁਰੂ ਨਾਨਕ ਦੇਵ ਨੇ ਅਲਾਹੁਣੀ ਦਾ ਘੇਰਾ ਬਹੁਤ ਵਿਸ਼ਾਲ ਕਰ ਦਿਤਾ ਹੈ । ਬ੍ਰਹਿਮੰਡ ਅਤੇ ਮਨੁੱਖੀ ਸਰੀਰ ਦੇ ਘੇਰ ਹਨ । ਸੰਜੋਗ ਅਤੇ ਵਿਜੋਗ ਜਾਂ ਆਵਣ ਤੇ ਜਾਣ । ਗੁਰੂ ਨਾਨਕ ਦੇਵ ਜੀ ਨੇ ਸਧਾਰਣ ਸੰਸਾਰੀ ਦੇ ਦੇਹਾਂਤ ਦੀ ਗਲ ਨੂੰ ਤਿਆਗ ਕੇ ਬ੍ਰਹਿਮੰਡ ਦੇ ਬੁਨਿਆਦੀ ਨੇਮ ਨੂੰ ਇਸਦਾ ਵਿਸ਼ਾ ਬਣਾਇਆ ਹੈ ।[48]

ਰਾਗ ਵਡਹੰਸ ਵਿਚੋਂ ਇਕ ਉਦਾਹਰਣ ਪੇਸ਼ ਹੈ :

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ।
ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮਾਲੇਹਾਂ ।
ਸਾਹਿਬੁ ਸਮਾਲਿਹ ਪੰਥੁ ਨਿਹਾਲਿਹ ਅਸਾ ਭਿ ਉਥੈ ਜਾਣਾ ।
ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ।
ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀਂ ਕਿ ਹੁਕਮੁ ਕਰੇਹਾ ।
ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ।
ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ।
ਸੇਵਿਹੁ ਸਾਹਿਬੁ ਸੰਮਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ।

---

48. ਡਾ. ਮਹਿੰਦਰ ਕੌਰ ਗਿਲ, ਆਦਿ ਗ੍ਰੰਥ ਲੋਕ-ਰੂਪ ਪੰਨਾ, 62, ਪੰਜਾਬੀ ਰਾਈਟਰਜ਼ ਕੁਆਪਰੇਟਿਵ ਦਿਲੀ-1980

ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ।
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ।
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ।
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ।
ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ।
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ।
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ।
ਊਚਾ ਨਹੀਂ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ।
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ।
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ।
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ।
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ।
ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ।
ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ।
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ।[49]

ਵਡਹੰਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਨੇ ਅਲਾਹਣੀਆਂ ਸਿਰਲੇਖ ਹੇਠ 5 ਅਲਾਹਣੀਆਂ ਦੀ ਰਚਨਾ ਕੀਤੀ ਹੈ । ਉਪਰ ਦੂਸਰੀ ਅਲਾਹਣੀ ਦੀ ਰਚਨਾ ਹੈ । ਗੁਰੂ ਜੀ ਫੁਰਮਾਉਂਦੇ ਹਨ ਹੇ ! ਮੇਰੀਓ ਜੀਵ-ਇਸਤ੍ਰੀ ਸਹੇਲੀਓ ਆਓ ਇਕੱਠੀਆਂ ਹੋ ਕੇ ਸੱਚੇ ਨਾਮ ਨੂੰ ਯਾਦ ਕਰੋ। ਪਰਮਾਤਮਾਂ ਤੋਂ ਵਿਛੜੇ ਇਸ ਸਰੀਰ ਦੇ ਵਿਛੋੜੇ ਤੇ ਅਫਸੋਸ ਕਰੀਏ ਅਤੇ ਪ੍ਰਭੂ ਪਤੀ ਨੂੰ ਯਾਦ ਕਰੀਏ । ਅਸੀਂ ਇਹ ਵਿਚਾਰ ਕਰੀਏ ਕਿ ਅਸਾਂ ਵੀ ਉਥੇ ਹੀ ਜਾਣਾ ਹੈ ਜਿਥੇ ਇਹ ਸੱਜਣ ਗਿਆ ਹੈ । ਜੀਵ ਨੇ ਇਥੇ ਜੋ ਕੀਤਾ ਹੈ ਉਹ ਐਥੇ ਉਸਨੂੰ ਭੁਗਤਣਾ ਪੈਣਾ ਹੈ । ਹੇ ਮੇਰੇ ਸਤਿ ਸੰਗੀਓ ਮੌਤ ਨੂੰ ਮੰਦਾ ਨਾ ਕਹੋਂ ਇਹ ਤਾਂ ਚੰਗੀ ਹੈ ਪਰ ਜੇ ਸਾਨੂੰ ਜਿਉਂਦੇ ਜੀਅ ਮਰਨ ਦੀ ਜਾਚ ਹੋਵੇ ਆਪਣੇ ਸੱਚੇ ਮਾਲਕ ਪ੍ਰਭੂ ਦਾ ਸਿਮਰਨ ਕਰੋ ਤਾਂ ਹੀ ਉਸਦੇ ਘਰ ਮਾਨ ਇੱਜਤ ਪਾ ਸਕੋਗੇ । ਉਨਾਂ ਲੋਕਾਂ ਦਾ ਮਰਨਾ ਚੰਗਾ ਹੈ ਜਿਹੜੇ ਇਸ ਦੁਨੀਆਂ ਤੋਂ ਪਰਵਾਣ ਹੋ ਕੇ ਮਰਦੇ ਹਨ । ਗੁਰੂ ਕਹਿੰਦੇ ਹਨ ਕਿ ਕਿਸੇ ਦੇ ਮਰਨ ਤੇ ਕੀ ਰੋਈਏ। ਜਦੋਂ ਕਿ ਇਹ ਸਾਰਾ ਖੇਲ ਤਮਾਸ਼ਾ ਹੀ

---

49. ਗੁਰੂ ਨਾਨਕ ਬਾਣੀ ਕੋਸ਼ ਪਹਿਲਾ, ਪੰ: 661-62

ਚਾਰ ਦਿਨਾਂ ਦਾ ਹੈ । ਆਖਰ ਸਭ ਨੇ ਮਰਨਾ ਹੈ । ਇਸ ਤਰ੍ਹਾਂ ਗੁਰੂ ਜੀ ਨੇ ਪੰਜਾਬੀ ਸਭਿ-ਆਚਾਰਕ ਜੀਵਨ ਵਿਚ ਅਲਾਹੁਣੀਆਂ ਦੀ ਹਰਮਨ ਪਿਆਰੀ ਲੋਕ ਸਿਮਰਤੀ ਦੀ ਵਰਤੋਂ ਆਪਣੇ ਅਧਿਆਤਮਕ ਉਪਦੇਸ਼ਾਂ ਲਈ ਸਫ਼ਲ ਰੂਪ ਵਿਚ ਕੀਤੀ ਹੈ ।

<u>ਥਿਤੀ</u>: "ਥਿੰਤੀ-ਕਾਵਿ ਰੂਪ ਵੀ ਲੋਕ-ਕਾਵਿ ਪਰੰਪਰਾ ਨਾਲ ਸਬੰਧਿਤ ਕਾਵਿ ਰੂਪ ਹੈ । ਇਸ ਤੋਂ ਇਨਾਂ ਬਾਰਾਮਾਹ, ਰੁੱਤਾਂ, ਸਤਵਾਰੇ,ਅਠਵਾਰੇ,ਢੋਲੇ ਤੇ ਮਾਹੀਏ ਵੀ ਲੋਕ ਕਾਵਿ ਪਰੰਪਰਾ ਨਾਲ ਸਬੰਧਤ ਕਾਵਿ ਰੂਪ ਹਨ"।[50] ਥਿਤੀ ਕਾਵਿ ਰੂਪ ਭਾਰਤ ਪ੍ਰਚਲਤ ਰਿਸ ਹੈ, ਮਹੀਨੇ ਦੀਆਂ ਥਿਤਾਂ, ਏਕਮ,ਦੂਜ ਆਦਿ ਦੇ ਅਧਾਰ ਤੇ ਕਵਿਤਾ ਰਚਨੀ ਲੋਕ ਕਾਵਿ-ਪਰਥਰਾ ਦੀ ਹਰਮਨ ਪਿਆਰੀ ਰੁੱਚੀ ਰਹੀ ਹੈ। ਇਸੇ ਰੁਚੀ ਦੀ ਵਰਤੋਂ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਕੀਤੀ ਗਈ ਹੈ । ਗੁਰੂ ਨਾਨਕ ਦੇਵ ਜੀ ਨੇ ਥਿਤੀ ਬਾਣੀ ਸਿਰਲੇਖ ਅਧੀਨ ਰਾਗ ਬਿਲਾਵਲ ਵਿਚ 6,6 ਪੰਕਤੀਆਂ ਦੇ 20 ਪਦੇ ਲਿਖੇ ਹਨ । ਇਹਨਾਂ ਥਿਤਾਂ ਰਾਹੀਂ ਅਧਿਆਤਮਕ ਭਾਵਾਂ ਦਾ ਉਪਦੇਸ਼ ਦਿੱਤਾ ਗਿਆ ਹੈ । ਇਨਾਂ ਵਿਚੋਂ ਚੌਥੀ ਥਿਤ ਅਤੇ ਬਾਹਰਵੀਂ ਥਿਤ ਦੇ ਦੋ ਨਮੂਨੇ ਹੇਠਾਂ ਅੰਕਿਤ ਕੀਤੇ ਜਾ ਰਹੇ ਹਨ । ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਲਈ ਇਹ ਥਿਤਾਂ ਸਹਾਈ ਹੁੰਦੀਆਂ ਹਨ ।

ਚਉਥਿ ਉਪਾਏ ਚਾਰੇ ਬੇਦਾ ।
ਖਾਣੀ ਚਾਰੇ ਬਾਣੀ ਭੇਦਾ ।
ਅਸਟ ਦਸਾ ਖਟੁ ਤੀਨਿ ਉਪਾਏ
ਸੋ ਬੂਝੈ ਜਿਸ ਆਪ ਬੁਝਾਏ ।
ਤਿਨਿ ਸਮਾਵੈ ਚਉਥੈ ਵਾਸਾ
ਪ੍ਰਣ ਵਤਿ ਨਾਨਕ ਹਮ ਤਾਕੇ ਦਾਸ ।[51]

ਇਥੇ ਚੌਥੀ ਥਿਤ ਦੁਆਰਾ ਉਪਦੇਸ਼ ਹੈ ਕਿ ਪ੍ਰਭੂ ਨੇ ਚਾਰ ਵੇਦ ਪੈਦਾ ਕੀਤੇ। ਪ੍ਰਮਾਤਮਾ ਨੇ ਹੀ ਜੀਵ ਜਾਤੀਆਂ ਪੈਦਾ ਕੀਤੀਆਂ (ਅੰਡੇਜ਼, ਜੇਰਜ਼,ਸੇਤਜ,ਉਤਭੁਜ) ਅਤੇ ਚਾਰਾਂ ਨੂੰ ਵਖਰੀਆਂ ਵੱਖਰੀਆਂ ਬੋਲੀਆਂ ਪ੍ਰਦਾਨ ਕੀਤੀਆਂ । ਪ੍ਰਮਾਤਮਾ ਨੇ ਹੀ ਅਠਾਰਾਂ ਪੁਰਾਣ ਛੇ ਸ਼ਾਸਤਰ ਅਤੇ ਤਿੰਨ ਗੁਣ (ਰਜੋ,ਤਮੋਂ,ਸਤੋ) ਪੈਦਾ ਕੀਤੇ ਹਨ। ਇਸ ਉਤਪਤੀ ਦੇ ਭੇਦ ਨੂੰ ਉਹੀ ਜੀਵ ਸਮਝਦਾ ਹੈ ਜਿਸਨੂੰ ਪ੍ਰਮਾਤਮਾਂ ਆਪਣੀ ਕ੍ਰਿਪਾ ਕਰਕੇ ਤੱਥ ਸਮਝਾ ਦੇਵੇ।,ਜਿਹੜਾ ਜੀਵ ... ਗੁਣਾਂ ਨੂੰ ਮਿਟਾ ਕੇ ਚਉਥੀ (ਸਹਿਜ) ਦੀ ਅਵਸਥਾ ਵਿਚ ਟਿਕਦਾ ਹੈ । ਗੁਰੂ ਨਾਨਕ ... ਉਸਨੂੰ ਪ੍ਰਣਾਮ ਕਰਦੇ ਹਨ ।

---

50. ਡਾ. ਰੋਸ਼ਨ ਲਾਲ ਅਹੂਜਾ, ਅਕਾਦਮਿਕ ਆਲੋਚਨਾ ,ਪੰ. 32
51. ਗੁਰੂ ਨਾਨਕ ਬਾਣੀ ਭਾਗ ਦੂਜਾ,ਪੰ. 852

ਦੁਆ ਦਸਿ ਮੁਦ੍ਰਾ ਮਨੁ ਅਉਧੂਤਾ ।
ਅਹਿਨਿਸ ਜਾਗਹਿ ਕਬਹਿ ਨ ਸੂਤਾ ।
ਜਾਗਤ ਜਾਗਿ ਰਹੈ ਲਿਵ ਲਾਇ ।
ਗੁਰ ਪਰਚੈ ਤਿਸੁ ਕਾਲੁ ਨਾ ਖਾਇ ।
ਅਤੀਤ ਭਏ ਮਾਰੇ ਬੈਮਈ ।
ਪ੍ਰਣ ਵਤਿ ਨਾਨਕ ਤਾ ਲਿਵ ਲਾਈ ।[52]

ਬਾਹਰਵੀਂ ਥਿਤ ਦੁਆਰਾ ਉਪਦੇਸ਼ ਹੈ (ਦੁਆਦਸੀ) ਉਹ ਗੁਰਮੁੱਖ ਜੀ 12ਵੀ ਮੁਦ੍ਰਾ(5 ਚਿੰਨ, ਬ੍ਰਹਮਚਾਰੀ ਦੇ+3 ਚਿੰਨ ਵੈਸ਼ਨਵਾਂ ਦੇ + ਚਿੰਨ, ਸ਼ੈਵਾਂ ਦੇ +1 ਚਿੰਨ ਜੋਗੀ ਦਾ + 1 ਚਿੰਨ ਸਨਿਆਸੀ ਦਾ) ਦੇ ਧਾਰਨੀ ਹੋ ਜਾਂਦੇ ਹਨ । ਜਿਹੜੇ ਤਿਆਗੀ ਹੁੰਦੇ ਹਨ । ਅਜਿਹੇ ਗੁਰਮੁਖ ਦਿਨ ਰਾਤ ਕਾਮਕ ਬਿਮਾਰੀਆਂ ਤੋਂ ਸੁਚੇਤ ਰਹਿੰਦੇ ਹਨ । ਇਸਨੂੰ 'ਸੁਚਮ' ਆਖਦੇ ਹਨ ਜੋ ਸੁਚੇ ਹੋ ਕੇ ਗੁਰੂ ਨਾਲ ਲਿਵ ਜੋੜਦੇ ਹਨ ਉਹ ਪ੍ਰਭ ਨਾਲ ਲਿਵ ਜੋੜੀ ਰੱਖਦੇ ਹਨ । ਇਸ ਥਿਤ ਦੇ ਅੰਤਰਗਤ ਅਗਲੀਆਂ ਛੇ ਸਤਰਾਂ ਵਿਚ ਵੀ ਮਨੁੱਖ ਨੂੰ ਤਨੁ, ਮਨ ਅਤੇ ਆਤਮਾਂ ਕਰਕੇ ਸੁਚਾ ਬਣਨ ਦੀ ਪ੍ਰੇਰਨਾ ਹੈ । ਇਸ ਤਰ੍ਹਾਂ ਗੁਰੂ ਜੀ ਲੋਕ-ਸਾਸਕ੍ਰਿਤ ਕਾਵਿ ਰੂਪਾਂ ਦੀ ਸਫਲਤਾ, ਸਾਹਿਤ ਵਰਤੋਂ ਕਰਦੇ ਹਨ ।

<u>ਕਾਫ਼ੀ</u> : "ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਕਾਫ਼ੀ ਵੀ ਇਕ ਹਰਮਨ ਪਿਆਰਾ ਕਾਵਿ ਰੂਪ ਰਿਹਾ ਹੈ । ਕੁਝ ਲੋਕ ਕਾਫ਼ੀ ਨੂੰ ਇਕ ਛੰਦ ਮੰਨਦੇ ਹਨ ਅਤੇ ਕੁਝ ਕੇਵਲ ਇਕ ਰਾਗਣੀ ਹੀ ਖਿਆਲ ਕਰਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਫ਼ੀ ਨੂੰ ਵੱਖਰਾ ਰਾਗ ਮੰਨਕੇ ਬਾਣੀ ਨਹੀਂ ਰਚੀ ਗਈ"।[53] ਰਾਗ ਆਸਾ, ਤਿਲੰਗ ਅਤੇ ਸੂਹੀ ਰਾਗਾਂ ਵਿਚ ਕਾਫੀਆਂ ਪ੍ਰਾਪਤ ਹਨ । ਰਾਗ ਮਾਰੂ ਵਿਚ ਵੀ ਗੁਰੂ ਨਾਨਕ ਦੇਵ ਜੀ ਦੀਆਂ ਕਾਫੀਆਂ ਮਿਲਦੀਆਂ ਹਨ । ਪੰਜਾਬੀ ਵਿਚ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਬਹੁਤ ਪ੍ਰਸਿਧ ਹੋਈਆਂ ਹਨ ਪਰ ਗੁਰੂ ਨਾਨਕ ਦੇਵ ਜੀ ਦਾ ਸਮਾਂ ਇਨ੍ਹਾਂ ਦੋਹਾਂ ਨਾਲੋਂ ਪਹਿਲਾਂ ਦਾ ਹੈ । ਗੁਰੂ ਜੀ ਨੇ ਇਸ ਕਾਵਿ ਰੂਪ ਦੁਆਰਾ ਸੰਸਾਰ ਦੇ ਜੀਵਾਂ ਨੂੰ ਪਰਿਵਾਰਕ ਰਿਸ਼ਤੇਦਾਰਾਂ, ਭੈਣਾਂ, ਭਰਜਾਈਆਂ, ਮਾਮੀਆਂ, ਫੁਫੀਆਂ, ਦੇਵਰ ਜਠਾਣੀਆਂ ਆਦਿ ਦੀ ਅਸਲੀਅਤ ਸਮਝਾਈ ਹੈ ਕਿ ਇਹ ਸਾਰੇ ਰਿਸ਼ਤੇ ਜੀਵਿੰਦਿਆਂ ਦਾ ਵਿਵਹਾਰ ਹਨ ਮਰਿਆਂ ਦਾ ਨਹੀਂ। ਇਸ ਲਈ ਸਮੇਂ ਸਿਰ ਪ੍ਰਭੂ ਦਾ ਸਿਮਰਨ ਕਰਕੇ ਭਵਜਲ ਤਰਨਾ ਚਾਹੀਦਾ ਹੈ ।

UNIVERSITY LIBRARY
541613

---

52. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 858
53. ਪੰਜਾਬੀ ਦੁਨੀਆਂ ਗੁਰੂ ਨਾਨਕ ਅੰਕ ਭਾਗ ਦੂਜਾ, ਪੰ. 163

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ ।
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ ।
ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ।
ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ।ਰਹਾਉ।
ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ ।
ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ ।
ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ ।
ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ ।
ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ।
ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ।
ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ।
ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ।
ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ ।
ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ ।
ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ ।
ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ।
ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ।
ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ।[54]

ਇਸ ਬਾਣੀ ਦੁਆਰਾ ਗੁਰੂ ਜੀ ਦਸਦੇ ਹਨ ਕਿ ਭੈਣਾਂ, ਭਰਜਾਈਆਂ ਅਤੇ ਸੱਸਾਂ ਵਿਚੋਂ ਇਕ ਵੀ ਰਿਸ਼ਤਾ ਜਾਂ ਸਾਕ ਅਜਿਹਾ ਨਹੀਂ ਹੈ ਜਿਹੜਾ ਸਦੀਵੀ ਤੇ ਸਥਿਰ ਹੋਵੇ। ਮਨੁੱਖ ਦਾ ਸੱਚਾ ਸਾਕ ਕੇਵਲ ਤੇ ਕੇਵਲ ਇਕ ਹਰੀ ਪ੍ਰਮਾਤਮਾ ਹੈ । ਇਹ ਰਿਸ਼ਤਾ ਕਦੀ ਨਹੀਂ ਟੁਟਦਾ ਪਰ ਇਸ ਰਿਸ਼ਤੇ ਨੂੰ ਮੇਲਣ ਵਾਲਾ ਵਿਚੋਲਾ ਗੁਰੂ ਹੈ ਅਤੇ ਸਤਿ ਸੰਗਤ ਦੁਆਰਾ ਇਹ ਮੇਲ ਹੁੰਦਾ ਹੈ ।ਫੁਫੀਆਂ, ਨਾਨੀਆਂ, ਮਾਸੀਆਂ, ਜਠਾਣੀਆਂ, ਦਰਾਣੀਆਂ ਸਭ ਜਨਮ ਦੀਆਂ ਅਤੇ ਮਰਦੀਆਂ ਹਨ । ਮਾਂ, ਮਾਮੇ, ਮਾਮੀਆਂ, ਭਰਾ, ਪਿਉ ਸਾਰੇ ਕੱਚੇ ਰਿਸ਼ਤੇ ਹਨ ਟੁਟ ਜਾਂਦੇ ਹਨ ਇਸ ਲਈ ਸਚੇ ਰਿਸ਼ਤੇ ਦੀ ਭਾਲ ਗੁਰੂ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਹੇ ! ਸਤਿ ਸੰਗੀਓ ਸਾਡਾ ਪਤੀ

---

54. ਪੰਜਾਬੀ ਦੁਨੀਆਂ ਗੁਰੂ ਨਾਨਕ ਅੰਕ ਭਾਗ ਦੂਜਾ, ਪੰ. 163

ਪਰਮਾਤਮਾ ਸੱਚਾ ਹੈ ਅਤੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹੈ ਜਿਹੜੀ ਜੀਵ-ਆਤਮਾ ਸੱਚ ਵਿਚ ਸਥਿਰ ਰਹਿੰਦੀ ਹੈ ਉਸ ਨੂੰ ਕਦੀ ਵੀ ਵਿਛੋੜੇ ਦਾ ਮੂੰਹ ਨਹੀਂ ਵੇਖਣਾ ਪੈਂਦਾ । ਜੇ ਅਜਿਹੇ ਸੱਚੇ ਰਿਸ਼ਤੇਦਾਰ ਪ੍ਰਭੂ ਨਾਲ ਮਿਲਾਪ ਹੋ ਜਾਵੇ ਤਾਂ ਸਾਰੀਆਂ ਰੁਤਾਂ ਤੇ ਥਿਤਾਂ ਸੋਭਾਸ਼ੋਮਾਨ ਹੋ ਜਾਂਦੀਆਂ ਹਨ ।

ਇਸ ਸਚੇ ਰਿਸ਼ਤੇ ਨੂੰ ਜੋੜਨ ਵਾਲਾ ਸੰਸਾਰ ਸਾਗਰ ਦੇ ਪਤਣ ਉਤੇ ਗੁਰੂ ਮਲਾਹ ਹੋਕਾ ਦੇਂਦਾ ਹੈ ਕਿ ਆਉ ਇਸ ਦੁਤਰ ਸਾਗਰ ਤੋਂ ਪਾਰ ਹੋ ਜਾਵੋ। ਗੁਰੂ ਜੀ ਕਹਿੰਦੇ ਹਨ ਇਸ ਗੁਰੂ ਰੂਪੀ ਬੋਹਿਥੇ ਤੇ ਚੜ੍ਹ ਕੇ ਪਾਰ ਹੁੰਦੇ ਮੈਂ ਕਈ ਜੀਵ ਵੇਖੇ ਹਨ । ਇਸ ਕਾਫ਼ੀ ਦੁਆਰਾ ਰਿਸ਼ਤੇਦਾਰਾਂ ਦੀਆਂ ਮਿਸਾਲਾਂ ਦੇ ਕੇ ਸਚ ਦੀ ਭਾਲ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ ।

<u>ਬਾਰਾਂ ਮਾਂਹ</u>: ਪੰਜਾਬੀ ਸਾਹਿਤ ਪਰੰਪਰਾ ਹੀ ਨਹੀਂ ਸਗੋਂ ਭਾਰਤੀ ਪੁਰਾਤਨ ਕਾਵਿ-ਪਰੰਪਰਾ ਵਿਚ ਵੀ ਬਾਰਾਂ ਮਾਹ ਕਾਵਿ-ਰੂਪ ਨੂੰ ਕੇਂਦਰੀ ਮਹੱਤਤਾ ਪ੍ਰਾਪਤ ਹੈ। ਸੰਸਕ੍ਰਿਤ ਕਾਵਿ-ਵਿਚ 'ਖੱਟਰਿਤੂ' ਸਿਰਲੇਖ ਅਧੀਨ ਢੇਰ ਸਮੇਂ ਤੱਕ ਇਸ ਭਾਵ ਦੀ ਕਵਿਤਾ ਰਚੀ ਜਾਂਦੀ ਰਹੀ ਹੈ । ਪੰਜਾਬੀ ਵਿਚ ਬਾਰਾਮਾਂਹ ਕਾਵਿ ਰੂਪ ਦੀ ਪਰੰਪਰਾ ਵੀ ਢੇਰ ਚਿਰ ਪੁਰਾਣੀ ਹੈ ਪਰ ਪੁਰਾਤਨ ਰਚਨਾਵਾਂ ਪ੍ਰਾਪਤ ਨਾਂ ਹੋਣ ਕਰਕੇ ਇਸਨੂੰ ਸਮਾਂਬੱਧ ਕਰਨਾ ਮੁਸ਼ਕਲ ਹੈ । ਪੰਜਾਬੀ ਵਿਚ ਸਭ ਤੋਂ ਪਹਿਲਾਂ ਬਾਰਾਮਾਂਹ ਸਾਹਿਬ ਗੁਰੂ ਨਾਨਕ ਦੇਵ ਜੀ ਦਾ (ਬਾਰਾਂਮਾਂਹ ਤੁਖਾਰੀ) ਪ੍ਰਾਪਤ ਹੈ । ਇਹ ਕਾਵਿ ਰੂਪ ਭਾਰਤੀ ਸਾਹਿਤ ਪਰੰਪਰਾਂ ਵਿਚ ਵੀ ਪ੍ਰਚਲਤ ਸੀ ਅਤੇ ਲੋਕ ਕਾਵਿ ਪਰੰਪਰਾਂ ਵਿਚ ਵੀ ਹਰਮਨ ਪਿਆਰਾ ਸੀ । ਪ੍ਰੋ. ਪਿਆਰਾ ਸਿੰਘ ਪਦਮ ਦਾ ਵਿਚਾਰ ਹੈ :

> "ਪ੍ਰਾਪਤ ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਦਾ ਬਾਰਾਂਮਾਂਹ ਸ਼ਾਇਦ ਸਭ ਤੋਂ ਪੁਰਾਣਾ ਹੈ । ਇਸ ਤੋਂ ਮਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਜ਼ਮਾਨੇ ਸੋਲ੍ਹਵੀਂ ਸਦੀ ਵਿਚ ਬਾਰਾਂ ਮਾਹ-ਰਚਨਾ ਦੀ ਪ੍ਰੰਪਰਾ ਭਲੀ ਪ੍ਰਕਾਰ ਵਿਕਸਤ ਤੇ ਪ੍ਰਚਲਤ ਅਵਸਥਾ ਵਿਚ ਸੀ, ਲੋਕ-ਸਾਹਿਤ ਵਿਚ ਵੀ ਤੇ ਦੂਜੇ ਸਾਹਿਤ ਵਿਚ ਵੀ । ਇਹ ਵੀ ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬ ਦਾ ਉਦੇਸ਼ ਲੋਕ-ਜੀਵਨ ਨੂੰ ਟੁੰਬਣਾ ਸੀ, ਇਸ ਲਈ ਉਨ੍ਹਾਂ ਲੋਕ-ਪ੍ਰਚਲਿਤ ਧਾਰਨਾਵਾਂ ਤੇ ਬਾਣੀ ਰਚ ਕੇ ਆਪਣੇ ਵਿਚਾਰਾਂ ਨੂੰ ਸਹਿਜੇ ਹੀ ਜਨ-ਸਧਾਰਣ ਤੱਕ ਪਹੁੰਚਣ ਦਾ ਸੁਖੱਲਾ ਵਸੀਲਾ ਕੀਤਾ"।[55]

---

55. ਪਿਆਰਾ ਸਿੰਘ ਪਦਮ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰ. 180

ਉਪਰੋਕਤ ਸ਼ਬਦਾਂ ਤੋਂ ਵੀ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ 'ਬਾਰਾਮਾਹ' ਕਾਵਿ ਰੂਪ ਲੋਕ ਕਾਵਿ-ਰੂਪ ਹੈ । ਲੋਕ ਕਾਵਿ ਰੂਪ ਦੇ ਤੌਰ ਤੇ ਹਰਮਨ ਪਿਆਰਾ ਹੋਣ ਕਾਰਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵ ਆਤਮਾਂ ਤੇ ਪ੍ਰਮਾਤਮਾਂ ਵਿਚਲੇ ਵਿਛੋੜੇ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਅਤੇ ਆਪਣੀ ਗਲ ਹਰ ਸਧਾਰਨ ਤੇ ਅਨਪੜ੍ਹ ਮਨੁੱਖ ਤੱਕ ਪਹੁੰਚਾਉਣ ਲਈ ਉਚੇਚੇ ਤੌਰ ਤੇ ਇਸ ਕਾਵਿ ਰੂਪ ਦੀ ਵਰਤੋਂ ਕੀਤੀ ਹੈ । ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ (ਬਾਰਾਮਾਹ) ਕਾਵਿ-ਰੂਪ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਪ੍ਰਮੁਖ ਸਾਧਨ ਹੈ ।

"ਚੇਤੁ ਬਸੰਤੁ ਭਲਾ ਭਵਰ ਸੁਹਾਵੜੇ
ਬਨ ਫੂਲੇ ਮੰਝਿ ਬਾਰਿ ਮੈਂ ਪਿਰੁ ਘਰਿ ਬਾਹੁੜੈ ।
ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ [illegible] ਸਹੀਜੈ ।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾਂ ਮਰੁ ਮਾਏ ।
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।[56]

ਉਪਰੋਕਤ ਬੰਦ ਵਿਚ ਗੁਰੂ ਨਾਨਕ ਬਾਣੀ ਦਾ ਸੰਚਾਰ-ਪ੍ਰਕਰਣ ਉੱਤਮ ਰੂਪ ਵਿਚ ਵੇਖਿਆ ਤੇ ਸਮਝਿਆ ਜਾ ਸਕਦਾ ਹੈ । ਸਾਰੇ ਪਦ ਦੀਆਂ 6 ਸਤਰਾਂ ਹਨ । ਪਹਿਲੀਆਂ ਪੰਜ ਸਤਰਾਂ ਚੇਤ ਦੇ ਮਹੀਨੇ ਵਿਚ ਬਸੰਤ ਰੁੱਤ ਦੇ ਦ੍ਰਿਸ਼ ਨੂੰ ਲੌਕਿਕ ਰੂਪ ਵਿਚ ਪੇਸ਼ ਕਰਦੀਆਂ ਹਨ । ਬਾਹਰ ਦੇ ਨਿਜ਼ਾਰੇ ਵਿਚ ਵਣਾਂ ਕਰੀਰਾਂ ਤੇ ਹੋਰ ਬਨਸਪਤੀ ਦਾ ਮੌਲਣਾਂ, ਵਿਗਾਸਣਾਂ ਅਤੇ ਫੁਲਣਾਂ ਸਾਰੇ ਚੰਗੇ ਤੇ ਸੁਹਾਵਣੇ ਦ੍ਰਿਸ਼ ਹਨ । ਪਰ ਜਿਸ ਔਰਤ ਦਾ ਪਤੀ ਪਰਦੇਸ ਗਿਆ ਹੋਵੇ ਉਸਨੂੰ ਇਹ ਸੁਹਾਵਣਾਂ ਆਲਾ ਦੁਆਲਾ ਵੱਢ ਵੱਢ ਖਾਂਦਾ ਹੈ । ਵਿਛੋੜੇ ਦੇ ਦੁੱਖ ਵਿਚ ਉਸਦਾ ਸਰੀਰ ਛੀਜਦਾ ਟੁਟਦਾ ਹੈ ਅੰਬਾਂ ਤੇ ਬੋਲਦੀ ਕੋਇਲ ਅਤੇ ਫੁਲਾਂ ਤੇ ਭਿਣ ਭਿਣਾਂਦਾ ਭੌਰਾ ਉਸਨੂੰ ਦੁਖ ਦੇਂਦੇ ਹਨ । ਇਸ ਤਰ੍ਹਾਂ ਇਹ ਸਾਰਾ ਪ੍ਰਸੰਗ ਲੌਕਿਕ ਦ੍ਰਿਸ਼ ਨਾਲ ਭਰਪੂਰ ਹੈ ਪਰ ਛੇਵੀਂ (6) ਸਤਰ ਵਿਚ ਇਕ ਸ਼ਬਦ (ਹਰਿ) ਨੇ ਪਿਛਲੇ ਸਾਰੇ ਪ੍ਰਸੰਗ ਨੂੰ ਆਲੋਪ ਕਰ ਦਿੱਤਾ ਹੈ ਅਤੇ ਕੇਵਲ ਜੀਵ-ਆਤਮਾਂ ਤੇ ਪ੍ਰਮਾਤਮਾ ਦੇ ਮੇਲ ਦਾ ਉਦੇਸ਼ ਨਿਖਰ ਕੇ ਪਾਠਕ ਦੇ ਸਾਹਮਣੇ ਆ ਗਿਆ ਹੈ । ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੀ ਇਹੀ ਖੂਬੀ ਹੈ ਕਿ ਲੌਕਿਕ ਪ੍ਰਸੰਗ, ਪਾਰਲੌਕਿਕ ਸਤਿ ਦੇ ਪ੍ਰਤੱਖ ਹੁੰਦਿਆਂ ਹੀ ਆਲੋਪ ਹੋ ਜਾਂਦੇ ਹਨ ।

---

56. ਗੁਰੂ ਨਾਨਕ ਬਾਣੀ ਭਾਗ ਦੂਜਾ, ਬਾਰਹਮਾਹ ਤੁਖਾਰੀ, ਮ: 1, ਪੰ. 1245

ਸ਼ਲੋਕ : ਸੰਸਕ੍ਰਿਤ ਕਾਵਿ ਪਰੰਪਰਾ ਵਿਚ ਸ਼ਲੋਕ ਸਭ ਤੋਂ ਪੁਰਾਣਾ ਕਾਵਿ ਰੂਪ ਹੈ ।ਪੰਜਾਬੀ ਵਿਚ ਬਾਬਾ ਫ਼ਰੀਦ ਜੀ ਦੇ ਦੁਤੁੱਕੇ ਸ਼ਲੋਕ ਪ੍ਰਾਪਤ ਹਨ ਜਿਹੜੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਸਾਹਿਤਕ ਕਾਵਿ-ਰੂਪ ਦੀ ਵਰਤੋਂ ਕੀਤੀ ਹੈ ਪਰ ਪਰੰਪਰਕ ਰੂਪ ਵਿਚ ਨਹੀਂ ਕੀਤੀ । ਗੁਰੂ ਜੀ ਨੇ ਚਾਰ ਤੁਕਾਂ ਅਤੇ 6 ਤੁਕਾਂ ਦੇ ਸ਼ਲੋਕ ਵੀ ਰਚੇ ਹਨ । ਇਸ ਕਾਵਿ-ਰੂਪ ਵਿਚ ਕੇਵਲ ਇਕ ਵਿਚਾਰ ਹੀ ਵਿਅਕਤ ਕੀਤਾ ਗਿਆ ਹੁੰਦਾ ਹੈ । ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਸ਼ਲੋਕ ਕਾਵਿ ਰੂਪ ਵੀ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ । ਜਿਵੇਂ:

ਨਾ ਮੈਲਾ ਨਾ ਧੁੰਧਲਾ ਨਾ ਭਗਵਾਂ ਨਾ ਕਚੁ ।
ਨਾਨਕ ਲਾਲੋ ਲਾਲ ਹੈ ਸਚੈ ਰਤਾ ਸਚੁ ।[57]

ਵਿਣੁ ਗਾਹਕ ਗੁਣ ਵੇਚੀਐ ਤਉ ਗੁਣ ਸਹਘੇ ਜਾਇ ।
ਗੁਣ ਕਾ ਗਾਹਕ ਜੇ ਮਿਲੈ ਤਉ ਗੁਣ ਲਾਖ ਵਿਕਾਇ ।
ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ ।
ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ।
ਨਾਨਕ ਪੂਰਾ ਤੋਲ ਹੈ ਕਬਹੁ ਨ ਹੋਵੈ ਘਾਟਿ ।[58]

ਪਹਿਲੇ ਦੋ ਤੁਕੀਏ ਸ਼ਲੋਕ ਵਿਚ ਦੱਸਿਆ ਗਿਆ ਹੈ ਕਿ ਜਿਸ ਜੀਵ ਪਾਸ (ਨਾਮ) ਦੀ ਦਾਤ ਹੈ ਉਹ ਨਾਂ ਮੈਲਾ 'ਤਮੋਗੁਣ' ਨਾ ਧੁੰਧਲਾ (ਰਜੋਗੁਣ) ਅਤੇ ਨਾ ਭਗਵਾਂ (ਸਤੋਗੁਣ) ਵਿਚ ਵਿਚਰਦਾ ਹੈ ਇਸੇ ਲਈ ਉਸ ਉਤੇ ਮਾਇਆ ਦਾ ਕਚਾ ਰੰਗ ਨਹੀਂ ਚੜ੍ਹਦਾ । ਉਹ ਜੀਵ ਸਚੇ ਨਾਮ ਦੇ ਰੰਗ ਵਿਚ ਰੰਗਿਆ ਹੋਇਆ 'ਸੱਚਾ' ਹੀ ਹੋ ਨਿਬੜਦਾ ਹੈ । ਪੰਜ ਸਤਰਾਂ ਦੇ ਦੂਜੇ ਸ਼ਲੋਕ ਵਿਚ ਦੱਸਿਆ ਗਇਆ ਹੈ ਕਿ ਗੁਣ ਦੀ ਵੇਚ ਖਰੀਦਦਾਰ ਵੇਖ ਕੇ ਹੀ ਕਰਨੀ ਚਾਹੀਦੀ ਹੈ । ਨਹੀਂ ਤਾਂ ਗੁਣ ਦੀ ਪੂਰੀ ਕਦਰ ਨਹੀਂ ਪੈਂਦੀ ਕਿਉਂਕਿ ਪਾਰਖੂ ਆਪਣਾ ਸਭ ਕੁਝ ਦੇ ਕੇ ਵੀ ਗੁਣ ਨੂੰ ਪ੍ਰਾਪਤ ਕਰਦਾ ਹੈ । ਇਸ ਤਰ੍ਹਾਂ ਗੁਣ ਵਾਲੇ ਹਰੀ ਵਿਚ ਆਉਣ ਲਈ ਸਮਰਪਣ ਕਰਨਾ ਪੈਂਦਾ ਹੈ ।

---

57. ਮਾਰੂ ਵਾਰ ਮਹਲਾ ਤੀਜਾ, ਸ਼ਲੋਕ ਮਹੱਲਾ ਪਹਿਲਾ, ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1231

58. ਉਹੀ, ਪੰ. 1228

<u>ਪੱਟੀ ਕਾਵਿ-ਰੂਪ:</u> ਪੱਟੀ ਵੀ ਇਕ ਪੁਰਾਤਨ ਕਾਵਿ-ਪਰੰਪਰਾ ਦਾ ਮਹੱਤਵ-ਪੂਰਨ ਕਾਵਿ-ਰੂਪ ਹੈ। ਇਹ ਕਾਵਿ ਗੁਰਮੁਖੀ ਲਿਪੀ ਦੇ ਪੈਂਤੀ ਅੱਖਰਾਂ ਨਾਲ ਕ੍ਰਮਵਾਰ ਆਰੰਭ ਹੁੰਦਾ ਹੈ। ਜਿਸ ਤਰ੍ਹਾਂ ਫ਼ਾਰਸੀ ਲਿਪੀ ਦੇ ਅੱਖਰਾਂ ਤੇ ਅਧਾਰਿਤ ਕਾਵਿ ਰੂਪ ਸੀਹਰਫ਼ੀ ਹੈ ਅਤੇ ਸੰਸਕ੍ਰਿਤ ਦੇ ਬਵੰਜਾ ਅੱਖਰਾਂ ਦੇ ਅਧਾਰਿਤ ਕਾਵਿ ਰੂਪ ਬਾਵਨ ਅੱਖਰੀ ਹੈ। ਪੰਜਾਬੀ ਵਿਚ ਇਹ ਕਾਵਿ ਰੂਪ ਸੰਪੂਰਨ ਲਿਖਤੀ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਪੱਟੀ ਨਾਲ ਹੀ ਪ੍ਰਾਪਤ ਹੁੰਦਾ ਹੈ। ਇਸ ਬਾਣੀ ਦੁਆਰਾ ਵੀ ਅਧਿਆਤਮਕ ਆਸ਼ੇ ਦੀ ਸਿਖਿਆ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਪੱਟੀ ਵਿੱਚੋਂ ਦੋ ਉਦਾਹਰਣਾਂ ਹੇਠਾਂ ਅੰਕਿਤ ਹਨ ਜਿਨ੍ਹਾਂ ਦੁਆਰਾ ਅਸੀਂ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਨੂੰ ਜਾਣ ਸਕਦੇ ਹਾਂ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ।[59]

ਅਰਥਾਤ ਉਹ ਇਕ ਪ੍ਰਭੂ ਹੀ ਸਭ ਜੀਆਂ ਦਾ ਮਾਲਕ ਹੈ। ਉਸਨੇ ਹੀ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ। ਜਿਹੜੇ ਜੀਵ ਵੀ ਉਸਨੂੰ ਸਿਮਰਦੇ ਰਹੇ ਹਨ ਉਹਨਾਂ ਦਾ ਇਸ ਜਗਤ ਵਿਚ ਮਨੁੱਖਾ ਜਨਮ ਲੈਣਾ ਸਫਲ ਹੋ ਗਿਆ ਹੈ।

ਜਾਂ

ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾਂ
ਜੁਗ ਜੁਗ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆਂ ॥[60]

ਅਰਥਾਤ ਜਿਸ ਪ੍ਰਮਾਤਮਾਂ ਨੇ ਚਾਰੇ ਵੇਦ ਬਣਾਏ ਹਨ, ਅਤੇ ਚਾਰ ਕਿਸਮ ਦੀਆਂ ਜੀਵ-ਜਾਤੀਆਂ ਪੈਦਾ ਕੀਤੀਆਂ ਹਨ ਅਤੇ ਚਾਰ ਜੁਗ ਬਣਾ ਦਿੱਤੇ ਹਨ ਉਹ ਆਪ ਸਦਾ ਹੀ ਨਿਰਲੇਪ ਰਹਿੰਦਾ ਹੈ। ਇਹ ਹੀ ਪ੍ਰਭੂ ਸਭ ਜੀਵਾਂ ਵਿਚ ਭੋਗੀ ਵੀ ਹੈ ਅਤੇ ਜੋਗੀ ਵੀ ਇਹ ਆਪ ਹੀ ਪੜਿਆ ਤੇ ਵਿਦਵਾਨ ਹੈ। ਸਭ ਕੁਝ ਉਸਦੇ ਭਾਣੇ ਵਿਚ ਹੋ ਰਿਹਾ ਹੈ।

<u>ਸੋਲਹੇ:</u> "ਮਾਰੂ ਰਾਗ ਵਿਚ ਗੁਰੂ ਜੀ ਨੇ 22 ਸੋਲਹੇ ਰਚੇ ਹਨ। ਇਨਾਂ ਵਿਚ ਕਾਵਿ-ਪੰਕਤੀਆਂ ਦੀ ਗਿਣਤੀ 45 ਤੋਂ 51 ਤੱਕ ਹੈ। ਕੁਝ ਸੋਲਹੇ ਨੰਬਰ 13, 19, 20, 21, 22 ਆਦਿ 45 ਸਤਰਾਂ ਦੇ ਹਨ ਬਾਕੀ ਕੁਝ 51 ਅਤੇ ਕੁਝ 48 ਸਤਰਾਂ ਦੇ ਹਨ। ਇਸ ਕਾਵਿ ਰੂਪ ਨੂੰ ਸਿਧਾਂ ਅਤੇ ਨਾਥਾਂ ਨੇ ਵੀ ਵਰਤਿਆ ਹੈ ਪਰ ਗੁਰੂ ਜੀ ਨੇ ਇਕ ਕਾਵਿ-ਰੂਪ ਨੂੰ ਪ੍ਰਮਾਣਿਕ ਰੂਪ ਬਖਸ਼ਿਆ ਹੈ।[61]

---

59. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਸਲੋਕ ਮਹੱਲਾ, ਪੰਨਾ 513
60. ਉਹੀ, ਪੰ. 517
61. ਗੁਰਸ਼ਰਨ ਕੌਰ ਜੱਗੀ ਗੁਰੂ ਨਾਨਕ ਦੀ ਕਾਵਿ ਕਲਾ, ਪੰ. 52

ਸੋਲਹਾ ਨੰਬਰ 15 ਦੀ ਉਦਾਹਰਣ ਪੇਸ਼ ਹੈ :

ਅਰਬਦ ਨਰਬਦ ਧੁੰਧੂਕਾਰਾ । ਧਰਣਿ ਨ ਗਗਨਾ ਹੁਕਮੁ ਅਪਾਰਾ ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ।।
ਖਾਣੀ ਨ ਬਾਣੀ ਪਉਣ ਨ ਪਾਣੀ । ਓਪਤਿ ਖਪਤਿ ਨ ਆਵਣ ਜਾਣੀ ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ ।।
ਨਾ ਤਦਿ ਸੁਰਗੁ ਮਛੁ ਪਇਆਲਾ। ਦੋਜਕੁ ਭਿਸਤੁ ਨਹੀਂ ਖੈਕਾਲਾ।
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ।।
ਬ੍ਰਹਮਾ ਬਿਸਨੁ ਮਹੇਸੁ ਨ ਕੋਈ ।
ਅਵਰੁ ਨ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ।
ਨਾ ਤਦਿ ਜਤੀ ਸਤੀ ਬਨਵਾਸੀ ।
ਨਾ ਤਦਿ ਸਿਧ ਸਾਧਿਕ ਸੁਖਵਾਸੀ ।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ।
ਜਪ ਤਪ ਸੰਜਮ ਨਾ ਬ੍ਰਤ ਪੂਜਾ ।
ਨਾ ਕੋ ਆਖਿ ਵਖਾਣੈ ਦੂਜਾ ।
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ।
ਨਾ ਸੁਚਿ ਸੰਜਮੁ ਤੁਲਸੀ ਮਾਲਾ । ਗੋਪੀ ਕਾਨੁ ਨ ਗਊ ਗੁੋਆਲਾ ।
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ।
ਕਰਮ ਧਰਮ ਨਹੀ ਮਾਇਆ ਮਾਖੀ ।
ਜਾਤਿ ਜਨਮੁ ਨਹੀ ਦੀਸੈ ਆਖੀ ।
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ।
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ।
ਨਾ ਤਦਿ ਗੋਰਖੁ ਨਾ ਮਾਛਿੰਦੋ ।
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤਗਣਾਇਦਾ ।
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ।
ਦੇਉਨ ਦੇਹੁਰਾ ਗਊ ਗਾਇਤ੍ਰੀ ।
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ।
ਨਾ ਕੋ ਮੁਲਾ ਨਾ ਕੋ ਕਾਜੀ ।

ਨਾ ਕੋ ਸੇਖੁ ਮਸਾਇਕੁ ਹਾਜੀ ।
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ।
ਭਾਉ ਨ ਭਗਤੀ ਨਾ ਸਿਵ ਸਕਤੀ ।
ਸਾਜਨੁ ਮੀਤੁ ਬਿੰਦੁ ਨਹੀ ਰਕਤੀ ।
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ।
ਬੇਦਕਤੇਬ ਨ ਸਿੰਮ੍ਰਿਤਿ ਸਾਸਤ ।
ਪਾਠ ਪੁਰਾਣ ਉਦੈ ਨਹੀ ਆਸਤ ।
ਕਰਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ।
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ।
ਬਾਝੁ ਕਲਾ ਆਡਾਣੁ ਰਹਾਇਆ ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ।
ਵਿਰਲੇ ਕਉ ਗੁਰਿ ਸਬਦੁ ਸੁਣਾਇਆ ।
ਕਰਿ ਕਰਿ ਦੇਖੈ ਹੁਕਮੁ ਸਬਾਇਆ ।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ।
ਤਾ ਕਾ ਅੰਤੁ ਨ ਜਾਣੈ ਕੋਈ ।
ਪੂਰੇ ਗੁਰ ਤੇ ਸੋਝੀ ਹੋਈ
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ।[62]

ਇਸ ਸੋਲਹੇ ਵਿਚ ਗੁਰੂ ਜੀ ਨੇ ਇਸ ਵਿਸ਼ਵ ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਦੀ ਸਥਿਤੀ ਦਾ ਵਰਨਣ ਬੜੇ ਕਲਾਤਮਿਕ, ਦਾਰਸ਼ਨਿਕ ਤੇ ਵਿਗਿਆਨਕ ਰੂਪ ਵਿਚ ਕੀਤਾ ਹੈ । ਇਸ ਤਰ੍ਹਾਂ ਇਸ ਜਗਤ ਦੇ ਹੋਂਦ ਵਿਚ ਆਉਣ ਬਾਰੇ ਵੱਖ ਵੱਖ ਥਿਊਰੀਆਂ ਨੂੰ ਗੁਰੂ ਜੀ ਨੇ ਰੱਦ ਕਰ ਦਿਤਾ ਹੈ ।( Theory of Evulation ) ਵਿਕਾਸ ਵਾਦ ਦੇ ਸਿਧਾਂਤ ਨੂੰ ਵੀ ਗੁਰੂ ਜੀ ਨਹੀਂ ਮੰਨਦੇ । ਗੁਰੂ ਜੀ ਦਸਦੇ ਹਨ ਜਦੋਂ ਨਾਂ ਧਰਤੀ ਸੀ ਨਾਂ ਅਕਾਸ਼ ਸੀ ਨਾ ਸੂਰਜ ਤੇ ਚੰਦਰਮਾਂ ਸਨ । ਉਸ ਸਮੇਂ ਸਾਰੇ ਪਾਸੇ ਧੁੰਦ ਹੀ ਧੁੰਦ ਪਸਰੀ ਹੋਈ ਸੀ ।ਉਸ ਸਮੇਂ ਅਕਾਲ ਪੁਰਖ ਨੂੰ ਸੁੰਨ ਅਵਸਥਾ ਵਿਚ ਕਿਹਾ ਗਿਆ ਹੈ । ਉਸ ਸਮੇਂ ਨਾਂ ਜੀਵ ਜਾਤੀਆਂ

---

62. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ: 1187-89

ਸਨ ਨਾਂ ਉਨ੍ਹਾਂ ਦੀਆਂ ਰੋਲੀਆਂ ਸਨ। ਨਾ ਸੁਰਗ ਸੀ ਨਾ ਨਰਕ ਸੀ, ਨਾ ਜੰਮਣ ਸੀ ਨਾ ਮਰਣ ਸੀ। ਬ੍ਰਹਮਾ ਵਿਸਨੂੰ ਤੇ ਸ਼ਿਵ ਦੇਵਤੇ ਵੀ ਉਸ ਸਮੇਂ ਨਹੀਂ ਸਨ, ਨਹੀਂ ਤਾਂ ਜਤੀ, ਸਤੀ, ਸਿਧ ਸਾਧ ਆਦਿ ਹੀ ਸਨ। ਜੋਗੀ ਜੰਗਮ ਵੀ ਕੋਈ ਨਹੀਂ ਸੀ। ਇਹ ਸਾਰਾ ਪਸਾਰਾ ਅਕਾਲ ਪੁਰਖ ਨੇ ਆਪ ਹੀ ਰਚਾਇਆ ਅਤੇ ਆਪ ਹੀ ਇਸਦਾ ਵਿਨਾਸ਼ ਕਰਦਾ ਹੈ। ਕਰਮਾਂ ਅਨੁਸਾਰ ਅਵਗਣ ਵੀ ਕੋਈ ਨਹੀਂ ਸੀ ਕਿਉਂਕਿ ਨਾਂ ਜੀਵ ਸੀ ਤੇ ਨਾ ਹੀ ਉਸਦੇ ਕਰਮ ਸਨ। ਉਸ ਸਮੇਂ ਮਾਇਆ ਦਾ ਵੀ ਕੋਈ ਪਾਸਾਰਾ ਨਹੀਂ ਸੀ। ਬ੍ਰਾਹਮਣ, ਖੱਤਰੀ, ਵੈਸ਼, ਸੂਦਰ ਕੋਈ ਜਾਤੀ ਨਹੀਂ ਸੀ। ਜਗ ਤੇ ਮਹਾਂ ਜਗ ਕੋਈ ਨਹੀਂ ਸਨ ਨਾਂ ਹੀ ਉਸ ਸਮੇਂ ਧਾਰਮਿਕ ਥਾ ਸਨ। ਉਸਨੇ ਆਪਣੇ ਹੁਕਮ/ਭਾਣੇ ਵਿਚ ਜਗਤ ਦੀ ਸਿਰਜਨਾ ਕੀਤੀ ਹੈ ਅਤੇ ਆਪਣੀ ਕਲਾ ਨਾਲ ਬਗੈਰ ਥੰਮਾਂ ਤੋਂ ਅਕਾਸ਼ ਨੂੰ ਖਲਾਰਿਆ ਹੋਇਆ ਹੈ। ਪ੍ਰਮਾਤਮਾਂ ਦੀ ਇਸ ਭੇਤ ਦੀ ਸਮਝ ਕਿਸੇ ਵਿਰਲੇ ਮਨੁੱਖ ਨੂੰ ਹੀ ਆਉਂਦੀ ਹੈ। ਇਹ ਸੋਝੀ ਸਤੇ ਗੁਰੂ ਦੇ ਮਿਲਾਪ ਤੋਂ ਮਿਲਦੀ ਹੈ। ਸੋਚ ਵਿਚ ਰਹੇ ਐਸੇ ਜੀਵ ਆਨੰਦ ਵਿਚ ਉਸ ਪ੍ਰਭੂ ਦੀ ਮਹਿਮਾ ਗਾਇਣ ਕਰਦੇ ਹਨ।

ਵਾਰ ਕਾਵਿ-ਰੂਪ: ਵਾਰ ਕਾਵਿ ਰੂਪ ਪੰਜਾਬੀਆਂ ਦੇ ਸੁਭਾਅ ਦੇ ਅਨੁਕੂਲ ਕਾਵਿ ਰੂਪ ਹੈ। ਇਸ ਕਾਵਿ ਰੂਪ ਦੀ ਪਰਿਭਾਸ਼ਾ ਕਰਦਿਆਂ ਹੋਇਆਂ ਪ੍ਰੋ. ਪਿਆਰਾ ਸਿੰਘ ਜੀ ਪਦਮ ਲਿਖਦੇ ਹਨ :

> 'ਸੋ ਪੰਜਾਬੀ ਸਾਹਿਤ ਵਿਚ ਵਾਰ ਉਹ ਕਾਵਿ ਰੂਪ ਹੈ, ਜਿਸ ਦੁਆਰਾ ਪਉੜੀਆਂ ਵਿਚ ਕਿਸੇ ਯੁਧ-ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ।'[63]

ਪਰ ਪੰਜਾਬੀ ਵਿਚ ਅਧਿਆਤਮਕ ਤੇ ਸਦਾਚਾਰਕ ਆਸ਼ੇ ਵਾਲੀਆਂ ਵੀ ਬਹੁਤ ਸਾਰੀਆਂ ਵਾਰਾਂ ਪ੍ਰਾਪਤ ਹਨ। ਗੁਰੂ ਸਾਹਿਬਾਨ ਦੀਆਂ ਵਾਰਾਂ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਕ੍ਰਮਵਾਰ ਅਧਿਆਤਮਕ ਤੇ ਸਦਾਚਾਰਕ ਆਸ਼ੇ ਵਾਲੀਆਂ ਵਾਰਾਂ ਹਨ। ਇਸ ਸ਼ਲੋਕ ਕਾਵਿ ਰੂਪ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਵੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਦੀ ਰਚਨਾ ਕੀਤੀ ਹੈ। ਇਹ ਰਾਗ ਮਾਝ, ਰਾਗ ਆਸਾ ਤੇ ਰਾਗ ਮਲਾਰ ਵਿਚ ਸੰਕਲਿਤ ਹਨ। 'ਵਾਰ' ਪੰਜਾਬੀ ਦਾ ਇਕ ਲੋਕ-ਕਾਵਿ ਰੂਪ ਹੈ ਜਿਹੜਾ ਚਿਰ ਕਾਲ ਤੋਂ ਜਨਤਾ ਦੇ ਉਤਸ਼ਾਹ

---

63. ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰ. 168

ਵਰਧਨ ਲਈ ਵਰਤਿਆ ਜਾ ਰਿਹਾ ਹੈ। ਇਹ ਤਿੰਨ ਵਾਰਾਂ ਪਉੜੀਆਂ ਵਿਚ ਉਚਾਰੀਆਂ ਗਈਆਂ ਹਨ। ਆਸਾ ਦੀ ਵਾਰ ਵਿਚ 24 ਪਉੜੀਆਂ ਤੇ 44 ਸ਼ਲੋਕ ਹਨ। ਮਲਾਰ ਦੀ ਵਾਰ ਅਤੇ ਮਾਝ ਦੀ ਵਾਰ ਵਿਚ 27 ਪਾਉੜੀਆਂ ਤੇ 24 ਸਲੋਕ ਹਨ। ਅਤੇ ਮਾਝ ਦੀ ਵਾਰ ਵਿ ਚ 27 ਪਾਉੜੀਆਂ ਤੇ 46 ਸਲੋਕ ਹਨ।[64] ਇਨਾਂ ਤੋਂ ਇਲਾਵਾ ਸ੍ਰੀ ਰਾਗ ਦੀ ਵਾਰ, ਸੂਹੀ ਦੀ ਵਾਰ, ਮਾਰੂ ਦੀ ਵਾਰ ਤਿੰਨ ਹੋਰ ਵਾਰਾਂ ਵੀ ਗੁਰੂ ਜੀ ਦੁਆਰਾ ਰਚੀਆਂ ਗਈਆਂ। ਰਾਗ ਆਸਾ ਵਿਚੋਂ ਇਕ ਪਉੜੀ ਦੀ ਉਦਾਹਰਣ ਪੇਸ਼ ਹੈ :

ਸਚੇ ਤੇਰੇ ਖੰਡ ਸਚੇ ਬ੍ਰਹਮੰਡ।
ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।
ਸਚਾ ਤੇਰਾ ਅਮਰੁ ਸਚਾ ਦੀਬਾਣੁ।
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।
ਸਚਾ ਤੇਰਾ ਕਰਮੁ ਸਚਾ ਨੀਸਾਣੁ।
ਸਚੇ ਤੁਧੁ ਆਖਹਿ ਲਖ ਕਰੋੜਿ।
ਸਚੈ ਸਭਿ ਤਾਣਿ ਸਚੈ ਸਭਿ ਜੋਰਿ।
ਸਚੀ ਤੇਰੀ ਸਿਫਤਿ ਸਚੀ ਸਾਲਾਹ।
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।
ਨਾਨਕ ਸਚੁ ਧਿਆਇਨਿ ਸਚੁ।
ਜੋ ਮਰਿ ਜੰਮੇ ਸੁ ਕਚੁ ਨਿਕਚੁ।[65]

ਅਧਿਆਤਮਕ ਵਾਰ ਵਿਚ ਲੌਕਿਕ ਜਗਤ ਤੇ ਪਾਰਲੌਕਿਕ ਪਰਮ ਸਤਿ ਵਿਚਕਾਰ ਤਨਾਉ-ਯੁਕਤ ਰਿਸ਼ਤੇ ਨੂੰ ਅਧਾਰ ਬਣਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਅਧਿਆਤਮਕ ਵਿਚਾਰਾਂ ਦੇ ਨਿਰੂਪਣ ਲਈ ਇਸ ਲੋਕ-ਕਾਵਿ ਰੂਪ ਦੀ ਬੜੀ ਸਫ਼ਲਤਾ ਨਾਲ ਵਰਤੋਂ ਕੀਤੀ ਹੈ। ਉਪਰੋਕਤ ਪਾਉੜੀ ਵਿਚ ਪਰਮ ਸਤਿ ਦੇ ਬ੍ਰਹਿਮੰਡ ਪਸਾਰੇ ਬਾਰੇ ਵਿਚਾਰ ਅੰਕਿਤ ਹੈ। ਇਸੇ ਪਸਾਰੇ ਦਾ ਹੀ ਇਕ ਰੂਪ ਇਸ ਜਗਤ ਦਾ ਮਨੁੱਖ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭੂ ! ਤੇਰੇ ਖੰਡ, ਬ੍ਰਹਿਮੰਡ ਸਚੇ ਹਨ ਕਿਉਂਕੇ ਆਪ ਸੱਚਾ ਹੈ ਤੇਰੇ ਪੈਦਾ ਕੀਤੇ ਸਾਰੇ ਅਕਾਰ ਵੀ ਸਚੇ ਹਨ। ਤੇਰਾ ਦਰਬਾਰ, ਤੇਰੀ ਸਾਰੀ ਸਮਗਰੀ ਤੇਰੀ ਹਕੂਮਤ ਸੱਚੀ ਹੈ। ਹੇ ! ਪ੍ਰਭੂ ਤੈਨੂੰ ਸਿਮਰਨ ਵਾਲੇ ਵੀ ਸਚੇ ਹਨ। ਹੇ ! ਪ੍ਰਮਾਤਮਾ ਤੇਰੀ ਸਿਫ਼ਤ ਤੇ ਸਲਾਹ ਵੀ ਸੱਚੀ ਹੈ। ਇਹ ਸਾਰੀ ਕੁਦਰਤ ਸੱਚੀ ਹੈ। ਜਿਹੜੇ ਜੀਵ

64. ਪ੍ਰੋ. ਕਾਲਾ ਸਿੰਘ ਬੇਦੀ, ਵਾਰਤਾਕਾਰ ਗੁਰੂ ਨਾਨਕ, ਪੰ. 16
65. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ: 547, ਆਸਾ ਮ: 1

ਸੱਚ-ਸਰੂਪ ਨੂੰ ਜਿਹੜੇ ਜਾਣਦੇ ਹਨ ਉਹ ਆਪ ਵੀ ਸੱਚੇ ਹੋ ਜਾਂਦੇ ਹਨ ਪਰ ਜਿਹੜੇ ਜੀਵ 'ਸਤਿ' ਨੂੰ ਨਹੀਂ ਸਮਝਦੇ ਉਹ ਜਨਮ-ਮਰਣ ਦੇ ਚੱਕਰ ਵਿਚ ਪਏ ਰਹਿੰਦੇ ਹਨ । ਇਸ ਵਾਰ ਵਿਚ ਵਿਰੋਧ ਤਾਂ ਸਿਰਜਿਆ ਗਿਆ ਹੈ ਪਰ ਇਹ ਦੋ ਨਾਇਕਾਂ ਵਿਚਲਾ ਵਿਰੋਧ ਨਹੀਂ ਸਗੋਂ ਲੌਕਿਕ ਜਗਤ ਦੇ ਪਦਾਰਥਾਂ ਅਤੇ ਪਾਰਲੌਕਿਕ 'ਸਤਿ' ਦੀ ਆਪਸੀ ਸਬੰਧਾਂ ਦਾ ਹੈ ।

## ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਰਾਗ ਸੰਗੀਤ :

ਗੁਰੂ ਨਾਨਕ ਬਾਣੀ ਸੰਚਾਰ-ਪ੍ਰਕ੍ਰਿਆ ਵਿਚ ਰਾਗ ਸੰਗੀਤ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ । ਗੁਰੂ ਜੀ ਦੀ ਸਾਰੀ ਬਾਣੀ ਰਾਗਾਂ ਵਿਚ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਹ ਰਾਗਾਂ ਵਿਚੋਂ 19 ਰਾਗਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਮਿਲਦੀ ਹੈ ।ਗੁਰੂ ਜੀ ਦੀ ਸਮੁੱਚੀ ਬਾਣੀ ਰਾਗ ਬੱਧ ਹੈ ਅਤੇ ਲੈਅ,ਸੁਰ ਤਾਲਾਂ ਦੇ ਵਿਸ਼ੇਸ਼ ਗੁਣਾਂ ਨਾਲ ਭਰਪੂਰ ਹੈ। ਜਿਸ ਮਨ ਉੱਤੇ ਭਾਸ਼ਣ ਅਥਵਾ ਵਿਖਿਆਨ ਦਾ ਕੋਈ ਅਸਰ ਨਾ ਹੁੰਦਾ ਹੋਵੇ ਉਸ ਮਨ ਤੇ ਰਾਗ ਸੰਗੀਤ ਦਾ ਸਿੱਧਾ ਤੇ ਪ੍ਰਤੱਖ ਅਸਰ ਹੁੰਦਾ ਹੈ । ਇਹ ਗੱਲ ਕੇਵਲ ਮਨੁੱਖੀ ਮਨ ਤੇ ਹੀ ਲਾਗੂ ਨਹੀਂ ਹੁੰਦੀ ਸਗੋਂ ਪਸ਼ੂਆਂ, ਪੰਛੀਆਂ,ਅਥਵਾ ਜਾਨਵਰਾਂ ਤੇ ਵੀ ਲਾਗੂ ਹੁੰਦੀ ਹੈ । ਬੀਨ ਦੇ ਸੰਗੀਤ ਦਾ ਕੀਲਿਆ ਹੋਇਆ ਸੱਪ ਪਟਾਰੀ ਵਿਚ ਬੰਦ ਹੋ ਜਾਂਦਾ ਹੈ ।ਹਰਨ ਸੰਗੀਤ ਧੁਨਾਂ ਦਾ ਮੋਹਿਆ ਹੋਇਆ ਆਪਣੀ ਫਾਹੀ ਆਪ ਤਿਆਰ ਕਰ ਲੈਂਦਾ ਹੈ ।ਸੱਜਣ ਠੱਗ, ਕੌਡੇ-ਰਾਕਸ਼ ਅਤੇ 'ਭੂਮੀਏ-ਚੋਰ' ਵਰਗੇ ਕਠੋਰ ਚਿੱਤ ਗੁਰੂ ਬਾਣੀ ਦੀ ਸੰਗੀਤ 'ਲੈਅ' ਨਾਲ ਹੀ ਨਰਮ ਹੋਏ ਸਨ । ਇਹ ਸੰਗੀਤ ਦਾ ਚਮਤਕਾਰੀ ਅਸਰ ਸੀ ਕਿ ਇਹ ਕੁਚੀਲ ਹੋ ਚੁਕੀਆਂ ਆਤਮਾਵਾਂ ਮੁੜ ਸਿਧੇ ਰਸਤੇ ਤੇ ਪੈ ਗਈਆਂ । ਇਸੇ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਸਭ ਤੋਂ ਵੱਧ ਪ੍ਰਬਲ ਤੇ ਪ੍ਰਭਾਵ-ਸ਼ਾਲੀ ਇਸ ਬਾਣੀ ਦੀ ਸੰਗੀਤ-ਬੱਧਤਾ ਹੀ ਹੈ ।

ਸੰਗੀਤ ਉਨ੍ਹਾਂ ਮਨ-ਤਰੰਗਾਂ ਤੇ ਸਿੱਧਾ, ਪ੍ਰਤੱਖ ਤੇ ਤੁਰੰਤ ਅਸਰ ਕਰਦਾ ਹੈ ਜਿਹੜੀਆਂ ਮਨੁੱਖੀ ਮਨ ਦੇ ਆਂਤਰਿਕ ਸੰਸਾਰ ਦੇ ਚਾਰੇ ਪਾਸੇ ਨਿਰੰਤਰ ਪ੍ਰਵਾਹਿਤ ਰਹਿੰਦੀਆਂ ਹਨ ।ਇਸ ਸੰਬੰਧ ਵਿਚ ਇਕ ਪੱਛਮੀ ਵਿਦਵਾਨ ਦਾ ਮਤ ਹੈ ਕਿ "ਮਨ ਵਿਚ ਬਣਨ ਵਾਲਾ ਹਰ ਇਕ ਨਿਸਚਤ ਚਿੱਤਰ 'ਮੂਰਤੀ' ਇਮੇਜ਼ ਉਹਨਾਂ ਜਲ ਤਰੰਗਾਂ ਨਾਲ ਰੰਗਾਇਤ ਹੁੰਦਾ ਹੈ ਜਿਹੜੀਆਂ ਉਸਦੇ ਚਾਰੇ ਪਾਸੇ ਹੁੰਦੀਆਂ ਹਨ । ਚਿੱਤਰ ਦਾ ਸਾਰਾ ਮਹੱਤਵ ਜਾਂ ਮੁੱਲ ਉਸ ਪ੍ਰਭਾਵ ਮੰਡਲ ਵਿਚ ਨਿਹਤ ਰਹਿੰਦਾ ਹੈ। ਜਿਹੜਾ ਉਸਦੇ ਚਾਰੇ ਪਾਸੇ ਘੇਰਿਆ ਰਹਿੰਦਾ ਹੈ ।"[66] ਸੰਗੀਤ ਧੁਨੀਆਂ ਅਜਿਹੀਆਂ ਧੁਨੀਆਂ

66. Every defination image in the mind is steeped and dyeet in the free water that flows round it.The significance the value of the image is all in the halo or benumbro that surrounds and escorts it. James,Principles of psycology p.48

ਹੁੰਦੀਆਂ ਹਨ ਜਿਹੜੀਆਂ ਆਤਮਾਂ ਨੂੰ ਬ੍ਰਹਿਮੰਡ ਨਾਲ ਇਕ ਮਿਕ ਕਰਨ ਦੀ ਸਮਰਥਾ ਰੱਖਦੀਆਂ ਹਨ । ਜਿਨ੍ਹਾਂ ਸੰਗੀਤ ਧੁਨੀਆਂ ਵਿਚੋਂ ਕੋਈ ਸਮਾਜ ਜਾਂ ਜਾਤੀ ਅਥਵਾ ਫਿਰਕਾ ਆਪਣੀ ਆਤਮਾਂ ਦੇ ਬੋਲ ਤੇ ਨੁਹਾਰ ਨੂੰ ਸਮਝ ਸਕਦੀ ਹੈ, ਉਹ ਹੀ ਧੁਨੀਆਂ ਉਸ ਜਾਤੀ ਜਾਂ ਕੌਮ ਦਾ ਲੋਕ-ਸੰਗੀਤ ਹੁੰਦੀਆਂ ਹਨ ।

ਗੁਰੂ ਨਾਨਕ ਦੇਵ ਜੀ ਇਕ ਚੇਤੰਨ ਤੇ ਲੋਕ-ਮਾਨਸ ਨੂੰ ਸਮਝਣ ਵਾਲੇ ਗੰਭੀਰ ਚਿੰਤਕ ਸਨ । ਉਹ ਸਮਝਦੇ ਸਨ ਕਿ ਜੇ ਆਪਣੇ ਲੋਕਾਂ ਨੂੰ ਸਰਬ ਵਿਆਪਕ ਪ੍ਰਭੂ ਦਾ ਸਰਬ-ਵਿਆਪਕ ਸੰਦੇਸ਼ ਦੇਣਾ ਅਤੇ ਸਮਝਾਉਣਾ ਹੈ ਤਾਂ ਲੋਕ ਸੰਗੀਤ ਦੁਆਰਾ ਹੀ ਅਜਿਹਾ ਸੂਖਮ ਕਾਰਜ ਕੀਤਾ ਜਾ ਸਕਦਾ ਹੈ । ਇਸ ਲਈ ਗੁਰੂ ਜੀ ਨੇ ਆਪਣੀ ਸਾਰੀ ਬਾਣੀ ਨੂੰ ਅਧਿਕਤਰ ਲੋਕ ਧੁਨਾਂ ਦੇ ਆਧਾਰ ਤੇ ਹੀ ਰਚਿਆ ਅਤੇ ਉਚਾਰਿਆ ਹੈ । ਸਾਡੇ ਇਸ ਵਿਚਾਰ ਦੀ ਪੁਸ਼ਟੀ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਨਿਮਨ ਲਿਖਤ ਸ਼ਬਦ ਵੀ ਕਰਦੇ ਹਨ :

> "ਸੰਗੀਤ ਉਹ ਧੁਨੀ ਹੈ ਜੋ ਆਤਮਾ ਨੂੰ ਬ੍ਰਹਿਮੰਡ ਨਾਲ ਇਕ ਸੁਰ ਕਰ ਦੇਂਦੀ ਹੈ । ਸੰਗੀਤ ਦੀਆਂ ਜਿਨ੍ਹਾਂ ਸਵਰ ਲਹਿਰਾਂ ਵਿਚੋਂ ਕੋਈ ਜਾਤੀ ਆਪਣੀ ਆਤਮਾਂ ਦੇ ਬੋਲ ਤੇ ਨੁਹਾਰ ਪਛਾਨਣ ਲਗਦਾ ਹੈ, ਉਹੋ ਧੁਨਾਂ ਉਸਦਾ ਲੋਕ-ਸੰਗੀਤ ਹੁੰਦੀਆਂ ਹਨ । ਲੋਕ ਸੰਗੀਤ ਜਾਤੀ ਦੇ ਚਰਿਤ੍ਰ ਨਾਲ ਇਕ ਸੁਰ ਹੋਇਆ ਹੁੰਦਾ ਹੈ"।[67]

ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਨਿਮਨ ਲਿਖਤ ਰਾਗਾਂ ਦੀ ਵਰਤੋਂ ਕੀਤੀ ਗਈ ਹੈ :

ਸ੍ਰੀ ਰਾਗ, ਰਾਗ ਮਾਝ, ਰਾਗ ਗਉੜੀ, ਰਾਗ ਗੂਜਰੀ, ਰਾਗ ਬਿਹਾਗੜਾ, ਰਾਗ ਆਸਾ, ਰਾਗ ਵਡਹੰਸ, ਰਾਗ ਸੋਰਠ, ਰਾਗ ਧਨਾਸਰੀ, ਰਾਗ ਤਿਲੰਗ, ਰਾਗ ਸੂਹੀ ਰਾਗ ਬਿਲਾਵਲ, ਰਾਗ ਰਾਮ ਕਲੀ, ਰਾਗ ਮਾਰੂ, ਰਾਗ ਤੁਖਾਰੀ, ਰਾਗ ਭੈਰਵ, ਰਾਗ ਬਸੰਤ ਰਾਗ ਸਾਰੰਗ, ਰਾਗ ਮਲਾਰ ਰਾਗ ਪ੍ਰਭਾਤੀ। ਡਾ. ਡੀ.ਐਸ.ਨਰੂਲਾ ਗੁਰੂ ਜੀ ਨੂੰ ਇਕ ਮਹਾਨ ਸੰਗੀਤਕਾਰ ਮੰਨਦਾ ਹੋਇਆ ਲਿਖਦਾ ਹੈ :

---

67. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀ ਲੋਕ ਧਾਰਾ, ਪੰਨਾ 202, ਨੈਸ਼ਨਲ ਬੁਕ ਟਰੱਸਟ ਇੰਡੀਆ ਦਿਲੀ, 1971

> "ਗੁਰੂ ਨਾਨਕ ਦੇਵ ਜੀ ਗਾਇਕ ਥੇ । ਮਰਦਾਨਾ ਉਨਕਾ ਜੀਵਨ ਸਾਥੀ ਰਬਾਬ ਵਾਦਕ ਥਾ । ਅਪਨੀ ਰਚਨਾਓਂ ਕੋ ਨਾਨਕ ਜੀ ਤਥਾ ਮਰਦਾਨਾ ਗਾਇਨ ਦੁਆਰਾ ਪ੍ਰਕਟ ਕਰਤੇ ਥੇ । ਨਾਨਕ ਜੀ ਕੀ ਸਿਖਸਾ ਕਾ ਮਾਧਿਅਮ ਸੰਗੀਤ ਔਰ ਕਾਵਿਯ ਥਾ । ਉਨਹੋਨੇ ਸੰਗੀਤ ਕੇ ਮਾਧਿਅਮ ਸੇ ਨਿਰੰਕਾਰੀ ਉਪਾਸਨਾ ਕਾ ਸੰਦੇਸ਼ ਦੀਆ ਹੈ । ਉਨਕੀ ਰਚਨਾਓਂ ਕੇ ਸੰਗੀਤਕ ਨਾਮਾਕਰਨ ਥੇ । ਆਧੁਨਿਕ ਸਿੱਖ ਧਰਮ ਕੀ ਮਰਯਾਦਾ ਮੇਂ ਭੀ ਗੁਰੂਬਾਣੀ ਕੋ ਰਾਗੋਂ ਮੇਂ ਗਾਇਨ ਕਰਨੇ ਕਾ ਨਿਯਮ ਹੈ ।[68]

ਡਾ. ਨਰੂਲਾ ਦੇ ਉਪਰੋਕਤ ਮਤ ਤੋਂ ਇਹ ਗੱਲ ਸਾਫ਼ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਰਾਗ-ਸੰਗੀਤ ਦਾ ਮਹੱਤਵ ਪੂਰਨ ਸਥਾਨ ਹੈ । ਗੁਰੂ ਜੀ ਆਪਣੀ ਬਾਣੀ ਨੂੰ ਆਪ ਸੰਗੀਤਮੱਯ ਰੂਪ ਵਿਚ ਇਕ ਮਨ ਇਕ ਚਿਤ ਹੋ ਕੇ ਜਦੋਂ ਗਾਇਨ ਕਰਦੇ ਸਨ ਤਾਂ ਸਰੋਤਿਆਂ ਦਾ ਕਾਇਆਂ ਕਲਪ ਹੋ ਜਾਂਦਾ ਸੀ । ਠੱਗ ਸੱਜਣ ਬਣ ਜਾਂਦੇ ਸਨ, ਡਾਕੂ ਸਾਧ ਬਣ ਜਾਂਦੇ ਸਨ, ਅਤੇ ਰਾਖਸ਼ ਵਰਗੇ ਮਨੁੱਖ ਮਨ ਕੇ ਸਿਧੇ ਰਾਹ ਤੁਰਨ ਦਾ ਪ੍ਰਣ ਲੈਂਦੇ ਸਨ । ਇਹ ਸ਼ਕਤੀ ਸੰਗੀਤ ਵਿਚ ਛਿਪੀ ਹੋਈ ਰਸਿਕ ਗੁਰੂ ਨਾਨਕ-ਆਤਮਾਂ ਦੀ ਸੀ । ਗੁਰੂ ਜੀ ਨੇ ਆਪਣੀ ਸਾਰੀ ਬਾਣੀ ਨੂੰ ਰਾਗਾਂ ਵਿੱਚ ਸੰਕਲਤ ਕੀਤਾ ਹੈ । ਇਹ ਰਾਗ ਸਮੇਂ ਦੇ ਮੁਤਾਬਕ ਵੀ ਹਨ । ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ । ਗੁਰੂ ਜੀ ਨੇ ਪ੍ਰਦੇਸ਼ਿਕ ਰਾਗਾਂ ਵਿਚ ਵੀ ਬਾਣੀ ਰਚੀ ਹੈ । ਜਿਵੇਂ ਮਾਝ ਰਾਗ ਮਾਝੇ ਦੇ ਇਲਾਕੇ ਦਾ ਸਥਾਨਕ ਰਾਗ ਹੈ । ਇਸ ਤਰ੍ਹਾਂ ਤਿਲੰਗ ਰਾਗ ਵੀ ਇਲਾਕੇ ਨਾਲ ਸੰਬੰਧਿਤ ਹੈ । ਇਸ ਦਾ ਭਾਵ ਇਹ ਹੋਇਆ ਕਿ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਵਿਚ ਰਾਗਾਂ ਦੀ ਵਿਸ਼ੇਸ਼ ਮਹੱਤਤਾ ਹੈ ।

ਗੁਰੂ ਨਾਨਕ ਦੀ ਰਸਿਕ ਰੂਹ ਇਕ ਸੰਗੀਤਕਾਰ ਦੀ ਸੁਨਿਹਰੀ ਆਤਮਾਂ ਸੀ । ਇਸ ਆਤਮਾ ਨੇ ਅਤਿ ਨਿਰਮਾਣ ਹੋ ਆਪਣੇ ਆਪ ਨੂੰ ਪ੍ਰਭੂ ਦੇ ਦਰਬਾਰ ਦਾ ਢਾਡੀ ਆਖਿਆ ਹੈ । ਫਿਰ ਇਕ ਵਾਰ ਨਹੀਂ ਅਨੇਕ ਵਾਰ ਆਖਿਆ ਹੈ, ਜਿਵੇਂ:

1. ਹਉ ਢਾਢੀ ਕੀ ਨੀਚ ਜਾਤਿ ਹੋਰ ਉਤਮ ਜਾਤਿ ਸਦਾਇਦੇ ।
2. ਹਉ ਢਾਢੀ ਵੇਕਾਰੁ ਕਾਰੈ ਲਾਇਆ ।
3. ਧਾਮੀ ਕੇ ਦਰਬਾਰ ਢਾਢੀ ਵਸਿਆ ।

---

68. ਡਾ. ਡੀ.ਐਸ. ਨਰੂਲਾ, ਗੁਰੂ ਨਾਨਕ ਸੰਗੀਤਗਯ (ਹਿੰਦੀ)ਪੰ. 27

4. ਢਾਡੀ ਸਚੈ ਮਹਲਿ ਖਸਮਿ ਬੁਲਾਇਆ ।

5. ਢਾਡੀ ਕਰੈ ਪਸਾਉ ਸਬਦਿ ਵਜਾਇਆ ।

6. ਢਾਡੀ ਕਥੇ ਅਕਥ ਸ਼ਬਦ ਸਵਾਰਿਆ ।ਆਦਿ।

ਉਪਰੋਕਤ ਕਾਵਿ ਪੰਕਤੀਆਂ ਗੁਰੂ ਜੀ ਦੀ ਸੰਗੀਤਕਾਰ ਰੂਹ ਦੇ ਦਰਸ਼ਨ ਕਰਵਾਉਂਦੀਆਂ ਹਨ। ਜਿਸ ਰੂਹ ਨੇ ਆਪਣੇ ਸਮੂਹ ਭਾਵਾਂ ਨੂੰ ਪ੍ਰਭੂ ਸਮਰਪਿਤ ਕਰਕੇ ਰਾਗ ਤੇ ਸੰਗੀਤ ਦੁਆਰਾ ਕੁਲ ਮਨੁੱਖੀ ਜਾਤੀ ਦੇ ਭਲੇ ਲਈ ਬਾਣੀ ਰੂਪ ਵਿਚ ਉਚਾਰਿਆ ਹੈ । ਰਾਗ,ਰਾਗਨੀ, ਪਖਾਵਜ, ਰਾਗੀ ਨਾਦੀ, ਅਨਹਦ ਬਾਜੇ ,ਢਾਡੀ, ਰਬਾਬ,ਵੀਣਾ,ਘਰ,ਗੀਤ,ਗਾਵਣਾ, ਤਾਲ, ਮਦੀਰਾ ਢੋਲਕ ਆਦਿ ਸ਼ਬਦ ਸੰਗੀਤ ਦੀ ਦੁਨੀਆਂ ਦੇ ਸ਼ਬਦ ਵਿਚਾਰਣਾ ਸਮੇਤ ਗੁਰੂ ਜੀ ਦੀ ਬਾਣੀ ਵਿਚ ਵਰਤੇ ਗਏ ਕੁਲ ਰਾਗਾਂ ਦੀ ਗਿਣਤੀ 20 ਬਣਦੀ ਹੈ । ਜਿਨ੍ਹਾਂ ਵਿਚੋਂ ਕੁਝ ਕੁ ਦੀਆਂ ਉਦਾਹਰਨਾਂ ਦੇ ਰਹੇ ਹਾਂ । ਜਿਵੇਂ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ।
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ।
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ।
ਕਰਤਾ ਸਭੁ ਕੋ ਤੇਰੈ ਜੋਰਿ ।
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ।ਰਹਾਉ।
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ।
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ।
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ।
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ।
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ।
ਸਚੁ ਮਿਲੈ ਸਚੁ ਉਪਜੈ ਸਚ ਮਹਿ ਸਾਚਿ ਸਮਾਇ ।
ਸੁਰਤਿ ਹੋਵੈ ਪਤਿ ਉਗਵੈ ਗੁਰਬਚਨੀ ਭਉ ਖਾਇ ।
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ।[69]

---

69. ਸ੍ਰੀ ਰਾਗ ਮ:1,ਨਾਨਕ ਬਾਣੀ,ਪੰ. 96

ਸੀ ਰਾਗ ਦੇ ਇਸ ਸ਼ਬਦ ਵਿਚ ਗੁਰੂ ਨਾਨਕ ਜੀ ਸਤਿ ਸੰਗੀਤ ਵਿਚ ਮਿਲ ਬੈਠ ਕੇ ਪ੍ਰਭੂ ਸਿਮਰਨ ਦੀ ਪ੍ਰੇਰਨਾ ਦੇਂਦੇ ਹਨ। ਗੁਰੂ ਜੀ ਦਾ ਭਾਵ ਹੈ ਕਿ ਪ੍ਰਭੂ ਸਰਬਗੁਣ ਸੰਪੰਨ ਹੈ। ਅਵਗੁਣ ਤਾਂ ਸਾਡੇ ਜੀਵਾਂ ਵਿਚ ਹਨ। ਗੁਰ ਸ਼ਬਦ ਦੀ ਵੀਚਾਰ ਸਦਕਾ ਪ੍ਰਤੀਤ ਪਤਾ ਲਗਦਾ ਹੈ ਕਿ ਪ੍ਰਮਾਤਮਾ ਤੋਂ ਕਿਨਾਂ ਦੂਰ ਹੋਈ ਜਾਂਦੀ ਹੈ। ਪ੍ਰਭੂ ਨੂੰ ਮਿਲੀਆਂ ਹੋਈਆਂ ਰੂਹਾਂ ਨੂੰ ਪੁੱਛਿਆ ਗਿਆ ਤੁਸੀਂ ਕਿਵੇਂ ਪ੍ਰਭੂ ਮਿਲਾਪ ਪ੍ਰਾਪਤ ਕੀਤਾ ਹੈ, ਉੱਤਰ ਮਿਲਿਆ ਸਹਿਜ, ਸੰਤੋਖ ਅਤੇ ਪਿਆਰ ਭਰੇ ਮਿੱਠੇ ਬਚਨਾਂ ਨਾਲ ਪ੍ਰਭੂ ਮਿਲਾਪ ਹਾਸਲ ਹੋਇਆ ਹੈ। ਇਹ ਸਾਰੀ ਪ੍ਰਕ੍ਰਿਆ ਗੁਰੂ ਸ਼ਬਦ ਦੁਆਰਾ ਸੋਚ ਵਿਚ ਆਂਦੀ ਹੈ। ਜਿਸ ਨੂੰ ਮਿਲਣ ਨਾਲ ਜੀ ਸਚ ਹੋ ਜਾਂਦਾ ਹੈ। ਫਿਰ ਪ੍ਰਭੂ ਆਪ ਹੀ ਜੀਵ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

ਰਾਗ ਮਾਝ ਵਿਚ ਰਚੇ ਹੋਏ ਸ਼ਬਦਾਂ ਵਿਚ ਪ੍ਰਤੱਖ ਤੌਰ ਤੇ ਭਾਵਾਂ ਦਾ ਪ੍ਰਕਾਰ ਸੰਗੀਤਕ ਸ਼ਬਦਾਵਲੀ ਦੁਆਰਾ ਕੀਤਾ ਗਿਆ ਹੈ। ਸੰਗੀਤ ਵਿਚ ਵਰਤੇ ਜਾਣ ਵਾਲੇ ਸਾਜਾਂ ਦੇ ਜ਼ਿਕਰਾਂ ਰਾਹੀਂ ਲੌਕਿਕ ਨਾਦ ਦੇ ਪਸਾਰ ਅਤੇ ਪਾਰਲੌਕਿਕ ਪਰਮ ਸਤਿ ਦੇ ਆਪਣੀ ਹਜ਼ੂਰੀ ਨੂੰ ਕੱਵਿਤਾਵੀ ਰੂਪ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ :

ਹਾਟ ਮਹੀਨੇ ਘਟ ਕੇ ਘਾਟ ।
ਰੋਲਕ ਰੁਕੀਆ ਬਾਜਨਿ ਬਾਟ ।
ਸਾਚਾ ਸਾਰੈ ਕਰਿ ਕਾ ਸਾਰੂ ।
ਜਤੀ ਸਤੀ ਰਹ ਰਾਖਹਿ ਪਾਹੂ ।
ਨਾਨਕ ਨਾਮ ਵਿਟਹੁ ਕੁਰਬਾਣੁ ।
ਅੰਧੀ ਦੁਨੀਆਂ ਸਾਹਿਬੁ ਜਾਣੁ । ਰਹਾਉ ।
ਗੁਰੂ ਪਾਸਾਹੁ ਫਿਰਿ ਚੇਲਾ ਖਾਇ ।
ਤਾਮਿ ਪਰੀਤਿ ਵਸੈ ਘਰਿ ਆਇ ।
ਜੇ ਸਉ ਵਰ੍ਹਿਆ ਜੀਵਣ ਖਾਣ ।
ਖਸਮ ਪਛਾਣੈ ਸੋ ਦਿਨੁ ਪਰਵਾਣੁ ।
ਦਰਸਨਿ ਦੇਖਿਐ ਦਇਆ ਨ ਹੋਇ ।
ਲਏ ਦਿਤੇ ਵਿਣੁ ਰਹੈ ਨ ਕੋਇ ।
ਰਾਜਾ ਨਿਆਉ ਕਰੇ ਹਥਿ ਹੋਇ ।
ਕਹੈ ਖੁਦਾਇ ਨ ਮਾਨੈ ਕੋਇ ।
ਮਾਣਸ ਮੂਰਤਿ ਨਾਨਕੁ ਨਾਮੁ ।

ਕਹਣੀ ਰੁਤਾ ਹਰਿ ਰੁਗਾਨੁ ।
ਗੁਰ ਪਰਸਾਦਿ ਜਾਣੈ ਗਿਆਨੁ ।
ਤਾ ਕਿਛੁ ਦਰਗਹ ਪਾਵੈ ਮਾਨੁ ।।[70]

ਮਦੀਰਾ, ਢੋਲਕ, ਵਾਜਾ, ਤਾਲ, ਘਾਟ, ਬਾਜਹਿ ਆਦਿ ਸਾਰੇ ਸ਼ਬਦ ਸੰਗੀਤ ਦੀ ਦੁਨੀਆਂ ਨਾਲ ਸਬੰਧਿਤ ਹਨ । ਇਸ ਸ਼ਬਦ ਵਿਚ ਗੁਰੂ ਜੀ ਨੇ ਦਸਿਆ ਹੈ ਕਿ ਜੇ ਸੰਗਾਲਾਂ ਦਾ ਜੀਵਨ ਵੀ ਮਿਲ ਜਾਵੇ ਤਾਂ ਇਸ ਕੀ ? ਜਿਸ ਦਿਨ ਜੀਵ ਪ੍ਰਭੂ ਨੂੰ ਪਛਾਣ ਲਵੇਗਾ ਉਹੀ ਦਿਨ ਸ਼ਫਲ ਮੰਨਿਆ ਜਾਵੇਗਾ । ਗੁਰੂ ਦੀ ਕ੍ਰਿਪਾ ਨਾਲ ਜਿਹੜਾ ਜੀਵ ਆਪਣੇ ਆਪ ਨੂੰ ਇਸ ਜਗਤ ਤੇ ਮਹਿਮਾਨ ਸਮਝਦਾ ਹੈ ਉਹ ਹੀ ਪ੍ਰਭੂ ਦੀ ਦਰਗਾਹ ਵਿਚ ਜਾ ਮਾਣ ਹਾਸਲ ਕਰਦਾ ਹੈ ।

ਤੁਖਾਰੀ ਰਾਗ ਵਿਚ ਰਚੀ ਗਈ ਬਾਣੀ ਬਾਰਾਂ ਮਾਹ ਵਿਰਹੋਂ ਕੁਠੀ ਆਤਮਾਂ ਦੇ ਤਰਲ ਭਾਵਾਂ ਨੂੰ ਰਸ ਭਿੰਨੇ ਰੂਪ ਵਿਚ ਪੇਸ਼ ਕਰਦੀ ਹੈ :

ਸਾਵਣਿ ਸਰਸ ਮਨਾਂ ਘਣ ਵਰਸਹਿ ਰੁਤਿ ਆਏ ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ।
ਪਿਰ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖ ਮਾਏ ।
ਹਰਿ ਬਿਨ ਨੀਂਦ ਭੁਖ ਕੈਸੀ ਕਾਪੜ ਤਨ ਨ ਸਖਾਵਏ ।
ਨਾਨਕ ਸੋ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ।[71]

ਸਾਵਣਿ ਦੇ ਮਹੀਨੇ ਵਿਚ ਛਹਿਬਰ ਦਾ ਮੀਂਹ ਵਸਣਾ ਵੀ ਇਕ ਸੰਗੀਤਕ ਧੁਨੀ ਨੂੰ ਪੈਦਾ ਕਰਦਾ ਹੈ । ਮੁਟਿਆਰ ਸਹੁ ਦਾ ਮਿਲਾਪ ਚਾਹੁੰਦੀ ਹੈ ਪਰ ਸਹੁ ਤਾਂ ਉਸਤੋਂ ਦੂਰ ਪਰਦੇਸ਼ ਗਿਆ ਹੋਇਆ ਹੈ । ਢੱਠੇ ਘਰ ਦੇ ਵਿਹੜੇ ਵਿਚ ਬਿਜਲੀ ਦੀ ਚਮਕ ਤੇ ਬਦਲਾਂ ਦੀ ਗਰਜ ਇਕੱਲੀ ਮੁਟਿਆਰ ਨੂੰ ਡਰਾਵਣੀ ਲਗਦੀ ਹੈ । ਇਕੱਲੀ ਪ੍ਰਭੂ ਰੂਪੀ ਪਤੀ ਦੇ ਮਿਲਾਪ ਤੋਂ ਸੱਖਣੀ ਸੇਜ ਤੇ ਨੀਂਦ ਨਹੀਂ ਆਉਂਦੀ ਤੇ ਜੀਵ-ਇਸਤ੍ਰੀ ਦੁੱਖ ਭੋਗਦੀ ਹੈ ।(ਹਰਿ) ਪਤੀ ਤੋਂ ਬਿਨਾਂ ਨਾਂ ਨੀਂਦ ਨਾ ਭੁੱਖ ਹੀ ਲਗਦੀ ਹੈ ਅਤੇ ਸਰੀਰ ਦੇ ਕਪੜੇ ਭਾਵੇਂ ਇਹ ਮਨੁੱਖ ਜੀਵਨ ਅਤੇ ਇਸਦੇ ਸੁੱਖ ਵੀ ਦੁੱਖ

70. ਗੁਰੂ ਨਾਨਕ ਬਾਣੀ ਰਾਗ ਮਹਿਲਾ, ਪੰ. 396
71. ਉਹੀ, ਰਾਗ ਤੁਖਾਰ, ਪੰ. 1249

ਰੂਪ ਹੋ ਜਾਂਦੇ ਹਨ । ਗੁਰੂ ਜੀ ਅੰਤਲੀ ਪੰਕਤੀ ਵਿਚ ਸਪੱਸ਼ਟ ਕਰਦੇ ਹਨ ਕਿ ਉਹ ਜੀਵ ਆਤਮਾ ਸੁਹਾਗਣਿ ਹੈ ਜਿਹੜੀ ਆਪਣੇ ਪਤੀ-ਪ੍ਰਮਾਤਮਾਂ ਦੇ ਅੰਕਿ ਵਿਚ ਸਮਾਈ ਹੋਈ ਹੈ ਭਾਵ ਜਿਸਦੇ ਹਿਰਦੇ ਵਿਚ ਪਤੀ ਪਿਆਰ ਵਸਿਆ ਹੋਇਆ ਹੈ ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਮਲਾਰ ਰਾਗ ਵਿਚ ਰਚੀ ਵਾਰ ਨੂੰ ਗਾਉਣ ਦਾ ਸੰਕੇਤ ਵੀ ਲਿਖਿਆ ਹੈ । ਜਿਹੜਾ ਕਿ ਇਸ ਤਰ੍ਹਾਂ ਹੈ :

"ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨਿ" ਇਸ ਵਾਰ ਵਿਚੋਂ ਇਕ ਉਦਾਹਰਣ ਇਸ ਪ੍ਰਕਾਰ ਹੈ;

ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ
ਲਥੇ ਭੜਥੂ ਪਾਇ ਗੁਰਮੁਖਿ ਮਚਿਆ ।
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ।
ਆਪ ਭਿੜੇ ਮਾਰੇ ਆਪਿ ਆਪਿ ਕਾਰਜ ਰਚਿਆ ।
ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ।
ਹੁਕਮੀ ਲਿਖੈ ਸਿਰ ਲੇਖੁ ਵਿਣ ਕਲਮ ਮਸਵਾਣੀਏ ।
ਸਤ ਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ।
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ।[72]

ਮਲਾਰ ਰਾਗ ਦੇ ਇਸ ਸ਼ਬਦ ਵਿਚ ਇਸ ਜਗਤ ਨੂੰ ਇਕ ਅਖਾੜਾ ਦਰਸਾਇਆ ਗਿਆ ਹੈ । ਇਸ ਅਖਾੜੇ ਵਿਚ ਜੀਵ ਪਹਿਲਵਾਨਾਂ ਨੇ ਭੜਥੂ ਪਾਇਆ ਹੋਇਆ ਹੈ । ਮਨਮੁਖ ਇਸ ਅਖਾੜੇ ਵਿਚੋਂ ਮਾਰ ਖਾ ਕੇ ਹਾਰ ਕੇ ਜਾਂਦੇ ਹਨ ਅਤੇ ਗੁਰਮੁਖ ਇਸ ਜੀਵਨ ਨੂੰ ਸਫਲ ਕਰਕੇ ਅਖਾੜੇ ਵਿਚੋਂ ਜਿਤ ਕੇ ਜਾਂਦੇ ਹਨ । ਗੁਰਮੁਖ ਜੀਵ ਨੂੰ ਇਹ ਸੋਝੀ ਆਉਂਦੀ ਹੈ ਕਿ ਸਾਰੇ ਜੀਵਾਂ ਦਾ ਮਾਲਕ ਇਕ ਪ੍ਰਮਾਤਮਾਂ ਆਪ ਹੈ । ਉਸ ਦੇ ਹੁਕਮਿ ਵਿਚ ਬਿਨਾਂ ਕਲਮ ਸਿਆਹੀ ਦੇ ਜੀਵਾਂ ਦੇ ਸਿਰਲੇਖ ਲਿਖੇ ਜਾਂਦੇ ਹਨ । ਜੀਵਾਂ ਦਾ ਮਿਲਾਪ ਸਤਿ ਸੰਗਤਿ ਦੁਆਰਾ ਹੀ ਪ੍ਰਭੂ ਨਾਲ ਸੰਭਵ ਹੈ । ਗੁਰੂ ਦੇ ਸਚੇ ਸਬਦ ਦੀ ਸਿਫਤ ਸਲਾਹ ਕੀਤਿਆਂ ਹੀ ਸੱਚ ਦੀ ਪਛਾਣ ਅਥਵਾ ਸੋਝੀ ਹੋ ਸਕਦੀ ਹੈ । ਇਨ੍ਹਾਂ ਪੰਕਤੀਆਂ ਦੇ ਰਾਗ ਮਈ ਉਚਾਰਣ ਨਾਲ ਮਨੁੱਖੀ ਮਨ ਪਸੀਜ ਉਠਦਾ ਹੈ ਅਤੇ ਭਲੇ ਕਰਮਾਂ ਵੱਲ ਰੁਚਿਤ ਹੋ ਜਾਂਦਾ ਹੈ । ਇਸ ਤਰ੍ਹਾਂ ਗੁਰੂ ਨਾਨਕ ਦੀ ਬਾਣੀ ਦੀ ਸੰਚਾਰ ਪ੍ਰਕ੍ਰਿਆ ਦਾ ਉਦੇਸ਼ ਪੂਰਾ ਹੋ ਜਾਂਦਾ ਹੈ ।

ਪ੍ਰਭਾਤੀ ਰਾਗ ਵਿਚ ਗੁਰੂ ਜੀ ਕੁਝ ਮਿਥਿਹਾਸਕ ਹਵਾਲੇ ਅੰਕਿਤ ਕਰਦੇ ਹੋਏ ਆਪਣੇ ਵਿਚਾਰਾਂ ਦਾ ਸੰਗੀਤ ਬੱਧ ਸੰਚਾਰ ਬੜੇ ਹੀ ਕਲਾਮਈ ਰੂਪ ਵਿਚ ਨਿਮਨ ਲਿਖਤ ਅਨੁਸਾਰ ਕਰਦੇ ਹਨ :

72. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1417

ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ।
ਸਹਸ ਸਰੀਰ ਚਿਹਨ ਭਗ ਹੂਏ ਤਾਂ ਮਨਿ ਪਛੋਤਾਇਆ ।
ਕੋਈ ਜਾਣਿ ਨ ਭੂਲੈ ਭਾਈ ।
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ।ਰਹਾਉ।
ਤਿਨਿ ਹਰੀ ਚੰਦਿ ਪ੍ਰਿਥਮੀਪਤਿ ਰਾਜੈ ਕਾਗਦਿ ਕੀਮ ਨ ਪਾਈ ।
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ।
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ।
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ।
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ।
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ।
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ ।
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ।
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਸਦਾ ਰਹੈ ਸਰਣਾਈ ।
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ।
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ।
ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ।
ਭੁਲਣ ਵਿਚ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ।
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ।[73]

ਗੋਤਮ, ਅਹਿਲਿਆ, ਹਰੀ ਚੰਦ ਰਾਜਾ, ਜਨਮੇਜਾ ਰਾਜਾ, ਵਿਆਸ ਰਿਸ਼ੀ ਆਦਿ ਦੀਆਂ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਪ੍ਰਮਾਤਮਾ ਬੇਅੰਤ ਤੇ ਅਥਾਹ ਹੈ । ਬੜੇ ਬੜੇ ਵਿਦਵਾਨ, ਚਤੁਰ ਤੇ ਸੋਝੀ ਵਾਲੇ ਮਨੁੱਖ ਵੀ ਉਸਦਾ ਭੇਦ ਨਹੀਂ ਪਾ ਸਕਦੇ। ਉਸਨੂੰ ਸਮਝਣਾ ਔਖਾ ਹੈ ਇਸ ਲਈ ਸੰਪੂਰਣ ਸਮਰਪਣ ਹੀ ਕਰਨਾ ਬਣਦਾ ਹੈ । ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਸਾਹਿਬਾਂ ਨੇ ਬਾਣੀ ਨੂੰ ਸੰਗੀਤਬਧ ਕਰਕੇ ਮਨੁੱਖੀ ਮਨ ਉਤੇ ਪਰਮਾਤਮਾ (ਪ੍ਰਭੂ) ਨਾਲ ਸਨੇਹ ਕਰਨ, ਪ੍ਰੇਮ ਕਰਨ ਅਤੇ ਉਸਦਾ ਸਿਮਰਨ ਕਰਨ ਦੀ ਅਮਿਟ ਮੁਹਰ ਛਾਪ ਲਗਾਈ ਹੈ । ਪ੍ਰੇਮਾਂ ਭਗਤੀ ਦੇ ਵਾਤਾਵਰਣ ਲਈ ਰਾਗਾਤਮਕਤਾ ਇਕ ਜ਼ਰੂਰੀ ਤੇ

---

73. ਗੁਰੂ ਨਾਨਕ ਬਾਣੀ, ਭਾਗ ਦੂਜਾ, ਰਾਗ ਪ੍ਰਭਾਤੀ, ਮ.1, ਪੰ. 1512-13

ਵਿਸ਼ੇਸ਼ ਸਾਧਨ ਵੀ ਹੈ । ਸੰਗੀਤਕ ਧੁਨਾਂ ਨੇ ਗੁਰੂ ਜੀ ਦੇ ਸੰਦੇਸ਼ ਨੂੰ ਵਧੇਰੇ ਰਸਿਕ ਤੇ ਪ੍ਰਭਾਵਸ਼ਾਲੀ ਬਣਾ ਦਿਆ ਹੈ । ਜਿਵੇਂ ਕਿ ਅਸੀਂ ਉਪਰ ਵੀ ਦੱਸਿਆ ਹੈ । ਸ੍ਰੀ ਗੁਰੂ ਜੀ ਦੁਆਰਾ ਰਾਗ ਦੇ ਅੰਦਰ ਸੁਰਵੇਂ ਰੂਪ ਵਿਚ ਅਲਾਪ ਕੀਤੀ ਗਈ ਬਾਣੀ ਦਾ ਹੀ ਕ੍ਰਿਸ਼ਮਾ ਸੀ ਕਿ ਸਾਧੂ, ਸੰਤ, ਠੱਗ, ਸੱਜਣ ਤੇ ਰਾਖਸ਼ ਮਨੁੱਖ ਬਣ ਗਏ । ਗੁਰੂ ਜੀ ਆਪਣੀ ਰਚਨਾ, ਕਵੀ-ਰਸ ਨਾਲ ਭਰਪੂਰ ਆਤਮਾ ਦੀਆਂ ਭਾਵਨਾਵਾਂ ਨੂੰ ਰਾਗ ਸੰਗੀਤ ਦੇ ਸਾਧਨ ਦੁਆਰਾ ਆਸਾਨੀ ਨਾਲ ਉਨ੍ਹਾਂ ਦੇ ਸਹੀ ਤੇ ਪ੍ਰਭਾਵਸ਼ਾਲੀ ਰੂਪ ਵਿਚ ਬਿਆਨ ਕਰ ਸਕੇ ਹਨ । ਗੁਰੂ ਜੀ ਨੇ ਅਨੇਕ ਕਿਸਮ ਦੀਆਂ ਸਥਾਨਕ ਅਤੇ ਗੈਰ ਸਥਾਨਕ ਸੰਗੀਤ ਸ਼ੈਲੀਆਂ ਨੂੰ ਆਪਣੀ ਬਾਣੀ ਵਿਚ ਇਸ ਤਰ੍ਹਾਂ ਸਮੋਇਆ ਹੈ ਕਿ ਪ੍ਰਾਂਤਾਂ ਅਤੇ ਕੌਮਾਂ ਦੀਆਂ ਹੱਦਾਂ ਤੋਂ ਉਪਰ ਉਠ ਗਈਆਂ ਹਨ, ਸੰਗੀਤ ਪ੍ਰਤਿਭਾ ਦੀ ਦ੍ਰਿਸ਼ਟੀ ਤੋਂ ਗੁਰੂ ਜੀ ਆਪਣੇ ਸਮਕਾਲੀਆਂ ਨਾਲੋਂ ਬਹੁਤ ਅੱਗੇ ਅਤੇ ਉਚੇ ਸ਼ਿਖਰ ਪਹੁੰਚੇ ਹਨ ।

ਪ੍ਰਤੀਕਾਤਮਕ ਪ੍ਰਵਚਨ ( Symbolized Discourses)

ਸ਼ਬਦ ਪ੍ਰਤੀਕਾਤਮਕਤਾ ਦਾ ਮੂਲ ਸ਼ਬਦ ਪ੍ਰਤੀਕ ਹੈ ਜਿਸ ਸ਼ਬਦ ਦਾ ਅੰਗਰੇਜ਼ੀ ਭਾਸ਼ਾ ਦਾ ਪਰਿਆਇਵਾਚੀ ਸ਼ਬਦ 'Symbol' ਹੈ। ਇਸ ਪਰਿਭਾਸ਼ਕ ਸ਼ਬਦ ਬਾਰੇ ਇਨਸਾਈਕਲੋਪੀਡੀਆ ਵਿਚ ਲਿਖਿਆ ਹੈ :

> "The Term symbol give to visible object representing to the mind the resemblence of something which is not shown but realized by association with it".[74]

ਭਾਵ: ਪ੍ਰਤੀਕ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਕਿਸੇ ਵਸਤੂ ਨੂੰ ਬਿਨਾਂ ਵਿਖਾਏ ਹੀ ਉਸਦਾ ਪ੍ਰਭਾਵ ਭਾਵ ਮਹਿਸੂਸ ਕਰਵਾਇਆ ਜਾਂਦਾ ਹੈ । ਅਰਥਾਤ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਵਿਅਕਤ ਸਤਾ ਦਾ ਦ੍ਰਿਸ਼ ਜਾਂ ਵਿਅਕਤ ਰੂਪ ਹੈ ਇਸ ਦੀ ਸਾਂਝ ਇੰਬ ਅਤੇ

---

74. Encyclopedia of Britanica Vol.XII,p.700

ਅਲੰਕਾਰ ਨਾਲ ਵੀ ਨੇੜੇ ਦੀ ਹੁੰਦੀ ਹੈ । ਕਾਫ਼ੀ ਆਲੋਚਕਾਂ ਨੇ ਪ੍ਰਤੀਕ ਅਤੇ ਨਾਦ ਸਬੰਧ ਸੂਤ੍ਰ ਉਪਰ ਬਹੁਤ ਜ਼ਿਆਦਾ ਬਲ ਦਿਤਾ ਹੈ । ਸੰਬੰਧ ਸੂਤ੍ਰ ਤੋਂ ਭਾਵ ਇਹ ਹੈ ਕਿ ਪ੍ਰਤੀਕ ਉਸ ਪ੍ਰਸਥਿਤੀ ਜਾਂ ਭਾਵ-ਭੂਮੀ ਵਿਚ ਪਹਿਲਾਂ ਹੀ ਵਿਚਰ ਚੁਕਿਆ ਹੋਵੇ, ਪ੍ਰਤੀਕਾਤਮਕਤਾ ਪ੍ਰਵਚਨ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਸੰਦਰਭ ਮੂਲ ਵਾਸਤਵਿਕਤਾ ਨੂੰ ਭਾਸ਼ਾ ਵਿਚੋਂ ਕੱਢ ਦੇਂਦਾ ਹੈ ।

ਗੁਰੂ ਨਾਨਕ ਦੇਵ ਜੀ ਨੇ ਜੀਵ ਆਤਮਾ ਤੇ ਪ੍ਰਮਾਤਮਾਂ ਦੇ ਸੰਬੰਧ ਨੂੰ ਸਾਕਾਰ ਕਰਨ ਲਈ ਪਤੀ ਪਤਨੀ ਸਬੰਧ ਵਾਲੇ ਪ੍ਰਤੀਕਾਂ ਦੀ ਵਰਤੋਂ ਬਹੁਤ ਜਿਆਦਾ ਕੀਤੀ ਹੈ । ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਪ੍ਰਤੀਕ ਪ੍ਰਤੀਕਾਤਮਕ ਪ੍ਰਵਚਨਾਂ ਦਾ ਰੂਪ ਕਦੋਂ ਧਾਰਨ ਕਰਦੇ ਹਨ । ਪ੍ਰਵਚਨ ਅਤੇ ਵਚਨ ਵਿਚ ਅੰਤਰ ਕਰਨ ਤੋਂ ਬਿਨਾਂ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ ਜਾਪਦਾ । ਵਚਨ ਦਾ ਸਬੰਧ ਸਿਧਾ ਸਪੱਸ਼ਟ ਤੇ ਤੁਰੰਤ ਰੂਪ ਵਿਚ ਸੰਬੰਧਿਤ ਪ੍ਰਾਣੀਆਂ ਨਾਲ ਹੁੰਦਾ ਹੈ । ਪਰ ਪ੍ਰਵਚਨ ਪਰਧਾਨੇ ਬੋਲੇ ਜਾਂਦੇ ਹਨ । ਪ੍ਰਵਚਨਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਜਦੋਂ ਕਿ 'ਵਚਨ' ਦਾ ਘੇਰਾ ਸੀਮਤ ਹੈ। ਪ੍ਰਵਚਨ ਵਚਨ ਨੂੰ ਰੁਪਾਂਤਰਿਤ ਰੂਪ ਵਿਚ ਪੇਸ਼ ਕਰਦੇ ਹਨ । ਇਸ ਰੂਪਾਂਤਰਿਤ ਰੂਪ ਵਿਚੋਂ ਹੀ ਪ੍ਰਤੀਕਾਤਮਕਤਾ ਉਪਜਦੀ ਹੈ । ਦੰਪਤੀ ਜੀਵਨ ਵਿਚ ਔਰਤ ਅਤੇ ਮਰਦ ਦੇ ਮਿਲਾਪ ਦੇ ਦ੍ਰਿਸ਼ਾਂ ਦੀ ਕਲਪਨਾ ਕੀਤੀ ਜਾਂਦੀ ਹੈ ।

ਪਰ ਇਸ ਮਿਲਾਪ ਦੀ ਤਾਂਘ ਨੂੰ ਜਦੋਂ ਆਤਮਾਂ ਤੇ ਪ੍ਰਮਾਤਮਾ ਦੇ ਮਿਲਾਪ ਦੀ ਤਾਂਘ ਵਿਚ ਤਬਦੀਲ ਕੀਤਾ ਜਾਂਦਾ ਹੈ ਤਾਂ ਪ੍ਰਤੀਕਤਮਕ ਪ੍ਰਵਚਨ ਹੋਂਦ ਵਿਚ ਆਉਂਦੇ ਹਨ । ਨਿਮਨਲਿਖਤ ਉਦਾਹਰਣ ਦੁਆਰਾ ਪ੍ਰਤੀਕਾਤਮਕ ਪ੍ਰਵਚਨ ਦੀ ਸਮੱਸਿਆ ਸਹਿਜ ਹੀ ਹੱਲ ਹੋ ਜਾਵੇਗੀ । ਸ੍ਰੀ ਗੁਰੂ ਨਾਨਕ ਦੇਵ ਜੀ ਬਾਰਾਂ ਮਾਂਹ ਤੁਖਾਰੀ ਵਿਚ ਚੇਤ ਦੇ ਮਹੀਨੇ ਦਾ ਇਕ ਦ੍ਰਿਸ਼ ਇਸ ਤਰਾਂ ਪੇਸ਼ ਕਰਦੇ ਹਨ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ।
ਬਨ ਫੂਲੇ ਮੰਝ ਬਾਰਿ ਮੈ । ਪਿਰੁ ਘਰਿ ਬਾਹੁੜੈ।
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ।
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ।[75]

---

75. ਗੁਰੂ ਨਾਨਕ ਬਾਣੀ ਭਾਗ ਦੂਜਾ, ਰਾਗ ਬਾਰਾਂ ਮਾਹ ਤੁਖਾਰੀ, ਪੰ. 1248

ਉਪਰੋਕਤ ਸ਼ਬਦ ਵਿਚ ਇਸਤ੍ਰੀ ਮਰਦ ਦੇ ਪ੍ਰਤੀਕ ਨਾਲ ਚੇਤ ਦੇ ਮਹੀਨੇ ਦੀ ਬਸੰਤ ਰੁੱਤ ਵਿਚ ਪ੍ਰਦੇਸ਼ ਗਏ ਪਤੀ ਦੀ ਨਾਰ ਦੀ ਮਨੋਦਸ਼ਾ ਚਿਤ੍ਰਤ ਕੀਤੀ ਗਈ ਹੈ । ਬ੍ਰਿਹਾ ਦੀ ਚੀਸ ਵਿਚ ਮਿਲਾਪ ਦੀ ਤਾਂਘ ਉਪਜੀ ਹੈ । ਵਾਤਾਵਰਣ ਸਾਰਾ ਹੀ ਸੁਹਾਵਣਾ ਹੈ ਪਰ ਉਸ ਇਸਤ੍ਰੀ ਦਾ ਪਤੀ ਪ੍ਰਦੇਸ਼ ਗਿਆ ਹੈ ਉਸਨੂੰ ਇਹ ਵਾਤਾਵਰਣ ਸੁਖਦਾਈ ਹੈ ਉਲਟਾ ਦੁਖ ਦੇ ਰਿਹਾ ਹੈ ।

"ਭਵਰ ਭਵੰਤਾਂ ਫੂਲੀ ਡਾਲੀ ਕਿਉਂ ਜੀਵਾ ਮਰੁ ਮਾਏ"

ਦਾ ਸਾਰਾ ਚਿਤ੍ਰ ਵਚਨ ਰੂਪ ਚਿਤ੍ਰ ਹੈ । ਪਰ ਕੋਈ ਅੰਦਾਜ਼ਾ ਲਗਾ ਸਕਦਾ ਹੈ ਕਿ ਮੁਟਿਆਰ ਵਿਰਹਣ ਲਈ ਇਸ ਜਵਾਨੀ ਤੇ ਸੁਹਾਵੀ ਰੁੱਤ ਵਿਚ ਵੀ ਦੁੱਖ ਹੀ ਦੁੱਖ ਹਨ । ਵਿਛੁੜੇ ਵਿਛੋੜਾ ਹੈ, ਮਿਲਨ ਦੀ ਤਾਂਘ ਹੈ ਪਰ ਮਿਲਾਪ ਨਹੀਂ ਇਹ ਸਾਰਾ ਪ੍ਰਕਰਣ 'ਵਚਨ' ਹੈ । ਜਿਵੇਂ ਕਿ ਛੇਵੀਂ ਪੰਗਤੀ :

"ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ
ਹਰਿ ਵਰੁ ਘਰਿ ਧਨ ਪਾਏ॥।[76]

ਅਨੁਭੂਤੀ ਹੈ ਤਾਂ ਸਾਰਾ ਸ਼ਬਦ ਹੀ ਪ੍ਰਵਚਨ ਬਣ ਜਾਂਦਾ ਹੈ । ਹੁਣ ਨਾ ਕੋਈ ਔਰਤ ਰਹੀ ਹੈ ਨਾ ਕੋਈ ਮਰਦ ਰਿਹਾ ਹੈ ਅਤੇ ਨਾਂ ਹੀ ਕੋਈ ਰੁਹੀਕ ਰਹੀ ਹੈ । ਹੁਣ ਕੇਵਲ ਆਤਮਾਂ ਤੇ ਪ੍ਰਮਾਤਮਾਂ ਦੇ ਮਿਲਾਪ ਦੀ ਤਾਂਘ ਹੀ ਪ੍ਰਤੱਖ ਰੂਪ ਵਿਚ ਅਹਿਸਾਸ ਕਰਵਾਉਂਦੀ ਹੈ । ਜਿਵੇਂ ਕਿ ਉਪਰ ਦੱਸਿਆ ਗਿਆ ਹੈ ਇਹੋ ਜਿਹੇ ਪ੍ਰਤੀਕਾਤਮਕ ਪ੍ਰਵਚਨ ਦੀ ਵਰਤੋਂ ਨਾਲ ਗੁਰੂ ਨਾਨਕ ਦੇਵ ਜੀ ਨੇ ਭਾਸ਼ਾ ਵਿਚੋਂ ਸੰਦਰਭ ਮੁਕਤ ਸਾਰਥਿਕਤਾ ਨੂੰ ਖਾਰਜ ਕਰ ਦਿੱਤਾ ਹੈ ਅਤੇ ਗ੍ਰਹਿਣ ਕੀਤਾ ਹੈ ਆਤਮਾ ਤੇ ਪ੍ਰਮਾਤਮਾ ਦਾ ਪਾਰਲੌਕਿਕ ਸੰਦਰਭ । ਇਸ ਤਰ੍ਹਾਂ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਇਸ ਤਰ੍ਹਾਂ ਦੇ ਅਨੇਕਾਂ ਪ੍ਰਤੀਕਾਤਮਕ ਪ੍ਰਵਚਨਾਂ ਦੀ ਵਰਤੋਂ ਦੁਆਰਾ ਗੁੱਝੇ ਰਹੱਸਮਈ ਭਾਵਾਂ ਨੂੰ ਜਨ ਸਧਾਰਨ ਦੀ ਪੱਧਰ ਤੇ ਸਪੱਸ਼ਟ ਕਰਨ ਦੀ ਸਮਰੱਥਾ ਰਖਦੀ ਹੈ ।

ਪ੍ਰਤੀਕਾਤਮਕ ਪ੍ਰਵਚਨ ਗੁਰੂ ਨਾਨਕ ਬਾਣੀ ਵਿਚ ਥਾਂ ਥਾਂ ਤੇ ਪ੍ਰਾਪਤ ਹਨ। ਕਿਤੇ ਹੰਸ ਤੇ ਬਗਲੇ ਦੇ ਪ੍ਰਤੀਕ ਦੁਆਰਾ, ਕਿਤੇ ਮਨਮੁਖ ਤੇ ਗੁਰਮੁਖ ਦੇ ਪ੍ਰਤੀਕ ਦੁਆਰਾ ਕਿਤੇ ਪਤੀ ਤੇ ਪਤਨੀ ਦੇ ਪ੍ਰਤੀਕ ਦੁਆਰਾ ਕਿਤੇ ਸੁਹਾਗਣ ਤੇ ਦੁਹਾਗਣ ਦੇ ਪ੍ਰਤੀਕ ਦੁਆਰਾ ਇਹ ਪ੍ਰਵਚਨ ਸੂਖਮ ਰਹੱਸਾਤਮਕ ਭਾਵਾਂ ਨੂੰ ਪ੍ਰਤੱਖ ਦੀ ਪੱਧਰ ਤੇ ਲਿਆ ਕੇ ਪਾਠਕ ਦੀ ਸਮਝ ਗੋਚਰਾ ਕਰਦੇ ਹਨ ਤੇ ਮੱਛਲੀ, ਜਾਲ ਅਤੇ ਭੌਰਾ ਫੁੱਲ, ਨਾਰੀ ਤੇ ਕਾਮ, ਦੀਪਕ ਤੇ ਪਤੰਗ ਆਦਿ ਅਨੇਕ ਲੋਕ ਮਨ ਵਿਚ ਵਸੇ ਵਿਸ਼ਵਾਸਾਂ ਦੇ ਚਿੱਤਰ ਗੁਰੂ ਨਾਨਕ ਦੀ ਸੰਚਾਰ ਪ੍ਰਕ੍ਰਿਆ ਦਾ ਸੰਜੀਵ ਅੰਗ ਬਣੇ ਹਨ ।

---

76. ਆਦਿ ਗ੍ਰੰਥ ਬਾਰਾਮਾਹ ,ਪੰ. 1108

ਪ੍ਰਤੀਕਾਤਮਕ ਪ੍ਰਵਚਨਾਂ ਦੀਆਂ ਕੁਝ ਹੋਰ ਉਦਾਹਰਣਾਂ ਹੇਠਾਂ ਨਿਮਨਲਿਖਤ ਅਨੁਸਾਰ ਹਨ:

ਕੂਕਰ ਸੂਕਰ ਕਹੀਅਹਿ ਕੂੜਿਆਰ ।
ਭਉਕਿ ਮਰਹਿ ਭਉ ਭਉ ਭਉ ਹਾਰਾ ।
ਮਨਿ ਤਨਿ ਝੂਠੇ ਕੂੜ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ।[77]

ਕੂੜਾ ਸ਼ੋਰ ਹਰ ਭੌਂਕਦਾ ਰਹਿੰਦਾ ਹੈ । ਇਸ ਨਾਲ ਮਨੁੱਖ ਆਪ ਦਾ ਹੈ ਉਹ ਜੀਵਨ ਮਨੋਰਥਾਂ ਦੀ ਪ੍ਰਾਪਤੀ ਵਿਚ ਹੀ ਹਾਰ ਦੇਂਦਾ ਹੈ । ਇਹ ਮਨੁੱਖ ਸਰੀਰ ਤੇ ਮਨ ਦੋਨਾਂ ਕਰਕੇ ਕੂੜੇ ਅਥਵਾ ਝੂਠੇ ਹਨ ਇਸ ਖੋਟੀ ਮੱਤ ਕਰਕੇ ਦਰਗਾਹ ਵਿਚ ਸਜ਼ਾ ਭੁਗਤਦੇ ਹਨ । ਜਿਵੇਂ:

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ ।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ।
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ।
ਅਜਰਾਈਲੁ ਫਰੇਸਤਾ ਹੋਸੀ ਆਇ ਤਈ ।
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ।
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ।[78]

ਇਸ ਪ੍ਰਵਚਨ ਵਿਚ ਧਰਮ ਰਾਜ ਦੇ ਦਰਬਾਰ ਦਾ ਲੇਖਾ ਦਰਸਾ ਕੇ ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਅੰਤਿਮਦਰਬਾਰ ਵਿਚ ਸੱਚ ਹੀ ਨਿਤਰੇਗਾ ਝੂਠ ਨਿਖੁਟ ਜਾਵੇਗਾ। ਜਿਵੇਂ:

ਫਿਰਿ ਫਿਰਿ ਫਾਹੀ ਫਾਸੈ ਕਊਆ ।
ਫਿਰਿ ਪਛੁਤਾਨਾ ਅਬ ਕਿਆ ਹੂਆ ।
ਫਾਥਾ ਚੋਗ ਚੁਗੈ ਨਹੀਂ ਬੂਝੈ।
ਸਤਗੁਰ ਮਿਲੈ ਆਖੀ ਸੂਝੈ ।
ਜਿਉ ਮਛੁਲੀ ਫਾਥੀ ਜਮ ਜਾਲਿ ।
ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ।
ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ।
ਇਕ ਰੰਗਿ ਰਚੈ ਰਹੈ ਲਿਵ ਲਾਇ ।
ਇਵ ਛੂਟੈ ਫਿਰਿ ਫਾਸ ਨ ਪਾਇ ।[79]

---

77. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1157
78. ਉਹੀ, ਪੰ. 1048
79. ਉਹੀ, ਪੰ. 961

ਇਸ ਪ੍ਰਕਰਨ ਵਿਚ ਗਾਂ ਅਤੇ ਮੱਝਨੀ ਦੇ ਪ੍ਰਤੀਕਾਂ ਦੁਆਰਾ ਉਨ੍ਹਾਂ ਮਨੁੱਖਾਂ ਨੂੰ ਚਿਤ੍ਰਣ ਦੀ ਕੀਤੀ ਹੈ ਜਿਹੜੇ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਦੁਰਲੱਭ ਜਨਮ ਗੁਆ ਦੇਂਦੇ ਹਨ ਅਤੇ ਖੋਟੇ ਕਮਾਂ ਕਾਰਨ ਜਨਮਦੇ ਮਰਦੇ ਰਹਿੰਦੇ ਹਨ । ਕੇਵਲ ਉਹੀ ਗੁਰਮੁਖ ਇਸ ਆਵਾਗਵਨ ਤੋਂ ਛੁਟਕਾਰਾ ਪਾਉਂਦੇ ਹਨ ਜਿਹੜੇ, ਇਕ ਰੰਗ, ਇਕ ਰਸ ਪ੍ਰਭੂ ਵਿਚ ਲਿਵ ਜੋੜੀ ਰੱਖਦੇ ਹਨ ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ।
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ।
ਜਪਹੁ ਤ ਏਕੋ ਨਾਮਾ ।
ਅਵਰਿ ਨਿਰਾਫਲ ਕਾਮਾ । ਰਹਾਉ ।
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ।
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ।
ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ।
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ ।
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ।
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ।[80]

ਇਸ ਪ੍ਰਕਰਨ ਦੁਆਰਾ ਮਨੁੱਖੀ ਸਰੀਰ ਨੂੰ ਇਕ ਬਰਤਨ ਦੇ ਪ੍ਰਤੀਕ ਦੁਆਰਾ ਦਰਸਾਇਆ ਗਿਆ ਹੈ ਇਸ ਵਿਚ ਵਿਸ਼ੇ ਵਿਕਾਰਾਂ ਦੀ ਮੈਲ ਭਰੀ ਹੋਈ ਹੈ । ਇਸ ਲਈ ਹਰੀ ਨਾਮ ਦਾ ਦੁਧ ਇਸ ਵਿਚ ਨਹੀਂ ਜੰਮ ਸਕਦਾ ਜਿਨ੍ਹਾਂ ਚਿਰ ਦੁਧ ਨਹੀਂ ਜੰਮਦਾ ਰਿੜਕਣ ਦਾ ਕੋਈ ਮਤਲਬ ਹੀ ਨਹੀਂ ਕਿਉਂਕੇ ਦੁਧ ਰਿੜਕਿਆਂ ਹੀ 'ਨਾਮ ਰੂਪੀ ਮੱਖਣ' ਪ੍ਰਾਪਤ ਹੋਵੇਗਾ ਪਾਣੀ ਨੂੰ ਰਿੜਕਿਆਂ ਕੁਝ ਨਹੀਂ ਮਿਲੇਗਾ । ਜਿਵੇਂ :

ਪੇਵਕੜੇ ਧਨੁ ਖਰੀ ਇਆਣੀ ।
ਤਿਸੁ ਸਹੁ ਕੀ ਮੈਂ ਸਾਰ ਨ ਜਾਣੀ ।
ਸਹੁ ਮੇਰਾ ਏਕੁ ਦੂਜਾ ਨਹੀਂ ਕੋਈ ।
ਨਦਰਿ ਕਰੇ ਮੇਲਾਵਾ ਹੋਈ । ਰਹਾਉ ।
ਸਾਹੁਰੜੇ ਧਨ ਸਾਚੁ ਪਛਾਣਿਆ ।
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ।

---

80. ਗੁਰੂ ਨਾਨਕ ਬਾਣੀ, ਪੰਨਾ 961

ਗੁਰਪਰਸਾਦੀ ਐਸੀ ਮਤਿ ਆਵੈ ।
ਤਾਂ ਕਾਮਣਿ ਕੰਤੈ ਮਨਿ ਭਾਵੈ ।
ਕਹੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ।
ਸਦ ਹੀ ਸੇਜੈ ਰਵੈ ਭਤਾਰੁ ।[81]

ਇਸ ਪ੍ਰਵਚਨ ਦੁਆਰਾ ਗੁਰੂ ਨਾਨਕ ਦੇਵ ਨੇ ਸਹੁਰੇ ਘਰ ਅਤੇ ਪੇਕੇ ਘਰ ਦੇ ਫ਼ਰਕ ਨੂੰ ਦਰਸਾਇਆ ਹੈ । ਮਨੁੱਖ ਦਾ ਇਹ ਜਨਮ ਪੇਕਾ ਘਰ ਹੈ । ਮੌਤ ਉਪਰੰਤ ਜੀਵ ਪ੍ਰਭੂ ਦੇ ਘਰ ਅਥਵਾ ਸਹੁਰੇ ਘਰ ਜਾਵੇਗਾ ਦੁਨਿਆਵੀ ਗਿਆਨ ਵਿਚ ਤਾਂ ਜੀਵ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਹੈ ਪਰ ਉਸ ਸ਼ਹੁ ਪ੍ਰਮਾਤਮਾ ਪਤੀ ਦੀ ਸਾਰ ਨਹੀਂ ਜਾਣ ਸਕਦਾ । ਉਸ ਨਾਲ ਮੇਲ ਗਿਆਨ ਅਥਵਾ ਸਿਆਣਪ ਤੇ ਚਤੁਰਾਈ ਨਾਲ ਨਹੀਂ ਹੋਣਾ ਸਗੋਂ ਉਸ ਮਾਲਕ ਦੀ ਬਖ਼ਸ਼ਿਸ਼ ਨਾਲ ਹੋਣਾ ਹੈ । ਜਦੋਂ ਉਸ ਮਾਲਕ ਦੀ ਨਦਰਿ ਕਰਮਿ ਹੋਵੇਗੀ ਤਾਂ ਹੀ ਜੀਵ-ਆਤਮਾਂ ਸਹੁਰੇ ਘਰ ਵਿਚ ਸੁਭਾਇਮਾਨ ਹੋ ਸਕੇਗੀ । ਅਜਿਹੀ ਸੋਝੀ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ । ਜੀਵ ਆਤਮਾਂ ਗੁਰੂ ਦੇ ਦਸੇ ਤੇ ਚਲਕੇ ਸਹੁਰੇ ਘਰ (ਪ੍ਰਮਾਤਮਾ ਦੇ ਦੇਸ਼) ਮਾਣ ਪ੍ਰਾਪਤ ਕਰਦਾ ਹੈ । ਗੁਰੂ ਨਾਨਕ ਜੀ ਆਖਦੇ ਹਨ ਕਿ ਜੇ ਜੀਵ ਆਤਮਾ ਪ੍ਰਭੂ ਦੇ ਭੈਅ ਅਧੀਨ ਉਸ ਪ੍ਰਭੂ ਦਾ ਨਿਰਅੰਕਾਰ ਹੋਕੇ ਗੁਣ ਅਮਲਾਂ ਦਾ ਸ਼ਿੰਗਾਰ ਕਰੇਗਾ ਇਸ ਜੀਵ-ਆਤਮਾਂ ਸਦੀਵੀ ਤੌਰ ਤੇ ਪਤੀ ਪ੍ਰਮਾਤਮਾ ਵਿਚ ਸਮਾਂ ਸਕਦੀ ਹੈ ।

ਉਪਰੋਕਤ ਸਾਰੀ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਇਤਨੀ ਸਰਲ ਅਤੇ ਪ੍ਰਭਾਵਸ਼ਾਲੀ ਹੈ ਕਿ ਸਰੋਤੇ ਤੇ ਪਾਠਕ ਦੇ ਮਨ ਨੂੰ ਕੀਲ ਲੈਂਦੀ ਹੈ । ਗੁਰੂ ਨਾਨਕ ਦੀ ਮਹਾਨ ਸ਼ਖ਼ਸੀਅਤ ਸਰਬਗੁਣ ਸੰਪੰਨ ਸੀ ਇਕ ਸੁਹਿਰਦ ਕਵੀ, ਰਸਿਕ ਗੁਰੂ, ਦੇਵੰਨ ਗਿਆਨੀ, ਸੁਗਿਆਨੀ, ਅਧਿਆਤਮਕ ਰਹਿਬਰ, ਨਿਪੁੰਨ ਸੰਗੀਤਕਾਰ ਅਤੇ ਪ੍ਰੌਢ ਸੈਲੀਕਾਰ ਗੁਰੂ ਨਾਨਕ ਨੇ ਜਨ ਸਧਾਰਣ ਦੀ ਭਾਸ਼ਾ ਵਿਚ ਆਪਣੇ ਉਚੇ ਸੁਚੇ ਅਤੇ ਸੂਖਮ ਤੱਤਵਾਦੀ ਵਿਚਾਰਾਂ ਤੇ ਭਾਵਾਂ ਨੂੰ ਆਪਣੀ ਬਾਣੀ ਵਿਚ ਇਸ ਅਸਾਨ ਢੰਗ ਨਾਲ ਸਾਕਾਰ ਕੀਤਾ ਹੈ ਕਿ ਗਿਆਨੀ/ਅਗਿਆਨੀ ਪੜ੍ਹਿਆਂ/ਅਨਪੜ੍ਹਿਆਂ/ਮੂਰਖ, ਸਿਆਣਾਂ, ਬੌਧਿਕ, ਸਧਾਰਣ ਹਰ ਪ੍ਰਕਾਰ ਦਾ ਪਾਠਕ ਉਨਾਂ ਦੇ ਵਿਚਾਰਾਂ ਨੂੰ ਸਮਝ ਸਕਦਾ ਹੈ । ਹਰ ਧਰਮ, ਹਰ ਫ਼ਿਰਕੇ ਹਰ ਸ਼੍ਰੇਣੀ ਦਾ ਵਿਅਕਤੀ ਇਨਾਂ ਅਨਮੋਲ ਮੋਤੀਆਂ ਦੀ ਆਭਾ ਨੂੰ ਮਾਣ ਸਕਦਾ ਹੈ ਕਿਉਂਕਿ ਇਨ੍ਹਾਂ ਦੇ ਪਿਛੋਕੜ ਵਿਚ ਗੁਰੂ ਜੀ ਨੇ ਲੋਕ-ਮਾਨਸ ਨੂੰ ਵਿਚਰਦਿਆਂ ਵਿਖਾਇਆ ਹੈ ।

---

81. ਗੁਰੂ ਨਾਨਕ ਬਾਣੀ, ਪੰ. 437

ਲੋਕ-ਕਾਵਿ ਰੂਪ ਬਾਰਾਂਮਾਹ, ਵਾਰਾਂ, ਥਿਤੀ, ਪੱਟੀ, ਅਲਾਹੁਣੀਆਂ, ਕੁੱਚਜੀ, ਸੁੱਚਜੀ, ਸੋਲਹੇ, ਇਸ ਕਾਵਿ-ਰਚਨਾ ਦੀ ਸੰਚਾਰ ਪ੍ਰਕ੍ਰਿਆ ਦਾ ਅਤਿ ਪ੍ਰਭਾਵਸ਼ਾਲੀ ਅੰਗ ਹਨ। ਸਾਹਿਤਕ ਕਾਵਿ ਰੂਪ ਪਦੇ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ, ਅਸ਼ਟਪਦੀ ਆਦਿ ਸਾਹਿਤਕ ਕਾਵਿ-ਪਰੰਪਰਾਂ ਨਾਲ ਸਬੰਧਿਤ ਕਾਵਿ-ਰੂਪ ਹਨ ਜਿਨ੍ਹਾਂ ਦੀ ਸਫਲ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ। ਰਾਗ ਤੇ ਸੰਗੀਤ-ਬੱਧ ਬਾਣੀ ਸਰੋਤਿਆਂ ਦੇ ਮਾਨਸਿਕ ਪ੍ਰਭਾਵ ਪਾਉਣ ਦੀ ਸਮਰੱਥਾ ਰੱਖਦੀ ਹੈ। ਬਿਹਾਗੜਾ ਅਤੇ 20 ਰਾਗਾਂ ਵਿਚ ਬਾਣੀ ਦਾ ਸੰਕਲਿਤ ਕਰਨਾ ਗੁਰੂ ਜੀ ਨੂੰ ਇਕ ਮਹਾਨ ਸੰਗੀਤ ਸ਼ਾਸਤਰੀ ਵੀ ਸਿੱਧ ਕਰਦਾ ਹੈ। ਗੁਰੂ ਨਾਨਕ ਦੀ ਰਸਕ ਰੂਹ ਜਦੋਂ ਧੁਰ ਅੰਦਰੋਂ ਭਿੱਜ ਕੇ ਇਲਾਹੀ ਬਾਣੀ ਦੀ ਕੀਰਤਨ ਅਲਾਪਦੀ ਸੀ ਤਾਂ ਪੱਥਰ ਵੀ ਮੋਮ ਹੋ ਜਾਂਦੇ ਹਨ। ਪੱਥਰ ਵਰਗੇ ਕਠੋਰ ਚਿੱਤ, ਜਨਮਾਂ-ਜਨਮਾਂਤਰਾਂ ਦੀ ਮੈਲ ਨਾਲ ਭਰੇ ਕੁਲੀਨ ਤੇ ਹੰਕਾਰੀ ਮਨੁੱਖ ਸੰਗੀਤ ਬੱਧ ਕੀਰਤਨ ਦੀਆਂ ਧੁਨਾਂ ਨੂੰ ਸੁਣਦੇ ਹੀ ਅਤਿਆਚਾਰ ਤੇ ਜ਼ੁਲਮ ਛੱਡ ਕੇ ਸਚੇ ਸੁਚੇ ਇਨਸਾਨ ਬਣ ਜਾਂਦੇ ਹਨ।

ਪ੍ਰਤੀਕਾਤਮਕ ਪ੍ਰਵਚਨਾਂ ਦੇ ਮਾਧਿਅਮ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਗੁੱਝੇ ਭਾਵਾਂ ਅਤੇ ਰਹੱਸਮਈ ਅਕੱਥ ਵਿਚਾਰਾਂ ਨੂੰ ਦ੍ਰਿਸ਼ਮਾਨ ਦੀਆਂ ਵਸਤੂਆਂ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਸਧਾਰਣ ਤੋਂ ਸਧਾਰਣ ਮਨੁੱਖ ਵੀ ਗੁਝੀਆਂ ਮਾਨਿਸਿਕ ਰਮਜ਼ਾ ਸਮਝਣ ਦੇ ਸਮਰੱਥ ਹੋ ਗਿਆ ਹੈ। ਗੁਰੂ ਨਾਨਕ ਬਾਣੀ ਦੀ ਸੰਚਾਰ ਪ੍ਰਕ੍ਰਿਆ ਅਜਿਹੀਆਂ ਵਿਗਿਆਨਕ ਲੀਹਾਂ ਤੇ ਉਸਰੀ ਹੈ ਕਿ ਸਦੀਆਂ ਦਾ ਕਾਲ-ਪੈਂਡਾ ਇਸ ਪ੍ਰਕ੍ਰਿਆ ਵਿਚ ਕੋਈ ਵਾਧ ਘਾਟ ਨਹੀਂ ਕਰ ਸਕਿਆ। ਗੁਰੂ ਨਾਨਕ ਬਾਣੀ ਦੇ ਰਚੇ ਜਾਣ ਤੋਂ ਅੱਜ ਤੱਕ ਅਤੇ ਅੱਗੋਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਹ ਵਿਗਿਆਨਕ-ਸੰਚਾਰ ਪ੍ਰਕ੍ਰਿਆ ਮਨੁੱਖੀ ਮਨ ਨੂੰ ਧੂਹ ਪਾਉਣ ਦੀ ਸਦੀਵੀ ਆਤਮਾ ਬਣਾਈ ਰਖੇਗੀ। ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਇਸ ਸੰਚਾਰ-ਪ੍ਰਕ੍ਰਿਆ ਦੇ ਅੰਤਰਗਤ ਵੱਖ ਵੱਖ ਧਰਮਾਂ ਵਿੱਚ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਵਿਚ ਸਹਾਈ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਵੱਖ ਵੱਖ ਧਰਮਾਂ ਦੇ ਪ੍ਰਸੰਗ ਵਿਚ ਰਚਾਏ ਗਏ ਸੰਵਾਦ ਇਸੇ ਕੋਟੀ ਸੰਚਾਰ ਪ੍ਰਵਾਹ ਦੀ ਪ੍ਰਕ੍ਰਿਆ ਦੇ ਅਨੁਕਰਮੀ ਹਨ।

## ਅਧਿਆਇ ਤੀਜਾ

(ੳ) ਗੁਰੂ ਨਾਨਕ ਬਾਣੀ ਵਿੱਚ ਧਰਮ ਤੇ ਧਾਰਮਿਕਤਾ

(ਅ) ਗੁਰੂ ਨਾਨਕ ਬਾਣੀ ਵਿੱਚ ਆਏ ਵੱਖ ਵੱਖ ਧਰਮ

ਭਾਰਤੀ ਮਤ- ਹਿੰਦੂ ਮੱਤ, ਵੈਦਿਕ ਮਤ, ਉਪਨਿਸ਼ਦਾਂ ਦਾ ਤੱਤ ਗਿਆਨ, ਜੋਗ ਮਤ, ਬੁਧ ਮਤ, ਸ਼ੈਵ ਮਤ, ਸ਼ਾਕਤ ਮਤ, ਚਾਰਵਾਕਾ, ਸਾਂਖ ਮਤ ਆਦਿ ।

ਅਭਾਰਤੀ ਮਤੀ - ਇਸਲਾਮ ਮਤ ਅਤੇ ਸੂਫੀ ਮਤ ਅਤੇ ਪਾਰਸੀ ਮਤ ਆਦਿ ।

## ਅਧਿਆਏ ਤੀਜਾ

## ਧਰਮ ਅਤੇ ਧਾਰਮਿਕਤਾ

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਸੰਕਲਪ-ਧਾਰਨੀ ਵਿਚਾਰਧਾਰਾ ਨੂੰ ਸਮਝਣ ਲਈ, ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਧਰਮ ਅਤੇ ਧਾਰਮਿਕਤਾ ਦੇ ਸੰਕਲਪ ਨੂੰ ਵਿਚਾਰਨਾ ਵੀ ਜ਼ਰੂਰੀ ਜਾਪਦਾ ਹੈ ਕਿਉਂਕਿ 'ਧਰਮ' ਅਤੇ ਧਾਰਮਿਕ ਜੀਵਨ ਪ੍ਰਤੀ ਜਾਗਰੂਕਤਾ ਹੀ ਸੰਕਲਪ ਧਾਰਨੀ ਵਿਚਾਰਧਾਰਾ ਦਾ ਆਧਾਰ ਬਣਦਾ ਹੈ। ਧਰਮ ਸ਼ਬਦ ਭਾਰਤ ਦੀ ਪੁਰਾਤਨ ਸੰਸਕ੍ਰਿਤੀ ਅਰਥਾਤ ਵੈਦਿਕ ਕਾਲ ਤੋਂ ਹੀ, ਅਤੇ ਉਸ ਤੋਂ ਪਹਿਲਾਂ ਵੀ ਵੱਖ ਵੱਖ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ। ਅਜੋਕੇ ਸਮੇਂ ਵਿਚ ਧਰਮ ਸ਼ਬਦ ਬਹੁ ਅਰਥੀ ਜਾਂ ਬਹੁ-ਪਾਸਾਰੀ ਬਣ ਗਿਆ ਹੈ। ਭਾਸ਼ਾਵਿਗਿਆਨਕ ਵਿਉਤਪਤੀ ਤੋਂ ਇਸ ਸ਼ਬਦ ਦੇ ਅਰਥਾਂ ਵਿਚ ਸਮੁੱਚਾ ਨੈਤਿਕ ਜੀਵਨ, ਸਾਹਿਤ, ਅਧਿਆਤਮਕ, ਧਾਰਮਿਕ, ਸਮਾਜਿਕ ਅਤੇ ਪਦਾਰਥਕ ਪੱਖਾਂ ਦੇ ਅਰਥ ਜਾਂਦਾ ਹੈ।

ਸਾਹਿਤਕ ਰੂਪ ਵਿਚ ਇਸ ਸ਼ਬਦ ਦਾ ਜੋ ਅਰਥ ਲਿਆ ਜਾਂਦਾ ਹੈ, ਉਹ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ਰਿਲੀਜਨ ( Religion ) ਦਾ ਪ੍ਰਤੀਰੂਪ ਨਹੀਂ ਹੈ। ਧਰਮ ਸ਼ਬਦ ਦਾ ਅਸਲੀ ਅਰਥ, ਆਸਰਾ ਦੇਣਾ ਜਾਂ ਸਹਾਰਾ ਦੇਣਾ ਹੈ। ਜਿਨ੍ਹਾਂ ਅਰਥਾਂ ਦੇ ਅੰਤਰਗਤ ਹੀ 'ਧਰਮ' ਉਹ ਸੰਕਲਪ ਹੈ ਜਿਹੜਾ ਕਿਸੇ ਵਸਤੂ ਨੂੰ ਸਹਾਰਾ ਦਿੰਦਾ ਹੈ ਜਾਂ ਥੰਮ੍ਹਦਾ ਹੈ। ਗੁਰੂ ਨਾਨਕ ਸਾਹਿਬ ਇਸੇ ਅਰਥ ਵਿਚ ਧਰਮ ਨੂੰ ਸਵੀਕਾਰਿਆ, ਜਪੁਜੀ ਦੀ ਬਾਣੀ ਵਿੱਚ ਕਹਿੰਦੇ ਹਨ :

> ਧੌਲੁ ਧਰਮੁ ਦਇਆ ਕਾ ਪੂਤੁ ।
> ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ।[1]

ਭਾਰਤੀ ਵੈਦਿਕ ਸਾਹਿਤ ਵਿਚ ਧਰਮ ਦਾ ਅਰਥ ਸੰਸਾਰਿਕ ਨਿਯਮੀ ਜਾਂ ਰਸਮ-ਰੀਤਾਂ ਵੀ ਕੀਤਾ ਗਿਆ ਹੈ। ਧਰਮ ਦਾ ਅਰਥ ਸਦਾਚਾਰਕ ਮਰਯਾਦਾ ਤੋਂ ਵੀ ਹੈ ਅਤੇ ਵਿਸ਼ੇਸ਼ ਰੀਤੀ ਤੋਂ ਵੀ। ਮਹਾਂਭਾਰਤ ਵਿਚ ਧਰਮ ਨੂੰ ਪ੍ਰਕਿਰਤੀ ਅਸੂਲ ਦੇ ਰੂਪ ਵਿਚ ਬਿਆਨ ਕਰਦਿਆਂ ਦੱਸਿਆ ਹੈ ਕਿ ਧਰਮ ਦੇ ਆਸਰੇ ਹੀ ਸੰਸਾਰ ਟਿਕਿਆ ਹੈ। ਉਥੇ ਵੈਦਿਕ ਪੁਰਸ਼ਾਰਥ ਦਾ ਸੰਕਲਪ ਵੀ ਦਰਅਸਲ ਇਸੇ ਧਾਰਨਾ ਦਾ ਧਾਰਨੀ ਹੈ।

---

1. ਜਪੁਜੀ ਗੁਰੂ ਨਾਨਕ ਬਾਣੀ, ਆਦਿ ਗ੍ਰੰਥ, ਪੰ. 19

ਭਾਰਤੀ ਧਰਮ-ਸ਼ਾਸਤਰਾਂ ਗੀਤਾ,ਪੁਰਾਣਾ ਆਦਿ ਅਨੁਸਾਰ ਧਰਮ ਦਾ ਅਰਥ ਹੈ, ਕਨੂੰਨ, ਕਰਤੱਵ, ਸਦਾਚਾਰੀ, ਨੇਕ, ਚੰਗੇ ਗੁਣ, ਸਾਡੇ ਫਰਜ਼ ਤੇ ਅਧਿਕਾਰ ਅਤੇ ਰਹੁ ਰੀਤਾਂ ਆਦਿ। ਪਰ ਅੱਜ ਦੇ ਯੁੱਗ ਵਿਚ ਧਰਮ ਦੇ ਅਰਥ ਬੜੇ ਵਿਸਤ੍ਰਿਤ ਹਨ । Betty Heimann ਧਰਮ ਦੀ ਪਰਿਭਾਸ਼ਾ ਕਰਦਾ ਹੋਇਆ ਆਖਦਾ ਹੈ ਕਿ,"ਧਰਮ ਇਕੋ ਸਮੇਂ ਕਰਤਵ ਵੀ ਹੈ ਅਤੇ ਅਧਿਕਾਰ ਵੀ।ਉਸ ਦਾ ਵਿਚਾਰ ਹੈ":

> Dharma, therefore is (i) the fixed position of duty and (ii) at the same time of right ..Dharma is not restricted to the range of personal ethics but (iii) also designate's religions observance and (iv) even reculer law finally Dharma is (v) a general principle of law of nature....Thus Dharma isduty and right simultaneously.[2]

ਭਾਵ ਧਰਮ ਦੇ ਇਕੋ ਸਮੇਂ ਦੋ ਅਰਥ ਹਨ ਕਰਤਵ ਤੇ ਅਧਿਕਾਰ । ਧਰਮ ਦਾ ਧਾਤੂਗਤ ਅਰਥ ਦ੍ਰਿੜ ਸਥਿਤੀ ਹੈ ਅਤੇ ਇਸ ਲਈ ਧਰਮ ਦੇ ਅਰਥ ਕਰਤਵ ਅਤੇ ਅਧਿਕਾਰ ਦੀ ਦ੍ਰਿੜ ਸਥਿਤੀ ਹੈ । ਸੰਖੇਪ ਵਿਚ ਧਰਮ ਦੇ ਪੰਜ ਅਰਥ ਹਨ ਕਰਤੱਵ, ਅਧਿਕਾਰ,ਮਜ਼ਹਬੀ ਕਰਮ-ਕਾਂਡ ਇਖਲਾਕੀ ਫਰਜ਼ ਅਤੇ ਕੁਦਰਤੀ ਨੇਮ"। ਅੱਜ ਜਮਾਤ, ਸ਼੍ਰੇਣੀ, ਦੇਸ਼,ਪਰਦੇਸ਼,ਵੱਖ-ਵੱਖ ਧਰਮਾਂ ਅਤੇ ਜਾਤੀਆਂ ਦੇ ਸੀਮਿਤ ਧਰਮ-ਅਰਥਾਂ ਤੋਂ ਇਨਾਂ ਵੀ ਧਰਮ ਦੇ ਵਡੇਰੇ ਤੇ ਉਚੇ ਅਰਥ ਹਨ । ਧਰਮ ਦੇ ਇਨ੍ਹਾਂ ਅਰਥਾਂ ਦੇ ਅੰਤਰਗਤ ਜਾਤਾਂ ਮਜ਼ਹਬਾਂ,ਧਰਮਾਂ ਅਤੇ ਫ਼ਿਰਕਾਂ ਦੇ ਝਗੜੇ ਖਤਮ ਹੋ ਜਾਂਦੇ ਹਨ ਅਤੇ ਸਭ ਤੋਂ ਉੱਤਮ ਧਰਮ ਮਾਨਵੀ-ਧਰਮ ਅਥਵਾ ਇਨਸਾਨੀਅਤ ਦਾ ਧਰਮ ਹੀ ਧਰਮ ਦੇ ਸਹੀ ਅਰਥ ਰਹਿ ਜਾਂਦੇ ਹਨ । ਗੁਰੂ ਨਾਨਕ-ਬਾਣੀ ਵਿਚ ਧਰਮ ਸ਼ਬਦ ਦੀ ਵਿਆਖਿਆ ਇਨ੍ਹਾਂ ਹੀ ਅਰਥਾਂ ਵਿੱਚ ਹੋਈ ਹੈ । ਗੁਰਮਤਿ ਧਰਮ ਮਨੁੱਖੀ ਧਰਮ,ਸਰਬ ਪ੍ਰਵਾਨਤ ਧਰਮ, ਵਿਸ਼ਵ ਭਾਈਚਾਰੇ ਦਾ ਧਰਮ ਹੈ । ਇਸ ਦੀ ਪ੍ਰਤੱਖ ਪ੍ਰਮਾਣ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ । ਇਸ ਮਹਾਨ ਪਵਿਤਰ ਗ੍ਰੰਥ ਵਿਚ, ਹਿੰਦੂ,ਇਸਲਾਮ ਅਤੇ ਹੋਰ ਭਗਤੀ

---

2. Betty Heimann -Indian and western Philosophy,p.68

ਕਜ਼ਿਰ ਦੇ ਵੱਖ ਵੱਖ ਕਿਰਤਿਆਂ ਨਾਲ ਸੰਬੰਧਿਤ ਸਿਨ, ਜਾਤਾਂ ਤੇ ਗੁਰੂਆਂ ਦੀ ਬਾਣੀ ਹੈ। ਗੁਰਮਤਿ ਇਸ ਲਈ ਇਕ ਐਸੇ ਵਿਸ਼ਵਾਸ ਦੇ ਸਿਰਜ ਸੀ ਕਿ ਸਾਰੇ ਵਿਸ਼ਵ ਦੀ ਇਕ ਸਮਤਾਮਈ ਬਣਤਰ ਕਿੱਤੀ ਜਾਵੇ ਜੋ ਮਨੁੱਖਤਾ ਕੋਲ ਦੀਆਂ ਸੀਮਾਂ ਯੁਗਾਂ ਤੋਂ ਬੱਚ ਸਕਦੀ ਹੈ। ਇਸ ਮਕਸਦ ਲਈ ਇਕ ਧਰਮ ਦੀ ਜੋ ਕਿ ਅੰਤਰਰਾਸ਼ਟਰੀ ਤੌਰ ਤੇ ਪ੍ਰਵਾਨਿਤ ਹੋਵੇ ਦੀ ਲੋੜ ਪਵੇਗੀ ਅਤੇ ਉਹ ਧਰਮ ਹੈ ਸਿੱਖ ਧਰਮ ਜਿਹੜਾ ਸਾਰੇ ਵਿਸ਼ਵ ਭਾਈਚਾਰੇ ਨੂੰ ਆਪਣੀ ਬੁੱਕਲ ਵਿਚ ਲੈ ਕੇ ਚਲ ਸਕਦਾ ਹੈ।

ਅੱਜ ਅਸੀਂ ਦੇਖਦੇ ਹਾਂ ਕਿ ਰੂਸ ਜੋ ਕੇ ਪਿਛਲੇ 40-50 ਸਾਲਾਂ ਤੋਂ ਨਾਸਤਕ ਧਰਮ ਦੇ ਰੂਪ ਵਿੱਚ ਦੁਨੀਆਂ ਨੂੰ ਇਕ ਮਾਡਲ ਦਿੱਤਾ ਸੀ ਪਰ ਅੱਜ ਉਸ ਮਾਡਲ ਦੇ ਟੋਟੇ ਟੋਟੇ ਹੋ ਗਏ ਹਨ। ਉਹ ਕਮਿਊਨਿਜ਼ਮ ਦਾ ਧਰਮ ਮਾਲਾ ਦੇ ਮੋਤੀਆਂ ਵਾਂਗ ਬਿਖਰ ਗਿਆ ਹੈ। ਹੁਣ ਦੁਨੀਆਂ ਵਾਲੇ ਅਮਰੀਕਾ ਦੇ ਮਾਡਲ ਤੇ ਅੱਖਾਂ ਲਾਈ ਬੈਠੇ ਹਨ। ਸਾਡਾ ਦਾਅਵਾ ਹੈ ਕਿ ਆਉਣ ਵਾਲੇ 15-20 ਸਾਲਾਂ ਵਿਚ ਇਸ ਮਾਡਲ ਦਾ ਵੀ ਮਲੀਆਮੇਟ ਹੋ ਜਾਏਗਾ। ਕਿਉਂਕਿ ਇਹ ਮਾਡਲ ਨਿਰੋਲ ਪਦਾਰਥਿਕ ਤੇ ਜਿਸਮੀ ਲੀਹਾਂ ਤੇ ਉਸਾਰਿਆ ਗਿਆ ਹੈ। ਫਿਰ ਦੁਨੀਆਂ ਕੋਲ ਬਹੌਤ ਮਾਡਲ ਦੇ ਸਿਵਾਏ ਸਿੱਖ ਧਰਮ ਦੇ, ਜਿਸ ਦੀ ਰਹਿਣੀ ਬਹਿਣੀ ਵਰਤੋਂ- ਵਿਹਾਰ ਅਤੇ ਸੋਚ ਦੇ ਹੋਰ ਕੋਈ ਮਾਡਲ ਨਹੀਂ ਰਹਿ ਜਾਏਗਾ।

ਇਸਦਾ ਕਾਰਨ ਇਹ ਦੱਸਿਆ ਕਿ ਕਿਸੇ ਦੇਸ਼ ਦੇ ਲੋਕਾਂ ਅਥਵਾ ਕਿਸੇ ਵਿਸ਼ੇਸ਼ ਧਾਰਮਿਕ ਪਿੱਠੇ ਇੱਕ ਰਹਿਣੀ ਜਾਣੀ ਦੇ ਸਾਰਥਿਕ ਖਾਣ-ਅਚਾਰ, ਵਿਹਾਰ, ਰਹਿਣੀ ਬਹਿਣੀ ਦੇ ਵਰਤੋਂ ਵਿਹਾਰ ਉਸ ਜਾਤੀ ਦਾ ਧਰਮ ਹੁੰਦਾ ਹੈ। ਧਰਮ ਇਕ ਜਟਿਲ ਅਵਸਥਾ ਦਾ ਬੋਧ ਕਰਾਉਂਦਾ ਸ਼ਬਦ ਹੈ। ਮਨੁੱਖੀ ਜੀਵਨ ਦੇ ਸਮੁੱਚ, ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਪੱਖਾਂ ਤੋਂ ਲੈ ਕੇ ਦੁਨਿਆਵੀ-ਰੀਤਾਂ ਦੇ ਸਰੂਪ ਧਰਮ ਹੇਠ ਧਰਮ ਸ਼ਬਦ ਦੇ ਵਿਆਪਕ ਅਰਥ ਪਾਏ ਜਾਂਦੇ ਹਨ। 'ਧਰਮ' ਦੀ ਵਿਆਖਿਆ ਵਿਚ ਸਮੁੱਚਾ ਬ੍ਰਹਿਮੰਡ ਅਤੇ ਇਸ ਦੀ ਕੁਦਰਤ, ਕੁਦਰਤ ਦਾ ਨਿਰੰਤਰ ਪ੍ਰਵਾਹ, ਮਨੁੱਖ ਜੀਵਨ ਤੇ ਅਲੌਕਿਕ ਹੋਣੀਆਂ ਸਭ ਸ਼ਾਮਿਲ ਆ ਜਾਂਦਾ ਹੈ।

ਧਰਮ ਦਾ ਇਕ ਸਰੂਪ 'ਸੱਚ' ਹੈ ਸੱਚ ਤੋਂ ਭਾਵ ਅੰਤਿਮ ਸੱਚ ਹੈ। ਇਹੀ ਸੱਚ ਨਿਰਗੁਣ ਵੀ ਹੈ ਅਤੇ ਸਰਗੁਣ ਵੀ, ਇਹ 'ਸੱਚ' ਅਰੂਪ ਵੀ ਹੈ ਅਤੇ ਸਰੂਪ ਵੀ। ਇਹ ਜੋਗੀ ਵੀ ਹੈ ਅਤੇ ਭੋਗੀ ਵੀ, ਨਿਰਆਕਾਰ ਹੈ ਅਤੇ ਆਕਾਰ ਵੀ। ਇਹੀ ਸੱਚ ਮਨੁੱਖ ਦਾ ਅਸਲੀ ਧਰਮ ਹੈ ਜਿਵੇਂ:

ਜੇਹੋ ਸਚੁ ਤਿਵੈ ਸਚੁ ਹੋਈ ।

ਗੁਰਮੁਖਿ ਪ੍ਰਗਾਸ ਸੁਖਿ ਸੁਖਿ ਹੋਈ ।

ਇਸਦੇ ਸਿਕ ਪੱਖ ਨੂੰ ਬਾਬਾ ਫਰੀਦ ਜੀ ਆਪਣੇ ਸ਼ਲੋਕਾਂ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ :

ਬੋਲੀਐ ਸਚੁ ਧਰਮੁ ਝੂਠ ਨ ਬੋਲੀਐ ।

ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ ।[4]

ਸੱਚ ਬੋਲਣਾ, ਸੱਚ ਵਿਚ ਰਹਿਣਾ, ਸੱਚ ਦਾ ਸਿਮਰਨ ਕਰਨਾ, ਸੱਚ ਨਾਲ ਪ੍ਰੇਮ ਕਰਨਾ ਅਤੇ ਸੱਚ ਨੂੰ ਹੀ ਜੀਵਨ ਦੀ ਅਮਲੀ-ਕ੍ਰਿਆ ਵਿਚ ਢਾਲਣਾ ਧਰਮ ਹੈ । ਇਸ ਧਰਮ ਨੂੰ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਵਿਚ ਪਹਿਲਾਂ ਹੰਢਾਇਆ ਹੈ ਅਤੇ ਫਿਰ ਲੋਕਾਈ ਦੇ ਗਲੇ ਵਿੱਚ ਪਰਚਾਰਿਆ ਹੈ । ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।[5]

ਸੱਚ ਤੋਂ ਵੀ ਉਪਰ ਸੁੱਚਾ-ਆਚਾਰ ਹੈ । ਸੁੱਚੀ ਰਹਿਣੀ ਹੀ ਗੁਰਸਿਖ ਦਾ ਧਰਮ ਹੈ । ਇਹ ਸੁੱਚੀ ਰਹਿਣੀ ਭਾਂਵੇ ਸਮਾਜਿਕ ਪੱਧਰ ਦੀ ਹੈ, ਭਾਂਵੇ ਧਾਰਮਿਕ ਪੱਧਰ ਦੀ, ਭਾਂਵੇ ਆਰਥਿਕ, ਰਾਜਨੀਤਕ ਤੇ ਸਦਾਚਾਰਕ ਪੱਧਰ ਦੀ ਹੋਵੇ। ਗੁਰੂ ਨਾਨਕ ਬਾਣੀ ਵਿਚ ਇਹ ਸਚੀ ਰਹਣੀ ਹੀ ਮਨੁੱਖ ਦਾ ਸੱਚਾ ਧਰਮ ਹੈ । ਇਹ ਧਰਮ ਮਜ਼ਲੂਮਾਂ, ਨਿਆਸਰਿਆਂ ਅਤੇ ਗਰੀਬਾਂ ਲਈ ਲੜ ਸਕਦਾ ਹੈ ਕੁਰਬਾਨੀ ਦੇ ਸਕਦਾ ਹੈ ਅਤੇ ਸ਼ਹੀਦ ਹੋ ਸਕਦਾ ਹੈ । ਗੁਰੂ ਨਾਨਕ ਬਾਣੀ ਇਸ 'ਧਰਮ' ਨੂੰ ਦ੍ਰਿੜ ਕਰਵਾਉਂਦੀ ਹੈ, ਇਸ ਨੂੰ ਮੰਨਣ ਦਾ ਅਤੇ ਅਮਲੀ ਜੀਵਨ ਗ੍ਰਹਿਣ ਕਰਨ ਦਾ ਉਪਦੇਸ਼ ਦੇਂਦੀ ਹੈ । ਲੋੜ ਪੈਣ ਤੇ ਨਾਨਕ ਬਾਣੀ ਐਸੇ ਧਰਮ ਦੀ ਰੱਖਿਆ ਲਈ ਜੀਵਨ ਕੁਰਬਾਨ ਕਰ ਦੇਣ ਦੀ ਸਿਖਿਆ ਤੇ ਪ੍ਰੇਰਨਾ ਵੀ ਦੇਂਦੀ ਹੈ ।

ਗੁਰੂ ਨਾਨਕ ਬਾਣੀ ਵਿਚਲਾ ਧਰਮ ਦਾ ਸੰਕਲਪ ਕੁਲ ਦੁਨੀਆਂ ਦੇ ਧਰਮਾਂ ਨਾਲੋਂ ਉੱਚਾ ਸੁੱਚਾ ਤੇ ਪਵਿੱਤਰ ਹੈ ਕਿਉਂਕੇ ਇਹ ਧਰਮ ਕੇਵਲ ਸਿੱਖਾਂ ਲਈ ਹੀ ਨਹੀਂ ਸਗੋਂ ਸਮੂਹ ਵਿਸ਼ਵ-ਵਾਸੀਆਂ ਲਈ ਸਾਂਝਾ ਹੈ । ਇਸ ਧਰਮ ਵਿੱਚ ਹਰ ਪ੍ਰਕਾਰ ਦਾ ਵਿਖਾਵਾ, ਪਾਖੰਡ, ਭੇਖ, ਕਰਮਕਾਂਡ ਪਹਿਰਾਵਾ ਅਤੇ ਕੇਵਲ ਧਰਮ [illegible] ਲਈ ਕੋਈ ਥਾਂ ਨਹੀਂ। ਇਹ ਧਰਮ ਮਨੁੱਖ ਦੇ ਬਾਹਰੀ ਧਾਰਮਿਕ ਸਾਧਨਾਂ, ਦਾਨ, ਪੂਜਾ, ਜਗ, ਹਵਨ ਆਦਿ ਵਿਚ ਨਹੀਂ

---

4. ਆਦਿ ਗ੍ਰੰਥ ਰਾਗੁ ਆਸਾ, ਪੰ. 488

5. ਉਹੀ, ਸਿਰੀ ਰਾਗੁ, ਪੰ. 62

ਸਗੋਂ ਅੰਦਰਲੀ ਆਤਮਿਕ ਅਵਸਥਾ ਨਾਲ ਸੰਬੰਧ ਰੱਖਦਾ ਹੈ। ਅੰਦਰਹੁ ਝੂਠੇ ਪੈਜ ਬਾਹਰਿ ਦੇ ਅਨੁਆਈ ਇਸ ਧਰਮ ਨੂੰ ਨਾਂ ਸਮਝ ਸਕਦੇ ਹਨ ਅਤੇ ਨਾ ਹੀ ਅਪਣਾ ਸਕਦੇ ਹਨ। ਗੁਰੂ ਨਾਨਕ ਬਾਣੀ ਵਿਚ ਧਰਮ ਦੀ ਵਿਆਖਿਆ ਹਿੱਤ ਜੋ ਪੰਗਤੀਆਂ ਪ੍ਰਾਪਤ ਹਨ ਉਨ੍ਹਾਂ ਦਾ ਸੰਖਿਪਤ ਵੇਰਵਾ ਵੀ ਇਥੇ ਅੰਕਿਤ ਕਰਨਾ ਉਚਿਤ ਹੋਵੇਗਾ।

ਜਪੁ ਜੀ ਦੀ ਸੋਲਵੀਂ ਪਉੜੀ ਵਿੱਚ ਸ੍ਰੀ ਆਦਿ ਗ੍ਰੰਥ ਦੇ ਆਰੰਭ ਵਿਚ ਧਰਮ ਦੀ ਪਰਿਭਾਸ਼ਾ ਅੰਕਿਤ ਕਰਦਿਆਂ ਹੋਇਆਂ ਸਾਹਿਬ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

ਧੌਲੁ ਧਰਮੁ ਦਇਆ ਕਾ ਪੂਤੁ ।
ਸੰਤੋਖੁ ਥਾਪਿ ਰੱਖਿਆ ਜਿਨਿ ਸੂਤਿ ।
ਜੇ ਕੋ ਬੁਝੈ ਹੋਵੈ ਸਚਿਆਰੁ ।
ਧਵਲੈ ਉਪਰਿ ਕੇਤਾ ਭਾਰੁ ।
ਧਰਤੀ ਹੋਰੁ ਪਰੈ ਹੋਰੁ ਹੋਰੁ ।
ਤਿਸੁ ਤੇ ਭਾਰੁ ਤਲੈ ਕਵਣੁ ਜੋਰੁ ।[6]

ਅਰਥਾਤ ਧੌਲ ਧਰਮੁ ਕਾਨੂੰਨ ਹੈ ਜਿਹੜਾ ਕਿ ਦਇਆ ਦਾ ਪੁੱਤਰ ਹੈ। ਜਿਸ ਧੌਲ ਧਰਮ ਪ੍ਰਭੂ ਦੀ ਕ੍ਰਿਪਾ ਤੋਂ ਉਪਜਿਆ ਹੈ, ਉਸ ਪ੍ਰਭੂ ਤੋਂ ਜਿਸਦੇ ਸੰਤੋਖ ਵਰਗਾ ਹੈ ਸਾਰੇ ਬ੍ਰਹਿਮੰਡ ਨੂੰ ਇਕ ਪ੍ਰਬੰਧ ਵਿਚ ਬੰਨ੍ਹਿਆ ਹੈ। ਕੁਦਰਤੀ ਸ਼ਕਤੀਆਂ ਇਸ ਧਰਮ 'ਕਾਨੂੰਨ' ਦੇ ਅੰਤਰਗਤ ਪ੍ਰਭੂ ਦੇ ਹੁਕਮ ਵਿਚ ਆਪਣੇ ਆਪਣੇ ਕੰਮ ਸਾਂਝ-ਸੰਤੋਖ ਵਿਚ ਕਰਦੀਆਂ ਚਲੀਆਂ ਆ ਰਹੀਆਂ ਹਨ।

ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ।[7]

ਧਨ ਦੌਲਤ ਅਤੇ ਜੋਬਨ ਦੇ ਹੰਕਾਰ ਸਦਕਾ ਮਨੁੱਖ ਧਰਮ ਵਲੋਂ ਬੇ-ਮੁਖ ਹੋ ਜਾਂਦਾ ਹੈ ਅਰਥਾਤ ਧਰਮ ਨੂੰ ਭੁਲ ਜਾਂਦਾ ਹੈ। ਪ੍ਰਾਣੀ ਆਪਣਾ ਸੰਬੰਧ ਧਰਮ ਨਾਲ ਨਹੀਂ ਜੋੜਦਾ ਸਗੋਂ ਕਿ ਜਵਾਨੀ ਵਿਚ ਕਾਮ ਆਦਿਕ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ :-

ਸਾਚਉ ਵਖਰੁ ਲਾਦੀਐ, ਲਾਭੁ ਸਦਾ ਸਚੁ ਰਾਸਿ ।
ਸਾਚੀ ਦਰਗਹ ਬੈਸਈ, ਭਗਤਿ ਸਚੀ ਅਰਦਾਸਿ ।
ਪਤਿ ਸਿਉ ਲੇਖਾ ਨਿਬੜੈ, ਰਾਮ ਨਾਮ ਪਰਗਾਸਿ ।[8]

---

6. ਜਪੁਜੀ ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ. 19
7. ਜਪੁਜੀ, ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 204-205
8. ਉਹੀ, ਪੰ. 149

ਪਤਿ ਸਿਉ ਲੇਖਾ ਨਿਬੜੇ, ਰਾਮ ਨਾਮ ਪਰਗਾਸਿ । ਗੁਰੂ ਨਾਨਕ ਬਾਣੀ ਵਿਚਲਾ ਧਰਮ ਇਹ ਹੈ ਕਿ ਮਨੁੱਖ ਆਪਣੇ ਜੀਵਨ ਵਿਚੋਂ ਨਾਮ ਰੂਪੀ ਸੱਚੀ ਵਸਤੂ ਨੂੰ ਵਿਹਾਜ ਕੇ ਲੈ ਜਾਵੇ । ਅਜਿਹੇ ਪ੍ਰਾਣੀ ਨੂੰ ਦਰਗਾਹਿ ਵਿਚ ਮਾਣ ਮਿਲਦਾ ਹੈ । ਅਜਿਹੇ ਪ੍ਰਾਣੀ ਦਾ ਲੇਖਾ ਸਚੇ ਪ੍ਰਭੂ ਦੀ ਸੱਚੀ ਦਰਗਾਹ ਵਿਚ ਇੱਜ਼ਤ ਨਾਲ ਨਿਬੜਦਾ ਹੈ ।

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖੁ ਦੁਆਰੁ ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ।[9]

ਦਿਖਾਵੇ ਦੇ ਧਾਰਮਿਕ ਲੋਕ ਬਾਹਰੋਂ ਤਾਂ ਧਰਮ ਕਰਮ ਦੇ ਕੰਮ ਕਰਦੇ ਹਨ ਅਤੇ ਇਨ੍ਹਾਂ ਕਰਮਾਂ ਦੁਆਰਾ ਮੁਕਤੀ ਦੀ ਇੱਛਾ ਕਰਦੇ ਹਨ । ਅਜਿਹੇ ਲੋਕ ਅੰਦਰੋਂ ਵਾਸ਼ਨਾਵਾਂ ਅਧੀਨ ਹੁੰਦੇ ਹਨ । ਇਸੇ ਲਈ ਧਰਮ ਗੁਆ ਬੈਠਦੇ ਹਨ । ਕੁਝ ਅਜਿਹੇ ਵੀ ਦਿਖਾਵੇ ਦੇ ਧਰਮ ਨੂੰ ਅਪਨਾਉਣ ਵਾਲੇ ਹਨ ਜਿਹੜੇ ਆਪਣੇ ਆਪ ਨੂੰ ਜਤੀ ਸਤੀ ਨਾਮ ਵਾਲੇ ਅਖਵਾਉਂਦੇ ਹਨ ਪਰ ਇਹ ਲੋਕ ਵੀ ਸਹੀ ਧਰਮ ਦੇ ਸਰੂਪ ਨੂੰ ਨਹੀਂ ਸਮਝਦੇ ਸਗੋਂ ਅਗਿਆਨਪੁਣੇ ਵਿਚ ਘਰ ਬਾਹਰ ਵੀ ਛੱਡ ਬੈਠਦੇ ਹਨ :

ਕਰਮ ਧਰਮ ਸਚੁ ਸਾਚਾ ਨਾਉ ।
ਤਾ ਕੈ ਸਦ ਬਲਿਹਾਰੈ ਜਾਉ ।
ਜੋ ਹਰਿ ਰਾਤੇ ਸੇ ਜਨ ਪਰਵਾਣੁ ।
ਤਿਨ ਕੀ ਸੰਗਤਿ ਪਰਮ ਨਿਧਾਨੁ ।

ਗੁਰੂ ਜੀ ਫੁਰਮਾਉਂਦੇ ਹਨ ਕਿ ਸੱਚ ਨੂੰ ਪਹਿਚਾਨਣਾ ਹੀ ਸੱਚਾ ਧਰਮ ਹੈ । ਇਸ ਲਈ ਸਚੇ ਧਰਮੀ ਉਹ ਹਨ ਜਿਨ੍ਹਾਂ ਨੇ ਸੱਚ ਨੂੰ ਤੇ ਸਚੇ ਨਾਮ ਨੂੰ ਧਰਮ ਕਰਮ ਸਮਝਿਆ ਹੈ । ਮੈਂ ਅਜਿਹੇ ਧਰਮੀਆਂ ਤੋਂ ਕੁਰਬਾਨ ਜਾਂਦਾ ਹਾਂ ਜਿਹੜੇ ਸਚੇ ਧਰਮ ਨੂੰ ਸਮਝਦੇ ਹਨ ਅਤੇ ਪ੍ਰਭੂ ਨਾਮ ਵਿਚ ਰੰਗੇ ਹੋਏ ਉਸਦੀ ਦਰਗਾਹ ਵਿਚ ਪ੍ਰਵਾਣ ਹੁੰਦੇ ਹਨ ।

ਧਰਮ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ।
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ।[11]

---

9. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ. 581
10. ਉਹੀ, ਪੰ. 414
11. ਉਹੀ, ਪੰ. 492

'ਧਰਮ' ਤਾਂ ਖੇਤ ਹੈ ਇਸ ਨੂੰ ਧਰਤੀ ਬਣਾ ਕੇ ਇਸ ਵਿਚ ਸੱਚੇ ਨਾਮ ਦਾ ਬੀਜ ਬੀਜੋ। ਇਸ ਤਰ੍ਹਾਂ ਦੀ ਖੇਤੀ ਕਰੋ ਅਜਿਹਾ ਕਰਨ ਨਾਲ ਹੀ ਤੁਸੀਂ ਚੰਗੇ ਵਪਾਰੀ ਅਤੇ ਧਰਮ ਕਰਮ ਕਰਨ ਵਾਲੇ ਸਮਝੇ ਜਾਵੋਗੇ ਅਤੇ ਇਸੇ ਧਰਮ ਦੀ ਕਮਾਈ ਨਾਲ ਇਸ ਜਨਮ ਵਿਚੋਂ ਲਾਹਾ ਖੱਟ ਕੇ ਇਜ਼ਤ ਨਾਲ ਪ੍ਰਭੂ ਦੇ ਦਰਬਾਰ ਵਿਚ ਪੁਜੋਗੇ ।

ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਜੀ ਧਰਮ ਦੀ ਪਰਿਭਾਸ਼ਾ ਦਾ ਇਕ ਪੱਖ ਨਿਮਨ ਲਿਖਤ ਅਨੁਸਾਰ ਪੇਸ਼ ਕਰਦੇ ਹਨ :

"ਕਰਮੁ ਧਰਮ-ਕਰਿ ਮੁਕਤਿ ਮੰਗਾਹੀ ।
ਮੁਕਤਿ ਪਦਾਰਥੁ ਸ਼ਬਦਿ ਸਲਾਹੀ ।
ਬਿਨੁ ਗੁਰ ਸਬਦੈ ਮੁਕਤਿ ਨਾ ਹੋਇ ।
ਪਰਪੰਚੁ ਕਰਿ ਭਰਮਾਈ ਹੈ"।[12]

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ 17ਵੀਂ ਪਾਉੜੀ ਵਿਚ ਉਸ ਸਮੇਂ ਤੱਕ ਪ੍ਰਚਲਤ ਧਰਮ ਦੇ ਲਗਭਗ ਸਾਰੇ ਰੂਪਾਂ ਬਾਰੇ ਸੰਕੇਤ ਕੀਤੇ ਹਨ ਜਿਵੇਂ :

"ਅਸੰਖ ਜਪ ਅਸੰਖ ਭਾਉ ।।
ਅਸੰਖ ਪੂਜਾ ਅਸੰਖ ਤਪ ਤਾਉ ।।
ਅਸੰਖ ਗਰੰਥ ਮੁਖਿ ਵੇਦ ਪਾਠ ।
ਅਸੰਖ ਜੋਗ ਮਨਿ ਰਹਹਿ ਉਦਾਸ ।
ਅਸੰਖ ਭਗਤ ਗੁਣ ਗਿਆਨ ਵੀਚਾਰ ।
ਅਸੰਖ ਸਤੀ ਅਸੰਖ ਦਾਤਾਰ ।
ਅਸੰਖ ਸੂਰ ਮੁਹ ਭਖ ਸਾਰ ।
ਅਸੰਖ ਮੋਨਿ ਲਿਵਲਾਇ ਤਾਰ "।[13]

ਅਨੇਕਾਂ ਜੀਵ ਭਗਤੀ ਕਰ ਰਹੇ ਹਨ । ਅਨੇਕਾਂ ਢੰਗਾਂ ਨਾਲ ਪੂਜਾ ਹੋ ਰਹੀ ਹੈ ਅਤੇ ਅਨੇਕਾਂ ਹੀ ਤਪ ਸਾਧਨਾਂ ਕਰਨ ਵਾਲੇ ਹਨ । ਅਸੰਖਾਂ ਹੀ ਵੈਦਿਕ ਧਰਮ ਦੇ ਅਨੁਯਾਈ ਹੋ ਕੇ ਵੇਦਾਂ ਦਾ ਪਾਠ ਕਰ ਰਹੇ ਹਨ ਅਤੇ ਅਨੇਕਾਂ ਜੋਗ ਮਤ ਵਾਲੇ ਜੋਗੀ ਉਦਾਸੀ ਹੋਏ ਫਿਰਦੇ ਹਨ । ਅਨੇਕਾਂ ਹੀ ਭਗਤ ਪ੍ਰਭੂ ਦੇ ਗੁਣ ਗਾਇਣ ਕਰਨ ਵਿਚ ਰੁਝੇ ਹੋਏ ਹਨ । ਅਸੰਖਾਂ ਅਜਿਹੇ ਹਨ ਜਿਨ੍ਹਾਂ ਨੇ ਦਾਨ ਕਰਨਾਂ ਹੀ ਧਰਮ ਸਮਝਿਆ ਹੈ । ਅਨੇਕਾਂ ਸੂਰਮੇ ਹਨ, ਅਨੇਕਾਂ ਮੋਨ-ਧਰਮ

12. ਆਦਿ ਗ੍ਰੰਥ ਰਾਗ ਮਾਰੂ, ਮ.1, ਪੰ.1024
13. ਉਹੀ, ਪੰ. 3-4

ਧਾਰਨ ਕਰੀ ਬੈਠੇ ਹਨ । ਭਿੰਨ-ਭਿੰਨ ਭੇਖਾਂ ਤੇ ਧਰਮਾਂ ਦੀ ਰਚਨਾਂ ਕਰਨ ਵਾਲੇ ਅਕਾਲ ਪੁਰਖ ਨਾਨਕ ਤੈਨੂੰ ਬਲਿਹਾਰ ਜਾਂਦਾ ਹਾਂ :

ਸੋਈ ਧਰਮ ਜਿਤੈ ਸਚੁ ਹੋਈ ।
ਗੁਰਮਤਿ ਪੂਰਾ ਜੁਗਿ ਜੁਗਿ ਜੋਈ ।[14]

ਮਨੁੱਖ ਨੂੰ ਇਹੋ ਹੀ ਧਰਮ ਗ੍ਰਿਹਣ ਕਰਨਾ ਚਾਹੀਦਾ ਹੈ ਅਤੇ ਉਹ ਹੈ ਕੇਵਲ ਇਕ ਪ੍ਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਉਣਾ । ਇਹ ਧਰਮ ਜੁਗੋ ਜੁਗ ਅਟੱਲ ਹੈ ।

ਜੋਗ ਨਾ ਖਿੰਥਾ ਜੋਗ ਨਾ ਡੰਡੇ ਜੋਗੁ ਨਾ ਭਸਮ ਚੜਾਈਐ ।
ਜੋਗ ਨ ਮੁੰਦੀ ਮੂੰਡਿ ਮੁਡਾਇਐ ਜੋਗ ਨ ਸਿੰਙੀ ਵਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।
ਗਲੀ ਜੋਗੁ ਨ ਹੋਈ ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ।[15]

ਜੋਗੀ ਮਤ ਦੀ ਧਾਰਮਿਕਤਾ ਕੇਵਲ ਇਸ ਪ੍ਰਕਾਰ ਕਰਮ ਵਿਚ ਨਹੀਂ ਕਿ ਖਿੰਥਾ ਪਾ ਲਈ, ਹੱਥ ਵਿਚ ਡੰਡਾ ਫੜ ਲਿਆ ਤੇ ਸਰੀਰ ਤੇ ਸੁਆਹ ਮਲ ਲਈ। ਜੋਗ ਦੀ ਧਾਰਮਿਕਤਾ ਇਸ ਗਲ ਵਿਚ ਵੀ ਨਹੀਂ ਕਿ ਜੋਗੀ ਨੇ ਸਿਰ ਮੁਨਾ ਲਿਆ ਹੈ ਸਿੰਙੀ ਵਜਾਉਂਦਾ ਹੈ ਅਤੇ ਕੰਨ ਪਾੜ ਕੇ ਮੁੰਦਰਾਂ ਧਾਰਨ ਕਰਦਾ ਹੈ । ਅਸਲੀ ਜੋਗ ਦੀ ਧਾਰਮਿਕਤਾ ਤਾਂ ਇਸ ਗੱਲ ਵਿਚ ਹੈ ਕਿ ਜੋਗੀ ਦੁਨਿਆਵੀ ਪਦਾਰਥਾਂ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹੇ । ਕੇਵਲ ਗਿਆਨ ਧਿਆਨ ਦੀਆਂ ਗੱਲਾਂ ਕਰਨ ਨਾਲ ਜੋਗੀ ਅਥਵਾ ਧਾਰਮਿਕ ਵਿਅਕਤੀ ਨਹੀਂ ਬਣਿਆ ਜਾ ਸਕਦਾ । ਸੱਚਾ ਜੋਗੀ ਤਾਂ ਹੀ ਬਣ ਸਕਦਾ ਜੇ ਉਹ ਸਮਦ੍ਰਿਸ਼ਟੀ ਨਾਲ ਸਭ ਜੀਵਾਂ ਵਾਸਤੇ ਇਕ ਪ੍ਰਮਾਤਮਾ ਨੂੰ ਪਛਾਣ ਲਵੇ । ਸਭ ਧਰਮਾਂ ਨੂੰ ਇਕ ਸਮਾਨ ਸਮਝੇ ਅਰਥਾਤ ਕੇਵਲ ਸਰੀਰਕ ਕਰਮ ਕਾਂਡ ਭੇਖ ਅਤੇ ਦਿਖਾਵਾ ਧਾਰਨ ਕਰਨ ਨਾਲ ਧਾਰਮਿਕ ਵਿਅਕਤੀ ਨਹੀਂ ਬਣਿਆ ਜਾ ਸਕਦਾ । ਧਾਰਮਿਕ ਵਿਅਕਤੀ ਬਣਨ ਲਈ ਕਰਨੀ ਤੇ ਰਹਿਣੀ ਇਕ ਸਮਾਨ ਹੋਣੀ ਚਾਹੀਦੀ ਹੈ। ਇਹੀ ਸੱਚੀ ਧਾਰਮਿਕਤਾ ਹੈ ।

---

13. ਗੁਰੂ ਨਾਨਕ ਬਾਣੀ, ਭਾਗ ਦੂਜਾ, ਪੰ. 1320 , ਰਾਗ ਬਸੰਤ, ਮ.1
14. ਗੁਰੂ ਨਾਨਕ ਬਾਣੀ ਪੰ., 781, ਰਾਗ ਸੂਹੀ, ਮ.1.

ਧਾਰਮਿਕਤਾ :

ਅਸਲ ਵਿਚ ਧਾਰਮਿਕ ਰਹਿਣੀ ਹੀ ਧਾਰਮਿਕਤਾ ਹੁੰਦੀ ਹੈ। ਸੌਚ-ਅਚਾਰ ਹੀ ਧਾਰਮਿਕਤਾ ਹੈ। 'ਸੱਚ' ਜੇ ਧਰਮ ਹੈ ਤਾਂ ਸੱਚਾ ਸੁੱਚਾ ਜੀਵਨ ਧਾਰਮਿਕਤਾ ਹੈ। ਧਰਮ ਦੀ ਸਿਖਿਆ ਅਨੁਸਾਰ ਜ਼ਿੰਦਗੀ ਅਥਵਾ ਸ਼ਖਸੀ ਜੀਵਨ ਨੂੰ ਢਾਲਣਾ ਹੀ ਧਾਰਮਿਕਤਾ ਹੈ। ਧਰਮ ਦੇ ਦੋ ਪੱਖ ਹਨ ਇਕ ਕਰਮ ਕਾਂਡ ਅਤੇ ਇਕ ਧਰਮ ਦੀ ਅੰਤਰੀਵੀ ਰੂਹ। ਕਰਮ ਕਾਂਡ ਕੇਵਲ ਲੋਕ ਵਿਖਾਵੇ ਲਈ ਵੀ ਕਿਤੇ ਜਾ ਸਕਦੇ ਹਨ। ਇਨ੍ਹਾਂ ਵਿਖਾਵੇ ਦੇ ਕਰਮਕਾਂਡਾਂ ਨੂੰ ਗੁਰੂ ਨਾਨਕ ਨੇ ਨਾ ਧਰਮ ਹੀ ਮੰਨਿਆ ਹੈ ਅਤੇ ਨਾ ਹੀ ਇਨ੍ਹਾਂ ਦੁਆਰਾ ਕਿਸੇ ਧਾਰਮਿਕਤਾ ਦਾ ਪ੍ਰਕਟਾਅ ਹੋਇਆ ਮੰਨਿਆ ਹੈ। ਗੁਰੂ ਨਾਨਕ ਬਾਣੀ ਅਨੁਸਾਰ ਤਾਂ ਧਾਰਮਿਕਤਾ ਅਜਿਹੀ ਕ੍ਰਿਆ ਹੈ ਜਿਹੜੀ ਧਰਮ ਦੇ ਦਰਸ਼ਨ ਨੂੰ ਜੀਵਨ ਵਿਚ ਸਹੀ ਅਰਥਾਂ ਵਿਚ ਲਾਗੂ ਕਰਦੀ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਵਿਚ "ਗੁਰੂ ਪਸੀਜੇ ਧਰਮ ਨਾ ਹੋਈਐ" ਵਾਲੀ ਸਥਿਤੀ ਬਣ ਜਾਵੇ ਤਾਂ ਹੀ ਗੁਰੂ ਨਾਨਕ ਬਾਣੀ ਵਿਚ ਧਾਰਮਿਕਤਾ ਦੇ ਸੰਕਲਪ ਦਾ ਪ੍ਰਤੱਖ ਹੋਣਾ ਮੰਨਿਆ ਜਾਂਦਾ ਹੈ। ਇਸ ਧਾਰਮਿਕ ਸਥਿਤੀ ਨੂੰ ਗੁਰੂ ਜੀ ਨੇ ਜਪੁਜੀ ਵਿਚ 'ਕਿਵ ਸਚਿਆਰਾ ਹੋਈਐ' ਅਥਵਾ ਸਚਿਆਰ ਪਦ ਆਖਿਆ ਹੈ।

ਆਮ ਜੀਵਨ ਵਿਚ ਧਰਮ ਦੀਆਂ ਸਿੱਖਿਆ ਵਿਧੀਆਂ/ਨਿਯਮਾਂ ਅਥਵਾ ਕ੍ਰਿਆਵਾਂ ਨੂੰ ਲਾਗੂ ਕਰਨਾ ਹੀ ਧਾਰਮਿਕਤਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ "ਰਹਿਣੀ ਰਹੈ- ਸੋਈ ਸਿੱਖ ਮੇਰਾ" ਤਾਂ ਉਸ ਸਮੇਂ ਉਨ੍ਹਾਂ ਦਾ ਭਾਵ ਧਾਰਮਿਕਤਾ ਵਾਲੇ ਜੀਵਨ ਤੋਂ ਹੀ ਹੁੰਦਾ ਹੈ।

ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ 'ਆਨੰਦ ਸਾਹਿਬ' ਵਿਚ ਜਿਸ ਜੀਵਨ ਮਾਰਗ ਵੱਲ ਇਸ਼ਾਰਾ ਕਰਦੇ ਹਨ ਜਿਵੇਂ : "ਖੰਨਿਹੁ ਤਿੱਖੀ ਵਾਲਹੁ ਨਿੱਕੀ ਏਤਿ ਮਾਰਗ ਜਾਣਾ"। ਤਾਂ ਉਹ ਗੁਰਮਤਿ ਦੀ ਅਥਵਾ ਗੁਰੂ ਨਾਨਕ ਦੀ ਧਾਰਮਿਕਤਾ ਦਾ ਹੀ ਜਿਕਰ ਕਰ ਰਹੇ ਹੁੰਦੇ ਹਨ। ਗੁਰੂ ਨਾਨਕ ਬਾਣੀ ਵਿਚਲੀ ਧਾਰਮਿਕਤਾ ਦਾ ਹੀ ਜ਼ਿਕਰ ਸਰੀਰਕ ਪੱਧਰ ਦਾ ਵੀ ਹੈ ਅਤੇ ਆਤਮਿਕ ਪੱਧਰ ਦਾ ਵੀ। ਇਸਨੂੰ ਭੌਤਿਕ-ਧਾਰਮਿਕਤਾ ਅਤੇ ਪਰਾ-ਭੌਤਿਕ ਧਾਰਮਿਕਤਾ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਭੌਤਿਕ-ਧਾਰਮਿਕਤਾ ਵਿਚ ਮਨੁੱਖ ਦੇ ਦ੍ਰਿਸ਼ਟਮਾਨ ਤੇ ਬਾਹਰੀ ਜਗਤ ਨਾਲ ਸੰਬੰਧਿਤ ਧਾਰਮਿਕਤਾ ਆਉਂਦੀ ਹੈ। ਇਸ ਧਾਰਮਿਕਤਾ ਦੇ ਅੰਤਰਗਤ ਮਨੁੱਖ ਦਾ ਸਮਾਜਿਕ ਜੀਵਨ, ਨੈਤਿਕਤਾ ਅਤੇ ਆਚਾਰ ਵਿਹਾਰ ਆਉਂਦਾ ਹੈ। ਧਾਰਮਿਕ

ਵਿਅਕਤੀ ਪੁਰਖ ਤੇ ਰੱਬ ਦੇ ਰੂਪ ਵਿਚ ਵਿਚਰਦਾ ਹੈ । ਉਹ ਸਮੂਹ ਜੀਵਾਂ ਵਿਚ ਇਕ ਪ੍ਰਮਾਤਮਾਂ ਨੂੰ ਵੇਖਦਾ ਹੈ । ਉਹ ਸਭ ਨਾਲ ਮਿਤਰਤਾ ਪੂਰਵਕ ਤੇ ਨਾਵਰਣੀ ਵਤੀਰਾ ਧਾਰਨ ਕਰਦਾ ਹੈ । ਉਹ ਧਾਰਮਿਕ ਵਿਅਕਤੀ ਹੈ ਜਿਹੜਾ ਮਜ਼੍ਹਬਾਂ, ਜਾਤਾਂ, ਕੌਮਾਂ ਅਤੇ ਦੇਸ਼ਾਂ ਦੇ ਵਿਤਕਰੇ ਤੋਂ ਨਿਰਲੇਪ ਹੋ ਚੁੱਕਾ, ਅਮੀਰ ਗਰੀਬ ਆਦਿ ਦੇ ਵਿਤਕਰੇ ਤੋਂ ਵੀ ਉਪਰ ਉਠਿਆ ਹੋਇਆ ਹੈ । ਡਾ. ਅਵਤਾਰ ਸਿੰਘ ਇਹ ਵੀ ਲਿਖਦੇ ਹਨ :

> consequently those in Idealist self relization theories which take into consideration the whole and hi her self in the persepective of human creativity appear to be nearer the mark, though there may be a certain amount of vagueness in such theeories, mostly due to idealistic content".[16]

ਅਰਥਾਤ: ਆਤਮ-ਬੋਧ ਦੇ ਆਦਰਸ਼ਕ ਸਿੱਧਾਂਤਾਂ ਨੂੰ ਧਿਆਨ ਵਿਚ ਰੱਖਿਆਂ ਮਨੁੱਖੀ ਸਿਰਜਨਾ ਦੇ ਸੰਬੰਧ ਵਿਚ, ਉੱਤਮ ਆਪਾ ਨਿਸ਼ਾਨ ਦਾ ਨਿਰਣਾ ਅਜਿਹੇ ਸਿਧਾਂਤਾਂ ਸਿਧਾਂਤਾਂ ਦੇ ਆਦਰਸ਼ਕ ਗੁਣਾਂ ਦੇ ਨੇੜੇ ਸਮਝਿਆ ਜਾਂਦਾ ਹੈ ।

ਗੁਰੂ ਨਾਨਕ ਬਾਣੀ ਵਿਚ ਦਰਸਾਈ ਗਈ ਧਾਰਮਿਕਤਾ ਨਿਮਨਲਿਖਤ ਮਸਲਿਆਂ ਨਾਲ ਸੰਬੰਧ ਰੱਖਦੀ ਹੈ :

1. ਇਸ ਜਗਤ ਵਿਚ ਵਿਚਰਦਿਆਂ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਵਿਹਾਰਕ ਅਤੇ ਭਾਈਚਾਰਕ ਪੱਖ ਤੋਂ ਆਦਰਸ਼ਕ ਜੀਵਨ ਜਾਚ ਕੀ ਹੈ ?
2. ਆਤਮਾ ਤੇ ਪ੍ਰਮਾਤਮਾ ਦਾ ਕੀ ਸੰਬੰਧ ਹੈ ਅਤੇ ਉਸ ਪਰਮ ਸੱਚ ਦੀ ਭਾਲ ਕਿਵੇਂ ਕੀਤੀ ਜਾਵੇ।
3. ਸ੍ਰਿਸ਼ਟੀ ਰਚਨਾ ਦੇ ਇਸ ਸਮੁੱਚੇ ਵਿਸ਼ਵ ਪਸਾਰੇ ਨਾਲ ਸੰਬੰਧਤ ਰਹੱਸ ਕੀ ਹੈ ।"[17]

ਉਪਰੋਕਤ ਮਸਲਿਆਂ ਵਿਚੋਂ ਪਹਿਲੇ ਮਸਲੇ ਦਾ ਅਥਵਾ ਪ੍ਰਸ਼ਨ ਦਾ ਸੰਬੰਧ ਸਰੀਰਕ ਅਤੇ ਬਾਹਰੀ ਵਿਸ਼ਵਮਾਨ ਧਾਰਮਿਕਤਾ ਨਾਲ ਹੈ । ਮਨੁੱਖ ਨੇ ਜਿਉਂਦੇ ਜੀਅ ਵਿਵਹਾਰ ਕਿਵੇਂ ਕਰਨਾ ਹੈ । ਉਸਨੇ ਸਮਾਜਕ ਭਾਈਚਾਰੇ ਵਿਚ ਕਿਵੇਂ ਵਿਚਰਨਾ ਹੈ। ਪਰ ਪਿਛਲੇ ਦੋਵੇਂ ਪ੍ਰਸ਼ਨ ਆਤਮਿਕ-ਧਾਰਮਿਕਤਾ ਨਾਲ ਸੰਬੰਧਿਤ ਹਨ ਅਤੇ ਇਨ੍ਹਾਂ ਦਾ ਸੰਬੰਧ:

---

16. Autar Singh, Ethics of the Sikhs, o.232
17. ਕੁਲਦੀਪ ਕੌਰ ਗੁਰਮਤਿ ਕਾਵਿ ਇਕ ਅਧਿਐਨ, ਪੰ.32

ਮਨ ਤੂੰ ਜੋਤਿ ਸਰੂਪ ਹੈ
ਆਪਣਾ ਮੂਲ ਪਛਾਣ ।

ਨਾਲ ਹੈ ਉਸ ਅੰਦਰੀਵੀ ਧਾਰਮਿਕਤਾ ਹੈ । ਸਾਡੀ ਗੁਰੂ ਨਾਨਕ ਬਾਣੀ ਵਿਚ ਇਸ ਪ੍ਰਕਾਰ ਦੀ ਧਾਰਮਿਕਤਾ ਬਾਰੇ ਵਿਸਥਾਰਤ ਚਰਚਾ ਹੈ :

ਅਖਰ ਲਿਖਣ ਜਾਪੁ ਤੁਹਿ ਫੇਰੀ ਸਿਮਰਿ ਜਾਪੁ ਕਰੇਨੀ ।
ਜਗਤਾ ਕਰੁ ਲਾਵੈ ਆਪੁ ਤੇਰੈ ਵਿਣੁ ਕਰਾਰ ਕੈਸੇ ਦੇਹੀ ।
ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ।
ਦੁਖ ਸੁਖ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ।
ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ।
ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ।[10]

ਉਪਰੋਕਤ ਪੰਗਤੀਆਂ ਵਿਚ ਗੁਰੂ ਨਾਨਕ ਜੀ ਆਦਰਸ਼ਕ ਜੀਵਨ ਵਿਚ ਅਪਣਾਈ ਜਾਣ ਵਾਲੀ ਧਾਰਮਿਕਤਾ ਦੀ ਜ਼ਿਕਰ ਕਰਦੇ ਹਨ । ਆਪ ਦਾ ਫੁਰਮਾਨ ਹੈ। ਜੇ ਅੱਖਰ ਕਰਤਾਰ ਗੁਰੂ ਦੀ ਬਾਣੀ ਪਾਠ ਦੇ ਰੂਪ ਵਿਚ ਹੋਣ, ਤੂੰ ਸਿਮਰਦਾ ਰਹੇਂ, ਇਸ ਬਾਰੇ ਵੀ ਜਾਪ ਕਰਨੀ ਜਾਰੀ ਰਹੇ ਅਤੇ ਪ੍ਰਭੂ-ਪਿਆਰ ਦਾ ਵਿਸ਼ੂ ਵਿਸ਼ਾਂ ਨੂੰ ਬਾਣੀ ਵਿੱਚ ਜਾਵੇ ਤਾਂ ਜਿਸ ਰਾਹ ਦੇ ਨਾਲ ਵਿਸ਼ਾਂ ਨੂੰ ਨਾਮ ਜੁਗਤਿ ਹਰ ਲਾਦਾ ਹੈ । ਪਰ ਇਸ ਹਰ ਦੀ ਪ੍ਰਾਪਤੀ ਲਈ ਪ੍ਰਭੂ ਦੀ ਬਖਸ਼ਸ਼ ਅਤਿ ਜ਼ਰੂਰੀ ਹੈ । ਹੇ ! ਪ੍ਰਮਾਤਮਾ ਜਿਤਨੇ ਜਾਏ ਤੇਰੇ ਜੀਵ ਹਨ ਪਰ ਸੇਵਾ ਤੋਂ ਬਿਨਾਂ ਕਿਸੇ ਨੂੰ ਫਲ ਨਹੀਂ ਮਿਲਦਾ । ਜੀਵਨ ਵਿਚਲੇ ਦੁੱਖ ਤੇ ਸੁੱਖ ਤੇਰੀ ਰਜ਼ਾ ਵਿਚ ਹਨ ਪਰ ਨਾਮ ਸਿਮਰਨ ਅਤੇ ਸੇਵਾ ਤੋਂ ਬਿਨਾਂ ਜੀਵ ਜੀਵਨ ਵਿਚੋਂਆਂ ਜੀਵਨ-ਮੁਕਤ ਨਹੀਂ ਹਨ । ਹੇ ਪ੍ਰਭੂ ਤੂੰ ਹੀ ਜੀਵਾਂ ਨੂੰ ਜਿੰਦਗੀ ਦੇਂਦਾ ਹੈ । ਇਸ ਲਈ ਪ੍ਰਭੂ ਜਿਵੇਂ ਤੈਨੂੰ ਚੰਗਾ ਲਗੇ ਉਵੇਂ ਕਰ । ਇਸ ਸ਼ਬਦ ਤੋਂ ਉਪਜੀ ਧਾਰਮਿਕਤਾ ਸੰਪੂਰਨ ਆਪਾ ਸਮਰਪਣ ਤੋਂ ਹੈ । ਨਿਰ-ਹੰਕਾਰ ਹੋ ਕੇ ਨਾਮ ਸਿਮਰਨ ਤੇ ਸੇਵਾ ਕਰਨੀ ਹੀ ਗੁਰੂ ਨਾਨਕ ਬਾਣੀ ਵਿਚ ਦਰਸਾਈ ਗਈ ਆਦਰਸ਼ਕ ਜੀਵਨ ਜਾਚ ਹੈ ਅਤੇ ਇਹੀ ਗੁਰੂ ਨਾਨਕ ਬਾਣੀ ਵਿਚਲੀ ਧਾਰਮਿਕਤਾ ਹੈ ।

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ,
ਨਾਤਾ ਸੋ ਪਰਵਾਣੁ ਸਚੁ ਕਮਾਈਐ ।
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ।

---

10. ਗੁਰੂ ਨਾਨਕ ਬਾਣੀ, ਰਾਗ ਆਸਾ, ਪੰ. 424

ਇਥੈ ਮਾਣਹੁ ਸੁਰਤਿ ਜਾਣੀ ਚੋਹਿ ਚੋਹਿ ਮਾਣੀਐ ।
ਜਿਥੈ ਜਾਇ ਨ ਜਲੀਐ ਤਹਾ ਜਲੀਐ ਗੁਰਤਿ ਸਬਦੁ ਪਛਾਣੀਐ
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ।[19]

ਗੁਰੂ ਜੀ ਅਨੁਸਾਰ ਧਾਰਮਿਕਤਾ ਜੀਵਾਂ ਦੇ ਵਿਹਾਰ ਨਾਲ ਜੋੜ ਕੇ ਹੀ ਵਿਚਾਰੀ ਗਈ ਹੈ । ਉਸ ਦਾ ਸਰੀਰ ਤਾਂ ਵਿਕਾਰਾਂ ਦੀ ਮੈਲ ਨਾਲ ਭਰਿਆ ਹੋਇਆ ਹੈ । ਜਿਨ੍ਹਾਂ ਵਿਚ ਵਿਕਾਰ ਦੂਰ ਨਹੀਂ ਹੁੰਦੇ ਤੀਰਥ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ । ਤੀਰਥ ਇਸ਼ਨਾਨ ਤਾਂ ਉਨ੍ਹਾਂ ਦੀ ਹੀ ਸਫ਼ਲ ਹੈ ਪਰਵਾਨ ਹੈ ਜਿਨ੍ਹਾਂ ਸੱਚਾ ਜੀਵਨ ਧਾਰਨ ਕੀਤਾ ਹੈ । ਜਦੋਂ ਕੋਈ ਅੰਦਰਲੀ ਵਿਕਾਰਾਂ ਦੀ ਮੈਲ ਨਾਸ ਕੇ ਸੱਚੀ ਅਸਲੀ ਨਾਮ ਜੀਵਨ ਰਹਿਤ ਕਰਕੇ ਇਸ਼ਨਾਨ ਕਰਦਾ ਹੈ ਤਾਂ ਹੀ ਉਸ ਸੱਚੇ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ । ਕੋਈ ਕਰਮ ਕਾਂਡ ਤੋਂ ਮਨ ਦਾ (ਮੈਲ ਵਿਕਾਰ) ਨਹੀਂ ਜਾਂਦਾ ਨਹੀਂ ਸੁਧਰਦਾ, ਜੈਸੇਂ ਮੂਰਖ ਲੋਕ ਲੋਕਾਂ ਦਾਨ ਕਰਕੇ ਸਮਝਦੇ ਹਨ । ਸੱਚੀ ਧਾਰਮਿਕਤਾ ਕਿਸੇ ਰੰਗ ਵਿਚ ਹੈ ਕਿ ਮਨੁੱਖ ਜਿਵੇਂ ਵੀ, ਜਿਸ ਰੰਗ ਵਿਚ ਰਹੇ ਉਸੇ ਦੀ ਉਸ ਪ੍ਰਕਾਰ ਦੀਆਂ ਪ੍ਰਭੂ ਨਾਮ ਦੀਆਂ, ਸਾਂਸਾਰਿਕਤਾਵਾਂ ਦੀਆਂ ਗੱਲਾਂ ਕਰੇ ਅਤੇ ਅੰਦਰਲੀ ਸੁਰਤ ਵਿਚ ਨਾਮ ਸ਼ਬਦ ਵਸਾਈ ਰਖੇ । ਇਹੀ ਸੱਚੀ ਧਾਰਮਿਕ ਜ਼ਿੰਦਗੀ ਹੈ । ਜੋ ਵਿਕਾਰਾਂ ਦੀ ਮੈਲ ਨਾਲ ਸਰੀਰ ਨੂੰ ਲਬੇੜ ਕੇ ਕੇਵਲ ਵਿਖਾਵੇ ਦੇ ਤੀਰਥ ਇਸ਼ਨਾਨ ਕਰਦੇ ਹਨ ਉਹ ਧਾਰਮਿਕ ਨਹੀਂ । ਇਸ ਤਰ੍ਹਾਂ ਤਾਂ ਸਗੋਂ ਤੀਰਥਾਂ ਦੀ ਪਵਿੱਤਰਤਾ ਨੂੰ ਖ਼ਰਾਬ ਕੀਤਾ ਜਾਂਦਾ ਹੈ । ਸੱਚੀ ਧਾਰਮਿਕਤਾ ਤਨ-ਮਨ ਨੂੰ ਵਿਕਾਰਾਂ ਤੋਂ ਸਾਫ਼ ਕਰਕੇ ਹਿਰਦੇ ਵਿਚ ਪ੍ਰਭੂ ਨਾਮ ਦਾ ਵਾਸਾ ਕਰਨ ਵਿਚ ਹੈ ।

"ਇਕਿ ਜੈਨੀ ਉਝੜ ਪਾਇ ਖਸਮਿ ਖੁਆਇਆ ।
ਤਿਨ ਮੁਖਿ ਨਾਹੀ ਨਾਮੁ ਨ ਤੀਰਥ ਨ੍ਹਾਇਆ ।
ਹਥੀ ਸਿਰ ਖੋਹਾਇਨ ਭਦੁ ਕਰਾਇਆ ।
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ।
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ।
ਮਨਿ ਜੂਠੈ ਵੇਜਾਤਿ ਜੂਠਾ ਖਾਇਆ ।
ਇਨ ਸਬਦੈ ਆਚਾਰੁ ਨ ਕਿਨਹੀ ਪਾਇਆ ।

19. ਫਰੀਦਕੋਟ ਵਾਲਾ ਟੀਕਾ, ਮ. ਪਹਿਲਾ ਕ੍ਰਿਤ ਗੁਰੂ ਨਾਨਕ ਬਾਣੀ, ਪੰਨੇ 650-51

ਗੁਰਮੁਖਿ ਸੀਗਾਰਿ ਜਾਹਿ ਜਗਾਇਆ ।[20]

ਸੰਸਾਰ ਵਿਚ ਇਹ ਅਜਿਹੇ ਵੀ ਜਨ ਮਿਲਦੇ ਜਾਪਦੇ ਆਪ ਨੂੰ ਸੈਨੀ ਅਖਵਾਉਂਦੇ ਹਨ ਅਤੇ ਜੀਵਨ ਦੀ ਪਵਿੱਤਰ ਧਾਰਮਿਕਤਾ ਦਾ ਦੰਭ ਕਰਦੇ ਹਨ । ਪਰ ਇਹ ਤਾਂ ਮੂੰਹ ਤੋਂ ਹੀ ਸਜੀ ਨਾਚੇ ਨੂੰ ਦੂਏ ਦੇਂਦੇ ਹਨ । ਇਹ ਲੋਕ ਨਾਂ ਤਾਂ ਧਰਮ ਦੀ ਮਹੱਤਤਾ ਨੂੰ ਜਾਣਦੇ ਹਨ ਅਤੇ ਨਾਂ ਹੀ ਸਿਧਾਂਤਾਂ ਜਾਣਦੇ ਹਨ ਕਿਉਂਕਿ ਸਿਧਾਂਤਾਂ ਅਨੁਸਾਰ ਹਰ ਜੀਵ ਸੰਸਿਆ ਦੇ ਬਾਹਰ ਹੋ ਕਰਦੇ ਹਨ । ਇਹ ਲੋਕ ਜਨਮ ਨਾਂ ਕਰਦੇ ਜਦੋਂ ਸੰਧਾਂ ਨਾਲ ਸਿਰ ਦੇ ਵਾਲਾਂ ਨੂੰ ਫੇਰ ਫੇਰ ਕੇ ਸਰੀਰ ਨੂੰ ਪ੍ਰਗਟ ਦੇਂਦੇ ਹਨ । ਜਿਨ੍ਹਾਂ ਰੰਗ ਵਾਜਿਦੇ ਹਨ ਕਿਉਂਕਿ ਧਾਰਮੀ ਦੀ ਕਦਰੋਂ ਨਹੀਂ ਕਰਦੇ। ਉਹ ਗੁਰਮਿਲ ਜੀਵਨ ਨੂੰ ਵਿਸਾਰ ਕੇ ਸੰਨਿਆਸ ਧਾਰਨ ਕਰਕੇ ਜਾਂ ਇਨ੍ਹਾਂ ਰਸਮਾਂ ਦੀ ਧਾਰਮਿਕਤਾ ਦੇ ਧਾਰਨੀ ਮਨ ਤੋਂ ਨੀਚ ਹਨ ਅਤੇ ਜੂਠਾ ਖਾਂਦੇ ਫਿਰਦੇ ਹਨ । ਗੁਰੂ ਜੀ ਦਸਦੇ ਹਨ ਕੇ ਸੱਚੀ ਗੱਲ ਇਹ ਹੈ ਕਿ ਗੁਰਸ਼ਬਦ ਤੋਂ ਬਿਨਾਂ ਰੋਗ ਮਿਟੇ ਨੂੰ ਵੀ ਸੱਚੀ ਧਾਰਮਿਕਤਾ (ਚੰਗੀ ਰਹਿਣੀ) ਦਾ ਪਤਾ ਨਹੀਂ ਹੈ । ਸੱਚੀ ਰਹਿਣੀ ਵਾਲੇ ਗੁਰਮੁਖ ਸੱਚ ਦੀ ਜਾਣਕਾਰੀ ਦੁਆਰਾ ਸੱਚੇ ਅਕਾਲ ਪੁਰਖ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦੇ ਹਨ ਜਦੋਂ ਕਿ ਮਨਮੁਖ ਆਪਣੀ ਜੀਵਨ ਵਿਅਰਥ ਗੁਆ ਜਾਂਦੇ ਹਨ ।

ਵਾਜਾ ਮਤਿ ਪਖਾਵਜੁ ਭਾਉ ।
ਹੋਇ ਅਨੰਦੁ ਸਦਾ ਮਨਿ ਚਾਉ ।
ਏਹਾ ਭਗਤਿ ਏਹੋ ਤਪ ਤਾਉ ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ। ਰਹਾਉ।
ਪੂਰੇ ਤਾਲ ਜਾਣੈ ਸਲਾਹ ।
ਹੋਰੁ ਨਚਣਾ ਖੁਸੀਆ ਮਨ ਮਾਹ ।।
ਸਤੁ ਸੰਤੋਖੁ ਵਜਹਿ ਦੁਇ ਤਾਲ ।
ਪੈਰੀ ਵਾਜਾ ਸਦਾ ਨਿਹਾਲ
ਰਾਗੁ ਨਾਦੁ ਨਹੀ ਦੂਜਾ ਭਾਉ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।।[21]

---

20. ਮਲਾਰ ਦੀ ਵਾਰ ਮ.1, ਗੁਰੂ ਨਾਨਕ ਬਾਣੀ ਪੰ. 1435-36
21. ਆਦਿ ਗ੍ਰੰਥ, ਰਾਗ ਆਸਾ, ਪ੍ਰ. 399-400

ਸੱਚੀ ਧਾਰਮਿਕਤਾ ਇਸ ਗੱਲ ਵਿਚ ਹੈ ਕਿ ਮਨੁੱਖ ਉਤਮ ਮਤ ਨੂੰ ਵਾਜਾ ਬਣਾਵੇ ਅਤੇ ਪ੍ਰਮਾਤਮਾ ਦੇ ਪ੍ਰੇਮ ਨੂੰ ਪਖਾਵਜਾ (ਢੋਲੀ) ਬਣਾਵੇ । ਇਸ ਤਰ੍ਹਾਂ ਦੇ ਸੰਗੀਤ ਨਾਲ ਉਸਦੇ ਹਿਰਦੇ ਵਿਚ ਸਦੀਵੀ ਆਨੰਦ ਉਤਪੰਨ ਹੋਵੇਗਾ । ਇਹੋ ਹੀ ਅਸਲ ਭਗਤੀ ਹੈ ਅਤੇ ਇਹੀ ਸੱਚਾ ਜਪ-ਤਪ ਹੈ । ਪ੍ਰਭੂ ਪ੍ਰੇਮ ਦੇ ਮਸਤੀ ਵਿਚ ਹਿਰਦੇ ਦਾ ਨੱਚਣਾਂ, ਝੂਮਣਾ ਹੀ ਸੱਚਾ ਨਾਚ ਹੈ । ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਵਾਲਾ ਹੀ ਤਾਲ ਦੇ ਸਕਦਾ ਹੈ । ਇਸਤੋਂ ਬਿਨਾਂ ਬਾਕੀ ਸਭ ਪ੍ਰਕਾਰ ਦੇ ਨਾਚ ਮਨ ਦੀਆਂ ਖੁਸ਼ੀਆਂ ਲਈ ਹਨ ।ਸੱਚ ਤੇ ਸੰਤੋਖ ਦੇ ਛੈਣੇ, ਸਦੀਵੀ ਪ੍ਰਸੰਨਤਾ ਪੈਰਾਂ ਦੇ ਘੁੰਗਰੂ ਹੋਣ ਅਤੇ ਜੇ ਪ੍ਰਭੂ ਪ੍ਰੇਮ ਤੋਂ ਬਿਨਾਂ ਹੋਰ ਕੋਈ ਪਿਆਰ ਨਾ ਹੋਵੇ ਤਾਂ ਇਹੀ ਸੱਚਾ ਰਾਗ ਨਾਦ ਹੈ । ਇਸ ਤਰ੍ਹਾਂ ਦੀ ਮਸਤੀ ਹੀ ਸੱਚਾ ਨਾਚ ਹੈ । ਸਾਧ ਸੰਗਤ ਵਿਚ ਰਹਿ ਕੇ ਗੁਰੂ ਦੁਆਰਾ ਦੱਸਿਆ ਨਾਮ ਸੁਣਨ ਤੇ ਬਹਿੰਦਿਆਂ ਉਠਦਿਆਂ ਇਸ ਨਾਮ ਨੂੰ ਹਿਰਦੇ ਵਿਚ ਟਿਕਾਈ ਰੱਖਣਾ ਹੀ ਸੱਚੀ ਧਾਰਮਿਕਤਾ ਹੈ ।

ਨਿਕਟਿ ਵਸੈ ਦੇਖੈ ਸਭੁ ਸੋਈ ।
ਗੁਰਮੁਖਿ ਵਿਰਲਾ ਬੂਝੈ ਕੋਈ ।
ਵਿਣੁ ਭੈ ਪਇਐ ਭਗਤਿ ਨ ਹੋਈ ।
ਸਬਦਿ ਰਤੇ ਸਦਾ ਸੁਖੁ ਹੋਈ ।
ਐਸਾ ਗਿਆਨੁ ਪਦਾਰਥੁ ਨਾਮੁ
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ।ਰਹਾਉ।
ਗਿਆਨ ਗਿਆਨੁ ਕਥੈ ਸਭੁ ਕੋਈ ।
ਕਥਿ ਕਥਿ ਬਾਦੁ ਕਰੇ ਦੁਖੁ ਹੋਈ ।
ਕਥਿ ਕਹਣੈ ਤੇ ਰਹੈ ਨ ਕੋਈ ।
ਬਿਨੁ ਰਸ ਰਾਤੇ ਮੁਕਤਿ ਨ ਹੋਈ ।
ਗਿਆਨ ਧਿਆਨੁ ਸਭੁ ਗੁਰ ਤੇ ਹੋਈ ।
ਸਾਚੀ ਰਹਤ ਸਾਚਾ ਮਨਿ ਸੋਈ ।
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ।
ਨਾਵਹੁ ਭੂਲੇ ਥਾਉ ਨ ਕੋਈ ।[22]

---

22. ਗੁਰੂ ਨਾਨਕ ਬਾਣੀ, ਭਾਗ ਦੂਜਾ, ਪੰ.843, ਰਾਗ ਬਿਲਾਵਲ.

ਗੁਰੂ ਜੀ ਸੱਚੀ ਸੁੱਚੀ ਧਾਰਮਿਕਤਾ ਬਾਰੇ ਪ੍ਰੇਰਨਾ ਦੇਂਦੇ ਹੋਏ ਫੁਰਮਾਉਂਦੇ ਹਨ ਕਿ ਪ੍ਰਾਣੀਆਂ ਜੀਵ ਦੇ ਵਿਕਾਰਾਂ ਤੋਂ ਬਚਦਾ ਹੈ ਅਤੇ ਮਨ ਸ਼ੁੱਧ ਹੋ ਜਾਂਦਾ ਹੈ। ਪਰ ਇਸ ਤੋਂ ਵਧਕੇ ਪ੍ਰਭੂ ਨੂੰ ਮੇਲੀ ਇਕਾਗਰ ਚਿੱਤ ਹੀ ਗੁਰੂ ਦੀ ਮਤ ਅਨੁਸਾਰ ਜਾਪਦਾ ਹੈ।

ਪ੍ਰੇਮ ਪ੍ਰਭੂ ਦਾ ਮੇਲ ਪੈਦਾ ਕਰਨ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਸ਼ਬਦ ਦੁਆਰਾ ਪ੍ਰਭੂ ਵਿਚ ਧਿਆਨ ਟਿਕਾਣਾ ਹੀ ਸੱਚੀ ਭਗਤੀ ਹੈ ਅਤੇ ਜਿਸ ਤੋਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸੱਚਾ ਗਿਆਨ ਉਹ ਹੈ ਜਿਹੜਾ ਨਾਮ ਰੂਪੀ ਪਦਾਰਥ ਤੋਂ ਉਪਜਦਾ ਹੈ ਜਿਹੜਾ ਜੀਵ ਗੁਰੂ ਦੀ ਸਿੱਖਿਆ ਅਨੁਸਾਰ ਨਾਮ ਰੂਪੀ ਪਦਾਰਥ ਵਿਚ ਭਿਜਦਾ ਹੈ। ਉਹੀ ਪ੍ਰਭੂ ਦੇ ਦਰਬਾਰ ਵਿਚ ਮਾਣ ਤੇ ਆਦਰ ਹਾਸਲ ਕਰਦਾ ਹੈ, ਦਿਖਾਵੇ ਦੇ ਧਾਰਮਿਕ ਲੋਕ ਕੇਵਲ ਗੱਲਾਂ ਨਾਲ ਹੀ ਪ੍ਰਭੂ ਪ੍ਰਾਪਤੀ ਦਾ ਦਾਅਵਾ ਕਰਦੇ ਹਨ। ਗਿਆਨ ਦੀਆਂ ਜ਼ੁਬਾਨੀ ਤੇ ਦਿਮਾਗੀ ਗੱਲਾਂ ਵਿਵਾਦ ਤੇ ਬਹਿਸ ਨੂੰ ਜਨਮ ਦੇਂਦੀਆਂ ਹਨ। ਧਾਰਮਿਕ ਵਿਅਕਤੀ ਦਾ ਗਿਆਨੀ ਹੋਣਾ ਹੈ ਅਤੇ ਨਾ ਹੀ ਤਰਕਾਂ ਦਾ ਆਸਰਾ ਲੈਂਦਾ ਹੈ ਕਿਉਂਕਿ ਇਸ ਵਿਚੋਂ ਦੁੱਖ ਹੀ ਦੁੱਖ ਨਿਕਲਦਾ ਹੈ। ਇਹ ਗੱਲਾਂ ਤੇ ਬਹਿਸ ਦਾ ਚਸਕਾ ਹੀ ਸੱਚੀ ਧਾਰਮਿਕਤਾ ਨੂੰ ਨਸ਼ਟ ਕਰਦਾ ਹੈ। ਮਨੁੱਖ ਗਿਆਨੀ ਗੱਲਾਂ ਤਾਂ ਕਰਦਾ ਹੈ ਪਰ ਉਸਦੀ 'ਰਹਿਤ' ਨਹੀਂ ਹੁੰਦੀ ਜਦੋਂ ਕਿ ਸੱਚਾ ਧਾਰਮਿਕ ਵਿਅਕਤੀ ਉਹ ਹੀ ਹੁੰਦਾ ਹੈ ਜਿਸ ਦੀ ਕਰਨੀ ਤੇ ਕਥਨੀ ਇਕ ਸਮਾਨ ਹੋਵੇ।

ਰਾਮ ਨਾਮਿ ਮਨੁ ਬੇਧਿਆ, ਅਵਰੁ ਕਿ ਕਰੀ ਵੀਚਾਰੁ ।
ਸਬਦ ਸੁਰਤਿ ਸੁਖੁ ਊਪਜੈ, ਪ੍ਰਭ ਰਾਤਉ ਸੁਖ ਸਾਰ ।
ਜਿਉ ਭਾਵੈ ਤਿਉ ਰਾਖੁ ਤੂੰ, ਮੈ ਹਰਿਨਾਮੁ ਅਧਾਰੁ ।
ਮਨ ਰੇ, ਸਾਚੀ ਖਸਮ ਰਜਾਇ ।
ਜਿਨਿ ਤਨੁ ਮਨੁ ਸਾਜਿ ਸੀਗਾਰਿਆ, ਤਿਸੁ ਸੇਤੀ ਲਿਵ ਲਾਇ ।ਰਹਾਉ।
ਤਨੁ ਬੈਸੰਤਰਿ ਹੋਮੀਐ, ਇਕ ਰਤੀ ਤੋਲਿ ਕਟਾਇ ।
ਤਨੁ ਮਨੁ ਸਮਧਾ ਜੇ ਕਰੀ, ਅਨਦਿਨੁ ਅਗਨਿ ਜਲਾਇ ।
ਹਰਿਨਾਮੈ ਤੁਲਿ ਨ ਪੁਜਈ, ਜੇ ਲਖ ਕੋਟੀ ਕਰਮ ਕਮਾਇ ।2।
ਅਰਧ ਸਰੀਰੁ ਕਟਾਈਐ, ਸਿਰਿ ਕਰਵਤੁ ਧਰਾਇ ।
ਤਨੁ ਹੈਮੰਚਲਿ ਗਾਲੀਐ, ਭੀ ਮਨ ਤੇ ਰੋਗੁ ਨ ਜਾਇ ।
ਹਰਿਨਾਮੈ ਤੁਲਿ ਨ ਪੁਜਈ, ਸਭ ਡਿਠੀ ਠੋਕਿ ਵਜਾਇ ।

ਕੰਚਨ ਕੇ ਕੋਟ ਦਤੁ ਕਰੀ, ਬਹੁ ਹੈਵਰ ਗੈਵਰ ਦਾਨੁ ।
ਭੂਮਿ ਦਾਨੁ ਗਊਆ ਘਣੀ, ਭੀ ਅੰਤਰਿ ਗਰਬੁ ਗੁਮਾਨੁ।
ਰਾਮ ਨਾਮਿ ਮਨ ਬੇਧਿਆ, ਗੁਰਿ ਦੀਆ ਸਚੁ ਦਾਨੁ।[23]

ਉਪਰੋਕਤ ਸ਼ਬਦ ਵਿਚ ਗੁਰੂ ਜੀ ਸੱਚੀ ਧਾਰਮਿਕਤਾ ਦਾ ਜਿਕਰ ਕਰਦਿਆਂ ਹੋਇਆਂ ਫੁਰਮਾਉਂਦੇ ਹਨ ਕਿ ਜੇ ਜੀਵ ਦਾ ਮਨ ਸ਼ਬਦ ਸੁਰਤ ਦੁਆਰਾ 'ਹਰੀ ਨਾਮ' ਵਿਚ ਰੰਗਿਆ ਜਾਵੇ ਤਾਂ ਫਿਰ ਗਿਆਨ ਧਿਆਨ ਦੀਆਂ ਵੀਚਾਰਾਂ ਦੀ ਕੋਈ ਥਾਂ ਨਹੀਂ ਰਹਿ ਜਾਂਦੀ । ਜਿਸ ਪ੍ਰਭੂ ਨੇ ਇਹ ਜੀਵਨ ਦਿੱਤਾ ਹੈ ਉਸ ਨਾਲ ਸੱਚਾ ਨੇਹੁ ਕਰਨਾ ਅਤੇ ਲਿਵ ਜੋੜਨੀ ਹੀ ਅਸਲੀ ਧਾਰਮਿਕਤਾ ਹੈ । ਜੇ ਸਰੀਰ ਨੂੰ ਭੋਰਾ ਭੋਰਾ ਕੱਟ ਕੇ ਅਗਨੀ ਵਿਚ ਸਾੜ ਦੇਈਏ ਤਾਂ ਵੀ ਹਰੀ ਨਾਮ ਦੇ ਬਰਾਬਰ ਹੋਰ ਕੋਈ ਜਪ ਤਪ ਨਹੀਂ ਹੈ ।

ਜੇ ਸਰੀਰ ਨੂੰ ਬਰਫ਼ ਵਿਚ ਗਾਲ ਦਿੱਤਾ ਜਾਵੇ ਤਾਂ ਵੀ ਹੰਕਾਰ ਨਹੀਂ ਮਰਦਾ, ਜੇ ਸਿਰ ਤੇ ਆਰਾ ਫਿਰਵਾ ਕੇ ਦੋ ਟੁਕੜੇ ਹੋ ਜਾਈਏ ਤਾਂ ਵੀ ਸੱਚੀ ਧਾਰਮਿਕ ਬਿਰਤੀ ਪ੍ਰਾਪਤ ਨਹੀਂ ਹੁੰਦੀ । ਇਹ ਸਾਰੇ ਕਰਮ ਨਿਰਾਰਥਕ ਹਨ । ਸੋਨਾ, ਧਰਤੀ, ਗਊਆਂ ਦਾ ਦਾਨ ਵੀ ਹਰੀ ਨੂੰ ਨਹੀਂ ਪੁਜਦਾ ਇਸ ਲਈ ਇਹ ਸਾਰੇ ਬਾਹਰੀ ਕਰਮ ਤਿਆਗ ਕੇ ਕੇਵਲ ਹਰੀ ਨਾਮ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਹੀ ਸੱਚਾ ਧਾਰਮਿਕ ਜੀਵਨ ਮਿਲ ਸਕਦਾ ਹੈ ।

ਮਨਹਠ ਬੁਧੀ ਕੇਤੀਆ, ਕੇਤੇ ਬੇਦ ਬੀਚਾਰ ।
ਕੇਤੇ ਬੰਧਨ ਜੀਅ ਕੇ, ਗੁਰਮੁਖਿ ਮੋਖ ਦੁਆਰ ।
ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ।
ਸਭ ਕੋ ਊਚਾ ਆਖੀਐ, ਨੀਚੁ ਨ ਦੀਸੈ ਕੋਇ ।
ਇਕਨੈ ਭਾਂਡੇ ਸਾਜਿਐ, ਇਕੁ ਚਾਨਣੁ ਤਿਹੁ ਲੋਇ ।
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ।[24]

---

23. ਰਾਗ ਬਿਲਾਵਲ ਗੁਰੂ ਨਾਨਕ ਬਾਣੀ, ਪੰ. 184-85

24. ਸ੍ਰੀ ਰਾਗ ਮਹਲਾ,1, ਗੁਰੂ ਨਾਨਕ ਬਾਣੀ, ਪੰ. 185

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਮੁੱਖ ਧਰਮ ਅਤੇ ਧਾਰਮਿਕਤਾ ਦੇ ਸੰਕਲਪ( Concept) ਦੀ ਵਿਆਖਿਆ ਉਚਿਤ ਪ੍ਰਸੰਗ ਵਿਚ ਪ੍ਰਾਪਤ ਹੈ । ਗੁਰੂ ਜੀ ਅਨੁਸਾਰ ਧਾਰਮਿਕਤਾ ਦੀ ਪਹਿਲੀ ਪ੍ਰਾਪਤੀ ਕਰਮ ਕਾਂਡੀ ਨਾਲ ਦੇਵ ਪਿਆਰਿਆਂ ਅਤੇ ਦੇਵਾਂ ਆਦਿ ਦੀ ਵਿਚਾਰ ਕੇਵਲ ਕਰਮਕਾਂਡ ਦੇ ਰੂਪ ਵਿਚ ਕੀਤੀ ਐਸੀ ਕੋਈ ਖ਼ਾਸ ਨਹੀਂ ਮੰਨਦੀ। ਅਕਾਲ ਪੁਰਖ ਦੇ ਹੁੱਕਮੀ ਅਨੁਸਾਰ ਜਾਣੇ ਕਰਮ ਕੀਤੇ ਜਾਂਦੇ ਹਨ ਅਤੇ ਜਿਹੜੇ ਮਨੁੱਖ ਦੇਵਾਂ ਦੀ ਵਿਚਾਰ ਕਰਕੇ ਉਸ ਅਨੁਸਾਰ ਕਰਮ ਕਰਦੇ ਹਨ । ਜਿਸ ਬਾਰੇ ਕੋਈ ਕਰਮ ਜੋ ਮਨੁੱਖ ਪੈਦਾ ਕਰਦੇ ਹਨ ਤਾਂ ਕੋਈ ਲਾਭ ਨਹੀਂ ਹੈ । ਇਹ ਮਨੁੱਖ ਦੇ ਜੀਵਨ ਦਾ ਆਧਾਰ ਬਣਦੇ ਹਨ । ਜਿਸ ਬਾਰੇ ਕਰਮ 'ਸੱਚ' ਤੋਂ ਨੀਵੇਂ ਹਨ ਪਰ ਸੱਚੀ ਰਹਿਣੀ ( Truth | Living ) ਸੱਚ ਤੋਂ ਵੀ ਉਪਰ ਹੈ। ਜਿਸ ਲਈ ਸੱਚੀ ਧਾਰਮਿਕਤਾ ਸੱਚੀ ਰਹਿਣੀ ਵਾਲੇ ਜੀਵ ਤੇ ਕੋਈ ਮੰਗ ਨਹੀਂ ਹੈ । ਪਰ ਜਿਸ ਸੱਚੀ ਰਹਿਣੀ ਵਾਲੇ ਜੀਵ ਤੇ ਪ੍ਰਭੂ ਦਇਆ ਕਰਦਾ ਹੈ ਉਸ ਦੀ ਸੱਚ ਰੂਪੀ ਕਰੀ ਪ੍ਰਾਪਤੀਆਂ ਨੂੰ ਮਿਲਦਾ ਹੈ । ਇਸ ਲਈ ਧਾਰਮਿਕ ਜਿ ਕਰਨੀ ਅਤੇ ਜੀਵਨ ਦੇ ਸੱਚ ਨੂੰ ਸਮਾਉਂਦਾ ਹੈ ਅਤੇ ਪ੍ਰਭੂ ਦੀ ਦਇਆ ਦਾ ਪਾਤਰ ਬਣਨ ਵਿਚ ਹੈ ।

ਗੁਰੂ ਨਾਨਕ ਬਾਣੀ ਵਿੱਚ ਆਏ ਵੱਖ ਵੱਖ ਧਰਮ :

ਗੁਰੂ ਨਾਨਕ ਬਾਣੀ ਵਿਚ ਪ੍ਰਮੁੱਖ ਸੰਕਲ ਧਰਮੀ ਦਾਰਸ਼ਨਿਕਤਾ ਦੇ ਸੰਕਲਪ ਨੂੰ ਸਪਸ਼ਟ ਕਰਨੀ ਤੋਂ ਪਹਿਲਾਂ ਸਮੂਹ ਮਤਾਂ ਦਾ ਸੰਖਿਪਤ ਅਧਿਐਨ ਕਰਨਾ ਉਚਿਤ ਜਾਪਦਾ ਹੈ ਜਿਹੜੇ ਗੁਰੂ ਨਾਨਕ ਬਾਣੀ ਵਿਚ ਵਿਚਾਰੇ ਗਏ ਹਨ ਜਾਂ ਜਿਨ੍ਹਾਂ ਦੇ ਸੰਦਰਭ ਵਿਚ ਗੁਰੂ ਨਾਨਕ ਬਾਣੀ ਸੰਚਾਰ ਕਰਾਉਂਦੀ ਹੈ । ਗੁਰੂ ਨਾਨਕ ਬਾਣੀ ਵਿਚ ਜਿਨ੍ਹਾਂ ਧਰਮਾਂ ਦਾ ਜ਼ਿਕਰ ਮਿਲਦਾ ਹੈ ਜਾਂ ਜਿਨ੍ਹਾਂ ਬਾਰੇ ਸੰਕੇਤ ਮਿਲਦੇ ਹਨ ਉਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ । ਪਹਿਲਾ ਭਾਗ ਭਾਰਤੀ ਧਰਮਾਂ ਅਥਵਾ ਸੰਤਾਂ ਦਾ ਹੈ ਅਤੇ ਦੂਜਾ ਭਾਗ ਅਭਾਰਤੀ ਮੱਤਾਂ ਅਰਥਾਤ ਧਰਮਾਂ ਦਾ ਹੈ । ਪਹਿਲੇ ਭਾਗ ਵਿਚ ਵੈਦਿਕ ਧਰਮ, ਉਪਨਿਸ਼ਦਾਂ ਦਾ ਬ੍ਰਹਮਵਾਦ, ਰਾਮ ਨਾਮ ਦਾ ਪ੍ਰਤਿਪਾਦਨ, ਜੈਨ ਮਤ, ਬੁੱਧ ਮੱਤ, ਸ਼੍ਰੀ ਮਤ ਸ਼ਾਕਤਮਤ ਦਾ ਮਤ, ਸਾਂਖ ਮਤ, ਨਿਆਏ ਵੈਸ਼ੇਸ਼ਿਕ, ਪੂਰਬ ਮੀਮਾਂਸਾ ਦਰਸ਼ਨ, ਸ਼ੰਕਰਾਚਾਰੀਆ ਦਾ ਅਦਵੈਤ ਵੇਦਾਂਤ, ਰਾਮਾਨੁਜ ਦਾ ਵਿਸ਼ਿਸ਼ਟ ਅਦਵੈਤ, ਮਾਧਵਾਚਾਰੀਆ ਦਾ ਦਵੈਤਵਾਦ, ਨਿੰਬਾਰਕ ਦਾ ਦਵੈਤ ਵਾਦ ਅਤੇ ਵੱਲਭਾਚਾਰੀ ਦਾ ਸ਼ੁੱਧ ਅਦਵੈਤਵਾਦ ਆਉਂਦੇ ਹਨ । ਦੂਜੇ ਭਾਗ ਵਿਚਲੇ ਮੱਤ ਅਭਾਰਤੀ ਹਨ । ਜਿਵੇਂ ਕਿ ਇਸਲਾਮ ਆਦਿ । ਗੁਰੂ ਨਾਨਕ ਬਾਣੀ ਦੇ ਪਰਿਪੇਖ ਵਿਚ ਜਿਨ੍ਹਾਂ ਧਰਮਾਂ ਬਾਰੇ ਸੰਖਿਪਤ ਚਰਚਾ ਪ੍ਰਸੰਗ ਵਜੋਂ ਕੀਤੀ ਜਾਂਦੀ ਹੈ । ਡਾ. ਜਾਂਦੀ ਰਾਮ ਗੁਪਤਾ

ਨੇ ਉਪਰੋਕਤ ਧਰਮ-ਪ੍ਰਣਾਲੀਆਂ ਦੇ ਇਤਿਹਾਸਕ ਪਿਛੋਕੜ ਨੂੰ ਉਲੀਕਦਿਆਂ ਹੋਇਆਂ "ਵੈਦਿਕ ਧਰਮ ਨੂੰ 1500 ਬੀ.ਸੀ. ਤੋਂ 600 ਬੀ.ਸੀ. ਤੱਕ ਵਿਕਸਤ ਹੁੰਦਾ ਮੰਨਿਆ ਹੈ। ਰਾਮਾਇਣ ਅਤੇ ਮਹਾਂਭਾਰਤ ਦੇ ਕਾਲ ਨੂੰ 600 ਬੀ.ਸੀ. ਤੋਂ 200 ਈਸਵੀ ਤੱਕ, ਸੂਤਰਗ੍ਰੰਥਾਂ ਦੇ ਦਰਸ਼ਨਾਂ ਦਾ ਵਿਕਾਸ 200 ਈਸਵੀ ਤੋਂ ਮਗਰੋਂ ਹੋਇਆ ਦੱਸਿਆ ਹੈ ਅਤੇ ਛੇ ਦਰਸ਼ਨ ਪ੍ਰਣਾਲੀਆਂ (ਸਾਂਖ ਯੋਗ, ਨਿਆਏ, ਵੈਸ਼ੇਸ਼ਿਕ, ਪੂਰਬੀ ਮੀਮਾਂਸਾ, ਉੱਤਰ ਮੀਮਾਂਸਾ) ਨੂੰ ਇਸਤੋਂ ਬਾਅਦ ਵਿਕਸਤ ਹੋਇਆ ਦੱਸਿਆ ਹੈ"।[25]

ਇਸਲਾਮ ਮੱਤ ਦੇ ਬਾਨੀ ਹਜ਼ਰਤ ਮੁਹੰਮਦ ਜੀ 570 ਈ. ਵਿਚ ਮੱਕੇ ਵਿਚ ਪੈਦਾ ਹੋਏ ਅਤੇ 630 ਈ. ਵਿਚ ਮਦੀਨੇ ਵਿਚ ਅਕਾਲ ਚਲਾਣਾ ਕਰ ਗਏ। ਇਸਲਾਮ ਦਾ ਹੀ ਰੂਪ ਸੂਫੀ ਮਤ ਹੈ। ਗੁਰੂ ਨਾਨਕ ਬਾਣੀ ਵਿਚ ਇਸ ਮੱਤ ਬਾਰੇ ਵੀ ਹਵਾਲੇ ਅੰਕਿਤ ਹਨ। ਇਸਲਾਮ ਦੁਆਰਾ ਹੀ ਸੰਕੇਤ ਈਸਾਈ ਅਤੇ ਯਹੂਦੀ ਧਰਮ ਬਾਰੇ ਵੀ ਮਿਲਦੇ ਹਨ ਕਿਉਂਕਿ ਇਸਲਾਮ ਅਤੇ ਈਸਾਈ ਮਤ ਯਹੂਦੀਆਂ ਦੀ ਧਾਰਮਿਕ ਪਰੰਪਰਾ ਵਿਚੋਂ ਹੀ ਉਪਜੇ ਹੋਏ ਮੱਤ ਹਨ"।[26]

## ਹਿੰਦੂ ਧਰਮ ਅਥਵਾ ਵੈਦਿਕ ਧਰਮ

ਗੁਰੂ ਨਾਨਕ ਬਾਣੀ ਵਿਚ ਵੈਦਿਕ ਧਰਮ ਦੇ ਹਾਂ ਪੱਖੀ ਅਤੇ ਨਾ ਪੱਖੀ ਦੋਨਾਂ ਪੱਖਾਂ ਨੂੰ ਬਿਆਨ ਕੀਤਾ ਗਿਆ ਹੈ। ਤਕਰੀਬਨ ਸਾਰੇ ਵੈਦਿਕ ਭਾਰਤੀ ਅਧਿਆਤਮਕ ਸਾਹਿਤ ਦਾ ਮੂਲ ਸੋਮਾ ਵੇਦਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਜੋੜਦੇ ਹਨ। ਭਾਰਤੀ ਦਰਸ਼ਨ, ਧਰਮ ਸ਼ਾਸਤਰਾਂ ਅਤੇ ਰਹੱਸਵਾਦ ਸਭ ਦੇ ਬੀਜ ਵੇਦਾਂ ਵਿਚ ਮਿਲ ਜਾਂਦੇ ਹਨ। ਵੇਦਾਂ ਦੇ ਧਰਮ ਨੂੰ ਹੀ ਵੈਦਿਕ ਧਰਮ ਮੰਨਿਆ ਜਾਂਦਾ ਹੈ। ਗੁਰੂ ਨਾਨਕ ਬਾਣੀ ਇਸ ਧਰਮ ਸਬੰਧੀ ਕਿਹ ਤੋਂ ਬਰੀਕ ਵਾਰੀ ਸੰਕੇਤ ਕਰਦੀ ਹੈ :

ਗੁਰੂ ਨਾਨਕ ਜੀ ਇਸ ਧਰਮ ਦੇ ਮੂਲ ਸਰੋਤ ਦੇ ਕਰਮ ਕਾਂਡਾਂ ਬਾਰੇ ਵੀ ਅਤੇ ਉਹਨਾਂ ਦੀ ਨਿਰਾਰਥਕਤਾ ਬਾਰੇ ਵੀ ਸੰਕੇਤ ਕਰਦੇ ਹਨ। ਇਸਦੇ ਨਾਲ ਹੀ ਗੁਰੂ ਜੀ ਨੇ ਵੈਦਿਕ ਧਰਮ ਦੇ ਤੱਤ ਗਿਆਨ ਬਾਰੇ ( Positive)'ਹਾਂ ਪੱਖੀ' ਸੰਕੇਤ ਅੰਕਿਤ ਕੀਤੇ ਹਨ। ਦਿਖਾਵੇ ਦੇ ਕਰਮ ਕਾਂਡਾਂ ਬਾਰੇ ਅੰਕਿਤ ਹੈ :

---

25. ਡਾ. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ, ਪੰ. 12

26. ਐਮ.ਐਨ.ਜੋਸ਼ੀ, ਵਿਸ਼ਵ ਧਰਮ ਸੰਗ੍ਰਹਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.62

[illegible], [illegible] ।
[illegible], [illegible] ।
[illegible], [illegible] ।[27]

ਅਰਥਾਤ [illegible] ਕਰਦੇ ਹਨ । ਉਹ ਵੇਸਾਂ ਦੇ ਤੌਰ ਤਰੀਕਿਆਂ ਨੂੰ [illegible] ਦੇ ਵਿਰੋਧਾਂ ਵਿੱਚ [illegible] ਬਿਆਨ ਕਰਦੇ ਹਨ । ਇਸ ਕਰਕੇ ਉਹ ਜਨਮ ਮਰਨ ਦੇ ਚੱਕਰ ਵਿਚ ਪੈਂਦੇ ਹਨ । ਕੇਵਲ [illegible] ਪੁਸਤਕ ਜਾਂ [illegible] ਅਥਵਾ [illegible] ਨਾਲ [illegible] ਨੂੰ ਛੁਟਕਾਰਾ ਨਹੀਂ ਹੁੰਦਾ । ਛੁਟਕਾਰਾ ਤਾਂ ਗੁਰੂ ਦੀ ਕਿਰਪਾ ਨਾਲ [illegible] ਹੈ । [illegible] ਦੀ [illegible] ਗੁਰੂ ਜੀ [illegible] ਕਰਦੇ ਹਨ :

[illegible], [illegible] ।
[illegible], [illegible] ।
[illegible], [illegible] ।[28]

[illegible]/[illegible] ਨਾਲ [illegible] ਨਹੀਂ ਜਾਣਦੇ [illegible] ਨੂੰ [illegible] ਨੂੰ [illegible] ਦਾ [illegible] ਹੀ ਕਰਦੇ ਹਨ । ਕੇਵਲ [illegible] ਨਾਲ [illegible] ਨਹੀਂ [illegible] ਦੇ [illegible] ਨਾਲ ਹੀ [illegible] ਹਨ । ਗੁਰੂ [illegible] ਦੀ [illegible] ਹੀ [illegible] ਨੂੰ [illegible] ਹੈ।

[illegible] ।
[illegible] ।[29]

[illegible] ।
[illegible]
[illegible] ।
[illegible] ।[30]

---

27. ਗੁਰੂ [illegible], ਪੰ. 156
28. ਉਹੀ, ਪੰ. 155
29. ਉਹੀ, [illegible], ਪੰ. 10[illegible]
30. ਉਹੀ, [illegible] ਪੰ. 362

ਵੇਦ ਪੜ੍ਹਨ ਵਾਲਿਆਂ ਨੂੰ ਪੁੱਛੋ ਤਾਂ ਪਤਾ ਲੱਗੇਗਾ ਕਿ ਉਹ ਤੱਤ ਸਿੱਖਿਆ ਨੂੰ ਨਾ ਸਮਝ ਕੇ ਅਕਲਾ ਨਾ ਸੰਗ ਕੇ ਹੁਣੇ ਗਏ ਹਨ। ਤੱਤ ਗਿਆਨ ਦੀ ਕੀਮਤ ਕੇਵਲ ਪੂਰਨ ਗੁਰੂ ਹੀ ਪਾ ਸਕਦਾ ਹੈ। ਕੇਵਲ ਪੁਸਤਕਾਂ ਪੜ੍ਹਨ ਨਾਲ ਤੱਤ ਗਿਆਨ ਦੀ ਸੋਝੀ ਨਹੀਂ ਆਉਂਦੀ। ਚਾਰੇ ਵੇਦ ਤਿੰਨਾਂ ਗੁਣਾਂ ਵਿਚ ਹਨ, ਜਨਮ ਤੇ ਮਰਣ ਤਿੰਨਾਂ ਗੁਣਾਂ ਵਿਚ ਹੈ। ਇਹ ਵੇਦ ਆਦਿਕ ਕੇਵਲ ਤਿੰਨਾਂ ਗੁਣਾਂ ਦਾ ਹੀ ਬਿਆਨ ਕਰਦੇ ਹਨ। ਬ੍ਰਹਮਗਿਆਨ ਦੀ ਵਿਆਖਿਆ ਕਰਦੇ ਹਨ। ਚਉਥਾ ਪਦ ਪ੍ਰਭੂ ਮਿਲਾਪ ਦਾ ਹੈ ਜੋ ਗੁਰੂ ਦੀ ਸ਼ਰਨ ਵਿਚ ਰਹਿਆਂ ਹੀ ਪ੍ਰਾਪਤ ਹੁੰਦਾ ਹੈ।

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ।
ਵੇਦ ਪੁਰਾਣ ਪੜੈ ਸੁਣਿ ਥਾਟਾ ।
ਬਿਨੁ ਰਸ ਰਾਤੇ ਮਨੁ ਬਹੁ ਨਾਟਾ ।[31]

ਹਿੰਦੂ ਮਤ ਵਾਲੇ ਸਿਮਰਤੀਆਂ, ਪੁਰਾਣ, ਵੇਦ, ਉਪਨਿਸ਼ਦ ਆਦਿ ਪੋਥੀਆਂ ਪੜ੍ਹਦੇ ਅਤੇ ਤੱਤ ਗਿਆਨ ਬਾਰੇ ਦਾਅਵਿਆਂ ਕਰਦੇ ਹਨ। ਇਸ ਤਰ੍ਹਾਂ ਨਾਲ ਪਾਠ ਕੀਤਿਆਂ ਅਤੇ ਸੁਣਿਆਂ ਪਰਮਾਤਮਾ ਨਹੀਂ ਮਿਲਦਾ। ਪ੍ਰਭੂ ਦੇ ਨਾਮ ਰਸ ਦੀ ਪ੍ਰਾਪਤੀ ਤੋਂ ਬਿਨਾਂ ਇਹ ਪੜ੍ਹਨੇ ਸੁਣਨੇ ਸਭ ਇਕ ਪ੍ਰਕਾਰ ਦੇ ਨਾਟਕ ਹਨ। ਇਨ੍ਹਾਂ ਵੇਦ ਸ਼ਾਸਤਰਾਂ ਦੇ ਉਸ ਰਸਤਾ ਨਾਲ ਮੁਕਤੀ ਨਹੀਂ ਮਿਲਦੀ ਇਹ ਤਾਂ ਉਜਾੜਿ ਜਾਣੇ ਪੈਣ ਵਾਲੀ ਗਲ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਵੇਦਾਂ, ਪੁਰਾਣਾਂ, ਸਿਮਰਤੀਆਂ ਆਦਿ ਦੇ ਦਰ ਕਰਮ ਕਾਂਡਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਅਤੇ ਇਨ੍ਹਾਂ ਦੇ ਵਿਹਾਰਕ ਪੱਖ ਨੂੰ ਬਿਆਨ ਕੀਤਾ ਗਿਆ ਹੈ।

ਹਿੰਦੂ ਧਰਮ ਅਥਵਾ ਵੈਦਿਕ ਧਰਮ ਵਿਚ ਵੇਦਾਂ ਦੇ ਤੱਤ ਗਿਆਨ ਵਾਲੇ ਪੱਖ ਨੂੰ ਵੀ ਗੁਰੂ ਜੀ ਨੇ ਆਪਣੀ ਬਾਣੀ ਵਿਚ ਅੰਕਿਤ ਕੀਤਾ ਹੈ। ਇਸ ਪੱਖ ਅਨੁਸਾਰ ਤੱਤ ਨੂੰ ਸਮਝਣਾ ਹੀ ਸਹੀ ਵੈਦਿਕ ਧਰਮ ਹੈ ਜੇ ਇਸ ਨੂੰ ਸਮਝਿਆ ਜਾਵੇ। ਗੁਰੂ ਜੀ ਦਾ ਉਪਦੇਸ਼ ਕਿਸੇ ਧਰਮ ਜਾਂ ਮਤ ਦਾ ਨਿਸ਼ੇਧ ਕਰਨਾ ਨਹੀਂ ਸਗੋਂ ਅਸਲੀਅਤ ਨੂੰ ਖੋਲ ਕੇ ਬਾਦਲੀਲ ਢੰਗ ਨਾਲ ਬਿਆਨ ਕਰਨਾ ਹੈ ਜੇ ਸੱਚੇ ਮਨੁੱਖ ਬਣ ਕੇ ਇਨ੍ਹਾਂ ਧਾਰਮਿਕ ਪੁਸਤਕਾਂ ਵਿਚ ਅੰਕਿਤ ਸੱਚ ਨੂੰ ਸਮਝਿਆ ਜਾਵੇ ਤਾਂ ਇਨ੍ਹਾਂ ਦੀ ਸਿੱਖਿਆ ਪ੍ਰਭੂ ਦੇ ਮਿਲਾਪ ਲਈ ਸਹਾਈ ਹੋ ਸਕਦੀ ਹੈ।

---

31. ਨਾਨਕ ਬਾਣੀ, ਪੰ. 362

ਬੇਦ ਪੁਕਾਰੇ ਵਾਚੀਐ, ਬਾਣੀ ਬ੍ਰਹਮ ਬਿਆਸੁ ।
ਮੁਨਿਜਨ ਸੇਵਕ ਸਾਧਿਕਾ, ਨਾਮਿ ਰਤੇ ਗੁਣਤਾਸੁ ।
ਸਚਿ ਰਤੇ ਸੇ ਜਿਣਿ ਗਏ, ਹਉ ਸਦ ਬਲਿਹਾਰੈ ਜਾਸੁ ।[32]

ਅਰਥਾਤ ਵੇਦ ਜੋ ਬ੍ਰਹਮਾ ਦੀ ਬਾਣੀ ਹਨ ਅਤੇ ਬਿਆਸ ਰਿਸ਼ੀ ਜਿਸ ਨੇ ਸਿਮ੍ਰਿਤੀ ਤੇ ਪੁਰਾਣ ਲਿਖੇ ਨੂੰ ਜੇ ਵਿਚਾਰੀਏ ਤਾਂ ਇਸ ਪ੍ਰਕਾਰ ਦੇ ਆਖਦੇ ਹਨ ਕਿ ਮੁਨੀ, ਸੇਵਕ ਸਾਧਨਾ ਕਰਨ ਵਾਲੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਨਾਮ ਵਿਚ ਹੀ ਰਤੇ ਹੋਏ ਹਨ ਮੈਂ ਉਨਾਂ ਤੋਂ ਹੀ ਬਲਿਹਾਰ ਜਾਂਦਾ ਹਾਂ ਜੋ ਸਚੇ ਨਾਮ ਨਾਲ ਰਤੇ ਹੋਏ ਹਨ ।

ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ ।
ਸਭੁ ਕੋ ਸਚਿ ਸਮਾਵੈ ।
ਰਿਗੁ ਕਹੈ ਰਹਿਆ ਭਰਪੂਰਿ ।
ਰਾਮ ਨਾਮੁ ਦੇਵੇ ਮਹਿ ਸੂਰੁ ।
ਨਾਇ ਲਇਐ ਪਰਾਛਤ ਜਾਹਿ ।
ਨਾਨਕ ਤਉ ਮੋਖੰਤਰੁ ਪਾਹਿ ।
ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ।
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ।
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ।
ਚਾਰੇ ਵੇਦ ਹੋਏ ਸਚਿਆਰ ।
ਪੜਹਿ ਗੁਣਹਿ ਤਿਨ ਚਾਰ ਵੀਚਾਰ ।
ਭਾਉ ਭਗਤਿ ਕਰਿ ਨੀਚੁ ਸਦਾਏ ।
ਤਉ ਨਾਨਕ ਮੋਖੰਤਰੁ ਪਾਏ ।[33]

ਗੁਰੂ ਜੀ ਚਾਰ ਵੇਦਾਂ ਨੂੰ ਚਾਰ ਜੁਗਾਂ ਨਾਲ ਸਬੰਧਿਤ ਕਰਕੇ, ਇਨਾਂ ਵਿਚ ਅੰਕਿਤ ਅੰਤਿਮ ਸਚਾਈ ਬਾਰੇ ਬਿਆਨ ਕਰਦੇ ਹੋਏ ਦਸਦੇ ਹਨ ਕਿ ਵੇਦ ਸਚੇ ਹਨ ਪਰ ਜੇ ਇਨ੍ਹਾਂ ਦੀ ਵੀਚਾਰ ਸੱਚ ਰੂਪ ਵਿੱਚ ਕੀਤੀ ਜਾਵੇ ।

---

32. ਗੁਰੂ ਨਾਨਕ ਬਾਣੀ, ਪੰ.162
33. ਉਹੀ, ਪੰ. 587-88

ਵੇਦ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ।

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ।

ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ।

ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ।

ਵੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ।

ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ।[34]

## ਉਪਨਿਸ਼ਦ ਤੱਤ ਗਿਆਨ:

"ਵੇਦਾਂ ਤੋਂ ਬਾਅਦ ਉਪਨਿਸ਼ਦਾਂ ਵਿਚ ਦਰਸਾਏ ਗਏ ਧਰਮਾਂ ਦਾ ਅਸਲਾ ਮੰਤਾਂ ਦਾ ਜਾਂ ਦਰਸ਼ਨ ਦਾ ਸਮਾਂ ਆਉਂਦਾ ਹੈ । ਭਾਰਤ ਵਿਚ ਨਿਰਗੁਣ ਗਿਆਨ-ਧਾਰਾ ਉਪਨਿਸ਼ਦਾਂ ਦੀ ਦੇਣ ਹੈ । ਉਪਨਿਸ਼ਦਾਂ ਦੀ ਗਿਆਨ ਪ੍ਰਣਾਲੀ, ਬ੍ਰਹਮ ਨਿਰੂਪਣ, ਬ੍ਰਹਮ ਗਿਆਨ, ਆਤਮ ਵਰਣਨ ਆਦਿ ਦਾ ਜ਼ਿਕਰ ਗੁਰੂ ਨਾਨਕ ਬਾਣੀ ਵਿਚ ਵੀ ਮਿਲਦਾ ਹੈ"।[35] ਉਪਨਿਸ਼ਦਾਂ ਦਾ ਵੱਡਾ ਵਿਆਖਿਆਕਾਰ ਅਤੇ ਹਿੰਦੂ ਧਰਮ ਦੀ ਜਗਮਗਤੀ ਦਾ ਨਾਦ ਰਚਨ ਵਾਲਾ ਵੱਡਾ ਥੰਮ ਸ਼ੰਕਰਾਚਾਰੀਆ ਹੈ । ਉਸਨੇ ਅਦਵੈਤਵਾਦ ਦਾ ਸਿਧਾਂਤ ਦੇ ਕੇ ਪਰਮਾਤਮਾ ਨੂੰ ਨਿਰਗੁਣ ਮੰਨਿਆ ਹੈ । ਪਰ ਗੁਰੂ ਜੀ ਨਿਰਗੁਣ ਤੇ ਸਰਗੁਣ ਨੂੰ ਇਕ ਸ਼ਕਤੀ ਮੰਨਦੇ ਹਨ । ਜਿਵੇਂ:

"ਅਵਿਗਤੋ ਨਿਰਮਾਇਲੁ ਉਪਜੇ

ਨਿਰਗੁਣ ਤੇ ਸਰਗੁਣੁ ਥੀਆ ।

ਸਤਿਗੁਰ ਪਰਚੈ ਪਰਮਪਦੁ ਪਾਈਐ ਸਬਦ ਸਮਾਇ ਲੀਆ"।[36]

ਅਰਥਾਤ ਅਦ੍ਰਿਸ਼ਟ ਹਾਲਤ ਤੋਂ ਨਿਰਮਲ ਸਰੂਪ ਪ੍ਰਭੂ ਉਪਜਿਆ । ਪ੍ਰਭੂ ਨਿਰਗੁਣ ਤੇ ਸਰਗੁਣ ਹੋਇਆ ਅਤੇ ਜਗਤ ਰਚਨਾਂ ਕਰਕੇ ਆਪਣੇ ਆਪ ਨੂੰ ਪ੍ਰਗਟ ਕੀਤਾ ।

"ਬੇਦ ਕਤੇਬ ਨਾ ਸਿਮ੍ਰਿਤ ਸਾਸਤ ।

ਪਾਠ-ਪੁਰਾਣ ਉਦੈ ਨਹੀ ਆਸਤ ।

ਕਰਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ"।[37]

---

34. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1370
35. ਗੁਰੂ ਨਾਨਕ ਤੇ ਨਿਰਗੁਣ ਧਾਰਾ ਡਾ. ਪ੍ਰੇਮ ਪ੍ਰਕਾਸ਼ ਸਿੰਘ, ਪੰ. 12
36. ਗੁਰੂ ਨਾਨਕ ਬਾਣੀ, ਭਾਗ ਦੂਜਾ, ਪੰ. 999
37. ਉਹੀ, ਵਾਰ ਸਾਰੰਗ, ਮ., ਪੰ. 1370

ਅਵਤਾਰ ਲਏ ਜਾ ਕੋਈ ਸਨ ਤਾਂ ਸਿਰਜਣਹਾਰ ਸਨ ਤਾਂ ਪੁਰਾਣ ਸਨ ਅਤੇ ਨਾਂ ਹਾਰ ਪ੍ਰਗਟ ਜਾਣੇ ਜਾ ਉਸ ਨੇ ਵੀ ਉਸ ਪ੍ਰਭੂ ਦਾ ਪਾਰਾ ਅਗੰਮ ਤੇ ਅਗੋਚਰ ਆਪ ਹੀ ਆਪਣੇ ਅੱਲਖ ਰੂਪ ਨੂੰ ਜਾਣਦਾ ਹੈ। ਉਸਨੇ ਆਪ ਹੀ ਆਪਣੇ ਅਲੱਖ ਰੂਪ ਨੂੰ ਪ੍ਰਗਟ ਕੀਤਾ ਹੈ।

<u>ਜੋਗਮਤ</u> : ਜੋਗ ਮਤ ਬਾਰੇ ਤਾਂ ਗੁਰੂ ਨਾਨਕ ਬਾਣੀ ਵਿਚ ਅਨੇਕ ਵਾਰ ਚਰਚਾ ਆਇਆ ਹੈ। ਰਾਮਕਲੀ ਰਾਗ ਵਿਚ ਸਿੱਧ ਗੋਸਟਿ ਪੂਰੀ ਬਾਣੀ ਹੀ ਜੋਗਮਤ ਦੇ ਜੋਗੀਆਂ ਨੂੰ ਸੰਬੋਧਨ ਕਰਕੇ ਉਚਾਰੀ ਗਈ ਹੈ। ਇਸ ਬਾਣੀ ਵਿੱਚ ਜੋਗ ਮੱਤ ਨਾਲ ਸਿੱਧੇ ਵਾਰਤਾਲਾਪ ਰਚਾਏ ਗਏ ਹਨ। ਇਸ ਵਾਰਤਾਲਾਪ ਜੋਗ ਮਤ ਦੀਆਂ ਕਮਜੋਰੀਆਂ ਪ੍ਰਤਿ ਸੰਕੇਤ ਕਰਦੇ ਹਨ ਅਤੇ ਸਚਾਈ ਨੂੰ ਪੇਸ਼ ਕਰਦੇ ਹਨ। ਜੋਗੀ ਹੱਠ ਯੋਗ ਦੁਆਰਾ ਸੰਜਮ ਨਾਲ ਤੱਕ ਪ੍ਰਗਟ ਕਈ ਸਰੀਰ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੰਦੇ ਹਨ। ਗੁਰੂ ਨਾਨਕ ਬਾਣੀ ਅਜਿਹੇ ਹੱਠ ਯੋਗ ਦਾ ਨਿਸ਼ੇਧ ਕਰਦੀ ਹੈ।

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ।
ਵਰਤੁ ਤਪਨੁ ਕਰਿ ਮਨੁ ਨਹੀਂ ਭੀਜੈ ।
ਰਾਮ ਨਾਮ ਸਰਿ ਅਵਰੁ ਨ ਪੂਜੈ ।[38]

ਗੁਰੂ ਜੀ ਫੁਰਮਾਉਂਦੇ ਹਨ ਹੱਠ ਯੋਗ ਦੁਆਰਾ ਪ੍ਰਾਣਾਯਾਮ ਕਰਨ ਅਤੇ ਇੰਦ੍ਰੀਆਂ ਨੂੰ ਜੋਰ ਜਬਰਦਸਤੀ ਰੋਕ ਥਾਮ ਰੋਕ ਕੇ ਰੋਕਣ ਨਾਲ ਸਰੀਰ ਨੂੰ ਕਸ਼ਟ ਹੁੰਦਾ ਹੈ, ਸਰੀਰ ਥੱਕਦਾ ਹੈ ਅਤੇ ਟੁੱਟਦਾ ਹੈ। ਬਹੁਤ ਸਾਰੇ ਵਰਤ ਰੱਖਣ ਨਾਲ ਅਤੇ ਵੱਖ ਵੱਖ ਪ੍ਰਕਾਰ ਦੇ ਤਪ ਸਾਧਨ ਨਾਲ ਵੀ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਇਸ ਲਈ ਰਾਮ ਨਾਮ ਦੇ ਬਰਾਬਰ ਹੋਰ ਕੋਈ ਸਾਧਨ ਨਹੀਂ ਹੈ। ਇਸ ਸਾਧਨ ਦੁਆਰਾ ਹੀ ਗੁਰੂ ਦੇ ਦਸੇ ਰਸਤੇ ਅਰਥਾਤ ਗੁਰ ਸ਼ਬਦਿ ਦੀ ਵਿਚਾਰ ਤੇ ਨਾਮ ਜਪਣ ਨਾਲ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ।

ਇਥੇ ਇਹ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਜੋਗ ਮਤ ਦੇ ਸਿਧ-ਜੋਗੀ ਬੋਧ-ਤੰਤ੍ਰਾਂ ਦੇ ਅਨੁਯਾਈ ਨਹੀਂ ਹਨ। ਇਨ੍ਹਾਂ ਦਾ ਅਧਾਰ ਜੋਗ ਦਰਸ਼ਨ ਹੈ। ਯੋਗ ਸ਼ਾਸਤਰ ਦਾ ਕਰਤਾ 'ਪਤੰਜਲੀ' ਰਿਸ਼ੀ ਨੂੰ ਮੰਨਿਆ ਜਾਂਦਾ ਹੈ ਅਤੇ ਇਹ ਗ੍ਰੰਥ ਅੱਜ ਤੱਕ ਪ੍ਰਾਪਤ ਵੀ ਹੈ। ਇਸ ਜੋਗ ਮਤ ਦਾ ਉੱਤਰੀ ਭਾਰਤ ਵਿਚ ਪਿਛਲੇਰਾ ਸਰੂਪ ਨਾਥ ਮਤ ਅਥਵਾ ਨਾਥ-ਸੰਪਰਦਾਇ ਦੇ ਰੂਪ ਵਿਚ ਪ੍ਰਚੱਲਤ ਰਿਹਾ ਹੈ। ਇਸੇ ਮਤ ਬਾਰੇ ਗੁਰੂ ਨਾਨਕ ਬਾਣੀ ਵਿਚ ਗੋਰਖ, ਮਛੰਦਰ, ਲੋਹਾਰੀਪਾ, ਭਰਥਿਰ, ਚਰਪਟ ਆਦਿ ਨਾਥਾਂ ਦਾ ਅਨੇਕ ਵਾਰ ਜ਼ਿਕਰ

---

38. ਗੁਰੂ ਨਾਨਕ ਬਾਣੀ, ਰਾਮ ਕਲੀ, ਮ.2, ਪੰ. 905

ਅਪਣਾਇਆ ਹੈ। ਮੱਛਿੰਦਰ ਨਾਥ ਨੇ ਕੌਲ ਮਾਰਗ ਦਾ ਆਰੰਭ ਕੀਤਾ ਅਤੇ ਗੋਰਖ ਨਾਥ ਨੇ ਹੱਠ ਯੋਗ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ। ਗੁਰੂ ਨਾਨਕ ਬਾਣੀ ਦੋਨਾਂ ਫਿਰਕਿਆਂ ਦੇ ਬਾਹਰੀ ਦਿਖਾਵੇ ਅਤੇ ਭੇਖ ਦਾ ਨਿਖੇਧ ਕਰਦੀ ਹੈ। ਸਚ ਨਾਮ ਦੀ ਸੋਝੀ ਲਈ ਪ੍ਰੇਰਨਾਂ ਕਰਦੀ ਹੋਈ ਕਈ ਥਾਂਈ ਸਿਧਾਂ ਜੋਗੀਆਂ ਨੂੰ ਸਿਧਾ ਸੰਬੋਧਨ ਕਰਦੀ ਹੈ ਜਿਵੇਂ:

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ।

ਵਸਗਤਿ ਪੰਚ ਕਰੇ ਨਹ ਡੋਲੈ ।
ਐਸੀ ਜੁਗਤਿ ਜੋਗ ਕਉ ਪਾਲੇ ।
ਆਪਿ ਤਰੈ ਸਗਲੇ ਕੁਲ ਤਾਰੇ ।[39]

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ।
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ।
ਬਾਬਾ ਗੋਰਖੁ ਜਾਗੈ ।
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ।[40]

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ।
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ।
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ।[41]

ਉਪਰੋਕਤ ਪਦਿਆਂ ਵਿਚ ਜੋਗ ਮਤ ਦੇ ਭੇਖਾਂ, ਹੱਠ ਯੋਗ, ਪ੍ਰਣਾਲੀਆਂ ਅਤੇ ਕਰਮਕਾਂਡਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਉੱਤਰੀ ਭਾਰਤ ਵਿਚ ਗੁਰੂ ਨਾਨਕ ਜੀ ਦੇ ਸਮਕਾਲੀ ਸਮੇਂ ਵਿਚ ਵੀ ਸਿਧਾਂ, ਨਾਥਾਂ ਅਤੇ ਜੋਗੀਆਂ ਦਾ ਬੜਾ ਬੋਲ ਬਾਲਾ ਸੀ। ਇਹ ਲੋਕ ਪਹਾੜਾਂ ਵਿਚ ਰਹਿੰਦੇ ਸਨ। ਤਰ੍ਹਾਂ ਤਰ੍ਹਾਂ ਦੀਆਂ ਰਿਧੀਆਂ ਸਿਧੀਆਂ ਅਤੇ ਸ਼ਕਤੀਆਂ ਦੇ ਸਿਰ ਤੇ ਗ੍ਰਹਿਸਥੀ ਲੋਕਾਂ ਨੂੰ ਡਰਾਉਂਦੇ ਧਮਕਾਉਂਦੇ ਅਤੇ ਉਨ੍ਹਾਂ ਪਾਸੋਂ ਜ਼ਬਰਦਸਤੀ ਸੇਵਾ ਕਰਵਾਉਂਦੇ ਸਨ। ਗੁਰੂ ਜੀ ਨੇ ਇਨ੍ਹਾਂ ਜੋਗੀਆਂ ਨੂੰ ਸਚੇ ਯੋਗ ਦਾ ਰਸਤਾ ਦਸਿਆ ਹੈ ਅਤੇ ਕੇਵਲ ਵਿਖਾਵੇ ਦੇ ਭੇਖਾਂ, ਪਾਖੰਡਾਂ ਅਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਹੈ।

---

39. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 879

40. ਉਹੀ, ਪੰ. 878

41. ਉਹੀ, ਪੰ. 984

ਸ਼ੋਕ ਮਨ ਅਥਵਾ ਸ਼ੋਕ ਰਸ

ਨਾਟਕ ਵਿਚ ਸ਼ਾਂਤ ਤੋਂ ਪ੍ਰਧਾਨਤਾ ਕਰੁਣ ਸ਼ੋਕ ਰਸ ਦੀ ਹੈ । ਇਸ ਰਸ ਵਿਚ ਨੈਤਿਕਤਾ ਅਤਿੰਗਾ ਦੇ [illegible] ਗੁਣਾਂ ਦੇ ਕਾਰੇ [illegible] ਦਿੱਤਾ ਜਾਂਦਾ ਹੈ । [illegible] ਜਾਗਰਣਾ ਭੁਆਰਾ [illegible] ਨੂੰ ਸਾਜਿਆ ਜਾਂਦਾ ਹੈ । ਜੀਵ-ਇੰਦ੍ਰਾ ਦੇਹ ਦੇ ਰੂਪੋਂ ਇਸ ਰਸ ਦੇ ਹੇਠ ਠਹਾਉਂਦੇ ਨਹੀਂ ਆਪਣੀ ਜੀ ਬੰਦਗੀ ਰੋਲਦੇ ਨਹੀਂ । ਜਿਹਦੇ ਨਾਲ ਲੋਕਾਂ ਨਾਲ ਰੋਵਦੇ ਹਨ ਅਤੇ ਹੋਰ ਅਲੋਕਾਂ ਰਸ ਨਾਲ ਜਾਂਦੇ ਨਹੀਂ । ਪਰ ਇਨ੍ਹਾਂ ਰਸ ਨਾਲਾਂ ਨਾਲ ਮਨੁੱਖ ਕੀਤਾ ਸੱਚ ਲੱਭ ਨਹੀਂ ਪ੍ਰਾਪਤ ਹੁੰਦਾ । ਗੁਰੂ ਨਾਨਕ ਜੀ ਨੇ ਆਪਣੀ ਬਾਣੀ ਵਿਚ ਸ਼ੋਕ ਮਨ ਦੇ ਵਿਸਥਾਰਕ ਰਸ ਨਾਲਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ ਜੋ ਕਿ ਇਸ ਲਈ ਵਿਸਥਾਰਕ ਪਹੁੰਚ ਵਿਚੋਂ ਨੂੰ ਅਧਿਆਤਮਿਕ ਲਈ ਪ੍ਰੇਰਨਾਂ ਦਿੰਦੀ ਹੈ । ਜਿਵੇਂ:

ਪਿਰੁ ਰੋਵਹਿ ਪਿਆਰਿ [illegible] ਰੂਪ ਪਿਰ ਪਿਰ [illegible] ।
ਰੋਵਹਿ [illegible] ਪ੍ਰਭਿ [illegible] ਬਾਣੀ [illegible] ।
ਰੋਵਾ ਬਾਣੀ ਪਿਰੁ [illegible] ਰੋਵਹਿ [illegible] ਸੁਆਮੀ ।
[illegible] ਪੀਰੁ [illegible] ਬਾਣੀ ।
[illegible] ਪਿਰੁ ਨ ਪਰਹਿ [illegible] ਨ ਰੀਸਾ ਪ੍ਰਭੇ [illegible] ਬਾਣੀ ।
ਅਨਦਿਨੁ [illegible] ਨ [illegible] ਬਾਣੀ ।
[illegible] ਬਾਣੀ [illegible] ।
[illegible] ਬਾਣੀ ।
[illegible] ।
ਨ [illegible] ਰੋਵੀ ਨ [illegible] ਬਾਣੀ ਪ੍ਰਭਾ ।
[illegible] ।
[illegible] ਆਪੁ ਨ [illegible] ।
ਬਾਬੁਲ ਕੇ [illegible] ।
ਬਾਣੀ ਵਿਸਰੁ [illegible] ਮੋਹੁ [illegible] ।
ਅਨਦਿਨੁ [illegible] ਰੋਵੀ [illegible] ਬਾਣੀ ।
[illegible] ਸੁਆਣੀ ।
ਪ੍ਰਭਿਆ [illegible] ਬਾਣੀ ।
[illegible] ।

ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ।
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ।
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ।
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ।
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ।
ਨਾਨਕ ਜੇ ਸਿਰ ਖੁਥੇ ਨਾਵਣਿ ਨਾਹੀ ਤਾ ਸਤ ਚਟੇ ਸਿਰਿ ਛਾਈ ।[42]

ਉਪਰ ਅੰਕਿਤ ਇਸ ਸ਼ਬਦ ਵਿਚ ਜੈਨ-ਸਰੇਵੜਿਆਂ ਦੀ ਰਹਿਣੀ ਬਹਿਣੀ ਤੇ ਸੱਜ ਆਚਾਰ ਦੀ ਕੁਚੀਲ ਵਾਨਗੀ ਵਜੋਂ ਦੱਸਿਆ ਹੈ । ਖੁਆਂ ਨਾਲ ਸਿਰ ਦੇ ਵਾਲ ਪੁਟਣੇ, ਸਰੀਰ ਨੂੰ ਕਸ਼ਟ ਦੇਣਾ ਆਪਣੇ ਹੀ ਵਿਸ਼ਟੇ ਨੂੰ ਸੋਟੀਆਂ ਨਾਲ ਫੋਲ ਕੇ ਭੁਰਾਸਾਂ ਲੈਣੀਆਂ (ਤਾਂ ਕਿ ਕੋਈ ਕਿਰਮ ਨਾ ਮਰ ਜਾਵੇ ) ਇਸ ਸਿਖ ਮਿਤ ਦਾ ਕੁਚੀਲ ਜੀਵਨ ਬਤੀਤ ਕਰਨਾ ਹੈ । ਇਹ ਪਰੰ, ਧਾਰਮਿਕ ਦਾ ਕਰਮ ਦੀ ਗਾਲਣੇ ਨਹੀਂ ਕਿਉਂਕਿ ਸਮਾਜਿਕ ਜ਼ਿੰਮੇਵਾਰੀ ਤੋਂ ਭੱਜ ਜਾਂਦੇ ਹਨ । ਇਨ੍ਹਾਂ ਦੇ ਸਾਰੇ ਕਰਮ ਕਾਂਡ ਨਿਰਾਰਥਿਕ ਹਨ ਅਜਿਹੇ ਸਿਰ-ਮੁੰਡਿਆਂ ਤੇ ਜਿਹੜੇ ਕਿ ਇਸ਼ਨਾਨ ਨਹੀਂ ਕਰਦੇ ਸਿਰ ਧੂੜ ਸਦਾ ਪਏ ।

ਗੁਰੂ ਨਾਨਕ ਬਾਣੀ ਵਿੱਚ ਅਜਿਹੇ ਜੋਗੀਆਂ ਦੇ ਧਰਮ ਦਾ ਨਿਖੇਧ ਕੀਤਾ ਹੈ ਜਿਹੜੇ ਸਮਾਜਿਕ ਸੱਚ ਆਚਾਰ ਤੋਂ ਕੋਰੇ ਹਨ । ਅਸਲ ਵਿਚ ਜੋਗੀਆਂ, ਬੋਧੀਆਂ, ਸ਼ੈਵਾਂ ਆਦਿ ਭਾਰਤੀ ਧਰਮਾਂ ਦੀ ਅਹਿੰਸਾਵਾਦੀ ਵਿਚਾਰਧਾਰਾ ਨੇ ਹੀ ਭਾਰਤ ਨੂੰ 1300 ਸਾਲ ਦੀ ਲੰਮੀ ਗੁਲਾਮੀ ਵਲ ਧਕਾਇਆ ਸੀ । ਮੁਸਲਮਾਨ ਲੁਟੇਰੇ ਆਉਂਦੇ ਭਾਵੇਂ ਗੌਰੀ ਸੀ, ਖਿਲਜੀ, ਤੁਗਲਕ, ਲੋਧੀ ਜਾਂ ਮੁਗਲ ਸਨ ਜਾਂ ਪਠਾਣਾਂ ਦੀ ਕੋਈ ਹੋਰ ਨਸਲ ਬਿਨਾਂ ਰੋਕ ਟੋਕ ਭਾਰਤ ਤੇ ਅਕ੍ਰਮਣ ਕਰਦੇ । ਇਥੋਂ ਦੇ ਮੰਦਰਾਂ ਤੇ ਲੋਕਾਂ ਦੀ ਦੌਲਤ ਲੁਟਦੇ। ਬਹੁ-ਬੇਟੀਆਂ ਦੀ ਬੇਪਤੀ ਕਰਦੇ ਅਤੇ ਵਾਪਸ ਚਲੇ ਜਾਂਦੇ । ਅਜਿਹੇ ਸੰਨਿਆਸਮ ਦਾ ਕੀ ਲਾਭ ਜਿਹੜਾ ਦੇਸ਼ ਦੀ, ਕੌਮ ਦੀ, ਪਰਿਵਾਰ ਦੀ ਰੱਖਿਆ ਵੀ ਨਹੀਂ ਕਰ ਸਕਦਾ ।

ਗੁਰੂ ਨਾਨਕ ਦੇਵ ਜੀ ਨੇ ਅਜਿਹੀ ਭਾਵਨਾ ਅਤੇ ਜੀਵਨ ਢਾਂਚ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ । ਮਿਥ ਕਰਮਾਂ ਦੇ ਫੋਕੇ ਕਰਮ ਕਾਂਡ ਅਤੇ ਮਲੀਨਤਾ ਭਰਿਆ ਜੀਵਨ ਬਤੀਤ ਕਰਨ ਜੈਨ ਮਤ ਨਾਲ ਸੰਬੰਧਿਤ ਵਿਰਕਤਿਆਂ ਦਾ ਹੀ ਸੀ। ਇਸ ਲਈ ਗੁਰੂ ਜੀ ਨੇ ਇਸ ਮਤ ਦਾ ਵਿਸ਼ਲੇਸ਼ਣ ਕਰਕੇ ਸ਼ਬਦਾਂ ਵਿਚ ਬਾ ਦਲੀਲ ਢੰਗ ਨਾਲ ਕੀਤਾ ਹੈ ।

---

42. ਗੁਰੂ ਨਾਨਕ ਬਾਣੀ ਪੰ., 288-89

<u>ਬੁੱਧ ਮੱਤ</u> : ਭਾਰਤੀ ਧਰਮ ਪ੍ਰਣਾਲੀ ਵਿਚ ਬੁੱਧ ਧਰਮ ਦਾ ਵੀ ਕਾਫ਼ੀ ਮਹੱਤਵ ਹੈ ਜੈਨ-ਮਤ ਦੇ ਅਸਤਿਤ ਦੇ ਉਪਰੰਤ ਜਦੋਂ ਇਹ ਧਰਮ ਮੁੜ ਹਿੰਦੂ ਮਤ ਤਾਕਤ ਵਿਚ ਆ ਗਿਆ ਸੀ ਅਤੇ ਬ੍ਰਾਹਮਣਾਂ ਦੀਆਂ ਕੁਰੀਤੀਆਂ ਕਾਰਨ ਹਿੰਦੂ ਧਰਮ ਭ੍ਰਿਸ਼ਟ ਹੋ ਗਿਆ ਸੀ ਤਾਂ ਬੁਧ ਧਰਮ ਨੇ ਹੀ ਇਸ ਨੂੰ ਪੈਰਾਂ ਤੋਂ ਉਖਾੜਿਆ ਸੀ। ਗੁਰੂ ਜੀ ਨੇ ਆਪਣੀ ਸਾਰਗਰਭਿਤ ਬਾਣੀ ਵਿਚ ਜਤੀ ਬੁਧਾਂ ਦਾ ਜ਼ਿਕਰ ਕੀਤਾ ਹੈ ਜਿਵੇਂ:

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ।[43]

ਨਿਰਸੰਦੇਹ ਬੁਧ ਮਤ ਦੇ ਸਿਧਾਂਤ ਗੁਰੂ ਨਾਨਕ ਦੇਵ ਜੀ ਤੱਕ ਸਿਧੇ ਨਹੀਂ ਪੁਜੇ । ਇਹ ਜੋਗੀਆਂ ਸਿਧਾਂ ਅਤੇ ਨਾਥਾਂ ਦੁਆਰਾ ਗੁਰੂ ਜੀ ਪਾਸ ਪੁਜੇ ਸਨ । ਇਸ ਧਰਮ ਦੇ ਸਾਰਗਰਭਿਤ ਵਿਚਾਰਾਂ ਨਾਲੋਂ ਇਸਦਾ ਨੈਤਿਕ ਪੱਖ ਜਿਸਨੂੰ ਕਿ 'ਅਸ਼ਟਾਂਗ ਮਾਰਗ' ਆਖਿਆ ਗਿਆ ਹੈ ਵਧੇਰੇ ਪ੍ਰਭਾਵ ਸ਼ਾਲੀ ਤੇ ਮਹੱਤਵ ਪੂਰਨ ਹੈ ।[44]

ਇਸ ਧਾਰਨਾ ਦੇ ਅਤਿਰਿਕਤ ਸੱਚੀ ਕਿਰਤੀ, ਸੱਚਾ ਜੀਵਨ, ਸੱਚੇ ਬਚਨ ਤੇ ਸੱਚੇ ਕਰਮ ਆਦਿ ਦਾ ਪ੍ਰਭਾਵ ਗੁਰੂ ਨਾਨਕ ਬਾਣੀ ਵਿਚ ਵੀ ਅਸਿੱਧੇ ਰੂਪ ਵਿਚ ਵੇਖਿਆ ਜਾ ਸਕਦਾ ਹੈ । ਵਿਚਾਰ-ਦਰਸ਼ਨ ਦੇ ਖੇਤਰ ਵਿੱਚ ਬੁਧ ਦਰਸ਼ਨ ਦੇ ਸ਼ੂਨਯਵਾਦ ਅਤੇ ਨਿਰਵਾਣ ਦੇ ਸਿਧਾਂਤ ਦਾ ਪ੍ਰਭਾਵ ਮੱਧ ਕਾਲੀਨ ਸਿਧਾਂ ਨਾਥਾਂ ਆਦਿ ਰਾਹੀਂ ਸੰਤ ਕਵੀਆਂ ਤੇ ਜ਼ਰੂਰ ਪਹੁੰਚਿਆ ਹੈ। ਗੁਰੂ ਨਾਨਕ ਬਾਣੀ ਵਿਚ ਵੀ ਸਹੀ ਕਰਨੀ ਤੇ ਸਹੀ ਰਹਿਣੀ ਦੇ ਅਤਿਰਿਕਤ ਸਾਧਕ ਦੇ ਹਉਮੈ ਦੀ ਭਾਵਨਾਂ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ । ਇਸਦੇ ਨਾਲ ਹੀ ਬੁਧ ਨਿਰਵਾਣ ਦੀ ਵਡਿਆਈ ਅਤੇ ਪਰਿਵਾਰ ਜੋ ਕਿ ਬੁੱਧ ਧਰਮ ਵਿਚ ਵੀ ਕੇਵਲੀ ਮਹੱਤਵ ਦੀ ਲਖਾਇਕ ਹੈ । ਗੁਰੂ ਨਾਨਕ ਬਾਣੀ ਵਿਚ ਵੀ ਅਧਿਕ ਸਥਾਨ ਰੱਖਦੀ ਹੈ । ਬੁੱਧ ਮੱਤ ਦੇ ਚੰਗੇ ਅਸੂਲਾਂ ਦਾ ਪ੍ਰਭਾਵ ਤਾਂ ਗੁਰਮਤਿ ਤੇ ਸਿਧੇ ਨਹੀਂ ਤਾਂ ਅਸਿੱਧੇ ਰੂਪ ਨਾਲ ਜ਼ਰੂਰ ਪਿਆ ਹੈ । ਪਰ ਕੇਵਲ ਸਦਾਚਾਰ ਨਾਲ ਤਾਂ ਮੁਕਤੀ ਨਹੀਂ ਮਿਲਦੀ ਇਸ ਮੱਤ ਨੇ ਅਧਿਆਤਮਕ ਪੱਖ ਤੇ ਪ੍ਰਮਾਤਮਾਂ ਪ੍ਰਤੀ ਪ੍ਰੇਮ ਨੂੰ ਅਣਗੌਲਿਆਂ ਹੀ ਛਡਿਆ ਹੈ । ਬੁਧ ਧਰਮ ਦੇ ਪਤਣ ਕਾਲ ਤਕ ਇਸ ਮੱਤ ਅਥਵਾ ਧਰਮ ਨੇ ਕਈ ਰੂਪ ਬਦਲੇ ਸਨ । ਡਾ. ਸਰਲਾ ਤ੍ਰਿਗੁਣਾਯਤ ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਹੈ :

"ਮੱਧ ਯੁਗ ਵਿੱਚ ਸ਼ੈਵ-ਸ਼ਾਕਤ ਤੰਤ੍ਰਾਂ ਦੀ ਪ੍ਰੇਰਣਾ ਸੇ ਔਰ
ਸ਼ੰਕਰਾਚਾਰੀਆਂ ਦੁਆਰਾ ਦਬਾਏ ਜਾਣ ਉਪਰੰਤ ਬੁਧ ਧਰਮ
ਤਾਂਤ੍ਰਿਕਤਾ ਦਾ ਜਾਮਾ ਪਹਿਨ ਕਰ ਆਗੇ ਆਇਆ ।"[45]

---

43. ਜਪੁਜੀ, ਗੁਰੂ ਨਾਨਕ ਬਾਣੀ, ਪੰ. 51
44. ਡਾ. ਸ਼ੇਰ ਸਿੰਘ ਗੁਰਮਤਿ ਦਰਸ਼ਨ, ਪੰ. 129

ਸਰਲਾ ਤ੍ਰਿਗੁਣਾਇਤ ਦੇ ਉਪਰੋਕਤ ਵਿਚਾਰ ਦੀ ਪੁਸ਼ਟੀ ਡਾ. ਧਰਮਵੀਰ ਨੇ ਆਪਣੀ ਪੁਸਤਕ 'ਸਿਧ ਸਾਹਿਤ' ਵਿਚ ਵੀ ਇਸ ਟਿੱਪਣੀਆਂ ਦੇਇਆਂ ਕੀਤੀ ਹੈ "ਕਿ ਬੁਧ ਤਾਂਤਰਿਕਾਂ ਦਾ ਅੰਤਿਮ ਰੂਪ ਸਿਧਾਂ ਦਾ ਰੂਪ ਸੀ।"[46] 300 ਈਸਵੀ ਤੋਂ 1100 ਈ. ਤੱਕ ਸਿਧਾਂ ਦਾ ਬੜਾ ਬੋਲ ਬਾਲਾ ਸੀ ਅਤੇ ਉੱਤਰੀ ਭਾਰਤ ਵਿਚ ਵੀ ਇਨ੍ਹਾਂ ਸਿਧਾਂ ਦੇ ਬਹੁਤ ਸਾਰੇ ਅਨੁਆਈ ਪਾਏ ਜਾਂਦੇ ਸਨ। ਇਨ੍ਹਾਂ ਵਿਚੋਂ ਹੀ ਸੁਮੇਰ ਪਰਬਤ ਅਤੇ 'ਅਚਲ ਵਟਾਲੇ' ਦੇ ਸਥਾਨ ਤੇ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਨ ਵਾਲੇ ਸਿਧ ਸਨ। ਗੁਰੂ ਨਾਨਕ ਬਾਣੀ ਵਿਚ ਅਜਿਹੇ ਬੁੱਧ ਮੱਤ ਦੇ ਤਾਂਤ੍ਰਿਕਾਂ ਬਾਰੇ ਅਨੇਕ ਵਾਰ ਜ਼ਿਕਰ ਆਇਆ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵੀ ਅੱਚਲ ਵਟਾਲੇ ਦੇ ਦ੍ਰਿਸ਼ ਨੂੰ ਸਾਕਾਰ ਕਰਦੀ ਹੈ ਜਿਵੇਂ :

> ਸ਼ਬਦ ਜਿਤੀ ਸਿਧ ਮੰਡਲੀ ਕੀਤੋ ਸੁ
> ਆਪਣਾ ਪੰਥ ਨਿਰਾਲਾ।[47]

ਇਸ ਤੋਂ ਬਿਨਾਂ ਗੁਰੂ ਨਾਨਕ ਬਾਣੀ ਵਿਚ ਵੀ ਇਨ੍ਹਾਂ ਸਿਧਾਂ ਦਾ ਜ਼ਿਕਰ ਆਇਆ ਹੈ ਜਿਵੇਂ:

> 'ਸੁਣਿਐ ਸਿਧ ਪੀਰ ਸੁਰਿ ਨਾਥ'।

ਗੁਰੂ ਜੀ ਸਿਧਾਂ ਤੇ ਕਥਿਤ ਪ੍ਰਾਪਤੀ ਜੋ ਕੇ ਰਿਧੀਆਂ ਸਿਧੀਆਂ ਦੀ ਸ਼ਕਤੀ ਪ੍ਰਾਪਤ ਕਰਨ ਤੱਕ ਸੀਮਤ ਹੈ ਦੀ ਪੁਜਕੇ ਵਿਰੋਧੀ ਕਰਦੇ ਹੋਏ ਆਖਦੇ ਹਨ :

> ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।
> ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।[48]

<u>ਸ਼ੈਵ-ਮੱਤ (ਤੱਤਰ)</u> :

'ਸ਼ਿਵ' ਦੀ ਦੇਵ ਰੂਪ ਕਲਪਨਾਂ ਬਹੁਤ ਪੁਰਾਣੀ ਹੈ। ਇਥੋਂ ਤੱਕ ਕੇ ਰਿਗਵੇਦ ਵਿਚ ਇਸਦੇ ਰੁਦ੍ਰ ਸਰੂਪ ਦਾ ਵਰਣਨ ਹੈ। ਬ੍ਰਾਹਮਣ ਗ੍ਰੰਥਾਂ ਵਿਚ ਵੀ ਸ਼ਿਵ ਦੇਵਤੇ ਦਾ ਵਰਣਨ

---

45. ਸਰਲਾ ਤ੍ਰਿਗੁਣਾਇਤ, ਮੱਧ ਕਾਲੀਨ ਹਿੰਦੀ ਸਾਹਿਤਯ ਪਰ ਬੁੱਧ ਧਰਮ ਕਾ ਪ੍ਰਭਾਵ, ਕਾਨਪੁਰ ਸਾਹਿਤਯ ਨਿਕੇਤਨ। ਪ੍ਰਥਮ ਐਡੀਸ਼ਨ, ਪੰ. 75
46. ਡਾ. ਧਰਮਵੀਰ ਭਾਰਤੀ, ਸਿਧ ਸਾਹਿਤਯ ਪੰ. 28, ਅਲਾਹਾਬਾਦ, 1955
47. ਭਾਈ ਗੁਰਦਾਸ ਪਹਿਲੀ ਵਾਰ ਪਉੜੀ ਤੇਰਾ ਲਾਹੌਰ ਬੁਕ ਸ਼ਾਪ ਲੁਧਿਆਣਾ।
48. ਜਪੁਜੀ ਨਾਨਕ ਬਾਣੀ, ਪੰ. 43

ਗਿਆ ਹੈ । ਇਥੇ ਹੀ ਬਸ ਨਹੀਂ ਉਪਨਿਸ਼ਦਾਂ ਵਿਚ ਸ਼ਿਵ ਦੀ ਪੂਜਾ ਰੂਪ ਵਿਚ ਕਲਪਨਾਂ ਕੀਤੀ ਗਈ ਹੈ । ਪੁਰਾਣਿਕ ਕਾਲ ਵਿਚ ਸ਼ਿਵ ਤ੍ਰੈ-ਦੇਵਤਿਆਂ ਚ ਸ਼ਾਮਲ ਸਨ । ਗੁਰਬਾਣੀ ਵਿਚ ਸ਼ਿਵ-ਸ਼ਕਤੀ ਦਾ ਜ਼ਿਕਰ ਪ੍ਰਮਾਣਾਂ ਦੀ ਸ਼ਿਵ ਸ਼ਕਤੀ ਦੇ ਰੂਪ ਵਿਚ ਵੀ ਆਇਆ ਹੈ । 'ਆਦਿ ਗ੍ਰੰਥ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਸਿਵ ਸਕਤਿ ਆਪਿ ਉਪਾਇ ਕੈ
ਕਰਤਾ ਆਪੇ ਹੁਕਮੁ ਵਰਤਾਏ ।[49]

ਪਰ ਗੁਰੂ ਨਾਨਕ ਬਾਣੀ ਦੇ ਮਾਰੂ ਰਾਗ ਵਿਚ ਸ਼ਿਵ-ਸ਼ੰਕਰ ਨਾਲ ਸੰਬੰਧਿਤ (ਰੁਦ੍ਰ) ਪ੍ਰਮਾਣ ਹੈ ਜਿਵੇਂ:

ਚਾਰਿ ਪਦਾਰਥ ਲੈ ਜਗਿ ਆਇਆ ।
ਸਿਵ ਸਕਤੀ ਘਰਿ ਵਾਸਾ ਪਾਇਆ ।
ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ ।[50]

ਸ਼ਿਵ-ਸ਼ੰਕਰਾਂ ਦਾ ਆਰੰਭ ਆਰੀਆਂ ਲੋਕਾਂ ਦੇ ਆਉਣ ਤੋਂ ਪਹਿਲਾਂ ਭਾਰਤ ਦੇ ਆਦਿ ਵਾਸੀਆਂ, ਦਰਾਵੜ ਲੋਕਾਂ ਦੇ ਜੀਵਨ ਵਿਚ ਵੀ ਹੋ ਚੁੱਕਿਆ ਸੀ । ਆਰੀਆਂ ਲੋਕਾਂ ਨੇ ਬਾਅਦ ਵਿਚ ਸ਼ਿਵ ਨੂੰ ਵੀ ਇਕ ਦੇਵਤੇ ਦੇ ਤੌਰ ਤੇ ਅਪਣਾ ਲਿਆ ਸੀ । ਗੁਰੂ ਜੀ ਦਾ ਜਪੁਜੀ ਵਿਚ ਇਹ ਵਿਚਾਰ :

'ਇਕੁ ਸੰਸਾਰੀ ਇਕੁ ਭੰਡਾਰੀ, ਇਕੁ ਲਾਏ ਦੀਬਾਣੁ'।[51]

ਤਿੰਨ ਦੇਵਤਿਆਂ ਬਾਰੇ ਸੰਕੇਤ ਕਰਦਾ ਹੈ । ਇਨ੍ਹਾਂ ਤਿੰਨਾਂ ਵਿਚੋਂ ਇਕਲਾ ਸ਼ਿਵ ਹੈ ਜਿਸਨੂੰ ਜਗਤ ਦਾ ਸੰਘਾਰ ਕਰਨ ਵਾਲਾ ਮੰਨਿਆ ਜਾਂਦਾ ਹੈ । ਗੁਰੂ ਜੀ ਦਾ ਵਿਚਾਰ ਹੈ ਕਿ ਇਹ ਸ਼ਿਵ ਵੀ ਅਤੇ ਪ੍ਰਾਕ੍ਰਿਤਕ ਸ਼ਕਤੀ ਵੀ ਪ੍ਰਭੂ ਦੀ ਆਗਿਆ ਤੋਂ ਪੈਦਾ ਕੀਤੀ ਗਈ ਹੈ । ਜੇ ਜੀਵ ਇਕ ਪ੍ਰਭੂ ਨੂੰ ਵਿਸਾਰ ਦੇਵੇ ਤਾਂ ਇਸ ਜਗਤ ਦੀ ਬਾਜੀ ਹਾਰ ਜਾਂਦਾ ਹੈ ।

---

49. ਆਦਿ ਗ੍ਰੰਥ, ਰਾਮਕਲੀ ਮ. 3, ਪੰ. 920
50. ਉਹੀ, ਪੰ. 1145-46
51. ਗੁਰੂ ਨਾਨਕ ਬਾਣੀ, ਪੰ. 45

<u>ਸ਼ਾਕਤ ਤੰਤ੍ਰ:</u> ਮੱਧ ਕਾਲ ਵਿਚ ਸ਼ਾਕਤ ਤੰਤ੍ਰ ਵੀ ਬਤੌਰ ਇਕ ਧਾਰਮਿਕ ਫਿਰਕੇ ਦੇ ਕਾਫ਼ੀ ਪ੍ਰਚੱਲਤ ਰਿਹਾ ਹੈ। ਸ਼ਾਕਤਤੰਤ੍ਰ ਦਾ ਅਧਾਰ ਸ਼ਕਤੀ ਹੈ। ਮਹਾਂ ਭਾਰਤ ਦੇ ਭੀਸ਼ਮ ਪਰਬ ਅਤੇ ਮਾਰਕੰਡੇ ਪੁਰਾਣ (ਜਿਸਤੇ ਅਧਾਰਿਤ ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਹੈ) ਵਿਚ ਵੀ ਸ਼ਾਕਤ ਤੰਤ੍ਰ ਦੀ ਸ਼ਕਤੀ ਨੂੰ ਦੇਵੀ, ਅੰਬਿਕਾ, ਦੁਰਗਾ, ਕਾਲੀ, ਭਵਾਨੀ, ਚੰਡੀ ਆਦਿ ਨਾਵਾਂ ਨਾਲ ਪੁਕਾਰਿਆ ਗਿਆ ਹੈ। ਸ਼ਕਤੀ ਦੇ ਉਪਾਸ਼ਕ ਨੂੰ ਗੁਰੂ ਨਾਨਕ ਬਾਣੀ ਵਿਚ ਸ਼ਾਕਤ ਆਖ ਕੇ ਨਕਾਰਿਆ ਗਿਆ ਹੈ। ਕਿਉਂਕਿ ਸ਼ਾਕਤ ਵੀ ਤੰਤਰਾਂ ਮੰਤਰਾਂ ਦੁਆਰਾ ਸ਼ਕਤੀਆਂ ਪ੍ਰਾਪਤ ਕਰਨ ਵਿਚ ਹੀ ਰੁਝਾ ਰਹਿੰਦਾ ਹੈ। ਅਤੇ ਅਸਲੀ 'ਪ੍ਰਭੂ' ਨਾਮ ਦੀ ਭਾਲ ਨਹੀਂ ਕਰਦਾ।

ਸਾਕਤ ਕੂੜ ਕਪਟ ਮਹਿ ਟੇਕਾ
ਅਹਿਨਿਸਿ ਨਿੰਦਾ ਕਰਹਿ ਅਨੇਕਾ।
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ।
ਸਾਕਤ ਜਮ ਕੀ ਕਾਣਿ ਨ ਚੂਕੈ।
ਜਮ ਕਾ ਡੰਡੁ ਨ ਕਬਹੂ ਮੂਕੈ।
ਬਾਕੀ ਧਰਮ-ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ।[52]

ਸ਼ਕਤੀ ਦੇ ਪੁਜਾਰੀ ਕੂੜੇ ਅੰਧ ਵਿਸ਼ਵਾਸ਼ ਵਿਚ ਫਸੇ ਹੋਏ ਹਨ। ਕਰਮ ਕਾਂਡਾਂ ਦੇ ਹਨੇਰੇ ਵਿਚ ਜੰਮਦੇ ਮਰਦੇ ਰਹਿੰਦੇ ਹਨ ਅਤੇ ਆਵਾਗਵਨ ਦੇ ਦੁੱਖ ਸਹਿਣ ਕਰਦੇ ਹਨ। ਸਾਕਤਾਂ (ਸ਼ਕਤੀ ਦੇ ਪੁਜਾਰੀਆਂ) ਦੇ ਸਿਰ ਤੋਂ ਕਦੇ ਵੀ ਮੌਤ ਦਾ ਡਰ ਖ਼ਤਮ ਨਹੀਂ ਹੁੰਦਾ। ਨਿਰਾਰਥਕ ਤੇ ਫੋਕਟ ਕਰਮਾਂ ਲਈ ਇਨ੍ਹਾਂ ਨੂੰ ਧਰਮ ਰਾਜ ਦੇ ਦਰਬਾਰ ਵਿਚੋਂ ਸਜ਼ਾ ਜ਼ਰੂਰ ਮਿਲੇਗੀ। ਰਾਗ ਮਾਝ ਵਿਚ ਵੀ ਗੁਰੂ ਜੀ ਸਾਕਤ ਮੱਤ ਦੇ ਅਨੁਯਾਈ ਨੂੰ ਮਾਇਆਧਾਰੀ ਦੇ ਰੂਪ ਵਿਚ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ:

ਸਾਕਤ ਕੂੜੇ ਸਚੁ ਨ ਭਾਵੈ।
ਦੁਬਿਧਾ ਬਾਧਾ ਆਵੈ ਜਾਵੈ।
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ।[53]

---

52. ਗੁਰੂ ਨਾਨਕ ਬਾਣੀ, ਪੰ. 1162
53. ਉਹੀ, ਪੰ. 219

ਜਾਗਰਤ ਲੋਕਾਂ ਨੂੰ ਸੱਚ ਦੱਸਣਾ ਨਹੀਂ ਚਾਹੁੰਦਾ ਉਹ ਕੁਦਰਤੀ ਵਿਚ ਹਾਲ ਸੱਚ ਝੂਠ ਦਾ ਨਿਖੇੜਾ ਕਰਨਾ ਵਿਚ ਵੀ ਜੀਊਂਦੇ ਮਰਦੇ ਰਹਿੰਦੇ ਹਨ । ਉਹ ਕੁਦਰਤੀ ਦਾ ਰਸਤਾ ਨਹੀਂ ਜਾਣਦੇ ਜਿਹੜਾ ਸਿਰ ਗੁਰੂਆਂ ਦਾ ਦੱਸਦਾ ਹੈ । ਇਸ ਲਈ ਉਹ ਜੀਉਂਦੇ ਕਰਮਾਂ ਦੇ ਅਨੁਸਾਰ ਆਵਾਗਵਨ ਵਿਚ ਪਏ ਰਹਿੰਦੇ ਹਨ ।

ਚਾਰਵਾਕਾਂ ਅਥਵਾ ਲੋਕਾਇਤੀ ਮਤ :

ਵੇਦਾਂ ਦੇ ਮੁਕਾਬਲੇ ਤੇ ਭਾਰਤ ਵਿਚ ਵੇਦਾਂ ਵਿਚ ਪ੍ਰਮਾਣੇ ਜਾਣੇ ਤੋਂ ਆਸਤਕ ਮਤਾਂ ਦੇ ਮੁਕਾਬਲੇ ਤੇ ਨਾਸਤਕ ਮਤ ਵੀ ਪ੍ਰਫੁੱਲਤ ਹੋਇਆ ਹੈ । ਇਸਨੂੰ ਵਿਦਵਾਨਾਂ ਨੇ ਚਾਰ ਭਾਗਾਂ ਵੰਡ ਦਿੱਤਾ ਹੈ । ਚਾਰਵਾਕ ਇਕ ਭੌਤਿਕ ਵਿਚਾਰਧਾਰਾ ਹੈ । ਇਹ ਧਰਮ ਤੇ ਅਧਿਆਤਮ ਨੂੰ ਰੱਦ ਕਰਦਾ ਹੈ । ਇਹ ਮੱਤ ਇਸ ਜਗਤ ਤੋਂ ਪਰੇ ਕਿਸੇ ਅੰਤਿਮ ਸਚਾਈ ਨੂੰ ਨਹੀਂ ਮੰਨਦਾ ਜਿਸ ਕਰਕੇ ਸੁਰਗ, ਨਰਕ, ਪੁਨਰ, ਆਵਾਗਵਨ ਦਾ ਇਸ ਮਤ ਵਿਚ ਕੋਈ ਥਾਂ ਨਹੀਂ ਹੈ । ਚਾਰਵਾਕੀਏ ਕੇਵਲ ਇੰਦ੍ਰੀ ਅਤੇ ਇੰਦ੍ਰ-ਸੁਖ ਪ੍ਰਾਪਤੀ ਨੂੰ ਹੀ ਜੀਵਨ ਦਾ ਅੰਤ ਮਾਤਰ ਪਰਮ ਉਦੇਸ਼ ਮੰਨਦੇ ਹਨ।[54] ਇਸ ਲਈ ਚਾਰਵਾਕ ਭੋਗਵਾਦੀ, ਪ੍ਰਤੱਖਵਾਦੀ, ਸੁਭਾਵਵਾਦੀ, ਪਦਾਰਥਵਾਦੀ ਅਤੇ ਸੁਖਵਾਦੀ ਦਰਸ਼ਨ ਹੈ । ਗੁਰੂ ਨਾਨਕ ਬਾਣੀ ਵਿਚ ਕਿਤੇ ਕਿਤੇ ਇਸ ਮਤ ਦਾ ਜ਼ਿਕਰ ਵੀ ਆਇਆ ਹੈ :

ਮਨਮੁਖ ਕੂੜੇ ਰਸ ਦੀ ਗਾਇ
ਪਰ ਭੂ ਲੈਕੈ ਜਾਵੈ ਜਾਇ ।
ਮਨਮੁਖ ਤਰਿ ਭਵੈ ਲੋਭਾਇ ।
ਲੋਭਾਇ ਮੂਏ ਪਿੰਡੁ ਸਮਾਇ ।
ਸਚੁ ਦੀਜੈ ਲੈ ਭੁਗਾਇ ।
ਨਾਨਕ ਸਾਚਿ ਰਤੇ ਸੁਖੁ ਜਾਇ ।[55]

ਚਾਰਵਾਕਾਂ ਦਾ ਇਸ ਸ਼ਬਦ ਵਿਚ ਜਾਣੇ ਤੋਂ ਭੁਲਿਆਂ ਹੋਇਆਂ ਲੋਕਾਂ ਦੇ ਪ੍ਰਤੀਕ ਵਜੋਂ ਇਆਨ ਕੀਤਾ ਗਿਆ ਹੈ । ਅਜਿਹੇ ਪਦਾਰਥਵਾਦੀ ਅਤੇ ਭੋਗਵਾਦੀ ਮਨ ਦੀ ਮਤ ਪਿਛੇ ਚਲਣ ਵਾਲੇ ਹਨ । ਤੇਹਨਾਂ ਨੂੰ ਪਤਾ ਹੀ ਨਹੀਂ ਕਿ ਆਤਮਾ ਵੀ ਕੋਈ ਚੀਜ਼ ਹੁੰਦੀ ਹੈ ਅਤੇ ਜਾਂ ਆਤਮਾਂ ਪ੍ਰਮਾਤਮਾਂ ਦੀ ਅੰਸ਼ ਹੈ । ਇਹ ਇਸ ਦਿਸਦੇ ਜਗਤ ਨੂੰ ਹੀ ਅੰਤਿਮ ਸੋਚ ਸਮਝਦੇ ਹਨ । ਵੇ-

54. ਡਾ. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 57

55. ਗੁਰੂ ਨਾਨਕ ਬਾਣੀ ਭਾਗ ਦੂਜਾ,ਪੰ. 1000-10001

-ਮਾਰਗਿ ਜੁੜੇ ਜੋਗੇ ਥਾਂ-ਥਾਂ-ਭਟਕਦੀ ਮੜ੍ਹੀਆਂ ਮਸਾਣਾਂ ਤੇ ਮੰਦਰਾਂ ਵਿਚ ਅਚਿਤ ਰਹੇ । ਜਿਨ੍ਹਾਂ ਨੂੰ ਗੁਰੂ ਸ਼ਬਦ ਦੀ ਸਾਰ ਨਹੀਂ ਇਸ ਲਈ ਭੈੜੀਆਂ ਜੂਨੀਆਂ ਭੋਗਦੇ ਰਹੇ । ਜਿਨ੍ਹਾਂ ਨੂੰ ਪਤਾ ਨਹੀਂ ਕਿ 'ਸੱਚ' ਵਿਚ ਟਿਕ ਜਾਣਿਆਂ ਹੀ ਸੁੱਖ ਮਿਲਦੇ, ਸੁੱਖ ਪਦਾਰਥਾਂ ਵਿਚ ਨਹੀਂ ਹੈ।

<u>ਸਾਂਖ ਮਤ</u>: ਭਾਰਤ ਦੀਆਂ ਛੇ ਦਰਸ਼ਨ ਪ੍ਰਣਾਲੀਆਂ ਵਿਚੋਂ ਸਾਂਖ ਦਰਸ਼ਨ ਸਭ ਤੋਂ ਪੁਰਾਣਾ ਹੈ । ਜਿਸਦਾ ਕਰਤਾ ਕਪਿਲ ਰਿਸ਼ੀ ਨੂੰ ਮੰਨਿਆਂ ਜਾਂਦਾ ਹੈ । ਇਹ ਮੱਤ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੈ । ਇਸ ਲਈ ਇਹ ਆਸਤਿਕਤਾਵਾਦ ਦੀ ਵੀ ਵਿਰੋਧੀ ਕਰਦਾ ਹੈ । ਇਹ ਵਿਕਾਸਵਾਦ ਦਾ ਧਾਰਨੀ ਮਤ ਹੈ । ਗੁਰੂ ਨਾਨਕ ਬਾਣੀ ਈਸ਼ਵਰਵਾਦੀ ਅਥਵਾ ਆਸਤਿਕਵਾਦੀ ਵਿਚਾਰ-ਧਾਰਾ ਦੀ ਲਖਾਇਕ ਹੈ । ਇਸ ਲਈ ਸਾਂਖ ਦੇ ਇਸ ਵਿਚਾਰ ਨਾਲ ਗੁਰਮਤਿ ਦੀ ਕੋਈ ਸਾਂਝ ਨਹੀਂ ਹੈ । ਇਹ ਮਤ ਪੁਰਸ਼ ਅਤੇ ਪ੍ਰਕ੍ਰਿਤੀ ਦੇ ਸੰਯੋਗ ਤੋਂ ਜਗਤ ਦੀ ਉਤਪਤੀ ਮੰਨਦਾ ਹੈ । ਇਸ ਤਰ੍ਹਾਂ ਪੁਰਸ਼ ਅਤੇ ਪ੍ਰਕ੍ਰਿਤੀ ਦੋ ਸਨਾਤਨੀਆਂ ਹੋਂਦ ਵਿਚ ਆਉਂਦੀਆਂ ਹਨ । ਗੁਰੂ ਨਾਨਕ ਬਾਣੀ ਇਸ ਵਿਚਾਰ ਨਾਲ ਸਹਿਮਤੀ ਨਹੀਂ ਰੱਖਦੀ ਕਿਉਂਕਿ ਗੁਰੂ ਨਾਨਕ ਅਨੁਸਾਰ ਸਚਾਈ ਕੇਵਲ ਇਕ ਹੈ ਅਤੇ ਉਹ ਪ੍ਰਮਾਤਮਾ ਹੈ । ਪ੍ਰਕ੍ਰਿਤੀ ਉਸਦੀ ਪੈਦਾ ਕੀਤੀ ਹੋਈ ਅਧੀਨ ਸ਼ਕਤੀ ਹੈ।

ਗੁਰੂ ਨਾਨਕ ਜੀ ਸਾਂਖ ਦਰਸ਼ਨ ਦੇ ਦ੍ਵੈਤਮਤ ਨੂੰ ਨਹੀਂ ਮੰਨਦੇ ਅਤੇ ਦ੍ਵੈਤਵਾਦ ਦਾ ਖੰਡਨ ਕਰਦੇ ਹਨ ਜਿਵੇਂ :

ਦੂਜੀ ਮਾਇਆ ਜਗਤ ਚਿਤਵਾਸੁ ।
ਕਾਮ ਕ੍ਰੋਧ ਅਹੰਕਾਰ ਬਿਨਾਸੁ ।
ਦੂਜਾ ਕਉਣੁ ਕਹਾ ਨਹੀਂ ਕੋਈ ।
ਸਭ ਮਹਿ ਏਕੁ ਨਿਰੰਜਨੁ ਸੋਈ ।ਰਹਾਉ।
ਦੂਜੀ ਦੁਰਮਤਿ ਆਖੈ ਦੋਇ ।
ਆਵੈ ਜਾਇ ਮਰਿ ਦੂਜਾ ਹੋਇ ।
ਧਰਣਿ ਗਗਨ ਨਹ ਦੇਖਉ ਦੋਇ ।
ਨਾਰੀ ਪੁਰਖ ਸਬਾਈ ਲੋਇ ।
ਰਵਿ ਸਸਿ ਦੇਖਉ ਦੀਪਕ ਉਜਿਆਲਾ ।
ਸਰਬ ਨਿਰੰਤਰਿ ਪ੍ਰੀਤਮੁ ਬਾਲਾ ।[56]

---

56. ਆਦਿ ਗ੍ਰੰਥ, ਪੰ. 223

ਗੁਰੂ ਜੀ ਇਸ ਗੱਲ ਵਿਚ ਯਕੀਨ ਨਹ ਕਿ ਕੁਝ ਲੋਕੀ ਮਾੜੇ ਹਨ, ਕੇਵਲ ਸਿਖ ਹੀ ਪ੍ਰਮਾਣਕ ਹੈ। ਜੇ ਕੁਝਕੁ ਲੋਕੀ ਸਾਧੂ ਜਾਂ ਸੂਫ਼ੀ ਜ਼ਰੂਰ ਆਖੁੰਦੀ ਹੈ ਤਾਂ ਉਸ ਪ੍ਰਮਾਣਾਂ ਦੀ ਵੀ ਪੈਰਵਾ ਕਰਿਦੀ ਲੋਕੀ ਜ਼ਰੂਰੀ ਹੈ। ਇਸ ਸਾਰੇ ਦ੍ਰਿਸ਼ਟੀਕੋਣ ਵਿਚ ਕੇਵਲ ਇਕ ਪ੍ਰਭੂ ਦੀ ਜੋਤਿ ਵਿਆਪਕ ਹੈ ਅਤੇ ਸਾਰਾ ਸੰਸਾਰ ਕੁਦਰਤੀ ਰੂਪ ਹੋਣ ਕਰਕੇ ਹੀ ਪਸਾਰ ਵਜੀ ਜਾ ਦੇਖਾ ਰਹਿ ਕਰ ਰਹੀ ਬਾਣੀ ਅਵਸਥਾ ਹੈ।

<u>ਇਸਲਾਮ ਮੱਤ</u>: "ਅੱਠਵੀਂ ਸਦੀ ਈਸਵੀ ਤੋਂ ਹੀ ਭਾਰਤ ਉਤੇ ਮੁਸਲਮਾਨਾਂ ਦੇ ਹਮਲੇ ਹੋਣੇ ਆਰੰਭ ਹੋ ਗਏ ਸਨ। ਇਸ ਤਰ੍ਹਾਂ ਗੋਰੀ, ਖਿਲਜੀ, ਤੁਗਲਕ, ਲੋਧੀ ਅਤੇ ਮੁਗਲ ਕੌਮਾਂ ਨੇ ਭਾਰਤ ਤੇ ਲਗ ਭਗ 6-7 ਸੌ ਸਾਲ ਰਾਜ ਕੀਤਾ ਹੈ ਅਤੇ ਇਨ੍ਹਾਂ ਕੌਮਾਂ ਨੇ ਮੁਸਲਮਾਨ ਧਰਮ ਨੂੰ ਭਾਰਤ ਵਿਚ ਫੈਲਾਇਆ ਹੈ। ਗੁਰੂ ਨਾਨਕ ਜੀ ਨੇ ਲੋਧੀ ਪਠਾਣਾਂ ਦਾ ਰਾਜ ਵੀ ਅਤੇ ਬਾਬਰ ਦੇ 1526 ਈ. ਵਿਚ ਭਾਰਤ ਤੇ ਹਮਲਾ ਕਰਕੇ ਮੁਗਲ ਰਾਜ ਦੀ ਸਥਾਪਨੀ ਕੀਤੀ ਸੀ। ਜੇ.ਐਨ.ਫਰਕੂਹਰ ਨੇ 1350 ਈ. ਤੋਂ 1800 ਈ. ਤੱਕ ਦੇ ਸਮੇਂ ਨੂੰ ਇਸਲਾਮ ਪ੍ਰਭਾਵ ਦਾ ਯੁਗ ਕਿਹਾ ਹੈ"।[57] ਇਸ ਕਾਲ ਦੇ ਵੈਸ਼ਨਵ ਭੀ ਕਾਫੀ ਹੱਦ ਤੱਕ ਪ੍ਰਭਾਵਿਤ ਹੋਏ ਜਾਪਦੇ ਹਨ। ਡਾ. ਸ਼ੇਰ ਸਿੰਘ ਆਪਣੀ ਪੁਸਤਕ (ਗੁਰਮਤਿ ਦਰਸ਼ਨ,) ਵਿਚ ਇਸਲਾਮ ਦੇ ਪ੍ਰਭਾਵ ਦੀ ਗੱਲ ਕਰਦੇ ਹਨ। "ਇਸਲਾਮ ਧਰਮ ਬਾਰੇ ਗੁਰੂ ਨਾਨਕ ਬਾਣੀ ਵਿਚ ਕਿਤੇ ਵੀ ਵਰਜਿਤ ਬਾਣੀ ਜ਼ਿਕਰ ਨਹੀਂ ਆਇਆ ਹੈ। ਕਈ ਥਾਵਾਂ ਤੇ ਇਸਲਾਮ ਨਾਲ ਹਮਦਰਦੀ ਹੈ ਅਤੇ ਕਈ ਥਾਂਵਾਂ ਤੇ ਅਸਹਿਮਤੀ ਵੀ ਹੈ। ਕਈ ਥਾਂਵਾਂ ਤੇ ਸੱਚਾ ਮੁਸਲਮਾਨ ਬਣਨ ਦਾ ਉਪਦੇਸ਼ ਵੀ ਕੀਤਾ ਹੈ।"[58] ਜਿਵੇਂ:

> ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ।
> ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ।
> ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ।
> ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ।[59]

---

57. J.N. Farquhar, An Outline of Religious Literature in India P. 284

58. ਡਾ. ਸ਼ੇਰ ਸਿੰਘ 'ਗੁਰਮਤਿ ਦਰਸ਼ਨ', ਪੰ. 141-142

59. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 238

ਪ੍ਰਭੂ ਦੀ ਬਖਸ਼ਿਸ਼ ਰੂਪੀ ਮਸੀਤ ਹੋਵੇ ਸਬਰ, ਸ਼ੁਕਰ ਤੇ ਸਿਦਕ ਦਾ ਮੁਸੱਲਾ ਹੋਵੇ ਅਤੇ ਹੱਕ ਹਲਾਲ ਦੀ ਕਮਾਈ ਧਾਰਮਿਕ ਗ੍ਰੰਥ ਕੁਰਾਨ ਹੋਵੇ। ਜਿ ਰਕਤ ਦੀ ਸੁੰਨਤ ਜਿਸਮ ਦਾ ਰੋਜ਼ਾ ਹੋਵੇ ਤਾਂ ਕਿਤੇ ਜਾ ਕੇ ਸੱਚਾ ਮੁਸਲਮਾਨ ਬਣਦਾ ਹੈ। ਅਸਲੀ ਜੀਵਨ ਅਰਥਾਤ ਕਥਨੀ ਤੇ ਕਰਨੀ ਦੀ ਏਕਤਾ ਮੱਕਾ, ਕਾਬਾ ਹੋਵੇ ਪ੍ਰਭੂ ਦੀ ਕਿਰਪਾ ਦਾ ਕਲਮਾ ਹੋਵੇ। ਨਾਮ ਪੀਰ ਤੇ ਨਿਮਾਜ਼ ਕਰਮ ਹੋਵੇ ਮਾਲਾ ਉਸ ਦੀ ਰਜ਼ਾ ਹੋਵੇ ਇਸ ਤਰ੍ਹਾਂ ਸਰੇ ਮੁਸਲਮਾਨ ਦੀ ਖ਼ੁਦਾ ਇਜ਼ਤ ਰੱਖਦਾ ਹੈ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।[60]

ਇਸ ਨਾਮ ਵਿਚ ਪੰਜ ਨਿਮਾਜ਼ਾਂ ਪੜ੍ਹਨ ਦੀ ਗੱਲਾਂ ਹੈ ਜੈਸੀ ਕਬੂਲ ਦੀ ਨਿਮਾਜ਼ ਦਾ ਵੀ ਆਦੇਸ਼ ਹੈ ਜੇ ਕੋਈ ਪੜ੍ਹ ਸਕੇ ਤਾਂ। ਪੰਜ ਨਮਿਆਂ ਦੀਆਂ ਸੱਚੀਆਂ ਨਿਮਾਜ਼ਾਂ ਦਾ ਜ਼ਿਕਰ ਗੁਰੂ ਨਾਨਕ ਬਾਣੀ ਇਸ ਤਰ੍ਹਾਂ ਕਰਦੀ ਹੈ:

1. ਸੱਚ ਤੇ ਦ੍ਰਿੜ੍ਹ ਰਹਿਣਾ (ਨਿਮਾਜ਼ੇ ਸੁਬਹ)
2. ਹੱਕ ਕਮਾਈ ਕਰਨੀ (ਨਿਮਾਜ਼ੇ ਪੇਸ਼ੀਨ)
3. ਰੱਬ ਤੋਂ ਸਭ ਦਾ ਭਲਾ ਮੰਗਣਾ (ਨਿਮਾਜ਼ੇ ਦੀਗਰ)
4. ਨੀਅਤ ਤੇ ਮਨ ਸਾਫ਼ ਰੱਖਣਾ (ਨਿਮਾਜ਼ੇ ਸ਼ਾਮ)
5. ਪ੍ਰਭੂ ਦੀ ਸਿਫ਼ਤ ਸਲਾਹ ਕਰਨੀ (ਨਿਮਾਜ਼ੇ ਖ਼ੁਫ਼ਤਨ)

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰੱਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ।[61]

---

60. ਗੁਰੂ ਨਾਨਕ ਬਾਣੀ, ਪੰ. 240
61. ਉਹੀ, ਪੰ. 242

ਅਰਥਾਤ ਮੁਸਲਮਾਨ ਕਹਾਉਣਾ ਬਹੁਤ ਕਠਨ ਹੈ । ਜੇ ਕੋਈ ਸੱਚਾ ਮੁਸਲਮਾਨ ਹੋਵੇ ਤਾਂ ਹੀ ਉਸਨੂੰ ਮੁਸਲਮਾਨ ਕਹਾਉਣ ਦਾ ਹੱਕ ਹੋ ਸਕਦਾ ਹੈ । ਸਭ ਤੋਂ ਪਹਿਲਾਂ ਮੁਸਲਮਾਨ ਨੂੰ ਨਬੀ ਦਾ ਦੱਸਿਆ ਧਰਮ ਮਿੱਠਾ ਲੱਗੇ ਫਿਰ ਆਪਣੀ ਕਮਾਈ ਤੇ ਰੋਕਣ ਵਾਲੀਆਂ ਤੇ ਲੋੜਵੰਦਾਂ ਨਾਲ ਸਾਂਝੀ ਕਰੇ ਜਿਸ ਤਰ੍ਹਾਂ ਰੇਤੀ ਨਾਲ ਲੋਹੇ ਦੇ ਜੰਗਾਲ ਦੀ ਮੈਲ ਮਨ ਤੋਂ ਦੂਰ ਕਰੇ। ਸੱਚਾ ਮੁਸਲਮਾਨ ਬਣਕੇ ਮੌਤ ਤੇ ਜਨਮ ਦੇ ਭੁਲੇਖੇ (ਭਰਮ) ਮਨੋਂ ਕੱਢ ਦੇਵੇ। ਖ਼ੁਦਾ ਤਾਲਾ ਦਾ ਹੁਕਮ ਖ਼ੁਸ਼ੀ ਖ਼ੁਸ਼ੀ ਮੰਨੇ। ਪ੍ਰਭੂ ਨੂੰ ਸਿਰਜਨ ਹਾਰ ਮੰਨ ਕੇ ਆਪਣੀ ਹਉਮੈ ਛੱਡ ਦੇਵੇ। ਸਾਰੇ ਜੀਵਾਂ ਨਾਲ ਪਿਆਰ ਕਰੇ ਤਾਂ ਆਪਣੇ ਆਪ ਨੂੰ ਮੁਸਲਮਾਨ ਕਹਾਉਣ ਦਾ ਹੱਕਦਾਰ ਹੈ ।

ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।[62]

ਇਸਲਾਮ ਮਤ ਵਾਲੇ ਮੁਰਦੇ ਨੂੰ ਜ਼ਮੀਨ ਵਿਚ ਦਫ਼ਨਾਉਂਦੇ ਹਨ ਪਰ ਹਿੰਦੂ ਲੋਕ ਮੁਰਦੇ ਨੂੰ ਸਾੜ ਦੇਂਦੇ ਹਨ । ਇਨ੍ਹਾਂ ਦੋਹਾਂ ਵਿਚ ਵਿਚਾਰਾਂ ਦਾ ਅੰਤਰ ਹੈ । ਹਿੰਦੂ ਲੋਕ ਸਮਝਦੇ ਹਨ ਕਿ ਆਤਮਾਂ ਅਮਰ ਹੈ ਸਰੀਰ ਨਾਸ਼ਵੰਤ ਹੈ ਸਰੀਰ ਨੂੰ ਸਾੜ ਦੇਣ ਨਾਲ ਛੇਤੀ ਤੱਤ ਆਪਣੇ ਮੂਲ ਤੱਤਾਂ ਨਾਲ ਮਿਲ ਜਾਂਦੇ ਹਨ । ਮੁਸਲਮਾਨ ਸਮਝਦੇ ਹਨ ਕਿ ਰੂਹਾਂ ਸਰੀਰ ਵਿਚ ਹੀ ਰੋਜ਼ੇ ਹਸ਼ਰ ਤੱਕ ਰਹਿੰਦੀਆਂ ਹਨ ਅਤੇ ਇਕ ਦਿਨ ਖੁਦਾ ਇਨ੍ਹਾਂ ਨੂੰ ਕਬਰਾਂ ਵਿਚੋਂ ਉਠਾ ਕੇ ਇਨ੍ਹਾਂ ਦਾ ਹਿਸਾਬ ਕਿਤਾਬ ਕਰੇਗਾ । ਗੁਰੂ ਜੀ ਇਸ ਫੋਕੀ ਰਸਮ ਤੇ ਕਿੰਤੂ ਕਰਦੇ ਹੋਏ ਦਸਦੇ ਹਨ ਕਿ ਸਰੀਰ ਮਿੱਟੀ ਹੋ ਜਾਵੇਗਾ ਤਾਂ ਮਸਾਣਾਂ ਦੀ ਮਿੱਟੀ ਘੁਮਿਆਰ ਲੈ ਕੇ ਭਾਂਡੇ ਇਟਾਂ ਤਿਆਰ ਕਰਕੇ ਮਸਾਣੀ ਤੇ ਚਾੜ੍ਹੇਗਾ ਤਾਂ ਮੁਸਲਮਾਨ ਦੀ ਰੂਹ ਜਲੇਗੀ ਕੁਰਲਾਏਗੀ ।ਕੀ ਇਹ ਸੱਚ ਹੈ ?

ਮੁਸਲਮਾਨਾ ਸਿਫਤਿ ਸਰੀਅਤ ਪੜਿ ਪੜਿ ਕਰਹਿ ਬਿਚਾਰੁ ।
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ।[63]

---

62. ਗੁਰੂ ਨਾਨਕ ਬਾਣੀ, ਪੰ. 565
63. ਉਹੀ, ਪੰ. 563

ਅਰਥਾਤ ਮੁਸਲਮਾਨਾਂ ਨੂੰ ਸ਼ਰਾ ਦੀ ਵਡਿਆਈ ਚੰਗੀ ਲਗਦੀ ਹੈ ਇਸ ਲਈ ਉਹ ਸ਼ਰਾ ਨੂੰ ਪੜ੍ਹ ਪੜ੍ਹ ਕੇ ਵਿਚਾਰ ਕਰਦੇ ਹਨ । ਇਸ ਵਿਚਾਰ ਤੋਂ ਉਹ ਇਸ ਸਿੱਟੇ ਤੇ ਪੁਜਦੇ ਹਨ ਕਿ ਰੱਬ ਦੇ ਬੰਦੇ ਉਹ ਹਨ ਜਿਹੜੇ ਰੱਬ ਦਾ ਦਰਸ਼ਨ ਪਾਉਣ ਲਈ ਸ਼ਰ੍ਹਾ ਦੀ ਪਾਬੰਦੀ ਵਿਚ ਪੈਂਦੇ ਹਨ, ਉਹਨਾਂ ਦਾ ਵਿਚਾਰ ਹੈ ਕਿ ਪਹਿਲਾਂ ਸ਼ਰਾ ਦੀ ਪਾਬੰਦੀ ਅਨੁਸਾਰ ਜੀਵਨ ਢਾਲਣਾ ਪੈਂਦਾ ਹੈ ਅਤੇ ਫਿਰ ਪ੍ਰਭੂ ਦੇ ਦੀਦਾਰ ਹੁੰਦੇ ਹਨ । ਪਰ ਇਹ ਠੀਕ ਨਹੀਂ ਕਿਉਂਕੇ ਹਿੰਦੂ, ਜੋਗੀ, ਈਸਾਈ, ਪਾਦਰੀ ਸਭ ਹੀ ਆਪਣੀ ਵੱਖਰੀ ਵੱਖਰੀ ਸ਼ਰ੍ਹਾ ਦੇ ਪਾਬੰਦ ਹਨ । ਇਸ ਤਰ੍ਹਾਂ ਕੇਵਲ ਕਰਮ ਕਾਂਡਾਂ ਦੇ ਆਧਾਰ ਤੇ ਪ੍ਰਭੂ ਦੇ ਦੀਦਾਰ ਹਾਸਲ ਨਹੀਂ ਹੁੰਦੇ ਉਸਦੇ ਦਰਸ਼ਨ ਲਈ ਤਾਂ 'ਸੱਚ' ਦੀ ਕਮਾਈ ਕਰਨੀ ਪੈਂਦੀ ਹੈ ।

<u>ਸੂਫੀ ਮੱਤ</u>: ਸੂਫੀ ਮਤ ਇਸਲਾਮ ਮਤ ਦਾ ਹੀ ਇਕ ਵਿਕਸਤ ਰੂਪ ਹੈ । ਜਿਵੇਂ ਹਿੰਦੂ ਧਰਮ ਦੀ ਕੱਟੜਤਾ ਦੇ ਵਿਰੋਧ ਵਿਚ ਭਗਤੀ ਲਹਿਰ ਉਠੀ ਹੋਈ ਸੀ ਉਸੇ ਤਰ੍ਹਾਂ ਇਸਲਾਮ ਦੀ ਸ਼ਰ੍ਹਾ ਦੀ ਕੱਟੜਤਾ ਦੇ ਵਿਰੋਧ ਵਿਚ ਅਰਬ ਦੇਸ਼ਾਂ ਵਿਚ ਵੀ ਸੂਫ਼ੀ ਮਤ ਦਾ ਜਨਮ ਹੋਇਆ ਸੀ । ਉਥੇ ਨੌਵੀਂ ਸਦੀ ਵਿਚ ਰਾਬੀਆ, ਮਨਸੂਰ ਅਤੇ ਤਬਰੇਜ਼ ਵਰਗੇ ਸੂਫ਼ੀ, ਸੰਤ ਪੈਦਾ ਹੋ ਚੁੱਕੇ ਹਨ । ਮੁਸਲਮਾਨੀ ਸੂਫੀ ਸੰਤਾਂ ਦੀ ਵਿਚਾਰਧਾਰਾ ਅਤੇ ਧਰਮ ਸਾਧਨਾ ਦੇ ਬਹੁਤ ਸਾਰੇ ਰੰਗ ਭਾਰਤੀ ਨਿਰਗੁਣਵਾਦੀ ਕਵੀਆਂ ਨਾਲ ਮਿਲਦੇ ਜੁਲਦੇ ਹਨ । ਡਾ. ਐਸ.ਏ.ਏ ਰਿਜ਼ਵੀ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ "ਸੂਫ਼ੀਵਾਦ ਇਸਲਾਮ ਦੇ ਰਹੱਸਵਾਦੀ ਪੱਖ ਦਾ ਪ੍ਰਤੀਨਿਧ ਹੈ ।[64]

ਪੰਜਾਬੀ ਦੇ ਪ੍ਰਸਿਧ ਵਿਦਵਾਨ ਪ੍ਰੋ. ਕੁਲਵੰਤ ਸਿੰਘ ਜੀ ਆਪਣੇ ਇਕ ਲੇਖ ਵਿਚ 'ਗੁਰੂ ਨਾਨਕ ਦੇਵ ਅਤੇ ਤਸੱਵੁਫ਼' ਵਿਚ ਲਿਖਦੇ ਹਨ ਕਿ ਇਸਲਾਮੀ ਜੀਵਨ ਦੇ ਧਾਰਮਿਕ, ਅਧਿਆਤਮਕ, ਚੇਤੰਨਾਤਮਕ ਅਤੇ ਦਾਰਸ਼ਨਿਕ ਵਿਧਾਨ ਦਾ ਸੂਫ਼ੀਵਾਦ ਇਕ ਮਹੱਤਵਪੂਰਨ ਅੰਗ ਹੈ । ਸੂਫ਼ੀ-ਬ੍ਰਹਮ ਪਰੰਪਰਾ ਅਤੇ ਏਕੇਸ਼ਵਰਵਾਦ ਗੁਰਮਤਿ ਦੇ ਬ੍ਰਹਮ ਦੀ ਸਰਬ ਵਿਆਪਕਤਾ ਦੇ ਸਮਾਨ ਰੂਪੀ ਹੀ ਜਾਪਦੇ ਹਨ । ਗੁਰੂ ਨਾਨਕ ਬਾਣੀ ਵਿਚ ਸੂਫ਼ੀ ਮਤ ਦਾ ਸੰਕੇਤ ਮਿਲਣਾਂ ਅਵੱਸ਼ਕ ਤੇ ਅਨਿਵਾਰਯ ਹੈ । ਕਿਉਂਕੇ ਗੁਰੂ ਨਾਨਕ ਦੇਵ ਜੀ ਨੇ ਬਾਬਾ ਫਰੀਦ ਦੇ ਤੇਰਵੇਂ ਗੱਦੀ ਨਸ਼ੀਨ ਨਾਲ ਮੁਲਾਕਾਤ ਕੀਤੀ ਸੀ । ਫ਼ਰੀਦ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨਾਲ ਹੀ ਗੁਰੂ ਅੰਗਦ ਦੇਵ ਜੀ ਦੇ ਸਪੁਰਦ ਕਰ ਦਿੱਤੀ ਸੀ ਅਤੇ ਅਗੋਂ ਗੁਰੂ

---

64. S.A.A. Rizvi, Indian Sufism and Guru Nanak, p.213

ਅਮਰਦਾਸ ਤੇ ਗੁਰੂ ਰਾਮ ਦਾਸ ਜੀ ਦੁਆਰਾ ਇਹ ਬਾਣੀ ਸ੍ਰੀ ਗੁਰੂ ਅਰਜਣ ਦੇਵ ਜੀ ਤੱਕ ਪੁੱਜੀ ਸੀ । ਇਸ ਬਾਣੀ ਨੂੰ ਗੁਰੂ ਅਰਜਣ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਬਾਣੀ ਦੇ ਬਰਾਬਰ ਹੀ ਦਰਜ ਕਰ ਦਿੱਤਾ ਸੀ । ਬਾਬਾ ਫਰੀਦ ਜੀ ਦੇ 4 ਸ਼ਬਦਾਂ ਅਤੇ 130 ਸ਼ਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੇ ਕੁਝ ਅਜਿਹੇ ਸ਼ਲੋਕ ਵੀ ਦਰਜ ਹਨ ਜਿਨ੍ਹਾਂ ਵਿਚ ਬਾਬਾ ਫਰੀਦ ਜੀ ਦੇ ਵਿਚਾਰ ਨਾਲ ਮਤਭੇਦ ਪ੍ਰਗਟ ਕੀਤਾ ਗਿਆ ਹੈ ਜਾਂ ਜਿਥੇ ਕਿਤੇ ਅਸਪਸ਼ਟਤਾ ਕਾਰਣ ਕੋਈ ਭੁਲੇਖਾ ਜਾਂ ਟਪਲਾ ਲਗਣ ਦੀ ਗੁੰਜਾਇਸ਼ ਹੈ ਉਥੇ ਗੁਰੂ ਸਾਹਿਬਾਨ ਨੇ ਸ਼ਲੋਕ ਰਚ ਕੇ ਵਿਚਾਰ ਨੂੰ ਸਪੱਸ਼ਟ ਕਰ ਦਿੱਤਾ ਹੈ । ਇਸ ਤਰ੍ਹਾਂ ਸੂਫ਼ੀ ਮਤ ਦੇ ਵਿਚਾਰਾਂ ਨਾਲ ਸਹਿਮਤੀ ਅਤੇ ਅਸਹਿਮਤੀ ਦੇ ਦੋਵੇਂ ਪੱਖ ਹੀ ਅੱਲਗ ਅੱਲਗ ਸ਼ਕਲ ਵਿਚ ਆ ਜਾਂਦੇ ਹਨ ।

ਸੂਫ਼ੀਆਂ ਦਾ ਏਕੀਸ਼ਵਰਵਾਦ ਅਤੇ ਸਰਬ ਵਿਆਪਕਤਾ ਦੇ ਵਿਚਾਰ ਨਾਲ ਸਮਤਾ ਰੱਖਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦਾਂ ਸਾਰਥਕ ਹਨ :

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ।
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ
ਸਾਹਿਬੁ ਮੇਰਾ ਏਕੋ ਹੈ ।
ਏਕੋ ਹੈ ਭਾਈ ਏਕੋ ਹੈ ।ਰਹਾਉ।[65]

ਗੁਰੂ ਨਾਨਕ ਕੇਵਲ ਤੇ ਕੇਵਲ ਇਕ ਈਸ਼ਵਰ ਦੇ ਹੀ ਪੁਜਾਰੀ ਹਨ ਤੇ ਜ਼ੋਰ ਦੇਕੇ ਆਖਦੇ ਹਨ ਮੇਰਾ ਮਾਲਕ ਕੇਵਲ ਇਕ ਹੈ ਅਤੇ ਉਸ ਦੇ ਅੰਤ ਨਹੀਂ ਪਾ ਲਿਆ ਜਾ ਸਕਦਾ :

ਬਲਿਹਾਰੀ ਕੁਦਰਤਿ ਵਸਿਆ ।
ਤੇਰਾ ਅੰਤੁ ਨ ਜਾਈ ਲਖਿਆ ।[66]

ਆਪਣੀ ਕਿਰਪਾ ਨਾਲ ਸਾਰੀ ਕੁਦਰਤ ਵਿਚ ਵਸਿਆ ਹੋਇਆ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ ਉਹ ਸਰਬ ਵਿਆਪਕ ਹੈ ।

---

65. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 398
66. ਉਹੀ, ਪੰ. 584

ਕੂੜਾ ਮੀਤੁ ਪਲੀਤੁ ਜਿਨਿ ਮੁੰਧਿ ਸਭੁ ਬਾਨੀ ਸਭੁ ਬਾਨਾ ।
ਮੈਡੇ ਮੇਜ਼ ਕਰੇਦੀਏ ਮੁੰਧਿ ਮਜੂ ਜਾਦੇ ਅਸਾਡਾ ।।
ਨਾ ਮਾਹਿਆਰੁ ਨ ਸੁਰਤਿਆ ਨਾ ਜੇ ਕੰਗੁਰੀਆਨ ।
ਜੇ ਨਾ ਪ੍ਰਿਅ ਨ ਨਾਜ਼ੀਆ ਜਨਨ ਜਿ ਬਾਨੜੀਆਨਾ ।[67]

ਪਤੀ-ਪਤਨੀ ਦੇ ਪ੍ਰੇਮਾਂ ਭਗਤੀ ਸੂਫੀਆਂ ਵਿਚ ਵੀ ਹੈ ਤੇ ਗੁਰੂ ਨਾਨਕ ਬਾਣੀ ਵਿਚ ਵੀ ਇਹ ਦੋਨਾਂ ਦੀ ਸਾਂਝ ਹੈ । ਗੁਰੂ ਨਾਨਕ ਬਾਣੀ ਵਿਚ ਇਸਲਾਮ ਧਾਰਮਿਕ ਪਰੰਪਰਾਵਾਂ ਅਤੇ ਸੂਫੀ ਰਹੱਸਵਾਦੀ ਸ਼ਬਦਾਵਲੀ ਦੇ ਫ਼ਾਰਸੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ । ਪਰ ਅਰਥ ਬਦਲ ਦਿਤੇ ਹਨ । ਪ੍ਰਭੂ ਸੁਲਤਾਨ, ਮੀਆਂ, ਸਾਹਿਬ, ਪਾਤਿਸ਼ਾਹ, ਖਸਮ, ਅੱਲਾਹ, ਕਾਦਰ, ਕਰੀਮ, ਰਬ ਰਹੀਮ, ਖੁਦਾਇ ਅਤੇ ਦਾਨਾਂ ਬੀਨਾ ਆਦਿ ਸ਼ਬਦ ਇਸਲਾਮੀ ਤੇ ਸੂਫੀ ਸ਼ਬਦਾਵਲੀ ਦੇ ਹਨ :

1. ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ।[68]
2. ਤੁਝ ਬਿਨੁ ਅਵਰੁ ਨਹੀ ਮੈ ਮੇਰਾ ਕਰ ਮਿਹਰ ਕਰਹੁ ਪ੍ਰਭ ਸਾਹਿ।[69]
3. ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ।[70]
4. ਸਾਚਾ ਪਾਤਿਸਾਹੁ ਸਿਰਿ ਖਸਮੁ ਤੂੰ
   ਜਪਿ ਨਾਨਕ ਜੀਵੈ ਗੁਣੁ ਗਾਉ।[71]

ਇਸ ਦੇ ਨਾਲ ਹੀ ਪਤੀ-ਭਗਤੀ ਦੀ ਅਰਥਾਤ ਆਤਮਾਂ ਨੂੰ ਪਤਨੀ ਤੇ ਪਰਮਾਤਮਾਂ ਨੂੰ ਪਤੀ ਮੰਨ ਕੇ ਆਤਮਾਂ, ਪ੍ਰਮਾਤਮਾਂ ਦੇ ਸੰਬੰਧਾਂ ਨੂੰ ਨਿਰੂਪਣ ਕਰਨਾ ਵੀ ਸੂਫੀਆਂ ਦੇ ਵਿਚਾਰਾਂ ਦੇ ਪ੍ਰਗਟਾਵੇ ਦਾ ਪ੍ਰਮੁੱਖ ਸਾਧਨ ਹੈ । ਇਸ ਸਾਧਨ ਦੀ ਵਰਤੋਂ ਗੁਰੂ ਨਾਨਕ ਬਾਣੀ ਵਿਚ ਵੀ ਅਤੇ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਹੋਈ ਹੈ । ਗੁਰੂ ਨਾਨਕ ਬਾਣੀ ਵਿਚ ਭਾਰਤੀ ਸੂਫੀ ਮੱਤ ਦੇ ਮੋਢੀ ਕਵੀ ਬਾਬਾ ਫਰੀਦ ਦੇ ਸ਼ਲੋਕਾਂ ਦੇ ਵਿਸ਼ਲੇਸ਼ਣ ਦੇ ਸੰਬੰਧ ਵਿਚ ਵੀ ਕੁਝ ਸ਼ਲੋਕ ਮਿਲਦੇ ਹਨ । ਇਨ੍ਹਾਂ ਸਲੋਕਾਂ ਵਿਚ ਸੂਫੀ ਵਾਦ ਦੇ ਅਤੇ ਵਿਸ਼ੇਸ਼

---

67. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ. 648
68. ਆਦਿ ਗ੍ਰੰਥ ਰਾਗ ਬਿਲਾਵਲ, ਮ.1, ਪੰ. 795
69. ਉਹੀ, ਪੰ. 1144
70. ਗੁਰੂ ਨਾਨਕ ਬਾਣੀ, ਪੰ. 136
71. ਉਹੀ, ਪੰ. 199

ਕਰਕੇ ਬਾਬਾ ਫ਼ਰੀਦ ਦੇ ਕੁਝ ਵਿਚਾਰਾਂ ਦੀ ਸਪੱਸ਼ਟਤਾ ਲਈ ਵਿਚਾਰ ਅੰਕਿਤ ਕੀਤੇ ਗਏ ਹਨ । ਇਨ੍ਹਾਂ ਸ਼ਲੋਕਾਂ ਵਿਚੋਂ ਕੁਝ ਕੁ ਨਿਮਨਲਿਖਤ ਅਨੁਸਾਰ ਹਨ :

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ।
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ।[72]

ਜਾਨੁਕੇ ਮੇਸੀਐ ਕੰਤ ਕੀ ਮੰਨੁ ਅਜੀਮ ਅਜਾਨੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ।[73]

ਭੁਚੇਰੀਏ ਸੁਹਾਗ ਕੂ ਤਉ ਤਨਿ ਕਾਈ ਰੇਹ ।
ਜਿਨਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ।[74]
ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ।
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ।[75]

ਉਪਰੋਕਤ ਸ਼ਲੋਕ ਸੂਫ਼ੀ ਮਤ (ਵਿਸ਼ੇਸ਼ ਕਰਕੇ ਬਾਬਾ ਫ਼ਰੀਦ ਜੀ ਦੇ ਵਿਚਾਰ ਨੂੰ ਸਪੱਸ਼ਟ ਕਰਨ ਲਈ ਰਚੇ ਗਏ ਹਨ । ਇਨ੍ਹਾਂ ਵਿਚ ਹਰ ਪ੍ਰਕਾਰ ਦੇ ਜਪ, ਤਪ ਅਤੇ ਹੱਠ, ਮਾਣ ਤਿਆਗ ਕੇ ਪ੍ਰਭੂ ਦੀ ਪੂਰਨ ਸ਼ਰਨਾਗਤੀ ਦਾ ਆਦੇਸ਼ ਹੈ ਅਤੇ ਉਸਦੀ ਨਦਰਿ ਦੀ ਪ੍ਰਾਪਤੀ ਦੀ ਤਾਂਘ ਦਰਜ ਹੈ ।

## ਫੁਟਕਲ ਮੱਤ ਮਤਾਂਤਰ

ਵੈਸ਼ਨਵ ਧਰਮ ਵਿਚਲੀਆਂ ਵਿਖਾਵੇ ਦੀਆਂ ਰਾਸਾਂ ਦੇ ਸੰਦਰਭ ਵਿਚ ਗੁਰੂ ਨਾਨਕ ਜੀ ਦਾ ਨਿਮਨ ਲਿਖਤ ਸ਼ਬਦ ਬੜਾ ਮਹੱਤਵ ਪੂਰਨ ਹੈ :

ਵਾਇਨਿ ਚੇਲੇ ਨਚਨਿ ਗੁਰ ।
ਪੈਰ ਹਲਾਇਨਿ ਫੇਰਨਿ ਸਿਰ ।
ਉਡਿ ਉਡਿ ਰਾਵਾ ਝਾਟੈ ਪਾਇ ।
ਵੇਖੈ ਲੋਕੁ ਹਸੈ ਘਰਿ ਜਾਇ ।
ਰੋਟੀਆ ਕਾਰਣਿ ਪੂਰਹਿ ਤਾਲ ।
ਆਪੁ ਪਛਾੜਹਿ ਧਰਤੀ ਨਾਲਿ ।[76]

72. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1540
73. ਆਦਿ ਗ੍ਰੰਥ, ਪੰ. 1379
74. ਉਹੀ, ਪੰ. 1384
75. ਉਹੀ
76. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1540

ਚੇਲੇ ਸਾਜ ਵਜਾਉਂਦੇ ਹਨ ਗੁਰੂ ਨੱਚਦੇ ਹਨ । ਪੈਰਾਂ ਨੂੰ ਤਾਲ ਦੇਂਦੇ ਹਨ, ਸਿਰ ਫੇਰਦੇ ਹਨ, ਮਿੱਟੀ ਉੱਡ ਉੱਡ ਕੇ ਉਨ੍ਹਾਂ ਦੇ ਸਿਰ ਪੈਂਦੀ ਹੈ । ਨੱਚਦਿਆਂ ਟੱਪਦਿਆਂ ਨੂੰ ਲੋਕ ਵੇਖਦੇ ਹਨ ਅਤੇ ਹੱਸਦੇ ਹੋਏ ਮਖੌਲ ਕਰਦੇ ਘਰਾਂ ਨੂੰ ਜਾਂਦੇ ਹਨ । ਭਾਈ ਇਹ ਲੋਕ ਤਾਂ ਸੁਆਰਥ ਦੇ ਲਾਲਚ ਲਈ ਨੱਚਦੇ ਹਨ, ਸੱਚੀ ਭਗਤੀ ਲਈ ਨਹੀਂ। ਜੋਗੀਆਂ ਦੇ ਦਿਗੰਬਰ ਫਿਰਕੇ ਲਈ :

ਦਇਆ ਦਿਗੰਬਰੁ, ਦੇਹ ਬੀਚਾਰੀ ।
ਆਪਿ ਮਰੈ ਅਵਰਾ ਨਹ ਮਾਰੀ ।[77]

ਜੇ ਅੰਦਰ ਦਇਆ ਵਸੀ ਹੋਵੇ ਅਤੇ ਸਰੀਰ ਦੀ ਸੋਝੀ ਵੀ ਰੱਖਦਾ ਹੋਵੇ ਤਾਂ ਹੀ ਨਾਂਗਾ ਸਾਧ (ਦਿਗੰਬਰ) ਅਖਵਾਉਣ ਦੇ ਹੱਕ ਰੱਖਦਾ ਹੈ , ਜਿਸਨੇ ਆਪਾ ਮਾਰ ਲਿਆ ਹੈ ਉਹ ਹਿੰਸਾ ਕਰ ਹੀ ਨਹੀਂ ਸਕਦਾ । ਠੱਗ ਲੋਕਾਂ ਦੇ ਪਾਖੰਡੀ ਅਚਾਰ ਬਾਰੇ :

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ।
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ।
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ।
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ।
ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ ।
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।[78]

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਧਰਮ ਅਤੇ ਧਾਰਮਿਕਤਾ ਦੇ ਪ੍ਰਸੰਗ ਵਿਚ ਯਥਾਰਥਿਕ ਅਤੇ ਵਿਗਿਆਨਕ ਪਹੁੰਚ ਨੂੰ ਅਪਣਾਇਆ ਗਿਆ ਹੈ । ਧਰਮ ਅਤੇ ਧਾਰਮਿਕ ਜੀਵਨ ਅਥਵਾ ਧਾਰਮਿਕਤਾ ਦੇ ਖੇਤ੍ਰ ਵਿਚ ਪਾਏ ਜਾਂਦੇ ਅੰਧ ਵਿਸ਼ਵਾਸ਼ਾਂ, ਵਿਖਾਵੇ ਦੇ ਕਰਮਕਾਂਡਾਂ ਅਤੇ ਪਾਖੰਡੀ ਅਚਾਰ ਪ੍ਰਤੀ ਨਿਸ਼ੇਧਾਤਮਕ ਦ੍ਰਿਸ਼ਟੀ ਪ੍ਰਸਤੁਤ ਕੀਤੀ ਗਈ ਹੈ ਅਤੇ ਇਨ੍ਹਾਂ ਖੇਤਰਾਂ ਵਿਚ ਮਨੁੱਖ ਨੂੰ ਅਮਲੀ ( Practical) ਹੋਣ ਦਾ ਆਦੇਸ਼ ਵੀ ਹੈ ਅਤੇ ਪ੍ਰੇਰਣਾ ਵੀ, ਧਰਮ ਬ੍ਰਹਿਮੰਡਕ ਪਸਾਰੇ ਵਿਚ ਵਿਚਲੀ ਸਚਾਈ ਨੂੰ ਪਛਾਣਨਾ ਹੈ ਅਤੇ ਧਾਰਮਿਕਤਾ ਇਸ ਸਚਾਈ ਨੂੰ ਪ੍ਰਾਪਤ ਕਰਨ ਲਈ ਇਸ ਨਾਲ ਇਕਮਿਕਤਾ ਹਾਸਿਲ ਕਰਨ ਲਈ ਅਤੇ ਇਸ ਸਚਾਈ ਦਾ ਅੰਗ ਬਣ ਜਾਣ ਲਈ ਕਥਨੀ ਅਤੇ ਕਰਨੀ ਦੀ ਏਕਤਾ ਵਾਲਾ ਜੀਵਨ ਜੀਉਣਾ ਹੈ । ਸੱਚ ਅਤੇ ਸੱਚਾ-ਆਚਾਰ ਗੁਰਮਤਿ ਦਾ ਮੂਲ ਹਨ ।

---

77. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 559
78. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 774

ਗੁਰੂ ਨਾਨਕ ਬਾਣੀ ਵਿਚ ਵੈਦਿਕ ਕਾਲ ਤੋਂ ਅਤੇ ਇਸ ਤੋਂ ਵੀ ਪਹਿਲਾਂ ਤੋਂ ਲੈ ਇਸ ਬਾਰੇ ਧਰਮਾਂ ਅਤੇ ਮਤਾਂ ਮਤਾਂਤਰਾਂ ਬਾਰੇ ਵਿਗਿਆਨਕ ( Scientific ਦ੍ਰਿਸ਼ਟੀ ਨੂੰ ਅਪਣਾਇਆ ਗਿਆ ਹੈ। ਇਨ੍ਹਾਂ ਧਰਮਾਂ ਅਤੇ ਮਤਾਂ ਮਤਾਂਤਰਾਂ ਦੇ ਦਰਸ਼ਨ ਦੀਆਂ ਚੰਗੀਆਂ ਗੱਲਾਂ ਦਾ ਸਤਿਕਾਰ ਕੀਤਾ ਗਿਆ ਹੈ ਅਤੇ ਪਖੰਡਵਾਦ ਤੇ ਫੋਕੀਆਂ ਦਿਖਾਵੇ ਦੀਆਂ ਰਸਮਾਂ ਤੇ ਪੂਜਾ-ਵਿਧੀਆਂ ਦਾ ਖੰਡਨ ਵੀ ਕੀਤਾ ਗਿਆ ਹੈ। ਇਹ ਖੰਡਨ ਕੇਵਲ ਵਿਰੋਧ ਲਈ ਨਹੀਂ ਕੀਤਾ ਗਿਆ ਸਗੋਂ ਠੋਸ ਦਲੀਲ ਦੇ ਨਾਲ ਗੁਣਾਂ ਔਗੁਣਾਂ ਦੇ ਆਧਾਰ ਤੇ ਕੀਤਾ ਗਿਆ ਹੈ। ਵੈਦਿਕ ਮਤ ਅਰਥਾਤ ਹਿੰਦੂ ਮੱਤ ਅਤੇ ਇਸਲਾਮ ਮਤ ਦੀਆਂ ਸ਼ਾਖਾਵਾਂ, ਵੈਸ਼ਨਵ, ਸ਼ਾਕਤ, ਸ਼ੈਵ ਅਤੇ ਹੋਰ ਦਵੈਤਵਾਦੀ ਅਦਵੈਤਵਾਦੀਆਂ ਆਦਿ ਬਾਰੇ ਵਿਚਾਰ ਅੰਕਿਤ ਹਨ। ਇਨ੍ਹਾਂ ਤੋਂ ਇਲਾਵਾ ਬੁੱਧ ਮਤ, ਜੋਗ ਮਤ ਅਤੇ ਜੈਨ ਮਤ ਬਾਰੇ ਵੀ ਸਦਾਚਾਰਕ ਪਹੁੰਚ ਮਿਲਦੀ ਪ੍ਰਾਪਤ ਹੈ। ਤ੍ਰੈ-ਦਰਸ਼ਨ ਦੇ ਅੰਤਰਗਤ ਸਾਂਖ ਅਤੇ ਨਿਆਏ - ਵਿਸ਼ੇਸ਼ਕ ਆਦਿ ਬਾਰੇ ਵੀ ਸੰਕੇਤ ਪ੍ਰਾਪਤ ਹਨ। ਇਨ੍ਹਾਂ ਭਾਰਤੀ ਮਤਾਂ ਮਤਾਂਤਰਾਂ ਤੋਂ ਇਲਾਵਾ ਅਭਾਰਤੀ ਮੱਤ ਜਿਵੇਂ ਕੇ ਇਸਲਾਮ ਅਤੇ ਸੂਫ਼ੀਮਤ ਬਾਰੇ ਵੀ ਕਈਂ ਵਿਚਾਰ ਪ੍ਰਾਪਤ ਹੈ। ਗੁਰੂ ਨਾਨਕ ਬਾਣੀ ਇਨ੍ਹਾਂ ਸਮੂਹ ਧਰਮਾਂ ਦੇ ਵਿਸ਼ਲੇਸ਼ਣ ਉਪਰੰਤ ਇਕ ਸਦਵਿਵੇਕਵਾਦੀ ਆਪਣਾ ਮਤ ਵੀ ਪੇਸ਼ ਕਰਦੀ ਹੈ। ਜਿਸਨੂੰ ਕਿ ਸਿੱਖ ਮਤ ਜਾਂ ਸਿੱਖ ਧਰਮ ਦੇ ਸਰੂਪ ਵਿਚ ਭਾਰਤ ਵਿਚ ਉਭਰਿਆ ਅਤੇ ਭਾਰਤੀ ਸਭਿਆਚਾਰ ਤੇ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਭਾਰਤੀ ਸਮਾਜ ਅਤੇ ਸਭਿਆਚਾਰ ਨੂੰ ਇਕ ਨਵੀਂ ਅਤੇ ਵਿਗਿਆਨਕ ਦਿਸ਼ਾ ਪ੍ਰਦਾਨ ਕਰਦੇ ਹਨ। ਇਨ੍ਹਾਂ ਵਾਰਤਾਲਾਪਾਂ ਦੁਆਰਾ ਗੁਰੂ ਜੀ ਨੇ ਸੰਬੋਧਨੀ ਸ਼ੈਲੀ ਵਿੱਚ ਜਿਥੇ ਕਿਤੇ ਵੀ ਕਿਸੇ ਮਤ ਦੀ ਉਣਤਾਈ ਵੇਖੀ ਹੈ ਜਾਂ ਉਸ ਮਤ ਦੀ ਕਥਨੀ ਤੇ ਕਰਣੀ ਵਿਚ ਅੰਤਰ ਵੇਖਿਆ ਹੈ, ਉਥੇ ਹੀ ਬੜੀ ਨਿੱਡਰ, ਸਚਾਈ ਭਰਪੂਰ ਅਤੇ ਤੱਥਮਈ ਟਿਪਣੀ ਅੰਕਿਤ ਕੀਤੀ ਹੈ। ਗੁਰੂ ਜੀ ਵੱਖ ਵੱਖ ਧਰਮਾਂ ਨਾਲ ਵਾਰਤਾਲਾਪ ਰਚਾਉਂਦੇ ਸਮੇਂ ਕਦੇ ਵੀ ਭਾਵੁਕਤਾ ਵਿਚ ਨਹੀਂ ਵਹਿੰਦੇ, ਜਦੋਂ ਉਹ ਕਿਸੇ ਧਰਮ ਜਾਂ ਧਾਰਮਿਕ ਵਿਅਕਤੀ ਨਾਲ ਸੰਵਾਦ ਰਚਾਉਂਦੇ ਹਨ ਤਾਂ ਦ੍ਰਿਸ਼ਟਮਾਨ ਦੀ ਪੱਧਰ ਤੇ ਅਜਿਹੀ ਵਿਗਿਆਨਕ ਪਹੁੰਚ ਵਿਧੀ ਨੂੰ ਅਪਣਾਉਂਦੇ ਹਨ ਕਿ ਵਿਰੋਧੀ ਧਿਰ ਕੋਲ ਉਨ੍ਹਾਂ ਦੀ 'ਕਾਟ' ਦਾ ਕੋਈ ਉੱਤਰ ਨਹੀਂ ਹੁੰਦਾ। ਫਿਰ ਵਾਧੇ ਦੀ ਗੱਲ ਇਹ ਹੈ ਕਿ ਗੁਰੂ ਜੀ ਭਾਰਤ ਅਤੇ ਭਾਰਤ ਤੋਂ ਬਾਹਰ ਆਪ ਚਲ ਕੇ ਉਨ੍ਹਾਂ ਥਾਵਾਂ ਤੇ ਗਏ ਹਨ ਜਿਥੇ ਜਿਥੇ ਧਾਰਮਿਕ ਗੜ੍ਹ ਸਨ। ਪ੍ਰਦੇਸ਼ ਵਿਚ ਜਾ ਕੇ ਕਿਸੇ ਦੇ ਧਰਮ ਤੇ ਟਿਪਣੀ ਕਰਨੀ ਆਮ ਬੌਧਿਕ

ਵਿਅਕਤੀ ਦਾ ਕੰਮ ਨਹੀਂ । ਅਜਿਹਾ ਕਾਰਜ ਤਾਂ ਨਿਡੱਰ ਸ਼ਖਸੀਅਤ ਵਾਲਾ ਮਹਾਨ ਵਿਅਕਤੀ ਹੀ ਕਰ ਸਕਦਾ ਸੀ । ਗੁਰੂ ਜੀ ਨੇ ਵੱਖ ਵੱਖ ਧਰਮਾਂ ਦੇ ਲੋਕਾਂ ਅਤੇ ਧਾਰਮਿਕ ਰਹਿਬਰਾਂ ਨੂੰ ਸਚਾਈ ਦੀ ਪਛਾਣ ਕਰਨ ਲਈ ਕਿਹਾ ਹੈ । ਕਿਸੇ ਧਰਮ ਜਾਂ ਮਤ ਦੀ ਨਿਖੇਧੀ ਨਹੀਂ ਕੀਤੀ ਸਗੋਂ ਝੂਠ, ਤੇ ਦਿਖਾਵਟ ਅਥਵਾ ਭੇਖ ਤੇ ਪਖੰਡ ਦੀ ਨਿਖੇਧੀ ਕੀਤੀ ਹੈ । ਗੁਰੂ ਜੀ ਦੀ ਇਸ ਦ੍ਰਿਸ਼ਟੀ ਨੇ ਪੰਜਾਬ ਵਿਚ ਤਾਂ ਇਕ ਕ੍ਰਾਂਤੀਕਾਰ ਸਭਿਆਚਾਰਕ ਪਰਿਵਰਤਨ ਲਿਆਂਦਾ ਜੋ ਸਿੱਖ ਲਹਿਰ ਦੇ ਰੂਪ ਵਿੱਚ ਪਰਫੁਲਤ ਹੋਇਆ ਅਤੇ ਆਮ ਹਿੰਦੂਸਤਾਨੀ ਨੂੰ ਕਹਿਣੀ ਅਤੇ ਕਥਨੀ ਦਾ ਇਕ ਹੋਣ ਦੀ ਪ੍ਰੇਰਨਾ ਦਿਤੀ ।

ਅਧਿਆਏ ਚੌਥਾ

## ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ

ੳ) ਵਾਰਤਾਲਾਪ ਸਰੂਪ ਅਤੇ ਪਰਿਭਾਸ਼ਾ, ਉਦੇਸ਼ ਤੇ ਕਾਰਜ

ਅ) ਗੁਰੂ ਨਾਨਕ ਬਾਣੀ ਦੀ ਵਾਰਤਾਲਾਪੀ- ਸ਼ੈਲੀ

ੲ) ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਅਧਿਐਨ

## ਅਧਿਆਏ ਚੌਥਾ

## ਵਾਰਤਾਲਾਪ ਸਰੂਪ ਤੇ ਪਰਿਭਾਸ਼ਾ

ਮਨੁੱਖੀ ਸਭਿਅਤਾ ਅਤੇ ਸਭਿਆਚਾਰ ਦੀ ਰੀੜ੍ਹ ਦੀ ਹੱਡੀ ਵਾਰਤਾਲਾਪ ਹੀ ਹੈ । ਮਨੁੱਖ ਨੇ ਸਮਾਜ ਦੀ ਨੀਂਹ ਨੂੰ ਚਿਤਵਿਆਂ ਹੀ ਵਾਰਤਾਲਾਪ ਦੀ ਸ਼ਕਤੀ ਦੁਆਰਾ ਸੀ। ਸਮਾਜ ਵਿਅੱਕਤੀਆਂ ਦਾ ਸਮੂਹ ਹੈ। ਵਿਅਕਤੀ ਆਪਣੀਆਂ ਭਾਵਨਾਵਾਂ, ਵਿਚਾਰਾਂ ਤੇ ਸੰਕਲਪਾਂ ਦਾ ਸੰਚਾਰ ਵਾਰਤਾਲਾਪ ਦੁਆਰਾ ਕਰਦੇ ਹਨ । ਵਾਰਤਾਲਾਪ ਦੁਆਰਾ ਹੀ ਮਨੁੱਖ ਆਪਣੇ ਖਿਆਲਾਂ ਨੂੰ ਦੂਸਰਿਆਂ ਨਾਲ ਸਾਝਾਂ ਕਰਦਾ ਹੈ ਇਸ ਸਾਂਝ ਦਾ ਨਾਮ ਹੀ ਮਨੁੱਖੀ ਸਮਾਜ ਹੈ । ਇਸ ਤਰ੍ਹਾਂ ਵਾਰਤਾਲਾਪ ਦਾ ਘੇਰਾ ਵਿਅਕਤੀਗਤ ਇਨਸਾਨ ਤੋਂ ਚਲਕੇ ਸਮੁੱਚੇ ਸਮਾਜ ਦੀਆਂ ਸਮਾਜਿਕ, ਧਾਰਮਿਕ, ਸਦਾਚਾਰਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਕ੍ਰਿਆਵਾਂ ਤੱਕ ਪਸਰ ਜਾਂਦਾ ਹੈ । ਜੇ ਅਸੀਂ ਇਹ ਕਹਿ ਦੇਈਏ ਕਿ ਕਿਸੇ ਭਾਸ਼ਾ ਦੇ ਵਾਰਤਾਲਾਪ ਨੂੰ ਸਮਝਣਾਂ ਉਸ ਭਾਸ਼ਾ ਦੇ ਬੋਲਣ ਵਾਲੇ ਲੋਕਾਂ ਦੇ ਸਮੁੱਚੇ ਸਮਾਜ ਨੂੰ ਸਮਝਣ ਦੇ ਸਮਾਨ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਲਈ ਵਾਰਤਾਲਾਪ ਦਾ ਕੋਈ ਨਿਸਚਤ ਸਰੂਪ ਮਿਥ ਸਕਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜਰੂਰ ਹੈ ।

ਵਾਰਤਾਲਾਪ ਦੀ ਭਾਸ਼ਾ ਅਤੇ ਮਨੁੱਖੀ ਜ਼ਿੰਦਗੀ ਵਿਚ ਇਸਦੀ ਮਹਾਨਤਾ ਬਾਰੇ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ :

ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ।
ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ।[1]

ਅਰਥਾਤ ਮਨੁੱਖਾ ਜੀਵਨ ਦਾ ਪ੍ਰਮੁੱਖ ਉਦੇਸ਼ ਇਸ ਜੀਵਨ ਵਿਚ ਕੁਛ ਕਹਿਣ ਅਤੇ ਕੁਛ ਸੁਣਨ ਦੀ ਕ੍ਰਿਆ ਨੂੰ ਅਮਲ ਵਿਚ ਲਿਆਉਣਾ ਹੈ । ਇਸੇ ਕ੍ਰਿਆ ਦੁਆਰਾ ਮਨੁੱਖ ਸਮਾਜਕ ਪ੍ਰਾਣੀਆਂ ਨੂੰ ਸਮਝ ਸਕਦਾ ਹੈ ਅਤੇ ਇਸ ਕ੍ਰਿਆ ਦੁਆਰਾ ਮਨੁੱਖ ਸਮਾਜਕ ਪ੍ਰਾਣੀਆਂ ਨੂੰ ਸਮਝ ਸਕਦਾ ਹੈ ਅਤੇ ਇਸ ਕ੍ਰਿਆ ਦੁਆਰਾ ਦੂਸਰਿਆਂ ਨੂੰ ਆਪਣੇ ਵਿਚਾਰ ਦੱਸ ਸਕਦਾ ਹੈ । ਫਿਰ ਇਸੇ ਪ੍ਰਕ੍ਰਿਆ ਦੁਆਰਾ ਸਤਿ ਸੰਗਤ ਕਰਕੇ ਭਾਵ ਸਾਗਰ ਵੀ ਪਾਰ ਕਰ ਸਕਦੇ ਹਨ ।

---

1. ਆਦਿ ਗ੍ਰੰਥ, ਰਾਗ ਧਨਾਸਰੀ, ਮਃ1, ਪੰ: 661

## ਵਾਰਤਾਲਾਪ ਦੇ ਉਦੇਸ਼ ਤੇ ਕਾਰਜ

ਵਾਰਤਾਲਾਪ ( Dialogue ) ਦਾ ਕਾਰਜ, ਵਿਚਾਰਾਂ, ਖਿਆਲਾਂ ਅਤੇ ਭਾਵਾਂ ਦਾ ਪ੍ਰਸਾਰ ਕਰਨਾ ਹੁੰਦਾ ਹੈ । ਇਸ ਪ੍ਰਸਾਰ ਵਿਚ ਵਕਤਾ ਦਾ ਕੋਈ ਨਾ ਕੋਈ ਉਦੇਸ਼ ਮੰਤਵ ਜਾਂ ਦ੍ਰਿਸ਼ਟੀਕੋਣ ਹੁੰਦਾ ਹੈ ਜਿਹੜਾ ਉਹ ਆਪਣੇ ਸਰੋਤਾ/ਸਰੋਤਾਜਨ ਜਾਂ ਪਾਠਕ ਤੱਕ ਪਹੁੰਚਾਉਣਾ ਚਾਹੁੰਦਾ ਹੈ । ਵਾਰਤਾਲਾਪ ਦਾ ਮਾਧਿਅਮ ਭਾਸ਼ਾ, ਬਿੰਬ,ਪ੍ਰਤੀਕ ਤੇ ਰੂਪਕ ਆਦਿ ਸੰਦ ਹੁੰਦੇ ਹਨ। ਇਨ੍ਹਾਂ ਦੀ ਸਹਾਇਤਾ ਨਾਲ ਵਾਰਤਾਲਾਪ ਦਾ ਕਾਰਜ ਉਸਾਰਿਆ ਜਾਂਦਾ ਹੈ । ਵਾਰਤਾਲਾਪ ਦਾ ਇਕ ਲੱਛਣ ਇਹ ਵੀ ਹੁੰਦਾ ਹੈ ਕਿ ਇਹ ਹਮੇਸ਼ਾਂ ਦੋ ਸਿਰਿਆਂ ਦੇ ਵਿਚਕਾਰ ਹੋਂਦ ਵਿਚ ਆਉਂਦਾ ਹੈ । ਇਹ ਦੋ ਸਿਰੇ ਹਨ ਵਕਤਾ ਤੇ ਸਰੋਤਾ, ਲੇਖਕ ਤੇ ਪਾਠਕ ।

ਕਈ ਵਾਰ ਤਾਂ ਵਾਰਤਾਲਾਪ ਰਚੇਤਾ ਆਪਣੇ ਮੰਤਵ ਨੂੰ ਸਿਧੇ ਸਪੱਸ਼ਟ ਸ਼ਬਦਾਂ ਵਿਚ ਪੇਸ਼ ਕਰਦਾ ਹੈ ਅਤੇ ਕਈ ਵਾਰ ਉਹ ਚਿੰਨ੍ਹਾਂ, ਸੰਕੇਤਾਂ ਅਤੇ ਪ੍ਰਤੀਕਾਂ ਦੀ ਸਹਾਇਤਾ ਨਾਲ ਆਪਣੇ ਮੰਤਵ ਨੂੰ ਪ੍ਰਗਟ ਕਰਦਾ ਹੈ । ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਬਹੁਤੀ ਵਾਰੀ ਦੂਸਰੇ ਕਾਰਜ ਪ੍ਰਸਾਰ ਦੁਆਰਾ ਪੇਸ਼ ਹੁੰਦਾ ਹੈ । ਗੁਰੂ ਜੀ ਦਾ ਉਦੇਸ਼ ਪਾਰਲੌਕਿਕ 'ਸਤਿ' ਪ੍ਰਮਾਤਮਾਂ ਦੀ ਹੋਂਦ ਦੀ ਵਾਸਤਵਿਕਤਾ ਬਾਰੇ ਸੰਦੇਸ਼ ਦੇਣਾ ਹੁੰਦਾ ਹੈ ਪਰ ਵਾਰਤਾਲਾਪ ਦਾ ਕਾਰਜ-ਪ੍ਰਸਾਰ ਲੌਕਿਕ ਜਗਤ ਦੁਆਰਾ ਨਿਰਮਿਤ ਪ੍ਰਪੰਚ ਦੁਆਰਾ ਕੀਤਾ ਜਾਂਦਾ ਹੈ । ਗੁਰੂ ਜੀ ਗੋਚਰ ਪ੍ਰਪੰਚ ਦੀ ਉਸਾਰੀ ਕਰਦੇ ਰਹਿੰਦੇ ਹਨ ਅਤੇ ਅੰਤਲੀਆਂ ਪੰਕਤੀਆਂ ਵਿਚ ਪਾਰਲੌਕਿਕ ਸਚ ਦੀ ਗੱਲ ਕਰਕੇ ਲੌਕਿਕ ਪ੍ਰਪੰਚ ਨੂੰ ਨਿਸ਼ੇਧ ਕਰ ਦੇਂਦੇ ਹਨ ।

## ਵਾਰਤਾਲਾਪ ਦੀ ਪ੍ਰਕ੍ਰਿਆ-ਵਾਰਤਾਲਾਪੀ ਸ਼ੈਲੀ

ਗੁਰੂ ਨਾਨਕ ਬਾਣੀ ਵਿਚ ਪਾਏ ਗਏ ਵਾਰਤਾਲਾਪ ਦੀ ਪ੍ਰਕ੍ਰਿਤੀ ਬਹੁ-ਪਰਕਾਰੀ ਹੈ । ਕਈ ਥਾਵਾਂ ਤੇ ਇਹ ਸੰਵਾਦ ਕਿਸੇ ਇਕ ਵਿਸ਼ੇਸ਼ ਫ਼ਿਰਕੇ ਨਾਲ ਰਚਾਇਆ ਗਿਆ ਹੈ ਅਤੇ ਕਈ ਥਾਵਾਂ ਤੇ ਇਕ ਤੋਂ ਵਧੀਕ ਧਰਮਾਂ ਜਾਂ ਫ਼ਿਰਕਿਆਂ ਨਾਲ ਇਕੱਠਾ ਹੀ ਰਚਾਇਆ ਗਿਆ ਹੈ । ਕਈ ਥਾਵਾਂ ਤੇ ਸੰਵਾਦ ਵਿਅੱਕਤੀ ਮੁੱਖ ਹੈ ਅਤੇ ਕਈ ਥਾਵਾਂ ਤੇ ਪੂਰੀ ਸ਼੍ਰੇਣੀ ਜਾਂ ਧਰਮ ਮੁੱਖ ਹੈ। ਜਿਥੇ ਵਿਅਕਤੀਗਤ ਆਚਰਣ ਦੀ ਕਮਜ਼ੋਰੀ ਹੈ ਉਥੇ ਸੰਵਾਦ ਵਿਅਕਤੀ ਨੂੰ ਸੰਬੋਧਨ ਕਰਕੇ ਉਸਦੇ ਗੁਣਾਂ, ਔਗੁਣਾਂ ਦੇ ਅਧਾਰ ਤੇ ਰਚਾਇਆ ਗਿਆ ਹੈ ਜਿਥੇ ਕਿਸੇ ਸਿਧਾਂਤਕ ਵਿਚਾਰ ਅਥਵਾ ਧਾਰਮਿਕ ਕਰਮਕਾਂਡ ਜਾਂ ਅਚਾਰ-ਵਿਹਾਰ ਨਾਲ ਮਤ ਭੇਦ ਹੈ

ਉਥੇ ਸਮੁੱਚੇ ਵਰਗ ਨੂੰ ਹੀ ਵਾਰਤਾਲਾਪ ਦੁਆਰਾ ਸੰਬੋਧਨ ਕੀਤਾ ਗਿਆ ਹੈ । ਕਈ ਥਾਵਾਂ ਤੇ ਵਾਰਤਾਲਾਪ ਪ੍ਰਭੂ ਨੂੰ ਸੰਬੋਧਨ ਹੈ ਅਤੇ ਕਈ ਥਾਵਾਂ ਤੇ ਮਨ ਜਾਂ ਆਮ ਵਿਅਕਤੀ ਨੂੰ । ਕਈ ਥਾਵਾਂ ਤੇ ਇਹ ਸੰਬੋਧਨ ਰਾਜ-ਅਧਿਕਾਰੀਆਂ ਦੇ ਵਿਸ਼ੇਸ ਵਰਗ ਜਾਂ ਪੁਜਾਰੀਆਂ ਦੇ ਜਾਂ ਆਤਮਿਕ ਸਾਧਨਾਂ ਕਰਨ ਵਾਲੇ ਵਰਗ ਦੇ ਵਿਅਕਤੀ-ਵਿਸ਼ੇਸ਼ ਨੂੰ ਵੀ ਸੰਬੋਧਨ ਕਰਦਾ ਹੈ । ਇਕ ਪ੍ਰਕਾਰ ਦਾ ਸੰਵਾਦ ਅਜਿਹਾ ਵੀ ਪ੍ਰਾਪਤ ਹੈ ਜਿਸ ਵਿਚ ਇਕੋ ਸਮੇਂ ਕਈ ਧਰਮਾਂ ਨੂੰ ਸੰਬੋਧਨ ਕੀਤਾ ਗਿਆ ਹੈ । ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਨੂੰ ਅਸੀਂ ਨਿਮਨ ਲਿਖਤ ਵਰਗਾਂ ਵਿਚ ਵੰਡਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਇਸ ਦੇ ਸੁਭਾਅ ਅਤੇ ਉਦੇਸ਼ ਨੂੰ ਭਲੀ ਪ੍ਰਕਾਰ ਸਮਝ ਸਕੀਏ :

1. ਕਿਸੇ ਧਰਮ ਦੇ ਸਾਧਾਰਨ ਵਿਅਕਤੀ ਨਾਲ ਰਚਾਇਆ ਗਿਆ ਵਾਰਤਾਲਾਪ
2. ਧਰਮ ਦੇ ਵਿਅਕਤੀ ਵਿਸ਼ੇਸ਼ ਨਾਲ ਰਚਾਇਆ ਗਿਆ ਸੰਵਾਦ
3. ਧਰਮ ਦੇ ਸਿਧਾਂਤਕ ਵਿਚਾਰਾਂ ਨਾਲ ਰਚਾਇਆ ਗਿਆ ਸੰਵਾਦ
4. ਬਹੁ-ਧਰਮੀ-ਵਾਰਤਾਲਾਪ

<u>ਸਾਧਾਰਣ ਵਿਅਕਤੀ ਨਾਲ ਰਚਾਇਆ ਗਿਆ ਸੰਵਾਦ :</u>

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਮੰਤਵ ਕਿਸੇ ਧਰਮ ਦੀ ਨਿੰਦਿਆ ਕਰਨੀ ਜਾਂ ਖੰਡਨ ਕਰਨਾ ਨਹੀਂ ਸੀ । ਆਪ ਦਾ ਉਦੇਸ਼ ਤਾਂ ਧਰਮ ਦੀ ਬੁਨਿਆਦ, ਧਰਮ ਦੀ ਮੂਲ ਸਚਾਈ ਨੂੰ ਸਮਝਣ ਸਮਝਾਉਣ ਦਾ ਸੀ । ਆਪ ਨਾਂ ਤਾਂ ਹਿੰਦੂ ਮਤ ਦੇ ਵਿਰੋਧੀ ਸਨ ਨਾ ਇਸਲਾਮ ਦੇ ਵਿਰੋਧੀ ਸਨ । ਆਪ ਨਾਂ ਵੈਸ਼ਨਵਾਂ, ਨਾਂ ਸ਼ੈਵਾਂ ਨਾ ਜੋਗੀਆਂ, ਨਾਂ ਜੈਨੀਆਂ, ਨਾਂ ਬੋਧੀਆਂ ਆਦਿ ਦੇ ਧਾਰਮਿਕ ਵਿਸ਼ਵਾਸ਼ ਨੂੰ ਮਾੜਾ ਆਖਿਆ ਹੈ ਸਗੋਂ ਇਸ ਗੱਲ ਤੇ ਜੋਰ ਦਿੱਤਾ ਹੈ ਕਿ ਜੇ ਮੁਸਲਮਾਨ ਹੈ ਤਾਂ ਉਹ ਸੱਚਾ ਮੁਸਲਮਾਨ ਬਣੇ , ਜੇ ਹਿੰਦੂ ਹੈ ਤਾਂ ਸਚਾ ਹਿੰਦੂ ਬਣੇ ਜੇ ਜੋਗੀ, ਬੋਧੀ ਜਾਂ ਜੈਨੀ ਹੈ ਤਾਂ ਸੱਚਾ ਹੋਵੇ, ਪਾਖੰਡੀ ਭੇਖੀ ਤੇ ਢੋਂਗੀ ਨਾ ਹੋਵੇ। ਇਸ ਲਈ ਗੁਰੂ ਨਾਨਕ ਬਾਣੀ ਵਿਚ ਅੰਤਰਧਰਮੀ ਵਾਰਤਾਲਾਪ ਦੇ ਇਸ ਵਰਗ ਅਧੀਨ ਹਰ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਸੰਬੋਧਨੀ ਸੁਰ ਵਿਚ ਇਹ ਸਮਝਾਇਆ ਗਿਆ ਹੈ ਕਿ ਉਹ ਸਚੇ ਤੇ ਸੁੱਚੇ ਇਨਸਾਨ ਬਣ ਕੇ ਆਪਣੀ ਆਪਣੇ ਧਰਮ ਜਾਂ ਫਿਰਕੇ ਦੀ ਸਹੀ ਸਹੀ ਪ੍ਰਤੀਨਿਧਤਾ ਕਰਨ ।

ਹਿੰਦੂ ਧਰਮ ਵਿਚ ਪ੍ਰਚੱਲਤ ਵਿਸ਼ਵਾਸਾਂ ਅਨੁਸਾਰ ਬ੍ਰਾਹਮਣ ਨੂੰ ਉਤਮ ਜੀਵ ਮੰਨਿਆ ਜਾਂਦਾ ਹੈ ਅਤੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਹ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਇਆ

ਹੈ। ਇਸ ਤਰ੍ਹਾਂ ਬਾਕੀ ਵਰਣਾ, ਖਤਰੀ, ਵੈਸ਼ ਅਤੇ ਸ਼ੂਦਰ ਬਾਰੇ ਵੀ ਵਿਸ਼ਵਾਸ਼ ਪ੍ਰਚੱਲਤ ਹੈ। ਇਸ ਵਿਸ਼ਵਾਸ਼ ਅਧੀਨ ਪੰਡਿਤ ਲੋਕ, ਜਨ ਸਧਾਰਣ ਨੂੰ ਵਹਿਮਾਂ ਭਰਮਾਂ ਵਿਚ ਪਾਕੇ, ਜਨਤਾ ਦਾ ਲਹੂ ਚੂਸਦੇ ਰਹੇ ਹਨ, ਆਪਣੇ ਆਪ ਨੂੰ ਸਵਰਨ ਸ਼੍ਰੇਣੀ ਦੇ ਹੋਣ ਦੇ ਹੰਕਾਰ ਵਿਚ ਰੱਬੀ ਸ਼ਕਤੀ ਤੋਂ ਭੁਲੇ ਹੋਏ ਸਨ। ਗੁਰੂ ਜੀ ਨੇ ਹਰ ਬ੍ਰਾਹਮਣ ਸਧਾਰਣ ਵਿਅਕਤੀ ਨਾਲ ਸੰਵਾਦ ਰਚਾਦਿਆਂ ਹੋਇਆਂ ਕਿਹਾ ਹੈ :

ਇਕਿ ਪਾਂਧੇ ਪੰਡਿਤ ਮਿਸਰ ਕਹਾਵਹਿ
ਦੁਬਿਧਾ ਰਾਤੇ ਮਹਲੁ ਨ ਪਾਵਹਿ ।[2]

ਕੁਝ ਅਜਿਹੇ ਲੋਕ ਹਨ ਜਿਹੜੇ ਆਪਣੇ ਆਪ ਨੂੰ ਪੰਡਿਤ ਅਖਵਾਉਂਦੇ ਹਨ ਪਰ ਅਸਲੀਅਤ ਦੀ ਸੋਝੀ ਨਹੀਂ ਰੱਖਦੇ ਦੁਚਿੱਤੀ ਦਾ ਸ਼ਿਕਾਰ ਹਨ ਇਸੇ ਲਈ ਪ੍ਰਭੂ ਦੇ ਦਰ ਪ੍ਰਵਾਣ ਨਹੀਂ ਹੁੰਦੇ ।

ਸੁਣਿ ਪਾਡੇ ਕਿਆ ਖ ਲਿਖਹੁ ਜੰਜਾਲਾ ।
ਲਿਖੁ ਰਾਮਨਾਮ ਗੁਰਮੁਖਿ ਗੋਪਾਲਾ ।ਰਹਾਉ।[3]

ਹੇ ਪੰਡਤ ਤੂੰ ਕਰਮ ਕਾਂਡ ਦੇ ਜੰਜਾਲ ਬਾਰੇ ਨਿਰਮੂਲ ਸੰਸਾਰਿਕ ਧੰਧਿਆਂ ਵਾਲੇ ਲੇਖ ਕਿਉਂ ਲਿਖੀ ਜਾਂਦਾ ਹੈ ? ਕਦੀ ਸੰਸਾਰ ਦੇ ਪਾਲਣਹਾਰੇ ਰਾਮ ਦਾ ਨਾਮ ਵੀ ਲਿਖਿਆ ਕਰ ।

ਗੁਰੂ ਜੀ ਰਾਮਕਲੀ ਰਾਗ ਵਿਚ ਸਧਾਰਣ ਜਾਤੀ-ਵੰਡ ਵਿੱਚ ਆਪ ਨੂੰ ਉਚਾ ਸਮਝਣ ਵਾਲੇ ਅਤੇ ਗਿਆਨਵਾਨ ਸਮਝਣ ਵਾਲੇ ਪੰਡਿਤ ਨਾਲ ਸੰਵਾਦ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ, ਪੜ੍ਹਿਆ ਹੋਇਆ ਪੰਡਿਤ ਉਸਨੂੰ ਹੀ ਕਹਿਣਾ ਚਾਹੀਦਾ ਹੈ ਜਿਹੜਾ ਸੁਤੇ ਸਿਧ ਵਿਦਿਆ ਦੁਆਰਾ ਜੀਵਨ ਵਿਚ ਵਿਚਰਦਾ ਹੈ। ਅਜਿਹਾ ਪੰਡਿਤ ਵਿਦਿਆ ਦੁਆਰਾ ਆਪਣੇ ਆਪੇ ਨੂੰ ਦੋਸ਼ ਰਹਿਤ ਕਰਦਾ ਹੈ ਅਤੇ ਪ੍ਰਭੂ ਨਾਮ ਵਿਚ ਸੁਰਤ ਜੋੜ ਕੇ ਸਚ ਦੀ ਖੋਜ ਕਰਦਾ ਹੈ ਜਿਵੇਂ :

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ।
ਬਿਦਿਆ ਸੋਧੈ ਤਤੁ ਲਹੈ ਰਾਮਨਾਮ ਲਿਵ ਲਾਇ ।
ਮਨਮੁਖ ਬਿਦਿਆ ਬਿਕਦਾ ਬਿਖੁ ਖਟੇ ਬਿਖੁ ਖਾਇ ।
ਮੂਰਖ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ।[4]

---

2. ਆਦਿ ਗ੍ਰੰਥ, ਰਾਗ ਰਾਮਕਲੀ, ਮ:੧,ਪੰ: 904-
3. ਗੁਰੂ ਨਾਨਕ ਬਾਣੀ ਭਾਗ ਦੂਜਾ,ਪੰ: 926
4. ਉਹੀ, ਪੰ: 976

ਉਪਰੋਕਤ ਪੰਕਤੀਆਂ ਵਿਚ ਗੁਰੂ ਨਾਨਕ ਜੀ ਫੁਰਮਾਉਂਦੇ ਹਨ ਭਾਈ ਉਸ ਪੰਡਿਤ ਨੂੰ ਗੁਰਮੁਖ ਮੰਨਣਾ ਚਾਹੀਦਾ ਹੈ ਜਿਹੜਾ ਆਪਣੇ ਵਿਦਿਆਰਥੀਆਂ ਨੂੰ ਸੱਚੀ ਸਿਖਿਆ ਦੇਵੇ। ਨਾਮ-ਜਪਣਾ,ਨਾਮ-ਧਨ ਇਕੱਠਾ ਕਰਨਾ, ਮਨ ਵਿਚ ਸਚ ਵਸ ਜਾਣਾ,ਸੱਚੀ ਪੱਟੀ ਹੋਣੀ ਚਾਹੀਦੀ ਹੈ ਅਤੇ ਪ੍ਰਭੂ ਨਾਮ ਦਾ ਸ੍ਰੇਸ਼ਟ ਸ਼ਬਦ ਪੜ੍ਹਿਆ ਜਾਣਾ ਚਾਹੀਦਾ ਹੈ। ਉਹ ਪੰਡਿਤ ਪੜ੍ਹਿਆ ਅਤੇ ਸਿਆਣਾ ਹੈ ਜਿਸ ਦੇ ਗਲ ਵਿਚ ਪ੍ਰਮਾਤਮਾ ਦੇ ਨਾਮ ਦਾ ਹਾਰ ਹੈ।

ਗੁਰੂ ਜੀ ਬ੍ਰਾਹਮਣ ਉਸ ਵਿਅਕਤੀ ਨੂੰ ਨਹੀਂ ਮੰਨਦੇ ਜਿਸਦਾ ਜਨਮ ਬ੍ਰਹਮਣਾਂ ਦੇ ਘਰ ਹੋਇਆ ਹੁੰਦਾ ਹੈ। ਸਗੋਂ ਉਸ ਆਦਮੀ ਨੂੰ ਪੰਡਿਤ ਜਾਂ ਬ੍ਰਾਹਮਣ ਮੰਨਦੇ ਹਨ ਜਿਸਨੂੰ ਬ੍ਰਹਮ ਦਾ ਗਿਆਨ ਹੋਵੇ। ਬ੍ਰਹਮ ਦਾ ਗਿਆਨ ਹੋਣ ਕਰਕੇ ਜਿਹੜਾ ਜਪ, ਤਪ ਅਤੇ ਸੰਜਮ ਦਾ ਜੀਵਨ ਬਤੀਤ ਕਰਦਾ ਹੈ ਉਹ ਪੰਡਿਤ ਹੈ। ਅਜਿਹੇ ਪੰਡਿਤ ਦਾ ਧਰਮ ਹੈ ਆਚਰਣਵਾਣ ਹੋਣਾ ਅਤੇ ਸੰਤੋਖੀ ਜੀਵਨ ਬਤੀਤ ਕਰਨਾ। ਅਜਿਹੇ ਪੰਡਤ ਦੀ ਸੇਵਾ ਕਰਨੀ ਯੋਗ ਹੈ ਜਿਹੜਾ ਬ੍ਰਹਮ ਗਿਆਨ ਦੁਆਰਾ ਆਵਾਗਵਨ ਤੋਂ ਮੁਕਤ ਹੋ ਜਾਂਦਾ ਹੈ। ਕੇਵਲ ਪੰਡਿਤ ਸ੍ਰੇਣੀ ਨਾਲ ਸੰਵਾਦ ਰਚਾਉਂਦੇ ਹੋਏ ਫੁਰਮਾਉਂਦੇ ਹਨ :

ਸੋ ਬ੍ਰਹਮਣ ਜੋ ਬਿੰਦੈ ਬ੍ਰਹਮੁ।
ਜਪ ਤਪੁ ਸੰਜਮੁ ਕਮਾਵੈ ਕਰਮੁ
ਸੀਲ ਸੰਤੋਖ ਕਾ ਰਖੈ ਧਰਮੁ।
ਬੰਧਨ ਤੋੜੈ ਹੋਵੈ ਮੁਕਤੁ।
ਸੋਈ ਬ੍ਰਹਮਣ ਪੂਜਣ ਜੁਗਤੁ।[5]

ਇਸ ਵਿਚਾਰ ਨੂੰ ਹੋਰ ਦ੍ਰਿੜ ਕਰਵਾਉਂਦੇ ਹੋਏ ਗੁਰੂ ਜੀ ਸਿੱਖਿਆ ਦੇਂਦੇ ਹਨ। ਪੰਡਿਤ ਸ੍ਰੇਣੀ ਨਾਲ ਸੰਵਾਦ ਰਚਾਉਂਦੇ ਹੋਏ ਆਪ ਫੁਰਮਾਣ ਕਰਦੇ ਹਨ :

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ।
ਆਪਿ ਤਰੈ ਸਗਲੇ ਕੁਲ ਤਾਰੈ।[6]

ਭਾਵ ਬ੍ਰਾਹਮਣ ਕੇਵਲ ਉਹੀ ਵਿਅਕਤੀ ਹੈ ਜਿਹੜਾ ਵਾਹਿਗੁਰੂ ਦੀ ਵਿਚਾਰ ਕਰਦਾ ਹੈ।ਵਾਹਿਗੁਰੂ ਨੂੰ ਹਿਰਦੇ ਵਿਚ ਵਸਾਉਂਦਾ ਹੈ। ਅਜਿਹਾ ਪੰਡਿਤ ਆਪਣੀ ਤਰਦਾ ਹੈ ਅਤੇ ਆਪਣੇ ਸੰਬੰਧੀਆਂ ਨੂੰ

---

5. ਗੁਰੂ ਨਾਨਕ ਬਾਣੀ ਭਾਗ ਦੂਜਾ ਪੰਨਾ, 1538-39
6. ਆਦਿ ਗ੍ਰੰਥ, ਰਾਗ ਧਨਾਸਰੀ,ਮ:1,ਪੰ.662

ਵੀ ਤਾਰ ਲੈਂਦਾ ਹੈ । ਗੁਰੁ ਜੀ ਕਰਮਕਾਂਡੀ ਵਿਅਕਤੀ ਨੂੰ ਵੀ ਪੰਡਿਤ ਨਹੀਂ ਮੰਨਦੇ ਸਗੋਂ ਅਜਿਹੇ ਕਰਮਕਾਂਡੀ ਨੂੰ ਸੰਬੋਧਨ ਕਰਦੇ ਹੋਏ ਉਸ ਨਾਲ ਵਾਰਤਾਲਾਪ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ :

ਸੁਣ ਪੰਡਿਤ ਕਰਮਾ ਕਾਰੀ ।

ਜਿਤੁ ਕਰਮਿ ਸੁਖੁ ਉਪਜੈ ਭਾਈ ਸੁ ਆਤਮ ਬੀਚਾਰੀ ।[7]

ਅਰਥਾਤ ਹੇ ਕਰਮਕਾਂਡੀ ਪੰਡਿਤ ਤੂਣ ਕੇਵਲ ਕਰਮ ਕਾਂਡ ਛੁਟਕਾਰੇ ਦਾ ਸਾਧਨ ਨਹੀਂ ਹਨ । ਉਹ ਕਰਮ ਕਰ ਜਿਸਦੇ ਕਰਨ ਨਾਲ ਸੁੱਖ ਉਪਜੇ, ਅਜਿਹੇ ਕਰਮ ਆਤਮ ਤੱਤ ਦੀ ਵਿਚਾਰ ਕਰਨੀ ਹੈ। ਗੁਰੂ ਜੀ ਦੇ ਸਮਕਾਲੀ ਸਮਾਜ ਵਿਚ ਪੰਡਿਤ ਲੋਕ ਆਪਣੇ ਆਪ ਨੂੰ ਸਭ ਤੋਂ ਉੱਚੀ ਸ਼੍ਰੇਣੀ ਦੇ ਵਿਅਕਤੀ ਸਮਝਦੇ ਹਨ । ਇਸ ਸ਼੍ਰੇਣੀ ਭੇਦ ਕਾਰਨ ਆਪਣੇ ਆਪਨੂੰ ਗਿਆਨਵਾਨ ਅਤੇ ਬਾਕੀ ਨੀਵੀਆਂ ਜਾਤਾਂ ਵਾਲਿਆਂ ਨੂੰ ਮੂਰਖ,ਨੀਚ ਅਤੇ ਅੰਞਾਣ ਸਮਝਦੇ ਹਨ । ਅਜਿਹੇ ਵਿਖਾਵੇ ਦੇ ਬ੍ਰਾਹਮਣਾਂ ਨਾਲ ਗੁਰੂ ਜੀ ਨੇ ਸਿਧਾ ਸੰਵਾਦ ਰਚਾਇਆ ਹੈ ਜਿਵੇਂ:

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ।

ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇਕਰਿ ਸਚਿ ਸਮਾਵਾਂ ।[8]

ਅਰਥਾਤ ਹੇ ਭਾਈ, ਜੇ ਤੂ ਆਪਣੇ ਆਪ ਨੂੰ ਪੜਿਆ ਲਿਖਿਆ ਅਤੇ ਵਿਦਵਾਨ ਪੰਡਿਤ ਸਮਝਦਾ ਹੈ ਤਾਂ ਦੋ ਅੱਖਰਾਂ ਦਾ ਰਾਮ ਨਾਮ ਚੇਤੇ ਰੱਖ ਰਾਮ ਨਾਮ ਦੇ ਦੋ ਅੱਖਰ ਹੀ ਸੰਸਾਰ ਭਵ-ਸਾਗਰ ਤੋਂ ਪਾਰ ਕਰਨ ਦਾ ਸਾਧਨ ਹਨ। ਨਾਨਕ ਬੇਨਤੀ ਕਰਦਾ ਹੈ ਕਿ ਰਾਮ ਨਾਮ ਹੀ ਭਵ-ਸਾਗਰ ਤੋਂ ਪਾਰ ਲੰਘਾਂਦਾ ਹੈ, ਪਰ ਲੰਘਾਂਦਾ ਤਾਂ ਹੈ ਜੇ ਰਾਮ ਨਾਮ ਵਿਚ ਸੁਰਤ ਜੋੜੀ ਜਾਵੇ ਤਾਂ ।

ਇਥੇ ਤਾਂ ਆਪ ਜੀ ਆਪਣੇ ਆਪ ਨੂੰ ਵਿਦਵਾਨ ਸਮਝਣ ਵਾਲੇ ਪੰਡਿਤ ਨਾਲ ਸੰਵਾਦ ਰਚਾਉਂਦੇ ਹੋਏ ਕਹਿੰਦੇ ਹਨ । ਹੇ ਭਾਈ ਜੇ ਤੂੰ ਆਪਣੇ ਆਪ ਨੂੰ ਸੁਆਮੀ ਸਮਝਦਾ ਹੈ ਤਾਂ ਮੈਨੂੰ ਅਜਿਹੀ ਮਤ ਦੇ ਕਿ ਸੱਚ ਦੇ ਰਾਹ ਦੀ ਸੋਝੀ ਆ ਜਾਏ ਅਤੇ ਜਿਸ ਰਾਹੇ ਚਲ ਕੇ ਮੈਂ ਪ੍ਰਾਣਾਂ ਦੇ ਮਾਲਕ ਪ੍ਰਮਾਤਮਾਂ ਨੂੰ ਮਿਲ ਸਕਾਂ ਜਿਵੇਂ:

ਸੁਆਮੀ ਪੰਡਿਤਾ ਤੁਮ ਦੇਹੁ ਮਤੀ ।

ਕਿਨ ਬਿਧਿ ਪਾਵਉ ਪ੍ਰਾਨ ਪਤੀ । ਰਹਾਉ।[9]

---

7. ਆਦਿ ਗ੍ਰੰਥ, ਰਾਗ ਸੋਰਠ,ਮ:1,ਪੰ: 635

8. ਗੁਰੂ ਨਾਨਕ ਬਾਣੀ, ਭਾਗ ਦੂਜਾ,ਪੰ: 1308

9. ਉਹੀ, ਪੰ. 1309

ਗੁਰੂ ਜੀ ਇਕ ਹੋਰ ਥਾਂ ਬਾਣੀ ਵਿਚ ਨਾਮ ਦੇ ਨਿਰਾਸ਼ਾਵਾਦੀ ਪੰਡਿਤ ਨਾਲ ਸੰਵਾਦ ਰਚਾਉਂਦੇ ਹਨ -

ਤਾਕੀ ਰਜਾਇ ਲੇਖਿਆ ਪਾਇ ਅਬ ਕਿਆ ਕੀਜੈ ਪਾਂਡੇ ।

ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ।[10]

ਅਰਥਾਤ ਹੇ ਪੰਡਿਤ ਹੁਣ ਕੀ ਹੋ ਸਕਦਾ ਹੈ ? ਪ੍ਰਭੂ ਦੇ ਹੁਕਮ ਵਿਚ ਜੀਵਾਂ ਦੇ ਕਰਮਾਂ ਅਨੁਸਾਰ ਜੋ ਲੇਖ ਲਿਖਿਆ ਹੈ, ਉਹ ਮਿਲਦਾ ਹੈ, ਇਸ ਲਈ ਹੁਣ ਚਿੰਤਾ ਕੀਤਿਆਂ ਕੁਝ ਨਹੀਂ ਬਣਦਾ ਹੁਣ ਤਾਂ ਅਗੇ ਬਾਰੇ ਸੋਚਣਾ ਚਾਹੀਦਾ ਹੈ। ਜਦੋਂ ਪ੍ਰਭੂ ਦਾ ਹੁਕਮ ਹੋਇਆ ਉਦੋਂ ਹੀ ਜੋ ਫੈਸਲਾ ਹੋਣਾ ਸੀ ਸੋ ਹੋ ਗਿਆ ਫਿਰ ਉਸੇ ਲੇਖ ਅਨੁਸਾਰ ਜੀਵ ਕਰਮ ਕਰਦੇ ਹਨ ।

## ਬ੍ਰਹਮਣ ਧਰਮ ਦੇ ਵਿਅੱਕਤੀ ਵਿਸ਼ੇਸ ਨਾਲ ਰਚਾਇਆ ਸੰਵਾਦ

ਜਿਥੇ ਗੁਰੂ ਨਾਨਕ ਜੀ ਨੇ ਸਮੁੱਚੀ ਬ੍ਰਾਹਮਣ ਸ਼੍ਰੇਣੀ ਨਾਲ ਸੰਵਾਦ ਰਚਾਇਆ ਹੈ ਅਤੇ ਬ੍ਰਾਹਮਣ ਸ਼੍ਰੇਣੀ ਦੇ ਸਧਾਰਣ ਕਰਮ ਕਾਂਡੀ ਪੰਡਿਤਾਂ ਨਾਲ ਵਾਰਤਾਲਾਪ ਰਚਾਇਆ ਹੈ ਉਥੇ ਗੁਰੂ ਜੀ ਨੇ ਬ੍ਰਹਮਣ ਸ਼੍ਰੇਣੀ ਦੇ ਵਿਅਕਤੀ ਵਿਸ਼ੇਸ ਪੰਡਿਤਾਂ ਨਾਲ ਵੀ ਵਾਰਤਾਲਾਪ ਕੀਤਾ ਹੈ । ਇਹ ਵਿਸ਼ੇਸ ਕਿਸਮ ਦੇ ਪੰਡਿਤ ਉਹ ਹਨ ਜਿਹੜੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਤੇ ਰਹਿਬਰ ਸਮਝਦੇ ਸਨ । ਇਹ ਉਹ ਪੰਡਿਤ ਲੋਕ ਸਨ ਜਿਹੜੇ ਆਮ ਜਨਤਾ ਨੂੰ ਨਿਰਮੂਲ, ਥੋਥੀਆਂ ਰਸਮਾਂ ਰੀਤਾਂ ਵਿਚ ਉਲਝਾ ਕੇ ਉਨਾਂ ਨੂੰ ਮੂਰਖ ਬਣਾਕੇ ਆਪਣਾ ਸੁਆਰਥ ਪੂਰਾ ਕਰਦੇ ਸਨ। ਇਹ ਸਮਾਜਿਕ ਅਤੇ ਧਾਰਮਿਕ ਰੀਤਾਂ ਨਿਭਾਉਣ ਵਾਲੇ ਵਿਅਕਤੀ-ਵਿਸ਼ੇਸ਼ ਸਨ । ਗੁਰੂ ਨਾਨਕ ਨੇ ਅਜਿਹੇ ਵਿਸ਼ੇਸ਼ ਪ੍ਰਕਾਰ ਦੇ ਵਿਲੱਖਣ ਕਿਸਮ ਦੇ ਪੰਡਿਤਾਂ ਨਾਲ ਸਿਧਾ ਵਾਰਤਾਲਾਪ ਰਚਾਇਆ ਹੈ । ਜਿਵੇਂ :

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟ ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।
ਚਉਕੜਿ ਮੁਲਿ ਅਣਾਇਆ ਬਹਿ ਚਉਕੇ ਪਾਇਆ ।
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ।
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ।[11]

---

10. ਆਦਿ ਗ੍ਰੰਥ ਰਾਗ ਸੋਰਠ, ਪੰ: 653

11. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ: 593

ਗੁਰੂ ਜੀ ਦੇ ਸਮੇਂ ਜਨੇਊ ਧਾਰਨ ਕਰਨ ਦੀ ਰਸਮ ਬੜੀ ਮਹੱਤਵ-ਪੂਰਨ ਰਸਮ ਸਮਝੀ ਜਾਂਦੀ ਸੀ । ਜਦੋਂ ਗੁਰੂ ਜੀ ਨੂੰ ਇਹ ਰਸਮ ਕਰਨ ਲਈ ਪ੍ਰੇਰਿਆ ਗਿਆ ਤਾਂ ਆਪਨੇ, ਆਪਣੇ ਆਪਨੂੰ ਗੁਰੂ ਸਮਝਣ ਵਾਲੇ ਪੰਡਿਤ ਨਾਲ ਸੰਵਾਦ ਰਚਾਇਆ ਤੇ ਕਿਹਾ ਹੇ ਪੰਡਤ ਦਇਆ ਰੂਪ ਕਪਾਹ ਹੋਵੇ, ਉਸਤੋਂ ਸੰਤੋਖ ਰੂਪੀ ਧਾਗਾ ਅਥਵਾ ਸੂਤ ਕੱਤਿਆ ਹੋਵੇ, ਉਸਨੂੰ ਬੰਧੇਜ ਦੇ ਜੀਵਨ ਦੀ ਗੰਢ ਮਾਰੀ ਹੋਵੇ ਅਤੇ ਸੱਚੇ ਨਾਮ ਦਾ ਵੱਟ ਚਾੜ੍ਹਿਆ ਹੋਵੇ। ਇਨ੍ਹਾਂ ਗੁਣਾਂ ਨਾਲ ਅਥਵਾ ਇਸ ਤਰ੍ਹਾਂ ਤਿਆਰ ਕੀਤਾ ਜਨੇਊ ਤੇਰੇ ਪਾਸ ਹੈ ਤਾਂ ਮੇਰੇ ਗਲ ਪਾ ਦੇ ਕਿਉਂਕੇ ਇਹ ਜਨੇਊ ਨਾ ਟੁੱਟ ਸਕਦਾ ਹੈ, ਨਾ ਮੈਲਾ ਹੋ ਸਕਦਾ ਹੈ, ਨਾਂ ਇਹ ਸੜ ਸਕਦਾ ਹੈ ਅਤੇ ਨਾਂ ਹੀ ਖ਼ਰਾਬ ਹੋ ਸਕਦਾ ਹੈ, ਹੇ ਪੰਡਿਤ, ਉਹ ਮਨੁੱਖ ਧਨ ਹਨ ਜੋ ਇਸ ਤਰ੍ਹਾਂ ਦਾ ਜਨੇਊ ਪਹਿਨਕੇ ਇਸ ਜੀਵਨ ਤੋਂ ਪਾਰ ਉਤਰਦੇ ਹਨ । ਪਰ ਹੇ ਪੰਡਿਤ ਆਪਣੇ ਆਪ ਨੂੰ ਗੁਰੂ ਸਮਝ ਕੇ ਜਿਹੜਾ ਜਨੇਊ ਤੂੰ ਪਾਉਂਦਾ ਹੈ ਉਸਨੂੰ ਤਾਂ ਤੂੰ ਚਾਰ ਕੋਡੀਆਂ ਤੋਂ ਮੁਲ ਲੈ ਲੈਂਦਾ ਹੈ ਫਿਰ ਤੂ ਜਜਮਾਣ ਦੇ ਚੌਕੇ ਵਿਚ ਬੈਠ ਕੇ ਉਸਦੇ ਗਲ ਪਾ ਦੇਂਦਾ ਹੈ। ਫਿਰ ਤੂੰ ਉਸ ਦੇ ਕੰਨ ਵਿਚ ਸਿਖਿਆ ਫੂਕ ਕੇ ਗੁਰੂ ਬਣ ਬੈਠਦਾ ਹੈ। ਪਰ ਹੇ ਪੰਡਿਤ ਸੋਚ ਜਦੋਂ ਉਹ ਵਿਅਕਤੀ ਮਰ ਜਾਂਦਾਂ ਹੈ ਉਸਨੂੰ ਸਾੜ ਦਿੱਤਾ ਜਾਂਦਾ ਹੈ ਅਤੇ ਜਨੇਊ ਸਰੀਰ ਤੋਂ ਵੱਖ ਹੋ ਜਾਂਦਾ ਹੈ ਇਸ ਤਰ੍ਹਾਂ ਉਹ ਵਿਅਕਤੀ ਜਨੇਊ ਤੋਂ ਹੀਣਾ ਹੋ ਕੇ ਸੰਸਾਰ ਤੋਂ ਚਲਾ ਗਿਆ ਤਾਂ ਫਿਰ ਇਸ ਜਨੇਊ ਦਾ ਕੀ ਲਾਭ ਹੋਇਆ ।

ਗੁਰੂ ਜੀ ਧਾਰਮਿਕ ਰੀਤਾਂ ਦੇ ਕਰਨਹਾਰੇ ਪੰਡਿਤ ਨਾਲ ਵਾਰਤਾਲਾਪ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ :

ਪਾਂਡੇ ਐਸਾ ਬ੍ਰਹਮ ਬੀਚਾਰੁ
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ । ਰਹਾਉ।
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ।
ਧੋਤੀ ਟਿਕਾ ਨਾਮੁ ਸਮਾਲਿ ।
ਐਥੈ ਓਥੈ ਨਿਬਹੀ ਨਾਲਿ ।
ਵਿਣੁ ਨਾਵੈ ਹੋਰਿ ਕਰਮ ਨ ਭਾਲਿ ।[12]

---

12. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ: 425

ਹੇ ਪੰਡਿਤ ਸੁਣ ! ਮੈਂ ਅਜਿਹੇ ਆਦਮੀ ਨੂੰ ਬ੍ਰਾਹਮਣ ਮੰਨਦਾ ਹਾਂ ਜਿਹੜਾ ਬ੍ਰਹਮ ਨੂੰ ਪਛਾਣਦਾ ਹੈ । ਮੈਂ ਨਾਮ ਵਿਚ ਹੀ ਸੁਚ ਸਮਝਦਾ ਹਾਂ, ਮੈਂ ਨਾਮ ਰੂਪ ਵੇਦ ਹੀ ਪੜ੍ਹਦਾ ਹਾਂ (ਦਿਖਾਵੇ ਦੇ ਵੇਦ ਨਹੀਂ) ਅਤੇ ਮੈਂ ਨਾਮ ਸਿਮਰਨ ਦਾ ਹੀ ਕਰਮ ਕਾਂਡ ਕਰਦਾ ਹਾਂ ਕਿਉਂਕਿ ਦਾ ਜਰਨਾ ਜਨੇਊ ਤਾਂ ਉਤਨੀ ਦੇਰ ਤੱਕ ਹੀ ਨਾਲ ਨਿਭਦਾ ਹੈ ਜਿਤਨੀ ਦੇਰ ਤੱਕ ਆਤਮਾਂ ਸਰੀਰ ਵਿਚ ਰਹਿੰਦੀ ਹੈ । ਇਸ ਲਈ ਹੇ ! ਬ੍ਰਾਹਮਣ, ਪ੍ਰਭੂ ਦਾ ਨਾਮ ਹਿਰਦੇ ਵਿਚ ਯਾਦ ਰੱਖ ਇਹ ਤੇਰੀ ਧੋਤੀ ਹੈ ਅਤੇ ਇਹ ਤੇਰਾ ਟਿੱਕਾ ਹੈ । ਰਾਮ-ਨਾਮ ਨੇ ਹੀ ਤੇਰਾ ਲੋਕ-ਪ੍ਰਲੋਕ ਵਿਚ ਸਹਾਈ ਹੋਣਾ ਹੈ । ਇਸ ਲਈ ਪ੍ਰਭੂ ਨਾਮ ਤੋਂ ਬਿਨਾਂ ਹੇ ਪੰਡਿਤ-ਜਨ ਹੋਰ ਕਰਮ ਨਾ ਭਾਲਦਾ ਫਿਰ ।

ਗੁਰੂ ਜੀ ਹਿੰਦੂ ਧਰਮ ਦਾ ਉਪਦੇਸ਼ ਦੇਣ ਵਾਲੇ ਵਿਅਕਤੀ ਵਿਸ਼ੇਸ਼ ਪੰਡਿਤ ਨਾਲ ਵੀ ਵਾਸਤਵਿਕ ਪੱਧਰ ਤੇ ਸੰਵਾਦ ਰਚਾਉਂਦੇ ਹਨ । ਆਪ ਸਮਝਾਉਂਦੇ ਹਨ ਕਿ ਹੇ ਪੰਡਿਤ, ਧਾਰਮਿਕ ਪੁਸਤਕਾਂ ਦਾ ਅਧਿਐਨ ਕਰਕੇ ਇਨਾਂ ਨੂੰ ਪੜ੍ਹ ਕੇ ਸਰਧਾਲੂਆਂ ਨੂੰ ਸੁਣਾ ਕੇ ਤੂੰ ਹੋਰਨਾਂ ਲੋਕਾਂ ਨੂੰ ਤਾਂ ਉਪਦੇਸ਼ ਦੇਂਦਾ ਹੈ ਪਰ ਆਪ ਤੋਂ ਕੇਵਲ ਮਾਇਆ ਦੇ ਵਪਾਰ ਵਿੱਚ ਹੀ ਸਮਾਂ ਨਹੀਂ ਮਿਲਦਾ । ਤੈਨੂੰ ਬ੍ਰਹਮ ਵਿਚਾਰ ਦਾ ਕੋਈ ਪਤਾ ਨਹੀਂ ਜਿਵੇਂ :

ਪੰਡਿਤ ਵਾਚਹਿ ਪੋਥੀਆ, ਨਾ ਬੂਝਹਿ ਵੀਚਾਰੁ ।
ਅਨ ਕਉ ਮਤੀ ਦੇ ਚਲਹਿ, ਮਾਇਆ ਕਾ ਵਾਪਾਰੁ ।
ਕਥਨੀ ਝੂਠੀ, ਜਗੁ ਭਵੈ ਰਹਣੀ ਸਬਦੁ ਸੁ ਸਾਰੁ ।
ਕੇਤੇ ਪੰਡਿਤ ਜੋਤਕੀ, ਬੇਦਾ ਕਰਹਿ ਬੀਚਾਰੁ ।
ਵਾਦਿ ਵਿਰੋਧਿ ਸਲਾਹਣੇ, ਵਾਦੇ ਆਵਣੁ ਜਾਣੁ ;
ਬਿਨੁ ਗੁਰ ਕਰਮ ਨ ਛੁਟਸੀ, ਕਹਿ ਸੁਣਿ ਆਖਿ ਵਖਾਣੁ।[13]

ਭਾਵ, ਪੰਡਿਤ ਧਰਮ ਪੁਸਤਕਾਂ ਪੜ੍ਹਦੇ ਹਨ, ਪਰ ਉਨਾਂ ਪੁਸਤਕਾਂ ਦੇ ਤੱਤ ਗਿਆਨ ਨੂੰ ਨਹੀਂ ਸਮਝਦੇ ਉਹ ਮਾਇਆ ਦੀ ਪ੍ਰਾਪਤੀ ਲਈ ਹੋਰ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਜਦੋਂ ਕਿ ਆਪ ਸੱਚ ਨੂੰ ਨਹੀਂ ਪਛਾਣਦੇ। ਅਜਿਹੇ ਪੰਡਿਤ ਤੇ ਵਿਦਵਾਨ ਭਾਂਵੇ ਦੁਨੀਆਂ ਨੂੰ ਤਾਂ ਗਿਆਨ ਦੇਂਦੇ ਹਨ ਪਰ ਉਨ੍ਹਾਂ ਦੀ ਕਥਨੀ ਝੂਠੀ ਹੁੰਦੀ ਹੈ, ਕਿਉਂਕੇ ਉਹ ਸ਼ਬਦ ਦੀ ਕਮਾਈ ਨਹੀਂ ਕਰਦੇ । ਅਨੇਕਾਂ ਹੀ ਪੰਡਿਤ ਅਤੇ ਜੋਤਸ਼ੀ ਵੇਦਾਂ ਦਾ ਵਿਚਾਰ ਕਰਦੇ ਹਨ । ਉਹ ਵੇਦਾਂ ਵਿਚ ਦਰਸਾਏ ਗਏ ਸਿਧਾਂਤਾਂ ਦੀ ਵਿਆਖਿਆ ਆਪਸੀ ਝਗੜਿਆਂ ਅਤੇ ਵਿਰੋਧਾਂ ਦੇ ਅਧਾਰ ਤੇ ਕਰਦੇ ਹਨ

---

13. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰਨਾ 155-156

ਇਸੇ ਲਈ ਆਵਾਗਵਨ ਵਿਚ ਪੈਂਦੇ ਹਨ ਪਰ ਜੋ ਗਿਆਨੀ ਵਿਦਵਾਨ ਪੰਡਿਤ ਨਿਰੇ ਕਹਿ, ਸਮਝਾਉਣ ਜਾਂ ਵਿਆਖਿਆ ਕਰਨ ਨਾਲ ਕਰਮਾਂ ਦੀ ਕੈਦ ਤੋਂ ਛੁਟਕਾਰਾ ਨਹੀਂ ਮਿਲ ਸਕਦਾ । ਇਹ ਛੁਟਕਾਰਾ ਤਾਂ ਗੁਰੂ ਦੇ ਉਪਦੇਸ਼ ਦੁਆਰਾ ਸ਼ਬਦ ਦੀ ਕਮਾਈ ਕਰਕੇ ਹੀ ਪ੍ਰਾਪਤ ਹੋਵੇਗਾ ।

ਅਜਿਹੇ ਫੋਕਟ ਗਿਆਨ ਵਾਲੇ ਵਿਸ਼ੇਸ਼ ਬ੍ਰਾਹਮਣਾ ਨਾਲ ਗੁਰੂ ਜੀ ਸੰਵਾਦ ਰਚਾਉਂਦੇ ਹੋਏ ਇਕ ਹੋਰ ਥਾਂ ਲਿਖਦੇ ਹਨ :

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ।
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ ।[14]

ਹਿੰਦੂ ਧਰਮ ਨਾਲ ਸਿਧਾਂਤਕ ਪੱਧਰ ਤੇ ਰਚਾਇਆ ਵਾਰਤਾਲਾਪ :

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਹਿੰਦੂ ਧਰਮ ਦੇ ਸ੍ਰੇਣੀਗਤ ਜਹੇ ਭਾਵਨਾਂ ਦੇ ਪੰਡਿਤਾਂ ਅਤੇ ਧਾਰਮਿਕ ਰਸਮਾਂ ਦੇ ਆਗੂ ਤੇ ਕਰਤਾ ਵਿਅਕਤੀ ਵਿਸ਼ੇਸ਼ ਕਿਸਮ ਦੇ ਪੰਡਿਤਾਂ ਨਾਲ ਸੰਵਾਦ ਰਚਾਉਣ ਦੇ ਨਾਲ ਨਾਲ ਹਿੰਦੂ ਧਰਮ ਦੇ ਸਿਧਾਂਤਕ ਅਕੀਦਿਆਂ ਅਤੇ ਵਿਸ਼ਵਾਸ਼ਾਂ ਦੀ ਨਿਰਮੂਲਤਾ ਨੂੰ ਅਧਾਰ ਬਣਾ ਕੇ ਵੀ ਬੜੇ ਸ਼ਕਤੀ ਸ਼ਾਲੀ ਵਾਰਤਾਲਾਪ ਉਚਾਰੇ ਹਨ । ਅਜਿਹੇ ਸਮੇਂ ਗੁਰੂ ਜੀ ਸਮੁੱਚੇ ਧਾਰਮਿਕ ਸਿਧਾਂਤ ਨੂੰ ਸੰਬੋਧਨ ਹਨ ਅਤੇ ਤਰਕਸ਼ੀਲ ਢੰਗ ਨਾਲ ਨਿਰਮੂਲ ਕਿਸਮ ਦੇ ਧਾਰਮਿਕ ਕਰਮ ਕਾਂਡਾਂ ਦਾ ਸੁਚੱਜਾ ਤੇ ਸਹੀ ਵਿਸ਼ਲੇਸ਼ਣ ਪ੍ਰਸਤੁਤ ਕਰਦੇ ਹਨ । ਇਸ ਪ੍ਰਕਾਰ ਦੇ ਵਾਰਤਾਲਾਪ ਹਿੰਦੂ ਧਰਮ ਦੀ ਮੂਰਤੀ ਪੂਜਾ, ਬਹੁਦੇਵ ਵਾਦ, ਧਾਰਮਿਕ ਚੱਜ-ਅਚਾਰ ਤੇ ਰਸਮ ਰੀਤਾਂ ਅੰਧ ਵਿਸ਼ਵਾਸਾਂ ਆਦਿ ਦੇ ਪ੍ਰਥਾਏ ਉਸਾਰੇ ਅਥਵਾ ਉਚਾਰੇ ਗਏ ਹਨ ।

ਮੂਰਤੀ ਪੂਜਾ ਪ੍ਰਤੀ ਸੰਵਾਦ

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ।
ਨਾਰਦਿ ਕਹਿਆ ਸਿ ਪੂਜ ਕਰਾਂਹੀ
ਅੰਧੇ ਗੁੰਗੇ ਅੰਧ ਅੰਧਾਰੁ ।
ਪਾਥਰੁ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ।[15]

14. ਗੁਰੂ ਨਾਨਕ ਬਾਣੀ, ਪੰ.-494
15. ਉਹੀ, ਰਾਗ ਪਹਿਲਾ, ਪੰ. 642

ਅਰਥਾਤ ਹਿੰਦੂ ਧਰਮ ਵਾਲੇ ਮੁੱਢ ਕਦੀਮ ਤੋਂ ਹੀ ਸਹੀ ਰਸਤੇ ਤੋਂ ਭੁਲੇ ਹੋਏ ਹਨ ਕਿਉਂਕਿ ਉਨ੍ਹਾਂ ਨੇ ਅਕਾਲ ਪੁਰਖ ਦੀ ਪੂਜਾ ਛੱਡ ਕੇ ਬੁਤਾਂ ਦੀ ਪੂਜਾ ਕਰਨ ਵਾਲਾ ਖੋਟਾ ਰਾਹ ਅਪਨਾ ਲਿਆ ਹੈ । 'ਨਾਰਦ' ਨੇ ਉਨਾਂ ਨੂੰ ਜੋ ਮੂਰਤੀ ਪੂਜਾ ਕਰਨ ਲਈ ਕਿਹਾ ਹੈ ਉਹ ਉਹੀ ਕੁਝ ਕਰਦੇ ਹਨ । ਇਹ ਲੋਕ ਅੰਨੇ ਵੀ ਹਨ ਅਤੇ ਗੁੰਗੇ ਵੀ ਜਿਹੜੇ ਕੇ ਘੋਰ ਕਿਸਮ ਦੀ ਅਗਿਆਨਤਾ ਵਿਚ ਫਸੇ ਹੋਏ ਭਟਕ ਰਹੇ ਹਨ । ਇਹ ਲੋਕ ਪੱਥਰ ਦੀ ਮੂਰਤੀ ਪੂਜਦੇ ਹਨ ਹੇ ਮਿਤਰੋ, ਹੇ ਪਿਆਰੇ ਦੋਸਤੋ, ਭਾਈਓ ਜਿਹੜੇ ਪੱਥਰ ਆਪ ਡੁੱਬ ਜਾਂਦੇ ਹਨ ਉਹ ਤੁਹਾਨੂੰ ਕਿਵੇਂ ਤਾਰ ਸਕਣਗੇ। ਸਿਧਾਂਤ ਦੀ ਪੱਧਰ ਤੇ ਇਸ ਤਰ੍ਹਾਂ ਦੀ ਤਰਕਸ਼ੀਲ ਵਾਰਤਾਲਾਪ ਗੁਰੂ ਨਾਨਕ ਬਾਣੀ ਵਿਚ ਥਾਂ ਥਾਂ ਤੇ ਪ੍ਰਾਪਤ ਹੈ । ਮੂਰਤੀ ਪੂਜਾ ਦੇ ਸੰਬੰਧ ਵਿਚ ਹੀ ਗੁਰੂ ਜੀ ਇਕ ਹੋਰ ਥਾਂ ਵਾਰਤਾਲਾਪ ਰਚਾਉਂਦੇ ਹੋਏ ਫੁਰਮਾਉਂਦੇ ਹਨ:

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ।
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ।[16]

ਅਰਥਾਤ ਹੇ ਭਾਈ, ਪੱਥਰ ਦੇ ਠਾਕਰਾਂ ਨੂੰ ਬਾਹਰੋਂ ਇਸ਼ਨਾਨ ਕਰਾਉਣ ਦਾ ਕੀ ਲਾਭ ਹੈ ? ਜੇ ਇਸ਼ਨਾਨ ਕਰਵਾਉਣਾ ਹੀ ਹੈ, ਤਾਂ ਆਪਣੇ ਮਨ ਦਾ ਕਰਵਾ ਅਤੇ ਇਸ ਮਨ ਤੋਂ ਵਿਕਾਰਾਂ ਦੀ ਮੈਲ ਲਾਹ । ਜਿਸ ਤਰ੍ਹਾਂ ਠਾਕਰ ਧੋਦਾਂ ਹੈ ਉਵੇਂ ਰਾਮ ਨਾਮ ਦੇ ਸਿਮਰਨ ਦੁਆਰਾ ਆਪਣੇ ਮਨ ਨੂੰ ਸਾਫ਼ ਕਰ ਅਜਿਹਾ ਕਰਨ ਨਾਲ ਤੇਰੇ ਪਾਪਾਂ ਦੀ ਮੈਲ ਉੱਤਰ ਜਾਵੇਗੀ ਅਤੇ ਮਨ ਸਾਫ਼ ਹੋ ਜਾਣ ਨਾਲ ਤੂੰ ਇਸ ਆਵਾਗਵਣ ਦੇ ਚੱਕਰ ਤੋਂ ਮੁੱਕਤ ਹੋ ਕੇ ਪ੍ਰਭੂ ਦੇ ਸਚੇ ਘਰ ਵਿਚ ਪ੍ਰਵੇਸ਼ ਕਰੇਗਾ ।

## ਪੂਜਾ ਅਰਚਨਾ ਨਾਲ ਸੰਬੰਧਿਤ ਵਾਰਤਾਲਾਪ :

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਕਰਦੇ ਸਮੇਂ ਹਿੰਦੂ ਧਰਮ ਦੁਆਰਾ ਕੀਤੇ ਜਾਂਦੇ ਵਿਖਾਵੇ ਦੇ ਕਰਮ ਕਾਂਡਾਂ ਦੇ ਸੰਬੰਧ ਵਿਚ ਸਿਧਾਂਤਕ ਪੱਧਰ ਤੇ ਸੰਵਾਦ ਰਚਾਇਆ ਹੈ । ਅਤੇ ਇਹ ਸਪੱਸ਼ਟ ਕੀਤਾ ਹੈ ਕਿ ਵਿਖਾਵੇ ਦੀ ਪੂਜਾ-ਕਰਨਾ ਬੇ-ਅਰਥ ਹੈ ਇਸ ਦਾ ਆਤਮਾ ਦੀ ਸੁਧੀ ਨਾਲ ਕੋਈ ਵਾਸਤਾ ਨਹੀਂ ਹੈ ਜਿਵੇਂ :

ਪੜਿ ਪੁਸਤਕ ਸੰਧਿਆ ਬਾਦੰ ।
ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ ।
ਤ੍ਰੈਪਾਲ ਤਿਹਾਲ ਬਿਚਾਰੰ ।

16. ਆਦਿ ਗ੍ਰੰਥ, ਰਾਗ ਗੂਜਰੀ ਮ. 1, ਪੰ. 489

ਗਲਿ ਮਾਲਾ ਤਿਲਕੁ ਲਿਲਾਟੈ ।
ਦੁਇ ਧੋਤੀ ਬਸਤ੍ਰ ਕਪਾਟੈ ।
ਜੇ ਜਾਣਸਿ ਬ੍ਰਹਮੰ ਕਰਮੰ
ਸਭਿ ਫੋਕਟ ਨਿਸਚਉ ਕਰਮੰ ।
ਕਹੁ ਨਾਨਕ ਨਿਹਚਉ ਧਿਆਵੈ ।
ਵਿਣੁ ਸਤਿਗੁਰ ਵਾਟ ਨ ਪਾਵੈ ।[17]

ਹੇ ਪੰਡਿਤ ਤੂੰ ਵੇਦ ਆਦਿ ਪੁਸਤਕਾਂ ਪੜ੍ਹ ਕੇ ਸਿੱਖਿਆ ਕਰਦਾ ਹੈ, ਹੋਰਨਾਂ ਲੋਕਾਂ ਨਾਲ ਵਿਚਾਰਾਂ ਵੀ ਕਰਦਾ ਹੈ ਪੱਥਰ ਦੀ ਮੂਰਤੀ ਅੱਗੇ ਬਗਲੇ ਵਾਂਗ ਸਮਾਧੀ ਲਗਾਉਂਦਾ ਹੈ। ਮੂੰਹ ਤੋਂ ਸਚ ਸੌਂ ਝੂਠ ਬੋਲਦਾ ਹੈ। ਦੈਵਿਕ ਤੌਰ ਤੇ ਚਤੁਰ ਦਿਸਦਾ ਹੈ ਕਿ ਲੋਹੇ ਦੇ ਗਹਿਣਿਆਂ ਨੂੰ ਸੋਨੇ ਦੇ ਸਿਧ ਕਰ ਸਕਦਾ ਹੈ । ਗਲ ਵਿਚ ਮਾਲਾ ਪਾਂਦਾ ਹੈ। ਮੱਥੇ ਤੇ ਤਿਲਕ ਲਾਉਂਦਾ ਹੈ, ਤਿੰਨਾਂ ਸਵਰਾਂ ਦੀ ਗਾਇਤਰੀ ਤਿੰਨ ਵਾਰ ਪੜ੍ਹਦਾ ਹੈ। ਦੋ ਧੋਤੀਆਂ ਰੱਖਦਾ ਹੈ। ਸਮਾਧੀ ਸਮੇਂ ਸਿਰ ਤੇ ਸਿਰਾ ਪਰਨਾ ਰੱਖਦਾ ਹੈ । ਹੇ ਪੰਡਿਤ ਜੇ ਤੂੰ ਪ੍ਰਮਾਤਮਾ ਦਾ ਭੇਦ ਜਾਣਨਾ ਚਾਹੇਂ ਤੇ ਅਜਿਹੇ ਨਿਰਮੂਲ ਕਰਮ ਨਾ ਕਰੇ। ਪਰ ਇਹ ਰਸਤਾ ਗੁਰੂ ਤੋਂ ਬਗੈਰ ਮਿਲ ਨਹੀਂ ਸਕਦਾ । ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਦੇ ਹਿੰਦੂ ਧਰਮ ਦਾ ਵਿਸ਼ਵਾਸ਼ ਨਾਲ ਵਾਰਤਾਲਾਪ ਉਠਾਂਦੇ ਹੋਏ ਗੁਰੂ ਜੀ ਇਸ ਕਰਮ ਕਾਂਡ ਦੀ ਵਿਧੀ ਦਾ ਤਰਕਸ਼ੀਲ ਢੰਗ ਨਾਲ ਖੰਡਨ ਕਰਦੇ ਹੋਏ ਫੁਰਮਾਨ ਕਰਦੇ ਹਨ :

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ।
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ।
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ।
ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ।[18]

ਅਰਥਾਤ ਹੇ ਭਾਈ, ਜੇ ਅਸੀਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰੀਏ ਤਾਂ ਇਹ ਸਾਨੂੰ ਕੀ ਦੇ ਸਕਦੀਆਂ ਹਨ ? ਭਾਵ ਕੁਝ ਵੀ ਨਹੀਂ ਦੇ ਸਕਦੀਆਂ । ਇਹ ਪੱਥਰ ਦੀਆਂ ਮੂਰਤੀਆਂ ਪਾਣੀ ਵਿਚ ਧੋਈਏ ਤਾਂ ਡੁੱਬ ਜਾਂਦੀਆਂ ਹਨ ਫਿਰ ਇਹ ਧੋਣ ਵਾਲੇ ਨੂੰ ਕਿਵੇਂ ਤਾਰ ਸਕਦੀਆਂ ਹਨ । ਹੇ ਭਾਈ ਸੱਚੇ ਗੁਰੂ ਤੋਂ ਬਿਨਾਂ ਅਲੱਖ ਪ੍ਰਭੂ ਨੂੰ ਬੁਝਣਾ ਅਤਿ ਕਠਨ ਹੈ ਅਤੇ ਪ੍ਰਮਾਤਮਾ ਦੀ ਸੋਝੀ ਤੋਂ ਬਿਨਾਂ ਸੰਸਾਰ ਪਾਪਾਂ ਵਿਚ ਡੁੱਬਦਾ ਅਤੇ ਆਪਣੀ ਇਜ਼ਤ ਆਪ ਗਵਾਉਂਦਾ ਹੈ ।

---

17. ਗੁਰ ਨਾਨਕ ਬਾਣੀ ਭਾਗ ਪਹਿਲਾ, ਪੰ. 591
18. ਉਹੀ, ਪੰ. 711

ਗੁਰੂ ਜੀ ਵਿਖਾਵੇ ਦੇ ਵੇਦਾਂ, ਸਿਮਰਤੀਆਂ ਅਤੇ ਸ਼ਾਸ਼ਤਰਾਂ ਦੇ ਪਾਠ ਕਰਨ ਨਾਲ ਆਵਾਗਵਣ ਤੋਂ ਪਾਰ ਉਤਾਰਾ ਹੋ ਜਾਣ ਦੇ ਸਿਧਾਂਤ ਦੀ ਨਿਰਮੂਲਤਾ ਬਾਰੇ ਵੀ ਹਿੰਦੂ ਧਰਮ ਨਾਲ ਵਿਸ਼ੇਸ਼ ਰੂਪ ਵਿਚ ਸਿਧੀ ਵਾਰਤਾਲਾਪ ਰਚਾਉਂਦੇ ਹਨ। ਆਪ ਦਾ ਫੁਰਮਾਨ ਹੈ:

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ ।
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ।
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ।
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ।
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ।[19]

ਭਾਵ, ਹੇ ਪੰਡਿਤ ਤੂੰ ਖਲੋਕੇ ਵੇਦ-ਸ਼ਾਸਤਰ ਉਚਾਰਦਾ ਹੈ ਪਰ ਕੰਮ ਸਾਰੇ ਮਾਇਆਧਾਰੀ ਸੰਸਾਰੀਆਂ ਵਾਲੇ ਹੀ ਕਰਦਾ ਹੈ, ਭਲੇ ਲੋਕ, ਪਾਖੰਡ ਕਰਨ ਨਾਲ ਅੰਦਰ ਦੀ ਮੈਲ ਦੂਰ ਨਹੀਂ ਹੁੰਦੀ । ਉਹ ਜਿਉਂ ਦੀ ਤਿਉਂ ਟਿਕੀ ਰਹਿੰਦੀ ਹੈ। ਹੇ ਪੰਡਿਤ ਤੇਰਾ ਤਾਂ ਮਕੌੜੀ ਵਾਲਾ ਹਾਲ ਹੈ ਜਿਹੜੀ ਉਲਟਾ ਸਿਰ ਕਰਕੇ ਸਿਰਦੇ ਭਾਰ ਜਾਲਾ ਤਣਦੀ ਹੈ ਤੇ ਫਿਰ ਆਪ ਹੀ ਵਿਚ ਫਸ ਕੇ ਮਰ ਜਾਂਦੀ ਹੈ। ਤੇਰੇ ਇਹ ਵਿਖਾਵੇ ਦੇ ਪਾਖੰਡੀ ਕਰਮ ਤੈਨੂੰ ਵੀ ਇਸੇ ਤਰ੍ਹਾਂ ਲੈ ਡੁੱਬਣਗੇ। ਹੇ ਭਾਈ, ਭੈੜੀ ਮਤਿ ਵਿਚ ਲਗ ਕੇ ਬਹੁਤ ਦੁਨੀਆਂ ਖੁਆਰ ਹੋਈ ਹੈ। ਹੇ ਪੰਡਿਤ ਸੱਚੇ ਗੁਰੂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾਮ ਤੋਂ ਬਿਨਾਂ ਜੀਵ ਦਾ ਭਰਮ ਨਹੀਂ ਕਟਿਆ ਜਾਂਦਾ ।

ਹਿੰਦੂ ਧਰਮ ਦੇ ਵਿਖਾਵੇ ਦੇ ਢਿੰਗ੍ਹਾਂ ਦੀ ਸਿਧਾਂਤਕ ਵਿਆਖਿਆ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕੇ ਕੇਵਲ ਭੇਖਾਂ ਦੇ ਧਾਰਣ ਕਰਨ ਨਾਲ ਜਾਂ ਚੌਕਾਂ ਸੁਚ ਕਰਨ ਨਾਲ ਸੰਸਾਰ ਭਵ-ਸਾਗਰ ਤੋਂ ਪਾਰ ਨਹੀਂ ਉਤਰਿਆ ਜਾ ਸਕਦਾ । ਵਿਖਾਵੇ ਦੇ ਕਰਮ ਕਾਂਡ ਮੁਕਤੀ ਦਾ ਅਧਾਰ ਨਹੀਂ ਬਣ ਸਕਦੇ ਜਿਵੇਂ:

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ।
ਛੋਡੀਲੇ ਲੇ ਪਾਖੰਡਾ ਨਾਮਿ ਲਇਐ ਜਾਹਿ ਤਰੰਦਾ ।[20]

---

19. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ: 704
20. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ: 597-98

ਅਰਥਾਤ ਹੇ ਭਾਈ ਤੂੰ ਗਊ ਅਤੇ ਬ੍ਰਾਹਮਣ ਤੇ ਤਾਂ ਟੈਕਸ ਲਗਾਇਆ ਹੈ। ਦੂਜੇ ਪਾਸੇ ਪਵਿਤਰ ਹੋਣ ਲਈ ਗਊ ਦੇ ਗੋਹੇ ਨਾਲ ਚੌਕਾਂ ਦੇਂਦਾ ਹੈ । ਇਸ ਦੋਹਰੇ ਵਿਖਾਵੇ ਦੇ ਕਰਮ ਕਰਨ ਨਾਲ ਤੂੰ ਸੰਸਾਰ ਤੋਂ ਨਹੀਂ ਤਰ ਸਕਦਾ । ਇਕ ਪਾਸੇ ਤਾਂ ਤੂੰ ਧੋਤੀ ਪਹਿਨਦਾ ਹੈ, ਟਿਕਾ ਲਗਾਉਂਦਾ ਹੈ, ਮਾਲਾ ਫੇਰਦਾ ਹੈ ਪਰ ਦੂਜੇ ਪਾਸੇ ਮਲੇਛ ਹਾਕਮ ਦੇ ਦਿੱਤੇ ਪਦਾਰਥ ਖਾਂਦਾ ਹੈ। ਅੰਦਰ ਬੈਠ ਕੇ ਤਾਂ ਚੋਰੀ ਚੋਰੀ ਹਿੰਦੂ ਰੀਤੀ ਰਿਵਾਜ਼ ਅਨੁਸਾਰ ਪੂਜਾ ਕਰਦਾ ਹੈ ਪਰ ਬਾਹਰ ਹਾਕਮਾਂ ਨੂੰ ਖੁਸ਼ ਕਰਨ ਲਈ ਕੁਰਾਨ ਆਦਿ ਇਸਲਾਮੀ ਪੁਸਤਕਾਂ ਪੜ੍ਹਦਾ ਹੈ ਤੇ ਤੁਰਕਾਂ ਦਾ ਚੱਜ ਅਚਾਰ ਧਾਰਨ ਕਰਦਾ ਹੈ । ਇਹ ਵਿਖਾਵੇ ਦੇ ਪਾਖੰਡ ਨੂੰ ਤਿਆਗ ਦੇ, ਤੂੰ ਵਿਖਾਵੇ ਨਾਲ ਨਹੀਂ ਨਾਮ ਸਿਮਰਨ ਨਾਲ ਭਵ ਸਾਗਰ ਤੋਂ ਪਾਰ ਉਤਰ ਸਕੇਗਾ । ਇਸ ਤਰ੍ਹਾਂ ਅਗਲੇ ਸਲੋਕ ਵਿਚ ਵੀ ਮੁੜ ਸੰਵਾਦ ਰਚਾਇਆ ਹੋਇਆ ਮਿਲਦਾ ਹੈ :

ਮਥੇ ਟਿਕਾ ਤੇੜਿ ਧੋਤੀ ਕਖਾਈ ।
ਹਥਿ ਛੁਰੀ ਜਗੰਤ ਕਾਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।[21]

ਭਾਵ ਜਿਨ੍ਹਾਂ ਵਿਖਾਵੇ ਦੇ ਤੌਰ ਤੇ ਮੱਥੇ ਤਿਲਕ ਵੀ ਲਗਾਇਆ ਹੈ ਅਤੇ ਤੇੜ ਧੋਤੀ ਵੀ ਬੱਧੀ ਹੈ ਪਰ ਉਹ ਲੋਕ ਜਗਤ ਲਈ ਕਸਾਈ ਰੂਪ ਹੋ ਕੇ ਵਿਚਰਦੇ ਹਨ । ਨੀਲੇ ਰੰਗ ਦੇ ਕਪੜੇ ਪਾ ਕੇ ਤੁਰਕਾਂ ਦੀਆਂ ਕਚਹਿਰੀਆਂ ਵਿਚ ਪਰਵਾਣ ਹੁੰਦੇ ਹਨ । ਜਿਨ੍ਹਾਂ ਨੂੰ ਮਲੇਛ ਆਖਦੇ ਹਨ ਉਨ੍ਹਾਂ ਪਾਸੋਂ ਹੀ ਧਨ ਲੈ ਕੇ ਪੁਰਾਣਾਂ ਦੀ ਪੂਜਾ ਕਰ ਲੈਂਦੇ ਹਨ । ਮਾਨਸਿਕ ਤੌਰ ਤੇ ਗੁਲਾਮ ਹਨ ਕੇਵਲ ਵਿਖਾਵੇ ਲਈ ਧਾਰਮਿਕ ਕੰਮ ਕਰਦੇ ਹਨ ।

ਆਸਾ ਦੀ ਵਾਰ ਵਿਚ ਤਾਂ ਗੁਰੂ ਸਾਹਿਬ ਨੇ ਥਾਂ ਥਾਂ ਤੇ ਹਿੰਦੂ ਧਰਮ ਨਾਲ ਸਿਧਾਂਤ ਦੀ ਪੱਧਰ ਤੇ ਵਾਰਤਾਲਾਪ ਰਚਾਏ ਹਨ । ਇਨ੍ਹਾਂ ਵਾਰਤਾਲਾਪਾਂ ਦਾ ਉਦੇਸ਼ ਹਿੰਦੂ ਧਰਮ ਨੂੰ ਨੀਵਾਂ ਦੱਸਣਾ ਜਾਂ ਇਸਦਾ ਖੰਡਨ ਮੰਡਨ ਕਰਨਾ ਨਹੀਂ ਸਗੋਂ ਇਸਦੀ ਸਾਰਥਿਕਤਾ ਦਾ ਮਨੋਵਿਸ਼ਲੇਸ਼ਣ ਕਰਨਾ ਹੈ । ਇਕ ਵਾਰਤਾਲਾਪ ਵਿਖਾਵੇ ਦੇ ਸਰਾਧ ਕਰਨ ਦੀ ਰਸਮ ਦੇ ਸਬੰਧ ਵਿਚ ਹੈ ਜਿਵੇਂ:

---

21. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰਨਾ 599

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ।[22]

ਅਰਥਾਤ ਹੇ ਭਾਈ ! ਜੇ ਚੋਰ ਵਿਅਕਤੀ ਕਿਸੇ ਵਿਅਕਤੀ ਦਾ ਘਰ ਲੁਟ ਕੇ ਪਦਾਰਥ ਪ੍ਰਾਪਤ ਕਰੇ ਤਾਂ ਫਿਰ ਉਹ ਪਦਾਰਥ ਆਪਣੇ ਪਿਤਰਾਂ ਦਾ ਸਰਾਧ ਕਰਨ ਸਮੇਂ ਦਾਨ ਕਰ ਦੇਵੇ ਅਤੇ ਇਹ ਭੀ ਮਨ ਲਵੋ ਕਿ ਉਹ ਪਦਾਰਥ ਪਿਤਰ ਜਗ ਵਿਚ ਪਿਤਰਾਂ ਨੂੰ ਮਿਲ ਵੀ ਗਿਆ ਹੈ ਤਾਂ ਪਿਤਰ ਜਗਤ ਵਿਚ ਜਿਸ ਘਰੋਂ ਮਾਲ ਲੁਟਿਆ ਗਿਆ ਸੀ ਉਹਨਾਂ ਦੇ ਪਿੱਤਰ ਵੀ ਤਾਂ ਪੁਜੇ ਹੋਏ ਹੁੰਦੇ ਹਨ, ਉਹ ਉਦੋਂ ਆਪਣਾ ਪਦਾਰਥ ਪਛਾਣ ਲੈਣਗੇ ਅਤੇ ਚੋਰ ਦੇ ਪਿਤਰ ਨੂੰ ਵੀ ਚੋਰ ਕਹਿਣ ਲਗ ਜਾਣਗੇ। ਧਰਮ ਰਾਜ ਦੀ ਹਜ਼ੂਰੀ ਵਿਚ ਜਦੋਂ ਇਨਸਾਫ਼ ਹੋਵੇਗਾ ਤਾਂ ਵਿਚੋਲਗੀ ਕਰਨ ਵਾਲੇ ਝੂਠੇ ਬ੍ਰਾਹਮਣ ਦੇ ਹੱਥ ਵੱਢੇ ਜਾਣਗੇ। ਹੇ ਭਾਈ ! ਚੋਰੀ ਦਾ ਧਨ ਨਹੀਂ ਸਗੋਂ ਅੱਗੇ ਤਾਂ ਜੀਵ ਨੂੰ ਉਹੀ ਮਿਲਦਾ ਹੈ ਜਿਹੜਾ ਉਸਨੇ ਧਨ ਕਮਾਈ ਕਰਕੇ ਦਾਨ ਦਿੱਤਾ ਹੁੰਦਾ ਹੈ ।

ਇਸੇ ਪ੍ਰਕਾਰ ਗੁਰੂ ਜੀ ਧਨਾਸਰੀ ਰਾਗ ਦੇ ਸ਼ਬਦ ਵਿਚ ਵਿਖਾਵੇ ਮਾਤਰ ਦੇ ਤੀਰਥਾਂ ਤੇ ਇਸ਼ਨਾਨ ਕਰਨ ਦੇ ਕਰਮ ਦੀ ਨਿਰਾਰਥਕਤਾ ਨੂੰ ਬਿਆਨ ਕਰਨ ਲਈ ਸੰਵਾਦ ਰਚਾਉਂਦੇ ਹਨ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ।
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ।
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ।
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ।
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ।[23]

ਅਰਥਾਤ, ਹੇ ਭਾਈ ਤੀਰਥ ਇਸ਼ਨਾਨ, ਹਰੀ ਪ੍ਰਭੂ ਦਾ ਨਾਮ ਹੈ, ਇਸੇ ਤਰ੍ਹਾਂ ਸ਼ਬਦ ਵਿਚਾਰ ਵੀ ਤੀਰਥ ਹੈ ਜਿਸ ਨਾਲ ਅੰਦਰ ਪ੍ਰਭੂ ਦੀ ਸੋਝੀ ਹੁੰਦੀ ਹੈ। ਇਹ ਦਸ ਪੁਰਬੀਆਂ ਅਤੇ ਦਸਾਹਰਾ (ਗੰਗਾ ਦਾ ਜਨਮ ਦਿਨ) ਹੈ। ਮੈਂ ਤਾਂ ਹਮੇਸ਼ਾਂ ਹਰੀ ਨਾਮ ਦੀ ਜਾਚਨਾ ਕਰਦਾ ਹਾਂ ਹੇ ਪ੍ਰਭੂ ਆਪਣਾ ਨਾਮ ਦੇਹੀ ਸੰਸਾਰ ਰੋਗੀ ਹੈ ਤੇ ਦਾਰੂ ਹਰੀ ਦਾ ਨਾਮ ਹੈ। ਗੁਰੂ ਦਾ ਸ਼ਬਦ ਸਦੀਵੀ ਚਾਨਣ ਹੈ, ਇਹੀ ਸੱਚਾ ਤੀਰਥ ਇਸ਼ਨਾਨ ਹੈ ।

---

22. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 301
23. ਆਦਿ ਗ੍ਰੰਥ, ਰਾਗ ਧਨਾਸਰੀ, ਮ.1, ਪੰ. 687

ਇਸੇ ਤਰ੍ਹਾਂ ਜਗਨ ਨਾਥ ਪੁਰੀ ਦੇ ਮੰਦਰ ਵਿਚ ਹੁੰਦੀ ਆਰਤੀ ਦੇ ਦ੍ਰਿਸ਼ ਨੂੰ ਵੇਖ ਕੇ ਗੁਰੂ ਜੀ ਸਮੁੱਚੀ ਹਿੰਦੂ ਪੂਜਾ ਵਿਧੀ ਨਾਲ ਸੰਵਾਦ ਰਚਦੇ ਹਨ ਅਤੇ ਪ੍ਰਭੂ ਦੇ ਬ੍ਰਹਿਮੰਡ ਵਿਚ ਉਸ ਪ੍ਰਮਾਤਮਾ ਦੀ ਸਦੀਵੀ ਤੌਰ ਤੇ ਹੋ ਰਹੀ ਆਰਤੀ ਦਾ ਸਾਰਥਿਕਤਾ ਅਤੇ ਮੰਦਰ ਦੀ ਆਰਤੀ ਦੀ ਨਿਰਾਰਥਕਤਾ ਦਾ ਵਿਸ਼ਲੇਸ਼ਣ ਕਰਦੇ ਹੋਏ ਫੁਰਮਾਉਂਦੇ ਹਨ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ
ਫੂਲੰਤ ਜੋਤੀ ।।
ਕੈਸੀ ਆਰਤੀ ਹੋਇ ਭਵ-ਖੰਡਨਾ ਤੇਰੀ ਆਰਤੀ
ਅਨਹਤਾ ਸਬਦ ਵਾਜੰਤ ਭੇਰੀ । ਰਹਾਉ।[24]

ਅਰਥਾਤ : ਹੇ ਭਾਈ ! ਸਰਬ ਵਿਆਪਕ ਪ੍ਰਭੂ ਦੀ ਸਦੀਵੀ ਆਰਤੀ ਲਈ ਤਾਂ ਅਕਾਸ਼ ਰੂਪੀ ਥਾਲ ਵਿਚ ਸੂਰਜ ਤੇ ਚੰਦਰਮਾ ਦੇ ਦੀਵੇ ਹਨ ਅਤੇ ਸਾਰਾ ਤਾਰਾ-ਮੰਡਲ ਮੋਤੀਆਂ ਸਮਾਨ ਹੈ । ਪਹਾੜ ਮਲ ਗਿਰੀ ਦੇ ਚੰਦਨ ਦੀ ਸੁਗੰਧੀ ਧੂਪ ਹੈ, ਅਤੇ ਹਵਾ ਚੌਰ ਕਰ ਰਹੀ ਹੈ ਅਤੇ ਉਸ ਜੋਤੀ ਸਰੂਪ ਪ੍ਰਭੂ ਦੀ ਆਰਤੀ ਲਈ ਸਾਰੀ ਬਨਸਪਤੀ ਫੁਲਾਂ ਦੇ ਸਮਾਨ ਹੈ। ਹੇ ਜਨਮ ਮਰਨ ਦੇ ਨਾਸ਼ ਕਰਨ ਵਾਲੇ ਪ੍ਰਭੂ ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ। ਸਭ ਜੀਵਾਂ ਦੇ ਅੰਦਰ ਵਰਜ ਰਿਹਾ ਨਾਦ ਅਥਵਾ ਅਨਹਦ ਨਾਦ ਮਾਨੋ ਨਗਾਰਾ ਹੈ। ਇਸ ਤਰ੍ਹਾਂ ਵਿਸ਼ਾਲ ਪ੍ਰਭੂ ਦੀ ਵਿਸ਼ਾਲ ਆਰਤੀ ਹੋ ਰਹੀ ਹੈ । ਫਿਰ ਥਾਲੀ ਵਿਚ ਦੀਵਾ ਜਗਾ ਕੇ ਧੂਪ ਬੱਤੀ ਕਰਕੇ ਭਗਤੀ ਕਰਨ ਦਾ ਕੀ ਲਾਭ ਹੈ । ਇਸ ਨਾਲੋਂ ਤਾਂ ਹਰੀ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਲੋੜ ਹੈ ਤਾਂ ਕਿ ਘਰ ਪਾਰ ਉਤਾਰਾ ਹੋ ਸਕੇ ।

ਇਸੇ ਪ੍ਰਕਾਰ ਗੁਰੂ ਜੀ ਹਿੰਦੂ ਧਰਮ ਵਿਚ ਪੰਡਤਾਂ ਦੁਆਰਾ ਵਿਚਾਰੇ ਜਾਂਦੇ ਮਹੂਰਤ ਅਤੇ ਸ਼ਗਨ ਅਪਸ਼ਗਨ ਦੇ ਸਿਧਾਂਤਕ ਵਿਚਾਰ ਬਾਰੇ ਵਾਰਤਾਲਾਪ ਕਰਦੇ ਹੋਏ ਇਨ੍ਹਾਂ ਕਰਮਾਂ ਦੀ ਨਿਰਾਰਥਕਤਾ ਨੂੰ ਪ੍ਰਗਟ ਕਰਦੇ ਹਨ ਜਿਵੇਂ :

ਸਾਹਾ ਗਣਹਿ ਨ ਕਰਹਿ ਬੀਚਾਰੁ ।
ਸਾਹੇ ਉਪਰਿ ਏਕੰਕਾਰੁ ।
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ।

---

24. ਆਦਿ ਗ੍ਰੰਥ, ਰਾਗ ਧਨਾਸਰੀ, ਮੰ: 1, ਪੰ: 663

ਗੁਰਮਤਿ ਹੋਇ ਤ ਬੁਝੈ ਪਛਾਣੈ ।
ਕੂੜੁ ਨ ਬੋਲਿ ਪਾਡੇ ਸਚੁ ਕਹੀਐ
ਹਉਮੈ ਜਾਇ ਸਬਦਿ ਘਰੁ ਲਹੀਐ ।ਰਹਾਉ।[25]

ਅਰਥਾਤ ਜੋ ਪੰਡਤ ਤੂੰ ਸ਼ੁਭ ਮਹੂਰਤ ਗਿਣਨਾ ਅਤੇ ਵਿਚਾਰਨਾ ਜਾਣਦਾ ਹੈਂ ਪਰ ਇਸ ਗੱਲ ਦਾ ਕਦੀ ਵਿਚਾਰ ਨਹੀਂ ਕਰਦਾ ਕਿ ਪਰਮਾਤਮਾ ਇਹਨਾਂ ਸਭ ਮਹੂਰਤਾਂ ਤੋਂ ਉੱਪਰ ਹੈ । ਇਹ ਮਹੂਰਤ, ਤੇ ਸ਼ੁਭ ਅਸ਼ੁਭ ਦਾ ਭਾਵ ਪਰਮਾਤਮਾ ਤੇ ਅਸਰ ਨਹੀਂ ਕਰਦਾ । ਇਸ ਸਚਾਈ ਦਾ ਪਤਾ ਕੇਵਲ ਉਸ ਵਿਅਕਤੀ ਨੂੰ ਹੀ ਲੱਗਦਾ ਹੈ ਜਿਸਨੂੰ ਪੂਰੇ ਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ । ਗੁਰੂ ਦੇ ਮਿਲਾਪ ਤੇ ਸਿੱਖਿਆ ਤੋਂ ਪਤਾ ਲੱਗਦਾ ਹੈ ਕਿ ਸਾਰੇ ਸਮਿਆਂ ਨੂੰ ਸ਼ੁਭ ਕਿਵੇਂ ਕੀਤਾ ਜਾ ਸਕਦਾ ਹੈ। ਜਦੋਂ ਵਿਅਕਤੀ ਨੂੰ ਗੁਰਮਤਿ ਦੀ ਸੋਝੀ ਆ ਜਾਂਦੀ ਹੈ ਤਾਂ ਉਹ ਮਹੂਰਤਾਂ ਦੇ ਵਹਿਮਾਂ ਭਰਮਾਂ ਵਿੱਚ ਨਹੀਂ ਪੈਂਦਾ । ਇਸ ਲਈ ਹੇ ਪੰਡਿਤ !, ਜਿਹੜਾ ਝੂਠ ਬੋਲਦਾ ਹੈ, ਸ਼ਗਨ ਅਪਸ਼ਗਨ ਦੀ ਝੂਠੀ ਵਿਚਾਰ ਕਰਦਾ ਹੈ, ਤੈਨੂੰ ਸਚ ਬੋਲਣਾ ਚਾਹੀਦਾ ਹੈ ਅਤੇ ਸਧਾਰਨ ਲੋਕਾਂ ਨੂੰ ਗੁਮਰਾਹ ਨਹੀਂ ਕਰਨਾ ਚਾਹੀਦਾ । ਜੋ ਹਉਮੈ, ਜਦੋਂ ਹਉਮੈ ਦਾ ਵਿਨਾਸ਼, ਗੁਰੂ ਦੀ ਸਿਖਿਆ ਦੁਆਰਾ ਹੁੰਦਾ ਹੈ ਤਾਂ ਜੀਵ ਨੂੰ ਆਪਣੇ ਅਸਲੀ ਘਰ ਦੀ ਸੋਝੀ ਹੁੰਦੀ ਹੈ ।

<u>ਹਿੰਦੂ ਧਰਮ ਦੇ ਵੱਖ ਵੱਖ ਧਾਰਮਿਕ ਫਿਰਕਿਆਂ ਨਾਲ ਰਚਾਏ ਸੰਵਾਦ</u>

ਜੋਗੀਆਂ ਨਾਲ ਸਿਧੇ ਵਿਅਕਤੀਗਤ ਜੋਗੀ ਨੂੰ ਸੰਬੋਧਨ ਕਰਕੇ ਰਚਾਏ ਗਏ ਸੰਵਾਦ ਵੀ ਗੁਰੂ ਨਾਨਕ ਬਾਣੀ ਵਿਚ ਅਨੇਕ ਥਾਵਾਂ ਤੇ ਪ੍ਰਾਪਤ ਹਨ । ਸਿੱਧ ਗੋਸਟਿ ਸਮੁੱਚੀ ਬਾਣੀ ਸਮੁੱਚੇ ਜੋਗੀ-ਸਿੱਧ ਪੰਥ ਨਾਲ ਸੰਬੰਧਿਤ ਹੈ। ਪਰ ਕੁਝ ਥਾਵਾਂ ਤੇ ਵਿਅਕਤੀ ਤੌਰ ਤੇ ਇਕ ਜੋਗੀ ਨੂੰ ਸੰਬੋਧਿਤ ਕਰਕੇ ਸੰਵਾਦ ਰਚਾਇਆ ਗਇਆ ਗੁਰੂ ਜੀ ਨੇ ਜੋਗ ਦੇ ਸਹੀ ਚਿੰਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਹੈ ਜਿਵੇਂ :

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ।
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ।
ਜੋਗ ਜੁਗਤਿ ਇਵ ਪਾਵਸਿਤਾ ।।
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ।ਰਹਾਉ।
ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ।
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ।

---

25. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 902

ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ।
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ।
ਜਪਸਿ ਨਿਰੰਜਨੁ ਰਚਸਿ ਮਨਾ ।
ਕਾਹੇ ਬੋਲਹਿ ਜੋਗੀ ਕਪਟੁ ਘਨਾ । ਰਹਾਉ ।
ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ।
ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ।[26]

ਹੇ ਜੋਗੀ ! ਅਸਲ ਮੁੰਦਰਾਂ ਇਹ ਹਨ ਕਿ ਹਿਰਦੇ ਨੂੰ ਮੁੰਦਰਾਂ ਪਾਈਆਂ ਜਾਣ ਮੰਦੀਆਂ ਵਾਸ਼ਨਾਵਾਂ ਵਿੰਨੀਆਂ ਜਾਣ, ਉਨ੍ਹਾਂ ਤੇ ਕਾਬੂ ਪਾਇਆ ਜਾਵੇ, ਸਰੀਰ ਨੂੰ ਨਾਸ਼ਵੰਤ ਸਮਝਣਾ ਇਹ ਕਫਨੀ ਹੈ। ਹੇ ਜੋਗੀ ! ਪੰਜ ਗਿਆਨ ਇੰਦ੍ਰੀਆਂ ਨੂੰ ਚੇਲੇ ਬਣਾ ਕੇ ਵਸ ਵਿਚ ਕਰ ਅਤੇ ਇਸ ਮਨ ਨੂੰ ਡੰਡਾ ਬਣਾ । ਹਰੀ ਗੁਰੂ ਦਾ ਇਕ ਸ਼ਬਦ ਹੀ ਸਥਿਰ ਹੈ ਬਾਕੀ ਸਭ ਕੁਝ ਨਾਸ਼ਵੰਦ ਹੈ। ਇਹ ਸ਼ਬਦ ਹੀ ਜੀਵਨ ਦਾ ਅਧਾਰ ਬਣਨਾ ਚਾਹੀਦਾ ਹੈ। ਹੇ ਜੋਗੀ ! ਉਸ ਮਾਇਆ ਤੋਂ ਰਹਿਤ ਪ੍ਰਭੂ ਨੂੰ ਮਨ ਲਾ ਕੇ ਜਪ, ਹੇ ਜੋਗੀ ਬਹੁਤ ਠੱਗੀ ਫਰੇਬ ਦੀਆਂ ਗਲਾਂ ਕਿਉਂ ਕਰਦਾ ਹੈ ।ਦੇਹੀ ਕਲੀ ਹੈ, ਜੀਵ ਇਁਵਾਣਾ ਹੈ, ਹੰਕਾਰ ਵਿਚ ਹੀ ਆਯੂ ਬਤੀਤ ਹੋ ਜਾਂਦੀ ਹੈ। ਜਦੋਂ ਸਰੀਰ ਇਕੱਲਾ ਸੜਦਾ ਹੈ ਤਾਂ ਪਛਤਾਵਾ ਹੁੰਦਾ ਹੈ।

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ।
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰ ।[27]

ਅਰਥਾਤ ਜੋਗੀ ਆਪਣੇ ਬਾਰਾਂ ਫ਼ਿਰਕਿਆਂ ਅਤੇ ਸੰਨਿਆਸੀ ਦਸ ਫਿਰਕਿਆਂ ਵਿਚ ਭਰਮ ਤੇ ਭਟਕ ਰਹੇ ਹਨ । ਜੋ ਗੁਰੂ ਦੇ ਸ਼ਬਦ ਦੁਆਰਾ ਆਪਾ ਭਾਵ ਮਾਰਦਾ ਹੈ ਉਹ ਹੀ ਮੁਕਤ ਹੁੰਦਾ ਹੈ । ਗੁਰੂ ਜੀ ਦੇ ਨਿਮਨ ਲਿਖਤ ਵਾਰਤਾਲਾਪ ਜੋਗੀਆਂ ਦੀਆਂ ਧਾਰਮਿਕ ਪ੍ਰਵਿਰਤੀਆਂ ਨੂੰ ਬਿਆਨ ਕਰਦੇ ਹਨ ਅਤੇ ਨਾਲ ਹੀ ਸਧਾਰਨ ਜੋਗੀਆਂ ਦੇ ਚੱਜ ਅਚਾਰ ਨੂੰ ਸਾਕਾਰ ਕਰਦੇ ਹਨ ਜਿਵੇਂ :

ਅਧਿਆਤਮ ਕਰਮ ਕਰੇ ਤਾਂ ਸਾਚਾ ।
ਮੁਕਤਿ ਭੇਦੁ ਕਿਆ ਜਾਣੈ ਕਾਚਾ ।
ਐਸਾ ਜੋਗੀ ਜੁਗਤਿ ਬੀਚਾਰ ।[28]

---

26. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 323
27. ਉਹੀ, ਭਾਗ ਦੂਜਾ, ਪੰ. 1006
28. ਉਹੀ ਭਾਗ ਪਹਿਲਾ, ਪੰ. 347

ਹੇ ਜੋਗੀ ਆਤਮਾਂ ਨੂੰ ਪਛਾਣ ਕੇ ਕਰਮ ਕੀਤਿਆਂ ਹੀ ਸਚ ਦੀ ਪ੍ਰਾਪਤੀ ਹੋ ਸਕਦੀ ਹੈ ।ਆਤਮਾ ਦੀ ਪਛਾਣ ਤੋਂ ਬਿਨਾਂ ਮੁਕਤੀ ਦਾ ਰਾਜ਼ ਨਹੀਂ ਲਭ ਸਕਦਾ ਜੇ ਕੋਈ ਜੋਗੀ ਇਸ ਰਾਜ਼ ਨੂੰ ਲਭ ਲਵੇ ਤਾਂ ਉਹਦੇ ਤਰੀਕੇ ਨੂੰ ਸਮਝ ਸਕਦਾ ਹੈ :

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ
ਰੋਗ ਨ ਵਿਆਪੈ ਨਾ ਜਮ ਦੋਖੰ
ਮੁਕਤ ਭਏ ਪ੍ਰਭੁ ਰੂਪ ਨ ਰੇਖੰ ।
ਜੋਗੀ ਕਉ ਕੈਸਾ ਡਰੁ ਹੋਇ ।
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ।[29]

ਹੇ ਜੋਗੀ, ਜੋ ਪੂਰਨ ਜੋਗੀ ਬਣਦਾ ਹੈ ਉਹ ਖਿਮਾ ਧਾਰਣ ਕਰਦਾ ਹੈ, ਮਿੱਠਾ ਸੁਭਾ ਤੇ ਸੰਤੋਖ ਉਸਦੇ ਨਿਤ ਦੇ ਕਰਮ ਹਨ । ਉਸਨੂੰ ਹਉਮੈ ਆਦਿ ਰੋਗ ਨਹੀਂ ਲਗਦੇ ਤੇ ਨਾ ਜਨਮਾਂ ਦਾ ਦੁੱਖ ਸਹਿਣਾ ਪੈਂਦਾ ਹੈ । ਜਿਹੜਾ ਸਹੀ ਅਰਥਾਂ ਵਿਚ ਜੋਗੀ ਹੈ ਉਸ ਨੂੰ ਗ੍ਰਿਹਸਥ ਵਿਚ ਰਹਿੰਦਿਆਂ ਕੀ ਡਰ ਹੋ ਸਕਦਾ ਹੈ ।

ਗੁਰੂ ਜੀ ਪਦਮ ਆਸਣ ਕਰਨ ਵਾਲੇ ਭੇਖੀ ਅਤੇ ਪਾਖੰਡੀ ਜੋਗੀਆਂ ਦਾ ਪਾਜ ਵੀ ਉਘਾੜਦੇ ਹਨ ਜਿਹੜੇ ਭੇਖਾਂ ਅਤੇ ਪਾਖੰਡਾਂ ਨਾਲ ਦੁਨੀਆਂ ਨੂੰ ਲੁਟ ਲੁਟ ਖਾ ਰਹੇ ਹਨ ਅਤੇ ਲੋਕਾਂ ਦੇ ਨਾਲ ਨਾਲ ਆਪਣੇ ਆਪ ਨੂੰ ਵੀ ਧੋਖਾ ਦੇ ਰਹੇ ਹਨ ।

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।ਰਹਾਉ।
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ।
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ।[30]

ਕੇਵਲ ਅੱਖਾਂ ਮੀਟਕੇ ਬਗਲੇ ਵਾਂਗ ਸਮਾਧੀ ਲਗਾਉਣ ਵਾਲੇ ਕੇਵਲ ਦੁਨੀਆਂ ਨੂੰ ਠੱਗਣ ਦਾ ਪ੍ਰਬੰਧ ਹੀ ਕਰਦੇ ਹਨ। ਉਹਨਾਂ ਦੇ ਹਿਰਦੇ ਵਿਚ ਪ੍ਰਭੂ ਸਿਮਰਨ ਦੀ ਲਿਵ ਨਹੀਂ ਉਪਜੀ ਹੁੰਦੀ।ਆਖਦੇ ਤਾਂ ਇਹ ਹਨ ਕੇ ਉਨ੍ਹਾਂ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੈ ਪਰ ਉਨਾਂ ਨੂੰ ਆਪਣੇ ਪਿਛੇ ਪਏ ਲੋਟੇ ਦਾ ਵੀ ਪਤਾ ਨਹੀਂ ਹੁੰਦਾ ਇਹ ਪਦਮ ਆਸਣ ਭੇਖਦਾ ਹੈ ।

---

29. ਗੁਰ ਨਾਨਕ ਬਾਣੀ ਭਾਗ ਪਹਿਲਾ, ਪੰ. 349

30. ਉਹੀ ,ਪੰ. 732

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ।
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙ ਵਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗਜੁਗਤਿ ਇਵ ਪਾਈਐ ।
ਗਲੀ ਜੋਗੁ ਨ ਹੋਈ ।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ । ਰਹਾਉ ।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ।
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।[31]

ਹੇ ਜੋਗੀ ਜੋਗ ਦੀ ਪ੍ਰਾਪਤੀ ਗੋਦੜੀ ਪਾਣ ਨਾਲ, ਹੱਥ ਵਿਚ ਡੰਡਾ ਰੱਖਣ ਨਾਲ ਜਾਂ ਸਰੀਰ ਤੇ ਸੁਆਹ ਮਲਣ ਨਾਲ ਨਹੀਂ ਹੁੰਦੀ, ਹੇ ਜੋਗੀ ਇਹ ਪ੍ਰਾਪਤੀ ਸਿਰ ਮੁਨਾਣ ਨਾਲ,ਮੁੰਦਰਾਂ ਪਾਣ ਨਾਲ ਜਾਂ ਸਿੰਙੀ ਵਜਾਣ ਨਾਲ ਵੀ ਨਹੀਂ ਹੁੰਦੀ । ਜੇ ਮਾਇਆ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹੀਏ ਤਾਂ ਹੀ ਅਸਲੀ ਜੋਗ ਲੱਭਦਾ ਹੈ । ਜੋਗ ਦੀ ਪ੍ਰਾਪਤੀ ਮੜ੍ਹੀਆਂ ਮਸਾਣਾ ਵਿਚ ਸਮਾਧੀਆਂ ਲਾਉਣ ਨਾਲ ਵੀ ਨਹੀਂ ਹੁੰਦੀ ਨਾ ਹੀ ਜੋਗ ਦੀ ਪ੍ਰਾਪਤੀ ਦੇਸ ਪ੍ਰਦੇਸ਼ ਵਿਚ ਫਿਰਨ ਜਾਂ ਤੀਰਥ ਇਸ਼ਨਾਨ ਕਰਨ ਨਾਲ ਹੁੰਦੀ ਹੈ। ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਪ੍ਰਭੂ ਵਿਚ ਸਮਾਏ ਰਹੀਏ ਤਾਂ ਅਸਲੀ ਜੋਗ ਦੀ ਪ੍ਰਾਪਤੀ ਹੁੰਦੀ ਹੈ ।

## ਵਿਅਕਤੀ ਵਿਸ਼ੇਸ ਨਾਲ ਸੰਵਾਦ :

ਗੁਰੂ ਨਾਨਕ ਜੀ ਨੇ ਸਿੱਧ ਗੋਸਟਿ ਦੀ ਬਾਣੀ ਜੋਗ ਮਤ ਦੇ ਵਿਅਕਤੀ ਵਿਸ਼ੇਸ ਜੋਗੀਆਂ ਨਾਲ ਸਿਧਾ ਨਾਮ ਲੈ ਕੇ ਵੀ ਸੰਵਾਦ ਰਚਾਉਂਦੇ ਹੋਏ ਅਜਿਹੇ ਜੋਗੀਆਂ ਵਿਚੋਂ ਮਛੰਦਰ, ਚਰਪਟ, ਗੋਰਖ ਆਦਿ ਦਾ ਜਿਕਰ ਕੀਤਾ ਹੈ ।

ਵਿਅਕਤੀ ਵਿਸ਼ੇਸ ਸੁਣ ਮਾਛਿੰਦ੍ਰਾ ਨਾਨਕ ਬੋਲੈ ।
ਵਸਗਤਿ ਪੰਚ ਕਰੇ ਨਹ ਡੋਲੈ ।
ਐਸੀ ਜੁਗਤਿ ਜੋਗ ਕਉ ਪਾਲੇ ।
ਆਪਿ ਤਰੈ ਸਗਲੇ ਕੁਲ ਤਾਰੇ ।
ਜੋ ਅਉਧੂਤ ਐਸੀ ਮਤਿ ਪਾਵੈ
ਅਹਿਨਿਸਿ ਸੁੰਨਿ ਸਮਾਧਿ ਸਮਾਵੈ ।[32]

31. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰਨਾ 731-32
32. ਉਹੀ, ਪੰ. 379

ਹੇ ਮਛੰਦਰ ਜੋਗੀ ਸੁਣ, ਮੈਂ ਨਾਨਕ ਤੈਨੂੰ ਕਹਿੰਦਾ ਹਾਂ ਜਿਹੜਾ ਵਿਅਕਤੀ ਕਾਮ ਵਿਕਾਰਾਂ ਨੂੰ ਵਸ ਕਰ ਲੈਂਦਾ ਹੈ ਉਸਨੂੰ ਜੋਗ ਦੀ ਅਸਲ ਜੁਗਤਿ ਲੱਭ ਜਾਂਦੀ ਹੈ। ਅਜਿਹਾ ਜੋਗੀ ਆਪ ਵੀ ਸੰਸਾਰ ਭਵ-ਸਾਗਰ ਤੋਂ ਤਰ ਜਾਂਦਾ ਹੈ ਅਤੇ ਸਬੰਧੀਆਂ ਨੂੰ ਵੀ ਤਾਰ ਲੈਂਦਾ ਹੈ ।

ਸੋ ਗਿਰਹੀ ਜੋ ਨਿਗ੍ਰਹੁ ਕਰੈ
ਜਪੁ ਤਪੁ ਸੰਜਮੁ ਭੀਖਿਆ ਕਰੈ ।
ਪੁੰਨ ਦਾਨ ਕਾ ਕਰੈ ਸਰੀਰੁ
ਸੋ ਗਿਰਹੀ ਗੰਗਾ ਕਾ ਨੀਰੁ ।
ਬੋਲੈ ਈਸਰੁ ਸਤਿ ਸਰੂਪੁ ।
ਪਰਮ ਤੰਤ ਮਹਿ ਰੇਖ ਨ ਰੂਪੁ ।[33]

ਹੇ ਜੋਗੀ ਅਸਲ ਅਵਧੂਤ ਉਹ ਹੈ ਜਿਹੜੀ ਆਪਾ ਸਾੜ ਦੇਵੇ ਅਤੇ ਆਪਾ ਸਾੜਨਾ ਹੀ ਉਸ ਲਈ ਧੂਪ ਧੁਖਾਣ ਦੀ ਕ੍ਰਿਆ ਹੋਵੇਗੀ । ਸੱਚਾ ਜੋਗੀ ਉਹ ਹੈ ਜੋ ਦੁੱਖ ਰੂਪ ਭਿੱਛਿਆ ਨੂੰ ਭੋਜਨ ਬਣਾ ਕੇ ਛਕ ਜਾਵੇ । ਅਜਿਹਾ ਅਵਧੂਤ ਭਿਛਿਆ ਨਗਰਾਂ ਅਤੇ ਸ਼ਹਿਰਾਂ ਵਿਚ ਨਹੀਂ ਮੰਗਦਾ ਸਗੋਂ ਹਿਰਦੇ ਰੂਪੀ ਸ਼ਹਿਰ ਵਿਚ ਪ੍ਰਮਾਤਮਾਂ ਪਾਸੋਂ ਭਿਖਿਆ ਮੰਗਦਾ ਹੈ । ਅਜਿਹਾ ਜੀਵਨ ਬਤੀਤ ਕਰਨ ਵਾਲੇ ਨੂੰ ਹੀ ਪ੍ਰਭੂ ਦੇ ਦਰਬਾਰ ਵਿਚ ਪ੍ਰਵਾਨਗੀ ਮਿਲਦੀ ਹੈ । ਹੇ ਭਾਈ, ਜੇ ਗੋਰਖ ਨਾਮ ਅਵਧੂਤ ਦਾ ਹੈ, ਤਾਂ ਸਤਿ ਸਰੂਪ ਪ੍ਰਭੂ ਨੂੰ ਇਸ ਤਰ੍ਹਾਂ ਜਪੇ ਤਾਂ ਉਸ ਅਵਧੂਤ ਵਿਚ ਅਤੇ ਪ੍ਰਮਾਤਮਾਂ ਵਿਚ ਕੋਈ ਭੇਦ ਨਹੀਂ ਰਹਿ ਜਾਵੇਗਾ । ਇਸੇ ਸ਼ਬਦ ਵਿਚ ਗੁਰੂ ਜੀ ਨਿਰੰਤਰ ਚਲਦੇ ਸੰਵਾਦ ਵਿਚ ਦੋ ਵਾਰ ਮਛੰਦ੍ਰ ਜੋਗੀ ਨੂੰ ਸੰਬੋਧਨ ਕਰਦੇ ਹਨ ਜਿਵੇਂ :

ਨਾਨਕ ਬੋਲੈ ਅੰਮ੍ਰਿਤ ਬਾਣੀ ।।
ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ।।
ਆਸਾ ਮਾਹਿ ਨਿਰਾਸੁ ਵਲਾਏ ।।
ਨਿਹਚਉ ਨਾਨਕ ਕਰਤੇ ਪਾਏ ।।[34]

ਸਿਧ ਗੋਸ਼ਟਿ ਬਾਣੀ ਵਿੱਚ ਗੁਰੂ ਜੀ, ਜਿਥੇ ਵਿਅਕਤੀਗਤ ਵਿਸ਼ੇਸ਼ ਜੋਗੀ ਨਾਲ ਸਿਧਾ ਨਾਮ ਲੈ ਕੇ ਸੰਵਾਦ ਰਚਾਉਂਦੇ ਹਨ ਉਥੇ ਸਿੱਧ ਵੀ ਗੁਰ ਜੀ ਦਾ ਨਾਮ ਲੈ ਕੇ ਸੰਵਾਦ ਵਿਚ ਹਿੱਸਾ ਲੈਂਦੇ ਹਨ, ਸਭ ਤੋਂ ਪਹਿਲਾਂ ਚਰਪਟ ਜੋਗੀ ਗੁਰ ਜੀ ਨੂੰ ਪ੍ਰਸ਼ਨ ਕਰਦਿਆਂ ਹੋਇਆ ਕਹਿੰਦਾ ਹੈ :

---

33. ਗੁਰੂ ਨਾਨਕ ਬਾਣੀ ਭਾਗ ਦੂਜਾ ਪੰਨਾ,1043
34. ਉਹੀ,ਪੰ. 380

ਦੁਨੀਆਂ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ।
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ।[35]

ਭਾਵ ਚਰਪਟ ਜੋਗੀ ਨੇ ਗੁਰੂ ਜੀ ਨੂੰ ਪੁਛਿਆ, ਇਸ ਸੰਸਾਰ ਸਾਗਰ ਨੂੰ ਤਰਨਾ ਔਖਾ ਹੈ ਐ ਤਿਆਗੀ ਨਾਨਕ ਇਸ ਦਾ ਠੀਕ ਵਿਚਾਰ ਕਰਕੇ ਦਸ।ਗੁਰੂ ਜੀ ਉਤਰ ਦੇਂਦੇ ਹਨ :

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ।
ਸਾਚ ਕਹਹੁ ਤੁਮ ਪਾਰਗਰਾਮੀ ਤੁਝ ਕਿਆ ਬੈਸਣੁ ਦੀਜੈ ।[36]

ਗੁਰੂ ਜੀ ਫੁਰਮਾਉਂਦੇ ਹਨ ਹੇ ਜੋਗੀ, ਚਰਪਟ ਜੋ ਆਪ ਇਹ ਪ੍ਰਸ਼ਨ ਪੁਛਦਾ ਹੈ ਉਹ ਆਪ ਹੀ ਇਸਦਾ ਉੱਤਰ ਵੀ ਜਾਣਦਾ ਹੈ ਕਿਉਂਕੇ ਗਿਆਨਵਾਨ ਹੈ। ਫਿਰ ਉਸ ਨੂੰ ਉਤਰ ਦੇਣ ਦੀ ਕੀ ਲੋੜ ਹੈ । ਹੇ ਜੋਗੀ, ਤੁਸੀਂ ਸੱਚ ਕਹਿੰਦੇ ਹੋ ਕਿ ਇਹ ਦੁਨੀਆਂ ਦੁਤਰ ਹੈ ਪਰ ਇਸ ਨੂੰ ਤਰਨ ਲਈ ਨਾਮ ਸ਼ਬਦ ਦੇ ਅਭਿਆਸ ਵਿਚ ਸੁਰਤ ਜੋੜ ਕੇ, ਜਲ ਵਿਚ ਕਮਲ ਦੇ ਫੁੱਲ ਤੇ ਮੁਰਗਾਬੀ ਵਾਂਗ ਜੀਵਨ ਬਤੀਤ ਕੀਤਿਆਂ ਇਸ ਨੂੰ ਪਾਰ ਕਰ ਸਕੀਦਾ ਹੈ, ਇਸ ਨੂੰ ਤਰ ਸਕਦੀ ਹੈ । ਚਰਪਟ ਜੋਗੀ ਤੋਂ ਬਾਅਦ 'ਲੋਹਾਰੀਪਾ' ਜੋਗੀ ਨਾਲ ਸੰਵਾਦ ਰਚਾਇਆ ਹੈ। ਇਹ ਜੋਗੀ,ਜੋਗਮਤ ਦੀ ਅਥਵਾ ਜੋਗ-ਮਾਰਗ ਦੀ ਵਿਆਖਿਆ ਕਰਦਾ ਹੋਇਆ ਦੱਸਦਾ ਹੈ ਕਿ ਜੋਗੀ ਵਿਅਕਤੀ ਸ਼ਹਿਰਾਂ ਤੋਂ ਦੂਰ ਜੰਗਲਾਂ ਵਿਚ ਜਾ ਕੇ ਕੰਦ ਮੂਲ ਦਾ ਅਹਾਰ ਕਰਕੇ ਅਤੇ ਤੀਰਥਾਂ ਦਾ ਭਰਮਣ ਕਰਕੇ ਜੋਗ ਦੀ ਜੁਗਤਿ ਨੂੰ ਸਮਝਦੇ ਹਨ ਜਿਵੇਂ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ।
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ।[37]

ਲੋਹਾਰੀਪਾ ਜੋਗੀ ਦਾ ਇਸ ਪ੍ਰਸ਼ਨ ਦਾ ਉੱਤਰ ਗੁਰੂ ਜੀ ਇਸ ਤਰ੍ਹਾਂ ਦੇਂਦੇ ਹਨ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨਾ ਜਾਈ
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ।[38]

---

36. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 380
37. ਉਹੀ .
38. ਉਹੀ, ਪੰ. 1012

ਭਾਵ ਹੇ ਜੋਗੀ ! ਜੇ ਘਰ ਬਾਹਰ ਰਹਿੰਦਿਆਂ ਹੋਇਆਂ ਅਗਿਆਨਤਾ ਦੀ ਨੀਂਦ ਨਾ ਆਵੇ ਪਰ ਧਨ ਤੇ ਇਸਤ੍ਰੀ ਲਈ ਜੇ ਮਨ ਨਾ ਡੋਲੇ, ਨਾਮ ਤੋਂ ਬਿਨਾਂ ਮਨ ਟਿਕ ਨਹੀਂ ਸਕਦਾ ਤੇ ਨਾਮ ਗੁਰੂ ਤੋਂ ਮਿਲਦਾ ਹੈ। ਗੁਰੂ ਦੇ ਨਾਮ ਦੁਆਰਾ, ਥੋੜਾ ਖਾਣਾ ਤੇ ਥੋੜਾ ਸੌਣਾ ਤੇ ਗ੍ਰਹਿਸਥ ਵਿਚ ਹੀ ਰਹਿਣਾ ਅਸਲੀ ਤੱਤ ਰੂਪ ਗਿਆਨ ਦੀ ਵਿਚਾਰ ਹੈ ।

ਜੋਗੀ ਅੱਗੇ ਚਲਕੇ ਇਕ ਹੋਰ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਜੀ ਤੋਂ ਪੁੱਛਦੇ ਹਨ :

ਕਵਣੁ ਮੂਲੁ ਕਵਣ ਮਤਿ ਵੇਲਾ ।
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ।
ਕਵਣ ਕਥਾ ਲੇ ਰਹਹੁ ਨਿਰਾਲੇ ।
ਬੋਲੈ ਨਾਨਕੁ ਸੁਣਹੁ ਤੁਮ ਬਾਲੇ ।
ਏਸੁ ਕਥਾ ਕਾ ਦੇਇ ਬੀਚਾਰੁ ।
ਭਵਜਲੁ ਸਬਦਿ ਲੰਘਾਵਣਹਾਰੁ ।[39]

ਗੁਰੂ ਜੀ ਇਸ ਵਾਰਤਾਲਾਪ ਦਾ ਉੱਤਰ ਨਿਮਨ ਲਿਖਤ ਸ਼ਬਦਾਂ ਵਿਚ ਦੇਂਦੇ ਹੋਏ ਸਪੱਸ਼ਟ ਕਰਦੇ ਹਨ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ ।
ਸਬਦੁ ਗੁਰੂ ਸੁਰਤਿ ਧੁਨਿ ਚੇਲਾ ।
ਅਕਥ ਕਥਾ ਲੇ ਰਹਉ ਨਿਰਾਲਾ ।
ਨਾਨਕ ਜੁਗਿ ਜੁਗਿ ਗੁਰ ਗੋਪਾਲਾ ।
ਏਕੁ ਸਬਦੁ ਜਿਤੁ ਕਥਾ ਵੀਚਾਰੀ ।
ਗੁਰਮੁਖਿ ਹਉਮੈ ਅਗਨਿ ਨਿਵਾਰੀ ।[40]

ਆਸਾ ਰਾਗ ਦੀਆਂ ਅਸ਼ਟਪਦੀਆਂ ਵਿਚ ਗੁਰੂ ਜੀ ਨੇ ਜੋਗ ਮਤਿ ਦੇ ਉੱਘੇ ਜੋਗੀ 'ਭਰਥਰੀ ਹਰੀ' ਨਾਲ ਵਾਰਤਾਲਾਪ ਰਚਾਇਆ ਹੈ ਅਤੇ ਸਚੇ ਗਿਆਨ ਦੀ ਸੋਝੀ ਕਰਵਾਈ ਹੈ। ਗੁਰੂ ਜੀ ਫੁਰਮਾਣ ਕਰਦੇ ਹਨ ਕਿ ਅੰਦਰ ਬਾਹਰ ਸਿਵਾਏ ਪ੍ਰਮਾਤਮਾ ਦੇ ਹੋਰ ਕੋਈ ਨਹੀਂ । ਜੋ ਉਸ ਅਕਾਲ ਪੁਰਖ ਨੂੰ ਭਾਂਉਂਦਾ ਹੈ ਉਹੀ ਹੁੰਦਾ ਹੈ । ਹੇ ਭਰਥਰੀ ਜੋਗੀ ਮੇਰਾ ਇਹ ਵਿਚਾਰ ਹੈ ਕਿ ਮੈਂ ਕੇਵਲ ਪ੍ਰਮਾਤਮਾ ਦੇ ਨਾਮ ਨੂੰ ਹੀ ਅਧਾਰ ਬਣਾਇਆ ਹੈ ਅਤੇ ਉਕਤੀਆਂ ਜੁਗਤੀਆਂ ਤਿਆਗ ਦਿੱਤੀਆਂ ਹਨ :

---

39. ਗੁਰੂ ਨਾਨਕ ਬਾਣੀ, ਭਾਗ ਦੂਜਾ ,ਪੰ. 1012

40. ਉਹੀ, ਪੰਨਾ,1013

ਅੰਤਰਿ ਬਾਹਰਿ ਅਵਰੁ ਨ ਕੋਇ ।
ਜੋ ਤਿਸੁ ਭਾਵੈ ਸੋ ਫੁਨਿ ਹੋਇ ।
ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ।
ਨਿਰਮਲ ਨਾਮੁ ਮੇਰਾ ਆਧਾਰੁ ।[41]

ਆਸਾ ਦੇ ਚਉਪਦੇ ਨੰਬਰ 37 ਅਤੇ 38 ਭਰਥਰੀ ਨਾਲ ਰਚਾਏ ਸੰਵਾਦ ਦਾ ਭਾਗ ਹਨ ਜਿਵੇਂ:

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ।
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ।
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ।
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ।
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ।
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ।[42]

ਦੂਸਰਾ ਸ਼ਬਦ ਹੈ :

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ।
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ।
ਸਿਫਤੀ ਰਤਾ ਸਦਾ ਬੈਰਾਗੀ ਜੂਐ ਜਨਮੁ ਨ ਹਾਰੇ ।
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੇ ।[43]

ਅਰਥਾਤ ਹੇ ਜੋਗੀ ਮੈਂ ਆਤਮਕ ਮੰਡਲ ਦੇ ਆਸਨ ਤੇ ਬੈਠਦਾ ਹਾਂ, ਮੈਂ ਕਲਪਨਾ ਤੇ ਝਗੜੇ ਤਿਆਗ ਦਿੱਤੇ ਹਨ ਮੇਰੇ ਅੰਦਰ ਗੁਰ-ਸ਼ਬਦ ਦੀ ਧੁਨੀ ਨਿਰੰਤਰ ਜਾਰੀ ਹੈ, ਪ੍ਰਭੂ ਦਾ ਵਿਚਾਰ ਮੇਰਾ ਖੱਪਰ ਹੈ ਗਿਆਨ ਮੇਰਾ ਡੰਡਾ ਹੈ, ਮੇਰੀ ਬੈਰਾਗਣ ਸਭ ਪ੍ਰਕਾਰ ਦੇ ਜੀਵਾਂ ਵਿਚਲੀ ਆਤਮਕ ਪਛਾਣ ਹੈ, ਹੇ ਭਰਥਰੀ ਜੋਗੀ, ਮੇਰੀ ਲਿਵ ਇਹੋ ਹੈ ਕਿ ਮੈਂ ਪ੍ਰਭੂ ਸਿਮਰਨ ਵਿਚ ਮਹਾ ਮਗਨ ਰਹਿੰਦਾ ਹਾਂ। ਹੇ ਭਰਥਰੀ ਜਿਸਨੇ ਗੁਰੂ ਦੀ ਬਾਣੀ, ਗੁਰੂ ਦੀ ਸਿਖਿਆ ਦਾ ਰਸ ਪੀਤਾ ਹੈ ਉਹ ਪੀਦਿਆਂ ਹੀ ਪ੍ਰਭੂ-ਦਰ ਤੇ ਪ੍ਰਵਾਣ ਹੋ ਗਿਆ ਹੈ। ਪਰਮਾਤਮਾਂ ਦੇ ਦਰਸ਼ਨਾਂ ਦੀ ਇਛਾ ਕਰਨ ਵਾਲੇ ਨੂੰ ਮੁਕਤ ਧਾਮ ਦੀ ਲੋੜ ਨਹੀਂ । ਪ੍ਰਭੂ ਦੀ ਸਿਫਤ ਸਲਾਹ ਕਰਨਾ ਵਾਲਾ ਆਪਣਾ ਜਨਮ ਨਿਰਾਰਥ ਨਹੀਂ ਗਵਾਉਂਦਾ । ਹੇ ਭਰਥਰੀ ਜੋਗੀ ਅਜਿਹਾ ਜੋਗੀ ਪ੍ਰਭੂ ਨਾਮ ਦੀ ਅੰਮ੍ਰਿਤ ਧਾਰ ਪੀਣ ਵਿਚ ਮਗਨ ਰਹਿੰਦਾ ਹੈ । ਸਮੁੱਚੇ ਜੋਗਮਤ ਦੇ ਸਿਧਾਂਤਾਂ ਨਾਲ ਦਰਸ਼ਨ ਦੀ ਪੱਧਰ ਦੇ ਵਾਰਤਾਲਾਪ ਵੀ ਰਚਾਏ ਗਏ ਹਨ। ਗੁਰੂ ਜੀ ਨੇ ਜੋਗ-ਮਤ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਇਸ ਮਤ ਦੇ ਆਗੂਆਂ ਨੂੰ

---

41. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 455
42. ਉਹੀ, ਪੰ. 449
43. ਉਹੀ, ਪੰ. 450-51

ਪ੍ਰੇਰਨਾ ਦਿੱਤੀ ਹੈ ਕਿ ਉਹ ਨਿਰਮੂਲ ਚਿੰਨ੍ਹਾਂ ਭੇਖਾਂ ਅਤੇ ਵਿਖਾਵੇ ਦੇ ਪ੍ਰਾਣਾਯਾਮ ਤੋਂ ਉੱਪਰ ਉੱਠਕੇ ਸਹੀ ਜੋਗ ਹਰੀ-ਨਾਮ ਸਿਮਰਨ ਧਾਰਨ ਕਰਨ ਤਾਂ ਹੀ ਪ੍ਰਭੂ ਦੇ ਦਰਬਾਰ ਵਿਚ ਪ੍ਰਵਾਣ ਹੋ ਸਕਣਗੇ। ਇਸ ਮੰਤਵ ਦੀ ਪੂਰਤੀ ਲਈ ਕੁਝ ਉਦਾਹਰਣਾਂ ਗੁਰੂ ਨਾਨਕ ਬਾਣੀ ਵਿਚੋਂ ਪ੍ਰਸਤੁਤ ਕੀਤੀਆਂ ਜਾ ਰਹੀਆਂ ਹਨ ।

ਜੋਗੀ ਜੁਗਤਿ ਸਹਜ ਘਰਿ ਵਾਸੈ ।
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ।ਰਹਾਉ।
ਪੰਚ ਬੈਲ ਗੜੀਆ ਦੇਹ ਧਾਰੀ ।
ਰਾਮ ਕਲਾ ਨਿਬਹੈ ਪਤਿ ਸਾਰੀ ।[44]

ਹੇ ਜੋਗੀ ਤੂੰ ਸਿਆਣਾ ਬਣ ਕੇ, ਧਾਰਮਿਕ ਆਗੂ ਬਣਕੇ, ਦੁਨੀਆਂ ਨੂੰ ਉਪਦੇਸ਼ ਦੇਂਦਾ ਹੈ ਅਤੇ ਪੇਟ ਪੂਜਾ ਨਾਲ ਸਰੀਰ ਰੂਪੀ ਮੜ੍ਹੀ ਨੂੰ ਵਧਾਈ ਜਾਂਦਾ ਹੈ। ਪਰ ਜਦੋਂ ਤੂੰ ਆਪ ਹੀ ਡੋਲਦਾ ਹੈ ਤਾਂ ਸੱਚ ਕਿਵੇਂ ਪਾ ਸਕੇਗਾ ਅਤੇ ਮੋਹ ਮਮਤਾ ਕਾਰਣ ਤੂੰ ਨਾ ਸੰਸਾਰੀ ਰਿਹਾ ਹੈ ਅਤੇ ਨਾ ਹੀ ਤਿਆਗੀ ਰਿਹਾ ਹੈ ।

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ।
ਵਰਤੁ ਤਪਨੁ ਕਰਿ ਮਨੁ ਨਹੀਂ ਭੀਜੈ ।
ਰਾਮ ਨਾਮ ਸਰਿ ਅਵਰੁ ਨ ਪੂਜੈ ।[45]

ਭਾਵ ਹੇ ਜੋਗੀ ਹੱਠ ਯੋਗ ਰਾਹੀਂ ਸੁਆਸ ਚੜ੍ਹਾਉਣ ਨਾਲ ਅਤੇ ਇੰਦਰੀਆਂ ਨੂੰ ਗੈਰ ਕੁਦਰਤੀ ਢੰਗ ਨਾਲ ਰੋਕਿਆਂ ਸਰੀਰ ਟੁੱਟਦਾ ਹੈ ਅਤੇ ਕਮਜ਼ੋਰ ਹੁੰਦਾ ਹੈ । ਵਰਤ ਰੱਖਣ ਨਾਲ ਅਤੇ ਤਪ ਸਾਧਨਾਂ ਕਰਨ ਨਾਲ ਵੀ ਮਨ ਨੂੰ ਤਸੱਲੀ ਨਹੀਂ ਹੁੰਦੀ । ਹੇ ਭਾਈ ਮਨ ਨੂੰ ਕਾਬੂ ਕਰਨ ਲਈ ਰਾਮ ਨਾਮ ਤੋਂ ਬਿਨਾ ਹੋਰ ਕੋਈ ਸਾਧਨ ਨਹੀਂ ਹੈ । ਗੁਰੂ ਜੀ ਜੋਗ ਮਤ ਨਾਲ ਵਾਰਤਾਲਾਪ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ :

ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ।
ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ।
ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ।
ਕਾਲੁ ਬਿਕਾਲੁ ਕਰੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ।[46]

---

44. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 890
45. ਗੁਰੂ ਨਾਨਕ ਬਾਣੀ, ਪੰ. 905
46. ਉਹੀ, ਪੰ. 917

ਹੇ ਅਉਧੂ ਉਹ ਜੋਗੀ ਭਰਿਆ ਹੈ ਜਿਹੜਾ ਹਿਰਦੇ ਰੂਪੀ ਹੱਥ ਵਿਚ ਨਾਮ ਦੀ ਭਿਛਿਆ ਮੰਗਦਾ ਹੈ। ਹੇ ਅਉਧੂ, ਉਸ ਜੋਗੀ ਦਾ ਆਤਮਾਂ ਦੇ ਮੰਡਲ ਵਿਚ ਆਸਣ ਹੈ ਜਿਥੇ ਅਲਖ ਅਗੰਮ ਤੇ ਅਪਾਰ ਹਰੀ ਉਸਦੇ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ। ਮਨ ਰਾਜਾ ਸ਼ਬਦ ਦੁਆਰਾ ਜਸ ਕਰਦਾ ਹੈ ਤੇ ਗੁਣਵਾਨ ਹੋ ਕੇ ਨਿਆਂ ਕਰਦਾ ਹੈ, ਅਜਿਹੇ ਜੋਗੀ ਨੂੰ ਜਨਮ ਤੇ ਮੌਤ ਦਾ ਚੱਕਰ ਕੁਝ ਨਹੀਂ ਕਹਿ ਸਕਦਾ ਕਿਉਂਕਿ ਅਜਿਹਾ ਜੋਗੀ ਤਾਂ ਮਨ ਮਾਰ ਕੇ ਪਹਿਲਾਂ ਹੀ ਜੀਵਨ ਭਾਵ ਤੋਂ ਮਰ ਗਇਆ ਹੈ । ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬਾਣੀ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਨੇ ਜੋਗ ਮਤ ਨਾਲ ਸੰਵਾਦ ਰਚਾਉਂਦੇ ਹੋਏ ਫੁਰਮਾਨ ਕੀਤਾ ਹੈ :28 ਪਉੜੀ ਤੋਂ ਲੈ ਕੇ 29,30 ਅਤੇ 31 ਚਾਰ ਪਉੜੀਆਂ ਜੋਗ ਮਤ ਤੇ ਸਿਧ ਮਤ ਨਾਲ ਗੁਰੂ ਜੀ ਦੁਆਰਾ ਰਚਾਏ ਸੰਵਾਦ ਨੂੰ ਸਾਕਾਰ ਰੂਪ ਦੇਂਦੀਆਂ ਹਨ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ।[47]

ਹੇ ਜੋਗੀ, ਤੂੰ ਜੋਗੀ ਹੋਣ ਦਾ ਅਸਲ ਹੱਕਦਾਰ ਤਾਂ ਹੈ ਅਰਥਾਤ ਸੱਚਾ ਜੋਗੀ ਤਾਂ ਹੀ ਬਣ ਸਕਦਾ ਹੈ ਜੇ ਉਹ ਸੰਤੋਖ ਦੀਆਂ ਮੁੰਦਰਾਂ ਧਾਰਨ ਕਰੇ, ਉਦਮ ਨੂੰ ਆਪਣਾ ਖੱਪਰ ਜਾਂ ਝੋਲੀ ਬਣਾਵੇ, ਸਰੀਰ ਤੇ ਸਵਾਹ ਮਲਣ ਨੂੰ ਪ੍ਰਭੂ ਵਿਚ ਧਿਆਨ ਲਾਣ ਦਾ ਸਾਧਨ ਬਣਾਏ, ਮੌਤ ਦਾ ਚੇਤਾ ਬਣਾਵੇ ਨਿਸਚੇ ਦਾ ਡੰਡਾ ਹੋਏ ਅਤੇ ਸਰੀਰ ਦੀ ਪਵਿਤਰਤਾ ਜੋਗ ਦੀ ਰੀਤ ਹੋਵੇ, ਸਭ ਨੂੰ ਆਪਣੇ ਸਾਮਾਨ ਸਮਝਣਾ ਆਪੇ ਪੰਥੀ ਹੋਵੇ। ਭਾਈ ਕਰਮਾਤੀ ਸ਼ਕਤੀਆਂ ਦੁਆਰਾ ਜਗਤ ਨੂੰ ਨਾ ਜਿੱਤ ਸਗੋਂ ਆਪਣੇ ਮਨ ਨੂੰ ਜਿੱਤ, ਵਿਕਾਰਾਂ ਨੂੰ ਮਾਰ ਤਾਂ ਤੂੰ ਸਾਰਾ ਸੰਸਾਰ ਜਿੱਤ ਲਵੇਂਗਾ। ਇਸੇ ਤਰ੍ਹਾਂ ਉਨਵੇਂ ਪਉੜੀ ਵਿਚ ਜੋਗੀਆਂ ਦੇ ਭੰਡਾਰੇ ਕਰਨ ਦੀ ਕ੍ਰਿਆ ਬਾਰੇ ਦਸਿਆ ਹੈ ਅਤੇ ਸਪਸ਼ਟ ਕੀਤਾ ਹੈ ਕਿ ਉਹ ਪ੍ਰਭੂ ਦੇ ਭੰਡਾਰੇ ਬੇ-ਅੰਤ ਹਨ ਅਤੇ ਸਭ ਲੋਆਂ ,ਦੀਪਾਂ ਮੰਡਲਾਂ ਵਿਚ ਹਨ । ਉਸ ਪ੍ਰਭੂ ਨੂੰ ਨਮਸਕਾਰ ਹੈ ਜਿਹੜਾ ਸੰਸਾਰ ਦੀ ਕਾਰ ਨੂੰ ਚਲਾਉਣ ਵਾਲਾ ਹੈ ਇਸ ਤਰ੍ਹਾਂ ਗੁਰੂ ਜੀ ਨੇ ਜੋਗੀਆਂ ਦੇ ਵਿਖਾਵੇ ਦੇ ਕਰਮਕਾਂਡਾਂ ਨੂੰ ਨਿਰਮੂਲ ਦਸਿਆ ਹੈ ਅਤੇ ਸੰਵਾਦ ਰਚਾਉਂਦੇ ਹੋਏ ਕਿਹਾ ਹੈ ਕਿ ਹੇ ਜੋਗੀ ਜਦੋਂ ਕੇਵਲ ਹਿਰਦੇ ਨੂੰ ਸ਼ੁਧ ਕਰਕੇ ਗੁਰੂ ਸ਼ਬਦ ਦੀ ਕਮਾਈ ਨਾਲ ਅਪਰੰਪਰ ਪ੍ਰਭੂ ਨੂੰ ਮਿਲ ਸਕੀਦਾ ਹੈ ।

---

47. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 41

ਭਾਰਤ ਦੇ ਹੋਰ ਕਈ ਫਿਰਕਿਆਂ, ਮੱਤਾਂ, ਮਤਾਂਤਰਾਂ ਨਾਲ ਵੀ ਗੁਰੂ ਨਾਨਕ ਬਾਣੀ ਯਥਾਰਥ ਦੀ ਪੱਧਰ ਤੇ ਸੰਵਾਦ ਰਚਾਉਂਦੀ ਹੈ ਅਤੇ ਪਰਮ ਸਤਿ ਦੀ ਸੋਝੀ ਕਰਵਾਉਂਦੀ ਹੋਈ ਸਹੀ ਜੀਵਨ ਜਾਚ ਦਾ ਰਸਤਾ ਵਿਖਾਉਂਦੀ ਹੈ। ਇਨਾਂ ਮੱਤਾਂ ਦੇ ਨਿਰਮੂਲ ਸਿਧਾਂਤ, ਵਿਸ਼ਵਾਸਾਂ ਅਤੇ ਕਰਮਕਾਂਡਾਂ ਬਾਰੇ ਵਾਸਤਵਿਕ ਗਿਆਨ ਦਾ ਬੋਧ ਕਰਾਵਾਉਂਦੀ ਹੋਈ ਗੁਰੂ ਨਾਨਕ ਬਾਣੀ ਦੀ ਵਾਰਤਾਲਾਪ ਸੱਚ ਦੇ ਸਨਮੁੱਖ ਕਰਦੀ ਹੈ। ਇਹਨਾਂ ਫਿਰਕਿਆਂ ਧਰਮਾਂ ਅਤੇ ਮਤਾਂ ਮਤਾਂਤਰਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰ ਰਹੇ ਹਾਂ ਜਿਵੇਂ ਕਿ ਵੈਸ਼ਨਵ, ਸਨਿਆਸੀ ਸੰਪਰਦਾਇ, ਜੈਨ ਮਤ, ਸਰੇਵੜੇ ਜੋਗੀ ਮੁਨੀ ਅਤੇ ਕਾਪੜੀਏ ਆਦਿ ।

## ਉਦਾਸੀ ਸੰਪ੍ਰਦਾਇ

ਘਰ ਬਾਹਰ ਤਿਆਗਣ ਵਾਲੇ ਇਕ ਵਿਸ਼ੇਸ਼ ਸੰਪ੍ਰਦਾਇ 'ਉਦਾਸੀ' ਕਹਾਉਂਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਜੀ ਨੇ ਪੰਜਾਬ ਵਿਚ ਉਦਾਸੀ ਸੰਪ੍ਰਦਾਇ ਨੂੰ ਚਲਾਇਆ । ਇਹ ਲੋਕ ਵੀ ਘਰ ਬਾਰ ਅਤੇ ਪਰਿਵਾਰ ਤੋਂ ਉਦਾਸ ਹੋ ਜਾਂਦੇ ਹਨ ।ਬਾਅਦ ਵਿਚ ਇਸ ਸੰਪਰਦਾਇ ਨੂੰ ਉਦਾਸੀ ਸੰਪ੍ਰਦਾਇ ਕਿਹਾ ਜਾਣ ਲਗ ਪਿਆ ।

ਸੋ ਉਦਾਸੀ ਜਿ ਪਾਲੇ ਉਦਾਸੁ ।
ਅਰਧ ਉਰਧ ਕਰੇ ਨਿਰੰਜਨ ਵਾਸੁ ।
ਚੰਦ ਸੂਰਜ ਕੀ ਪਾਏ ਗੰਢਿ ।
ਤਿਸੁ ਉਦਾਸੀ ਕਾ ਪੜੈ ਨ ਕੰਧੁ ।
ਬੋਲੈ ਗੋਪੀ ਚੰਦੁ ਸਤਿ ਸਰੂਪੁ ।
ਪਰਮ ਤੰਤ ਮਹਿ ਰੇਖ ਨ ਰੂਪੁ ।[48]

ਅਰਥਾਤ ਹੇ ਉਦਾਸੀ ਜਨੋ, ਅਸਲ ਉਦਾਸੀ ਉਹ ਹੁੰਦਾ ਹੈ ਜਿਹੜਾ ਸੰਸਾਰ ਤਿਆਗਣ ਦੀ ਥਾਂ ਮਾਇਆ ਦਾ ਤਿਆਗ ਕਰੇ । ਹੇਠ, ਉਪਰ ਹਰ ਥਾਂ ਪ੍ਰਭੂ ਦਾ ਵਾਸਾ ਸਮਝੇ ਆਪਣੇ ਅੰਦਰ ਸੀਤਲਤਾ ਤੇ ਗਿਆਨ ਭਾਵ ਚੰਦਰਮਾ ਤੇ ਸੂਰਜ ਦੇ ਗੁਣ ਪੈਦਾ ਕਰੇ । ਇਸ ਤਰ੍ਹਾਂ ਦੇ ਗੁਣਾਂ ਵਾਲੇ ਉਦਾਸੀ ਦਾ ਸਰੀਰ ਨਾਸ਼ ਨਹੀਂ ਹੁੰਦਾ । ਹੇ ਭਾਈ, ਜੇ ਗੋਪੀ ਚੰਦ ਉਦਾਸੀ ਵੀ ਇਸ ਤਰ੍ਹਾਂ ਸਤਿ-ਸਰੂਪ ਪ੍ਰਭੂ ਦਾ ਸਿਮਰਨ ਕਰੇ ਤਾਂ ਪ੍ਰਭੂ ਤੇ ਉਸ ਉਦਾਸੀ ਵਿਚ ਕੋਈ ਭੇਦ ਨਹੀਂ ਰਹਿ ਜਾਵੇਗਾ ।

48. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1045

## ਬੈਰਾਗੀ ਸੰਪ੍ਰਦਾਇ

ਬੈਰਾਗੀ ਸੰਸਾਰ ਤੋਂ ਸਬੰਧ ਤੋੜ ਲੈਣ ਵਾਲੇ ਵਿਅਕਤੀ ਨੂੰ ਆਖਦੇ ਹਨ । ਅਸਲ ਵਿਚ ਬੈਰਾਗੀ ਸੰਪ੍ਰਦਾਇ ਉਨ੍ਹਾਂ ਵਿਅਕਤੀਆਂ ਦਾ ਸਮੂਹ ਹੈ ਜਿਹੜੇ ਗ੍ਰਿਹਸਥ ਜੀਵਨ ਤੋਂ ਉਪਰਾਮ ਹੋ ਜਾਂਦੇ ਹਨ ।

ਸੋ ਬੈਰਾਗੀ ਜਿ ਉਲਟੇ ਬ੍ਰਹਮੁ ।
ਗਗਨ ਮੰਡਲ ਮਹਿ ਰੋਪੈ ਥੰਮੁ ।
ਅਹਿਨਿਸਿ ਅੰਤਰਿ ਰਹੈ ਧਿਆਨਿ ।
ਤੇ ਬੈਰਾਗੀ ਸਤ ਸਮਾਨਿ ।[49]

ਹੇ ਭਾਈ ਅਸਲ ਬੈਰਾਗੀ ਉਹ ਹੈ ਜੋ ਬ੍ਰਹਮ ਨੂੰ ਆਪਣੇ ਮਨ ਵੱਲ ਉਲਟਾਂਦਾ ਹੈ । ਨਾਮ-ਰੂਪ ਥੰਮ ਨੂੰ ਦਸਮ ਦੁਆਰ ਵਿਚ ਖੜ੍ਹਾ ਕਰਦਾ ਹੈ । ਐਸਾ ਬੈਰਾਗੀ ਰਾਤ ਦਿਨ ਪ੍ਰਮਾਤਮਾ ਦੇ ਧਿਆਨ ਵਿਚ ਬਹਿੰਦਾ ਹੈ ਅਤੇ ਫਿਰ ਇਹ ਬੈਰਾਗੀ ਪ੍ਰਭੂ ਦਾ ਰੂਪ ਹੋ ਜਾਂਦਾ ਹੈ । ਹੇ ! ਭਾਈ ਜੇ ਭਰਥਰੀ ਬੈਰਾਗੀ ਦਾ ਨਾਮ ਹੈ ਤਾਂ ਵੀ ਉਸ ਸਤਿ ਸਰੂਪ ਵਾਹਿਗੁਰੂ ਦਾ ਜਾਪ ਕਰੇ ਹੋਰ ਸਭ ਤੰਤਰ ਮੰਤਰ ਛੱਡ ਦੇਵੇ ਤਾਂ ਉਸ ਬੈਰਾਗੀ ਅਤੇ ਪ੍ਰਮਾਤਮਾ ਵਿਚ ਕੋਈ ਅੰਤਰ ਨਹੀਂ ਰਹਿ ਜਾਵੇਗਾ ।

### ਸੰਨਿਆਸੀ ਨਾਲ ਰਚਾਇਆ ਸੰਵਾਦ :

ਭਾਰਤੀ ਸੰਸਕ੍ਰਿਤੀ ਅਨੁਸਾਰ ਆਸ਼ਰਮ-ਵਿਵਸਥਾ ਵਿਚ ਸੰਨਿਆਸ ਆਸ਼ਰਮ, ਚੌਥਾ ਅਤੇ ਅੰਤਿਮ ਆਸ਼ਰਮ ਸੀ । ਇਨ੍ਹਾਂ ਸੰਨਿਆਸੀਆਂ ਦੇ ਅਨੇਕਾਂ ਵਰਗ ਪ੍ਰਚਲਤ ਹੋਏ ਹਨ । ਇਸ ਫਿਰਕੇ ਦੇ ਲੋਕ ਬਾਹਰੀ ਚਿੰਨਾਂ ਤੇ ਭੇਖਾਂ ਵਿਚ ਵਧੇਰੇ ਵਿਸ਼ਵਾਸ਼ ਰਖਦੇ ਹਨ । ਮੱਧਕਾਲ ਵਿਚ ਸੰਨਿਆਸ ਮਤ ਦਾ ਬੜਾ ਜੋਰ ਸੀ ।

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ।
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੇ ਦੁਰਮਤਿ ਘੂਮਨ ਘੇਰੈ।
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੇ ।
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ।

---

49. ਗੁਰੂ ਨਾਨਕ ਬਾਣੀ, ਭਾਗ ਦੂਜਾ, ਪੰ. 1046

ਬਾਬਾ ਐਸੀ ਰਵਤ ਰਵੈ ਸੰਨਿਆਸੀ ।
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ
ਰਤੇ ਤ੍ਰਿਪਤਾਸੀ । ਰਹਾਉ ।[50]

. . . . . . . . . . . . .

. . . . . . . . . . . . . .

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ।
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ।
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ।
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ।[51]

ਅਰਥਾਤ ਮਨਮੁੱਖ ਸੰਨਿਆਸੀ ਕਿਸੇ ਕਾਲਪਨਿਕ ਤਰੰਗ ਅਧੀਨ ਘਰ ਛੱਡ ਕੇ ਖੁਆਰ ਹੁੰਦਾ ਫਿਰਦਾ ਹੈ । ਗ੍ਰਿਹਸਥ ਧਰਮ ਛੱਡ ਕੇ ਖੋਟੀ ਮਤ ਦੇ ਚੱਕਰ ਵਿਚ ਪਿਆ ਰਹਿੰਦਾ ਹੈ । ਉਹ ਦੇਸ ਪ੍ਰਦੇਸ ਘੁੰਮਦਾ ਹੈ । ਪਾਠ ਪੜ੍ਹਦਾ ਤੇ ਸੁਣਦਾ ਥਕ ਜਾਂਦਾ ਹੈ । ਇਸ ਤਰ੍ਹਾਂ ਚਿਰੋ ਸਰੀਰ ਵਿਚ ਸ਼ਬਦ ਦੀ ਸੋਝੀ ਨਹੀਂ ਰੱਖਦਾ । ਹੇ ਭਾਈ ਅਸਲ ਸੰਨਿਆਸੀ ਉਹ ਹੈ ਜੋ ਸਿਮਰਨ ਦੁਆਰਾ ਪ੍ਰਭੂ ਵਿਚ ਲਿਵ ਜੋੜਦਾ ਹੈ । ਹੇ ਭਾਈ ਅਸਲ ਸੰਨਿਆਸੀ ਉਹ ਹੈ ਜਿਹੜਾ ਸਤਿਗੁਰੂ ਨੂੰ ਪਛਾਣਦਾ ਹੈ ਅਤੇ ਆਪਾ ਭਾਵ ਖਤਮ ਕਰਦਾ ਹੈ । ਜਿਹੜਾ ਲਾਲਚੀ ਨਹੀਂ ਤੇ ਅਚਿੰਤ ਰੂਪ ਵਿਚ ਮਿਲੇ ਪਦਾਰਥ ਨਾਲ ਸੰਤੁਸ਼ਟ ਰਹਿੰਦਾ ਹੈ । ਉਹ ਸੱਚਾ ਸੰਨਿਆਸੀ ਹੈ ਜੋ ਪ੍ਰਭੂ ਨਾਮ ਵਿਚ ਲਿਵ ਜੋੜਦਾ ਹੈ ।

<u>ਮੁੰਡੀ ਸੰਪ੍ਰਦਾਇ ਅਤੇ ਕਾਪੜੀਏ</u> :

ਇਹ ਤਿੰਨੇ ਸ਼੍ਰੇਣੀਆਂ ਅਡੰਬਰ ਤੋਂ ਇਲਾਵਾ ਹੋਰ ਕੋਈ ਵਿਸ਼ੇਸ਼ ਸਿਧਾਂਤ ਨਹੀਂ ਰੱਖਦੀਆਂ ਸਦਾ ਮੌਨੇ ਵਰਤ ਦਾ ਪਾਲਣ ਕਰਦੇ ਹਨ । ਸਿਰ ਦਾੜ੍ਹੀ ਮੁਨਵਾਕੇ ਘੋਨ-ਕਰਾਉਣ ਵਾਲੇ ਨੂੰ ਮੁੰਡੀ ਅਤੇ ਭੰਗਵੇ ਜਾਂ ਚਿਖਦੇ ਧਾਰਨ ਕਰਨ ਵਾਲੇ ਨੂੰ ਕਾਪੜੀਏ ਕਹਿੰਦੇ ਹਨ :

---

50. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1100
51. ਉਹੀ, ਪੰ. 1101

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ।
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ।
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ।
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ।
ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ।
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ।
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ।[52]

ਹੇ ਭਾਈ ਸਿਰ ਮੁਨਾਣ, ਜਟਾਂ ਧਾਰਨ ਕਰਨ ਵਾਲੇ, ਬੋਦੀ ਰੱਖਣ ਵਾਲੇ , ਹਉਮੈ ਨੂੰ ਤਿਆਗਣ ਤੋਂ ਬਿਨਾਂ ਸਹੀ ਅਰਥਾਂ ਨਹੀਂ ਲੋੜਦਾ । ਤ੍ਰਿਸ਼ਨਾ ਵਿਚ ਡੋਲਦਾ ਮਨ ਭਟਕਦਾ ਰਹਿੰਦਾ ਹੈ । ਅੰਮ੍ਰਿਤ ਰੂਪੀ ਨਾਮ ਨੂੰ ਤਾਂ ਤਿਆਗ ਦੇਂਦਾ ਹੈ ਅਤੇ ਮਾਇਆ ਦਾ ਜ਼ਹਿਰ ਖਾਣ ਵਿਚ ਰੁਝਾ ਰਹਿੰਦਾ ਹੈ । ਭਾਂਵੇ ਸਰੀਰ ਤੇ ਲੀਰਾਂ ਪਹਿਨਦਾ ਹੈ ਪਰ ਮਨ ਵਿਚੋਂ ਤ੍ਰਿਸ਼ਨਾਂ ਨਹੀਂ ਮੁਕਦੀ। ਅਜਿਹਾ ਕਾਪੜੀਆ ਆਪਣੀ ਇਸਤ੍ਰੀ ਤਾਂ ਤਿਆਗ ਦੇਂਦਾ ਹੈ ਪਰ ਕਾਮ ਅਧੀਨ ਪਰਾਈ ਇਸਤ੍ਰੀ ਨਾਲ ਚਿੱਤ ਜੋੜਦਾ ਹੈ । ਹੋਰਨਾਂ ਨੂੰ ਉਪਦੇਸ਼ ਦੇਂਦਾ ਹੈ ਪਰ ਆਪ ਨੂੰ ਸ਼ਬਦ ਦੀ ਸੋਝੀ ਨਹੀਂ ਆਉਂਦੀ, ਮਾਇਆ ਵਿਚ ਗ਼ਲਤਾਨ ਹੈ ਤੇ ਬਾਹਰੋਂ ਉਪਦੇਸ਼ ਦੇਂਦਾ ਹੈ ਇਸ ਲਈ ਨਿਸਫਲ ਕਾਰਾ ਕਰਦਾ ਹੈ ।

ਨਾਗੇ ਸਾਧਾਂ ਪ੍ਰਤਿ ਸੰਵਾਦ

ਇਕਿ ਨਾਗੇ ਭੂਖੇ ਭਵਹਿ ਭਵਾਏ ।
ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ।
ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ।[53]

ਅਰਥਾਤ ਕਈ ਸੰਸਾਰ ਨੂੰ ਤਿਆਗ ਕੇ ਨੰਗੇ ਰਹਿੰਦੇ ਹਨ, ਭੁੱਖਾਂ ਕੱਟਦੇ ਹਨ ਅਤੇ ਪ੍ਰਭੂ ਦੁਆਰਾ ਚੱਕਰ ਵਿਚ ਪਾਏ ਹੋਏ ਥਾਂ ਥਾਂ ਤੇ ਭੌਂਦੇ ਫਿਰਦੇ ਹਨ। ਅਜਿਹੇ ਕਈ ਨਾਗੇ ਅਤੇ ਹੋਰ ਵਿਅਕਤੀ

---

52. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 1100
53. ਉਹੀ, ਪੰ. 1136

ਹੱਠ ਕਾਰਨ ਮਰ ਹੀ ਜਾਂਦੇ ਹਨ ਪਰ ਪ੍ਰਭੂ ਦੀ ਕੀਮਤ ਨਹੀਂ ਪਾ ਸਕਦੇ ਅਜਿਹੇ ਨਾਗਿਆਂ ਸਾਧੂਆਂ ਤੇ ਤਿਆਗੀਆਂ ਨੂੰ ਤੱਤ ਗਿਆਨ ਦੀ ਸੋਝੀ ਨਹੀਂ ਹੁੰਦੀ ਕਿਉਂਕੇ ਪ੍ਰਭੂ ਨੂੰ ਤਾਂ ਉਹੀ ਪਾ ਸਕਦੇ ਹਨ ਜਿਹੜੇ 'ਸ਼ਬਦ' ਦੀ ਕਮਾਈ ਕਰਦੇ ਹਨ ।

ਜੈਨ ਮਤ ਨਾਲ ਰਚਾਏ ਸੰਵਾਦ :

ਭਾਰਤੀ ਧਰਮ ਦਰਸ਼ਨ ਦੇ ਅੰਤਰਗਤ ਬੁੱਧ ਅਤੇ ਜੈਨ ਉਪਦੇਸ਼ਕਾਂ ਨੂੰ ਸਰੇਵੜੇ ਕਿਹਾ ਜਾਂਦਾ ਹੈ । ਇਹ ਲੋਕ ਵੀ ਵਧੇਰੇ ਧਾਰਮਿਕ ਅਡੰਬਰ ਹੀ ਰਚਦੇ ਹਨ ਅਤੇ ਅਸਲੀ ਜੀਵਨ ਵਲ ਕੋਈ ਧਿਆਨ ਨਹੀਂ ਦੇਂਦੇ । ਗੁਰੂ ਜੀ ਨੇ ਇਹਨਾਂ ਦੇ ਆਡੰਬਰ ਦੀ ਨਿਰਾਰਥਕਤਾ ਬਾਰੇ ਦੱਸਦੇ ਹੋਏ ਲਿਖਿਆ ਹੈ :

ਸਿਰ ਖੋਹਾਇ ਪੀਅਹਿ ਮਲ ਵਾਣੀ ਜੂਠਾ ਮੰਗਿ ਮੰਗਿ ਖਾਹੀ ।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ
ਮਾਊ ਪੀਊ ਕਿਰਤ ਗਵਾਇਨਿ ਟਬਰ ਰੋਵਨਿ ਧਾਹੀ ।[53]

ਗੁਰੂ ਜੀ ਇਸ ਸ਼ਬਦ ਦੁਆਰਾ ਉਨ੍ਹਾਂ ਸਰੇਵੜਿਆਂ ਨਾਲ ਵਾਰਤਾਲਾਪ ਕਰਦੇ ਹਨ ਜਿਹੜੇ ਹਿੰਸਾ ਦੇ ਵਹਿਮ ਕਰਕੇ ਅਤਿ ਦੀ ਗੰਦੀ ਰਹਿਣੀ ਵਿਚ ਰਹਿੰਦੇ ਹਨ, ਸਰੇਵੜੇ ਸਿਰਦੇ ਵਾਲ ਪੁਟ ਕੇ, ਗੰਦਾ ਪਾਣੀ ਪੀ ਕੇ, ਜੂਠੀ ਰੋਟੀ ਖਾਂਦੇ ਹਨ ਤਾਂ ਜੋ ਹਿੰਸਾ ਨਾ ਹੋ ਜਾਵੇ । ਆਪਣੇ ਵਿਸ਼ਟੇ ਨੂੰ ਫੋਲ ਕੇ ਗੰਦੀ ਹਵਾੜ ਲੈਂਦੇ ਹਨ ਤਾਂ ਜੋ ਕੋਈ ਹਿੰਸਾ ਨਾ ਹੋ ਜਾਵੇ ਕਿਉਂਕਿ ਇਹ ਲੋਕ ਮਾਤਾ ਪਿਤਾ ਦਾ ਕਿੱਤਾ ਤਿਆਗ ਦੇਂਦੇ ਹਨ ਇਸ ਲਈ ਪਿਛੋਂ ਟੱਬਰ ਧਾਹਾਂ ਮਾਰ ਕੇ ਰੋਂਦਾ ਹੈ । ਭੇਡਾਂ ਵਾਂਗ ਸਿਰਦੇ ਵਾਲ ਪੁਟਦੇ ਹਨ ਤੇ ਹੱਥ ਸੁਆਹ ਨਾਲ ਲਬੇੜੀ ਰੱਖਦੇ ਹਨ । ਇਸ ਤਰ੍ਹਾਂ ਰੱਬ ਨਹੀਂ ਮਿਲਦਾ ।

ਦਇਆ ਦਿਗੰਬਰੁ ਦੇਹ ਬੀਚਾਰੀ ।
ਆਪਿ ਮਰੈ ਅਵਰਾ ਨਹ ਮਾਰੀ ।[54]

ਭਾਵ ਜੇ ਦਿਗੰਬਰ ਵਿਅਕਤੀ ਦੇ ਹਿਰਦੇ ਵਿਚ ਦਇਆ ਭਾਵ ਵੀ ਹੈ ਅਤੇ ਆਪਣੇ ਸਰੀਰ ਦੀ ਸੋਝੀ ਵੀ ਹੈ ਭਾਵ ਚੇਤੰਨ ਵੀ ਹੈ ਤਾਂ ਉਸਨੂੰ ਸੱਚਾ ਦਿਗੰਬਰ (ਨਾਂਗਾ ਜੈਨੀ) ਕਹਿਣਾ

---

53. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 283
54. ਉਹੀ, ਪੰ. 434

ਜਾਂ ਮੰਨਣਾ ਚਾਹੀਦਾ ਹੈ। ਅਸਲ ਅਹਿੰਸਾਵਾਦੀ ਤਾਂ ਉਹ ਹੈ ਜੋ 'ਆਪ-ਭਾਵ' ਮਾਰਦਾ ਹੈ ਅਤੇ ਦੂਸਰਿਆਂ ਨੂੰ ਦੁੱਖ ਨਹੀਂ ਦੇਂਦਾ । ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੇ ਆਪਣੇ ਸਮਕਾਲੀ ਸਮੇਂ ਦੇ ਹਿੰਦੂ ਧਰਮ ਦੇ ਹਰ ਫ਼ਿਰਕੇ, ਇਸਦੇ ਦਾਰਸ਼ਨਿਕ ਵਿਚਾਰਾਂ, ਪੂਜਾ-ਅਰਚਨਾ ਅਤੇ ਇਸਦੇ ਵਿਅਕਤੀ ਵਿਸ਼ੇਸ਼ ਪੁਜਾਰੀਆਂ ਅਤੇ ਸਾਧਕਾਂ ਨਾਲ ਵਿਸਥਾਰ ਪੂਰਵਕ ਸੰਵਾਦ ਰਚਾਏ ਹਨ ਅਤੇ ਹਿੰਦੂ ਧਰਮ ਦੇ ਸਮੂਹ ਪੈਰੋਕਾਰਾਂ ਨੂੰ ਕਰਮਕਾਂਡਾਂ ਦਾ ਤਿਆਗ ਕਰਕੇ ਅੰਤਿਮ ਸੱਚ ਪ੍ਰਮਾਤਮਾ ਦੀ ਪ੍ਰੇਮ ਸਹਿਤ ਭਗਤੀ ਕਰਨ ਵੱਲ ਪ੍ਰੇਰਿਆ ਹੈ ।

ਇਸਲਾਮ ਨਾਲ ਰਚੀ ਵਾਰਤਾਲਾਪ

ਮੁੱਧ ਕਾਲ ਵਿਚ ਮੁਸਲਮਾਨ ਬਤੌਰ ਧਰਮ ਤੇ ਬਤੌਰ ਕੌਮ ਭਾਰਤ ਦੇ ਸ਼ਾਸ਼ਨ ਦੀ ਮਾਲਕ ਸੀ। ਪ੍ਰਮਾਤਮਾ ਦੀ ਰਜ਼ਾ ਮੰਨਣ ਵਾਲੇ ਨੂੰ ਹੀ ਮੁਸਲਮਾਨ ਆਖਦੇ ਹਨ । ਇਕ ਪ੍ਰਮਾਤਮਾ ਨੂੰ ਮੰਨਣਾਂ, ਪੰਜ ਵੇਲੇ ਨਿਮਾਜ਼ ਪੜ੍ਹਨੀ, ਹੱਜ ਕਰਨਾ ਰੋਜ਼ੇ ਰੱਖਣੇ ਤੇ ਯਕਾਤ ਦੇਣਾ ਇਸ ਧਰਮ ਦੇ ਮੋਟੇ ਮੋਟੇ ਅਸੂਲ ਹਨ । ਪਰ ਇਸ ਧਰਮ ਵਿਚ ਵੀ ਵਿਖਾਵਾ, ਦੰਭ ਅਤੇ ਪਾਖੰਡ ਫੈਲ ਗਿਆ ਅਤੇ ਗੁਰੂ ਜੀ ਨੇ ਇਸ ਧਰਮ ਨਾਲ ਸੰਵਾਦ ਰਚਾਏ ਜੋਏ ਇਸਦੇ ਕਰਮ ਕਾਂਡਾ ਦਾ ਖੰਡਨ ਕੀਤਾ ।

ਸਧਾਰਨ ਵਿਅਕਤੀ ਨਾਲ

ਜਾਹਿਰ ਗੁਰੂ ਨਾਨਕ ਜੀ ਇਸਲਾਮ ਧਰਮ ਦੇ ਸਧਾਰਣ ਮੁਸਲਮਾਣ ਵਿਅਕਤੀ ਨਾਲ ਸੰਵਾਦ ਰਚਾ ਕੇ ਦਸਦੇ ਹਨ ਕਿ ਸੁੱਚਾ ਤੇ ਸੱਚਾ ਮੁਸਲਮਾਨ ਕੌਣ ਹੈ ? ਮੁਸਲਮਾਨ ਬਣਨਾ ਕੋਈ ਆਸਾਨ ਕੰਮ ਨਹੀਂ ਹੈ, ਭੇਖੀ ਤੇ ਪਾਖੰਡੀ ਲੋਕ ਮੁਸਲਮਾਨ ਨਹੀਂ ਹੋ ਸਕਦੇ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮ ਚੁਕਾਵੈ ।
ਰਬ ਕੀ ਰਜਾਇ ਮਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ।[55]

ਅਰਥਾਤ : ਹੇ ! ਭਾਈ, ਮੁਸਲਮਾਣ ਕਹਾਉਣਾ ਕਾਫੀ ਮੁਸ਼ਕਲ ਕੰਮ ਹੈ, ਜੇ ਕੋਈ ਸਹੀ ਅਰਥਾਂ ਵਿਚ ਮੁਸਲਮਾਨ ਬਣੇ ਤਾਂ ਹੀ ਉਸ ਨੂੰ ਮੁਸਲਮਾਣ ਕਹਾਉਣ ਦਾ ਹੱਕ ਹੈ । ਪਹਿਲਾ

55. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ. 242

ਤਾਂ ਅਜਿਹੇ ਵਿਅਕਤੀ ਨੂੰ ਨਬੀ ਦੇ ਦਸੇ ਧਰਮ ਨੂੰ ਸਹੀ ਰੂਪ ਵਿਚ ਮੰਨੇ ਫਿਰ ਆਪਣਾ ਧੰਨ ਮਾਲ ਲੋੜਵੰਦਾਂ ਵਿਚ ਵੰਡੇ ਅਤੇ ਇਸ ਤਰ੍ਹਾਂ ਦੌਲਤ ਦੇ ਹੰਕਾਰ ਦੀ ਮੈਲ ਦੂਰ ਕਰੇ । ਦੀਨ ਦੇ ਆਗੂ ਵਿਚ ਸਚਾ ਮੁਸਲਮਾਣ ਬਣੇ ਅਤੇ ਉਸ ਤਰ੍ਹਾਂ ਜਨਮ ਤੇ ਮੌਤ ਦਾ ਭਰਮ ਕੱਟ ਲਵੇ। ਪ੍ਰਮਾਤਮਾ ਦਾ ਹੁਕਮ ਖੁਸ਼ੀ ਖੁਸ਼ੀ ਪ੍ਰਵਾਨ ਕਰੇ । ਆਪਣਾ ਹੰਕਾਰ ਤਿਆਗੇ ਅਤੇ ਪ੍ਰਭੂ ਨੂੰ ਰਚਨਹਾਰ ਸਮਝੇ,ਸਭ ਜੀਆਂ ਤੇ ਦਇਆ ਕਰੇ ਤਾਂ ਜਾ ਕੇ ਕਿਤੇ ਉਹ ਸੱਚਾ ਮੁਸਲਮਾਨ ਬਣ ਸਕਦਾ ਹੈ ।

ਦਾਨਸਵੰਦੁ ਸੋਈ ਦਿਲਿ ਧੋਵੈ ।
ਮੁਸਲਮਾਣੁ ਸੋਈ ਮਲੁ ਖੋਵੈ ।
ਪੜਿਆ ਬੂਝੈ ਸੋ ਪਰਵਾਣੁ ।
ਜਿਸੁ ਸਿਰਿ ਦਰਗਹ ਕਾ ਨੀਸਾਣੁ ।[56]

ਹੇ ਭਾਈ ਸਿਆਣਾ ਮੁਸਲਮਾਨ ਉਹੀ ਹੈ ਜੋ ਆਪਣੇ ਦਿਲ ਨੂੰ ਪਵਿਤਰ ਰੱਖਦਾ ਹੈ। ਇਸ ਤਰ੍ਹਾਂ ਅਸਲ ਮੁਸਲਮਾਣ ਉਹੀ ਬਣ ਸਕਦਾ ਹੈ ਜਿਹੜਾ ਮਨ ਦੀ ਮੈਲ ਦੂਰ ਕਰ ਸਕੇ। ਹੇ ਭਾਈ ਪੜਿਆ,ਪ੍ਰਵਾਣ ਤਾਂ ਹੀ ਹੁੰਦਾ ਹੈ ਜੇ ਉਹ ਪੜ੍ਹੇ ਤੇ ਅਮਲ ਕਰੇ ਅਤੇ ਜਿਸਦੇ ਮੱਥੇ ਤੇ ਪ੍ਰਭੂ ਦੀ ਦਰਗਾਹ ਦੀ ਪ੍ਰਵਾਨਗੀ ਦੀ ਮੋਹਰ ਹੋਵੇ ।

## ਇਸਲਾਮ ਦੇ ਸਿਧਾਂਤਕ ਅਸੂਲਾਂ ਪ੍ਰਤੀ ਰਚੇ ਸੰਵਾਦ :

ਗੁਰੂ ਜੀ ਨੇ ਜਿਵੇਂ ਹਿੰਦੂ ਧਰਮ ਦੇ ਸਿਧਾਂਤਾਂ ਨਾਲ ਸੰਵਾਦ ਰਚਾਇਆ ਹੈ ਉਸੇ ਤਰ੍ਹਾਂ ਇਸਲਾਮ ਧਰਮ ਦੇ ਬੁਨਿਆਦੀ ਅਸੂਲਾਂ ਨਾਲ ਵੀ ਵਾਰਤਾਲਾਪ ਕੀਤਾ ਹੈ। ਜਿਵੇਂ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ।[57]

ਹੇ ਮੁਸਲਮਾਨ ਭਰਾ ਤੇਰੀ ਮਸੀਤ ਲੋਕਾਂ ਤੇ ਦਇਆ ਕਰਨਾ ਹੋਵੇ, ਅਤੇ ਪ੍ਰਮਾਤਮਾਂ ਦੀ ਹੋਂਦ ਦੇ ਵਿਸ਼ਵਾਸ਼ ਨੂੰ ਮੁਸੱਲਾ ਬਣਾ ਅਤੇ ਹੇ ਭਾਈ ਨੇਕ ਕਮਾਈ ਨੂੰ ਕੁਰਾਣ ਸਮਝ। ਵਿਕਾਰ ਤੇ

---

56. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ.731
57. ਉਹੀ, ਪੰ. 238

ਲੱਜਾ ਕਰਨ ਨੂੰ ਸੁੰਨਤ ਸਮਝ ਅਤੇ ਚੰਗੇ ਸੁਭਾਅ ਨੂੰ ਰੋਜ਼ਾ ਬਣਾ ਇਹਨਾਂ ਗੁਣਾਂ ਵਾਲਾ ਮੁਸਲਮਾਨ ਬਣ ਉਚੀ ਕਰਨੀ ਨੂੰ ਕਾਬਾ, ਸੱਚ ਨੂੰ ਪੀਰ ਅਤੇ ਨੇਕ ਅਮਲਾਂ ਨੂੰ ਨਿਮਾਜ਼ ਤੇ ਕਲਮਾਂ ਸਮਝ ਜੋ ਪ੍ਰਭੂ ਨੂੰ ਭਾਉਂਦਾ ਹੈ ਉਸ ਵਿਚ ਰਾਜ਼ੀ ਰਹਿਣ ਨੂੰ ਤਸਬੀ (ਮਾਲਾ) ਹੇ ਭਾਈ ਪ੍ਰਮਾਤਮਾ ਐਸੇ ਮੁਸਲਮਾਨ ਦੀ ਇੱਜ਼ਤ ਰੱਖਦਾ ਹੈ ।

ਜੇ ਰਤ ਲਗੈ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ।
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ।[58]

ਹੇ ਭਾਈ ਜੇ ਕਪੜੇ ਨੂੰ ਲਹੂ ਲਗ ਜਾਵੇ ਤਾਂ ਉਹ ਅਪਵਿੱਤਰ ਹੋ ਜਾਂਦਾ ਹੈ ਅਤੇ ਉਸ ਨਾਲ ਨਿਮਾਜ਼ ਪੜ੍ਹੀ ਜਾਂਦੀ । ਪਰ ਜਿਹੜੇ ਮਨੁੱਖ, ਆਪ ਲੋਕਾਂ ਦੀ ਰੱਤ ਪੀਂਦੇ ਹਨ ਭਾਵ ਹਰਾਮ ਦਾ ਖਾਂਦੇ ਹਨ ਉਹਨਾਂ ਦੀ ਨਿਮਾਜ਼ ਕਿਵੇਂ ਪਰਵਾਣ ਹੋ ਸਕਦੀ ਹੈ । ਨਾਨਕ ਆਖਦਾ ਹੈ, ਹੇ ਭਾਈ ਪਵਿਤਰ ਹਿਰਦੇ ਨਾਲ ਖੁਦਾ ਦਾ ਨਾਮ ਯਾਦ ਕਰ ਨਹੀਂ ਤਾਂ ਬਾਕੀ ਸਾਰੇ ਕਰਮ ਵਿਖਾਵੇ ਦੇ ਕਰਮ ਬਣ ਕੇ ਰਹਿ ਜਾਣਗੇ ।

ਹੱਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ।
ਗੁਰੂ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ।
ਗਲੀ ਭਿਸਤਿ ਨ ਜਾਈਐ ਛੁਟੇ ਸਚੁ ਕਮਾਇ ।[59]

ਪਰਾਇਆ ਹੱਕ ਮੁਸਲਮਾਨ ਲਈ ਸੂਰ ਤੇ ਹਿੰਦੂ ਲਈ ਗਊ ਸਮਾਨ ਹੈ । ਹਿੰਦੂ ਦਾ ਗੁਰੂ ਅਤੇ ਮੁਸਲਮਾਨ ਦਾ ਪੀਰ ਦਰਗਾਹ ਵਿਚ ਤਾਂ ਹੀ ਸਾਖ ਭਰਦਾ ਹੈ ਜੇ ਮੁਸਲਮਾਨ ਜਾਂ ਹਿੰਦੂ ਪਰਾਇਆ ਹੱਕ ਨਾ ਖਾਂਦਾ ਹੋਵੇ ਤਾਂ । ਹੇ ਭਾਈ ਕੂੜੀਆਂ ਗੱਲਾਂ ਨਾਲ ਝੂਠ ਹੀ ਪਲੇ ਪੈਂਦਾ ਹੈ, ਸੱਚ ਨਹੀਂ ਪੈ ਸਕਦਾ । ਸ੍ਰੀ ਗੁਰੂ ਜੀ ਮੁਸਲਮਾਨ ਧਰਮ ਨਾਲ ਵਾਸਤਵਿਕਤਾ ਦੀ ਪੱਧਰ ਤੇ ਸੰਵਾਦ ਰਚਾਂਦੇ ਹੋਏ ਫੁਰਮਾਣ ਕਰਦੇ ਹਨ ਕਿ ਹੇ ਮੁਸਲਮਾਣ ਭਰਾਓ ਤੁਹਾਨੂੰ ਸੱਚੀ ਨਿਮਾਜ਼ ਪੜ੍ਹਨੀ ਨਹੀਂ ਆਉਂਦੀ ਤਾਂ ਕੇਵਲ ਨਿਮਾਜ਼ ਪੜ੍ਹਨ ਦਾ ਸਵਾਂਗ ਭਰਦੇ ਹੋ ਜਿਵੇਂ:

---

58. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 236

59. ਉਹੀ, ਪੰ. 239

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ।
ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ ।[60]

ਹੇ ਭਾਈ, ਤੇਰੀ ਪਹਿਲੀ ਨਿਮਾਜ਼ ਇਹ ਹੋਣੀ ਚਾਹੀਦੀ ਹੈ ਕਿ ਤੂੰ ਸੱਚ ਨੂੰ ਦ੍ਰਿੜ ਕਰਨਾ ਹੈ, ਦੂਜੀ ਨਿਮਾਜ਼ ਅਨੁਸਾਰ ਨੇਕ ਕਮਾਈ ਕਰਨੀ ਹੈ । ਤੇਰੀ ਤੀਜੀ ਨਿਮਾਜ਼ ਰੱਬ ਤੋਂ ਸਭ ਦਾ ਭਲਾ ਮੰਗਣਾ ਹੋਣੀ ਚਾਹੀਦੀ ਹੈ । ਹੇ ਭਾਈ, ਤੇਰੀ ਚੌਥੀ ਨਿਮਾਜ਼ ਨੀਅਤ ਤੇ ਮਨ ਨੂੰ ਸਾਫ਼ ਰੱਖਣ ਦੀ ਹੋਣੀ ਚਾਹੀਦੀ ਹੈ । ਤੇਰੀ ਪੰਜਵੀਂ ਨਿਮਾਜ਼ ਪ੍ਰਮਾਤਮਾ ਦੀ ਸਿਫ਼ਤ ਸਲਾਹ ਅਤੇ ਵਡਿਆਈ ਹੋਣੀ ਚਾਹੀਦੀ ਹੈ । ਕੇਵਲ ਵਿਖਾਵੇ ਦੀਆਂ ਨਿਮਾਜ਼ਾਂ ਪੜ੍ਹਨ ਦਾ ਕੋਈ ਲਾਭ ਨਹੀਂ ਹੈ ।

ਮੁਸਲਮਾਨ ਵਿਚ ਮੁਰਦੇ ਨੂੰ ਸਾੜਿਆ ਨਹੀਂ ਜਾਂਦਾ ਸਗੋਂ ਧਰਤੀ ਵਿਚ ਦੱਬਿਆ ਜਾਂਦਾ ਹੈ ਇਸ ਰਸਮ ਬਾਰੇ ਮਹਾਂ ਵਾਕਿ ਹੈ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ।
ਨਾਨਕ ਜਿਨਿ ਕਰਤੇ ਕਾਰਣੁ ਕੀਆ ਸੋ ਜਾਣੈ ਕਰਤਾਰੁ ।[61]

ਹੇ ਭਲੇ ਪੁਰਸ਼ੋ ਖ਼ਬਰਸਤਾਨ ਦੀ ਮਿੱਟੀ ਤਾਂ ਘੁਮਿਆਰ ਦੇ ਵਸ ਪੈਂਦੀ ਹੈ । ਉਹ ਉਸ ਮਿੱਟੀ ਦੇ ਭਾਂਡੇ ਅਤੇ ਇਟਾਂ ਘੜ ਦੇਂਦਾ ਹੈ ਅਤੇ ਆਵੇ ਤੇ ਚਾੜ ਦੇਂਦਾ ਹੈ ਤੇ ਉਸ ਵਿਚੋਂ ਅੱਗ ਦੇ ਅੰਗਿਆਰ ਡਿਗਦੇ ਹਨ । ਸਾੜਨ ਨਾਲ ਜਾਂ ਦੱਬਣ ਨਾਲ ਕੋਈ ਫ਼ਰਕ ਨਹੀਂ ਪੈਂਦਾ । ਮਾਲਕ ਨੂੰ ਪਤਾ ਹੈ ਕਿ ਰੂਹਾਂ ਦਾ ਕੀ ਬਣਨਾ ਹੈ । ਨਰਕ ਸੁਰਗ ਤਾਂ ਪ੍ਰਭੂ ਦੇ ਹੱਥ ਹੈ। ਸਾੜਨ ਜਾਂ ਦੱਬਣ ਵਿਚ ਨਹੀਂ।

---

60. ਗੁਰੂ ਨਾਨਕ ਬਾਣੀ ਪੰ: 239
61. ਉਹੀ, ਪੰ: 565

ਸਰੈ ਸਰੀਅਤਿ ਕਰਹਿ ਬੀਚਾਰੁ ।

ਬਿਨੁ ਬੂਝੇ ਕੈਸੇ ਪਾਵਹਿ ਪਾਰੁ

ਸਿਦਕੁ ਕਰਿ ਸਿਜਦਾ ਮਨ ਕਰਿ ਮਖਸੂਦੁ

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦ ।[62]

ਜਿਹੜੇ ਮੁਸਲਮਾਨ ਕੇਵਲ ਸਰੀਅਤ ਦੀਆਂ ਗਲਾਂ ਕਰਦੇ ਹਨ ਉਹ ਖੁਦਾ ਨੂੰ ਨਹੀਂ ਸਮਝਦੇ । ਹੇ ਭਾਈ ਰੱਬ ਤੇ ਸੰਪੂਰਨ ਵਿਸ਼ਵਾਸ਼ ਹੀ ਤੇਰਾ ਸਿਜਦਾ ਹੋਣਾ ਚਾਹੀਦਾ ਹੈ। ਕਿਉਂਕਿ ਅਸੀਂ ਜਿਸ ਪਾਸੇ ਵੇਖਦੇ ਹਾਂ ਸਭ ਪਾਸੇ ਸਰਬ-ਵਿਆਪੀ ਰੱਬ ਹੀ ਨਜ਼ਰ ਆਉਂਦਾ ਹੈ ।

ਇਸਲਾਮ ਦੇ ਵਿਅਕਤੀ ਵਿਸ਼ੇਸ ਨਾਲ ਵਾਰਤਾਲਾਪ :

ਹਿੰਦੂ ਧਰਮ ਦੇ ਬ੍ਰਾਹਮਣ ਜਾਂ ਪੰਡਿਤ ਵਾਂਗ ਇਸਲਾਮ ਧਰਮ ਵਿਚ ਧਾਰਮਿਕ ਅਤੇ ਸਮਾਜਿਕ ਰਹੁ ਰੀਤਾਂ ਦੀ ਪਾਲਣਾ ਕਰਵਾਉਣ ਵਾਲੇ ਵਿਅਕਤੀ ਮੁਲਾਂ ਤੇ ਕਾਜ਼ੀ ਹੁੰਦੇ ਹਨ । ਪਰ ਇਹ ਲੋਕ ਸੱਚੇ ਮੁਲਾਂ ਤੇ ਕਾਜ਼ੀ ਦਾ ਕਿਰਦਾਰ ਧਾਰਨ ਨਹੀਂ ਕਰਦੇ ਅਤੇ ਸੁਆਰਥ ਦੀ ਪੂਰਤੀ ਲਈ ਆਪਣੇ ਫ਼ਰਜ਼ ਤੋਂ ਕੁਤਾਹੀ ਕਰ ਜਾਂਦੇ ਹਨ । ਇਸ ਲਈ ਇਹ ਪ੍ਰਭੂ ਨੂੰ ਪਿਆਰ ਨਹੀਂ ਕਰ ਸਕਦੇ ।

ਕਾਜੀ ਹੋਇ ਕੈ ਬਹੈ ਨਿਆਏ

ਫੇਰੇ ਤਸਬੀ ਕਰੇ ਖੁਦਾਇ ।

ਵਢੀ ਲੈ ਕੇ ਹਕ ਗਵਾਏ ।

ਜੇ ਕੋ ਪੁਛੈ ਤ ਪੜਿ ਸੁਣਾਏ ।[63]

ਹੇ ਭਾਈ, ਵਿਖਾਵੇ ਦਾ ਪਾਖੰਡੀ ਕਾਜੀ, ਆਪਣੇ ਆਪ ਨੂੰ ਆਗੂ ਸਮਝਦਾ ਹੋਇਆ ਇਨਸਾਫ਼ ਕਰਨ ਬੈਠਦਾ ਹੈ । ਹੱਥ ਨਾਲ ਮਾਲਾ ਫੇਰਦਾ ਹੈ ਅਤੇ ਮੂੰਹ ਨਾਲ ਖੁਦਾ ਖੁਦਾ ਵੀ ਕਰਦਾ ਹੈ ।ਪਰ ਰਿਸ਼ਵਤ ਲੈ ਕੇ ਦੂਸਰੇ ਦਾ ਹੱਕ ਮਾਰ ਦੇਂਦਾ ਹੈ । ਇਸ ਤਰ੍ਹਾਂ ਦਾ ਬੇਈਮਾਨ ਹੁੰਦਾ ਹੋਇਆ ਵੀ ਜੇ ਉਸ ਪਾਸੋਂ ਕੋਈ ਸ਼ਰਾਂ ਦੀ ਗੱਲ ਪੁਛੇ ਤਾਂ ਪੜ੍ਹਕੇ ਸੁਣਾ ਦੇਂਦਾ ਹੈ ।

ਮਰਣਾ ਮੁਲਾ ਮਰਣਾ ।

ਭੀ ਕਰਤਾਰਹੁ ਡਰਣਾ ।ਰਹਾਉ।

ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮ ਖੁਦਾਈ ।

ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰਾਐ ਪਾਈ

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ।।[64]

62. ਗੁਰੂ ਨਾਨਕ ਬਾਣੀ, ਪੰ. 213
63. ਉਹੀ, ਭਾਗ ਦੂਜਾ, ਪੰ. 1038
64. ਉਹੀ, ਭਾਗ ਪਹਿਲਾ, ਪੰ. 130-131

ਹੇ ਮੁਲਾਂ ਅੰਤ ਨੂੰ ਹਰ ਇਕ ਨੇ ਮਰ ਜਾਣਾ ਹੈ । ਇਸ ਲਈ ਖੁਦਾ ਦਾ ਖੌਫ਼ ਖਾਣਾ ਚਾਹੀਦਾ ਹੈ । ਹੇ ਭਾਈ, ਤੈਨੂੰ ਮੁਲਾਂ ਜਾਂ ਕਾਜੀ ਅਖਵਾਉਣ ਦਾ ਹੱਕ ਤਾਂ ਹੀ ਹੈ ਜੇ ਤੂ ਖੁਦਾ ਦੇ ਨਾਮ ਨੂੰ ਸਮਝੇ । ਧਾਰਮਿਕ ਪੁਸਤਕਾਂ ਦਾ ਭਾਂਵੇ ਤੈਨੂੰ ਕਿਤਨਾ ਗਿਆਨ ਹੋਵੇ ਤੂ ਮੌਤ ਤੋਂ ਨਹੀਂ ਬਚ ਸਕਦਾ । ਹੇ ਭਾਈ ਅਸਲ ਕਾਜ਼ੀ ਉਹ ਹੈ ਜਿਸਨੇ ਆਪਾ ਭਾਵ ਤਿਆਗਿਆ ਹੈ ਅਤੇ ਹਰੀ ਨਾਮ ਨੂੰ ਅਧਾਰ ਬਣਾਇਆ ਹੈ ।

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ।
ਸੇਖ ਮਸਾਇਕ ਕਾਜੀ ਮੁਲਾ, ਦਰਿ ਦਰਵੇਸ ਰਸੀਦ ।
ਬਰਕਤਿ ਤਿਨ ਕਉ ਅਗਲੀ, ਪੜਦੇ ਰਹਨਿ ਦਰੂਦ ।[65]

ਬਹੁਤ ਸਾਰੇ ਸ਼ੇਖ ਵਿਦਵਾਨ ਵਿਅਕਤੀ ਅਤੇ ਕਾਜ਼ੀ ਮੁੱਲਾਂ ਤੇ ਹੋਰ ਦਰਵੇਸ਼ ਅਤੇ ਕਈ ਉਹ ਵੀ ਜਿਨ੍ਹਾਂ ਤੇ ਤੇਰੀ ਬਹੁਤ ਬਖਸ਼ਿਸ ਹੁੰਦੀ ਹੈ ਤੇਰੇ ਅਗੇ ਸਿਜਦੇ ਕਰਦੇ ਹਨ । ਪਾਰਸੀ ਧਰਮ ਦੇ ਲੋਕ ਵੀ ਭਾਰਤ ਵਿਚ ਵਸਦੇ ਹਨ। ਇਸ ਧਰਮ ਦੇ ਪ੍ਰਥਾਇ ਵੀ ਵਾਰਤਾਲਾਪ ਪ੍ਰਾਪਤ ਹੈ ਜਿਵੇਂ :

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਹਿ ।
ਇਕਿ ਪਾਣੀ ਵਿਚ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ।
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ।[66]

ਇਕਨਾਂ ਨੂੰ ਮਰਨ ਉਪਰੰਤ ਸਾੜਿਆ ਜਾਂਦਾ ਹੈ, ਇਕਨਾਂ ਨੂੰ ਦੱਬਿਆ ਜਾਂਦਾ ਹੈ ਅਤੇ ਕੁਝ ਹੋਰ ਨੂੰ ਕੁੱਤੇ ਖਾਂਦੇ ਹਨ, ਇਕ ਪਾਣੀ ਵਿਚ ਸੁੱਟੇ ਜਾਂਦੇ ਹਨ ਅਤੇ ਇਕ, ਸੁਕੇ ਖੂਹ ਵਿਚ ਲਟਕਾਏ ਜਾਂਦੇ ਹਨ । ਪਰ ਰੂਹਾਂ ਦੇ ਨਿਵਾਸ ਬਾਰੇ ਕੋਈ ਨਹੀਂ ਜਾਣਦਾ ।

<u>ਬਹੁ-ਧਰਮੀ ਵਾਰਤਾਲਾਪ :</u>

ਗੁਰੂ ਨਾਨਕ ਬਾਣੀ ਵਿੱਚ ਅਜਿਹੀ ਕਿਸਮ ਦੇ ਸੰਵਾਦ ਦੀ ਵੰਨਗੀ ਵੀ ਭਾਰੀ ਮਾਤਰਾ ਵਿਚ ਪਾਈ ਜਾਂਦੀ ਹੈ ਜਿਥੇ ਗੁਰੂ ਜੀ ਇਕੋ ਸਮੇਂ ਇਕ ਤੋਂ ਵਧੇਰੇ ਧਰਮਾਂ ਨਾਲ ਵਾਰਤਾਲਾਪ ਰਚਾਉਂਦੇ ਹਨ । ਅਜਿਹੇ ਸਮੇਂ ਗੁਰੂ ਜੀ ਦੀ ਕਾਵਿ ਸ਼ੈਲੀ ਅਤਿ ਸੰਜਮ ਮਈ ਅਤੇ ਸੰਕੇਤਕ ਕਿਸਮ ਦੀ ਹੁੰਦੀ ਹੈ । ਗੁਰੂ ਜੀ ਇਕ ਸੁਘੜ ਤੇ ਵਿਸ਼ਾਲ ਅਨੁਭਵ ਦੇ ਮਾਲਕ ਟਿੱਪਣੀਕਾਰ ਵਾਂਗ ਤੇਜ਼ ਤੇਜ਼ ਪ੍ਰਕ੍ਰਿਆ ਵਿਚ ਬਾਣੀ ਵਿਚ ਅੰਕਿਤ ਧਰਮਾਂ ਦਾ ਵਿਸ਼ਲੇਸ਼ਣ

---

65. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 142

66. ਉਹੀ, ਪੰ. 715

ਪ੍ਰਸਤੁਤ ਕਰ ਦੇਂਦੇ ਹਨ । ਇਸ ਪ੍ਰਕਾਰ ਦੀਆਂ ਕੁਝ ਉਦਾਹਰਣਾਂ ਨਿਮਨ ਲਿਖਤ ਅਨੁਸਾਰ ਦਿੱਤੀਆਂ ਜਾ ਰਹੀਆਂ ਹਨ । ਪਹਿਲੀ ਉਦਾਹਰਣ ਅਨੁਸਾਰ ਕਾਜ਼ੀ ਝੂਠ ਬੋਲ ਬੋਲ ਕੇ ਹਰਾਮ ਦੀ ਕਮਾਈ ਖਾਂਦੇ ਹਨ । ਬ੍ਰਾਹਮਣ ਜੀਵਾਂ ਨੂੰ ਮਾਰਕੇ ਵਿਖਾਵੇ ਦੇ ਤੀਰਥ ਇਸ਼ਨਾਨ ਵੀ ਕਰਦਾ ਹੈ। ਇਸੇ ਤਰ੍ਹਾਂ ਜੋਗੀ ਅਗਿਆਨੀ ਹੈ ਤੇ ਜੀਵਨ ਦੀ ਵਿਧੀ ਨਹੀਂ ਜਾਣਦਾ । ਇਹ ਤਿੰਨੇ ਧਾਰਮਿਕ ਪਖੰਡੀ ਆਪਣੀ ਬਰਬਾਦੀ ਆਪ ਕਰਦੇ ਹਨ ਜਿਵੇਂ:

ਕਾਦੀ ਕੂੜੁ ਬੋਲਿ ਮਲੁ ਖਾਇ ।
ਬ੍ਰਾਹਮਣੁ ਨਾਵੈ ਜੀਆ ਘਾਇ ।
ਜੋਗੀ ਜੁਗਤਿ ਨ ਜਾਣੈ ਅੰਧੁ ।
ਤੀਨੇ ਓਜਾੜੇ ਕਾ ਬੰਧੁ ।[67]

ਆਪ ਫਿਰ ਸੰਵਾਦ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ :

ਸੋ ਜੋਗੀ ਜੋ ਜੁਗਤਿ ਪਛਾਣੈ ।
ਗੁਰਪਰਸਾਦੀ ਏਕੋ ਜਾਣੈ ।
ਕਾਜੀ ਸੋ ਜੋ ਉਲਟੀ ਕਰੈ
ਗੁਰ ਪਰਸਾਦੀ ਜੀਵਤੁ ਮਰੈ ।
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ
ਆਪਿ ਤਰੈ ਸਗਲੇ ਕੁਲ ਤਾਰੈ ।[68]

ਅਰਥਾਤ ਹੇ ਭਾਈ, ਅਸਲ ਜੋਗੀ ਤਾਂ ਉਹ ਹੈ ਜੋ ਗੁਰੂ ਦੇ ਉਪਦੇਸ਼ ਦੁਆਰਾ ਜੀਵਨ ਦੀ ਜੁਗਤ ਨੂੰ ਜਾਣਦਾ ਹੈ ਅਤੇ ਕੇਵਲ ਇਕ ਪ੍ਰਭੂ ਦਾ ਜਾਪ ਕਰਦਾ ਹੈ । ਅਸਲੀ ਤੇ ਸੱਚਾ ਕਾਜੀ ਉਹ ਹੈ ਜਿਹੜਾ ਮਾਇਆ ਵਲੋਂ ਮਨ ਫੇਰ ਲੈਂਦਾ ਹੈ ਅਤੇ ਜਿਹੜਾ ਗੁਰੂ ਦੀ ਕ੍ਰਿਪਾਲਤਾ ਨਾਲ ਜਿਉਂਦੇ ਜੀਅ ਆਪਾ-ਭਾਵ ਮਾਰ ਕੇ ਮਰਦਾ ਹੈ । ਇਸੇ ਤਰ੍ਹਾਂ ਹੇ ਭਾਈ, ਸੱਚਾ ਬ੍ਰਾਹਮਣ ਉਹ ਹੈ ਜਿਹੜਾ ਕੇਵਲ ਇਕ ਬ੍ਰਹਮ ਦੀ ਪਛਾਣ ਕਰਦਾ ਹੈ। ਉਹ ਆਪ ਵੀ ਤਰਦਾ ਹੈ ਅਤੇ ਆਪਣੇ ਸਬੰਧੀਆਂ ਨੂੰ ਵੀ ਤਾਰ ਲੈਂਦਾ ਹੈ ।

---

67. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 730
68. ਉਹੀ, ਪੰ. 730-31

ਗੁਰੂ ਜੀ ਵੱਖ ਵੱਖ ਸੰਪਰਦਾਵਾਂ ਨਾਲ ਵਾਰਤਾਲਾਪ ਕਰਦੇ ਐਸੇ ਫੁਰਮਾਨ ਕਰਦੇ ਹਨ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ ।
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ।
ਘੁੰਘਰੂ ਵਾਜੈ ਜੇ ਮਨੁ ਲਾਗੈ ।
ਤਉ ਜਮੁ ਕਹਾ ਕਰੇ ਮੋ ਸਿਉ ਆਗੈ ।ਰਹਾਉ।
ਆਸ ਨਿਰਾਸੀ ਤਉ ਸੰਨਿਆਸੀ ।
ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ।
ਦਇਆ ਦਿਗੰਬਰੁ ਦੇਹ ਬੀਚਾਰੀ ।
ਆਪਿ ਮਰੈ ਅਵਰਾ ਨਹ ਮਾਰੀ ।
ਏਕੁ ਤੂ ਹੋਰਿ ਵੇਸ ਬਹੁਤੇਰੇ ।
ਨਾਨਕੁ ਜਾਣੈ ਚੋਜ ਨ ਤੇਰੇ ।[69]

ਹੇ ਭਲੇ ਪੁਰਸ਼ੋ, ਵਿਦਿਆ ਦਾ ਵਿਚਾਰ ਕਰਨ ਵਾਲਾ ਪੰਡਤ ਉਸਨੂੰ ਸਮਝਣਾ ਚਾਹੀਦਾ ਹੈ ਜਿਸ ਵਿਚ ਪਰਉਪਕਾਰ ਦੀ ਭਾਵਨਾ ਮੌਜੂਦ ਹੋਵੇ। ਇਸ ਤਰ੍ਹਾਂ ਤੀਰਥਾਂ ਤੇ ਰਹਿਣਾ ਵੀ ਤਾਂ ਹੀ ਸਫਲ ਹੈ ਜੇ ਕਿਸੇ ਨੇ ਪੰਜਾਂ ਵਿਕਾਰਾਂ ਤੇ ਕਾਬੂ ਪਾ ਲਿਆ ਹੋਵੇ। ਜੇ ਕੋਈ ਗੁਰ ਸ਼ਬਦ ਦੁਆਰਾ ਆਪਣਾ ਮਨ ਹਰੀ -ਚਰਨਾਂ ਵਿਚ ਜੋੜ ਸਕੇ ਤਾਂ ਉਸ ਜੰਗਮ ਘੁੰਘਰੂ ਵਜਾਉਣਾ ਸਫਲ ਹੈ। ਅਜਿਹਾ ਕਰਨ ਨਾਲ ਜਮ ਦਾ ਡਰ ਮੁੱਕ ਜਾਂਦਾ ਹੈ ਜੇ ਕੋਈ ਸੰਨਿਆਸੀ ਆਸਾ ਤਿਆਗ ਸਕੇ ਤਾਂ ਹੀ ਸਫਲ ਹੈ। ਜੇ ਕਿਸੇ ਕੋਲ ਜੋਗੀ ਵਾਲਾ ਜਤ ਸਤ ਹੈ ਤਾਂ ਉਸ ਨੂੰ ਗ੍ਰਿਹਸਥ ਹੀ ਸਮਝੋ ਕਿਉਂਕਿ ਉਹ ਕਾਇਆ ਨੂੰ ਭੋਗਦਾ ਹੈ। ਜੇ ਮਨ ਵਿਚ ਕ੍ਰਿਪਾਲਤਾ ਵੀ ਹੈ ਅਤੇ ਸਰੀਰਕ ਤੌਰ ਤੇ ਵੀ ਸੁਚੇਤ ਹੈ ਤਾਂ ਹੀ ਉਹ ਸੱਚਾ ਦਿਗੰਬਰ ਅਖਵਾ ਸਕਦਾ ਹੈ।ਜਿਸ ਨੇ ਆਪਾ-ਭਾਵ ਮਾਰ ਲਿਆ ਹੈ ਉਹ ਅਸਲ ਅਹਿੰਸਾਵਾਦੀ ਹੈ। ਹੇ ਪ੍ਰਮਾਤਮਾ ਤੂੰ ਤਾਂ ਇਕ ਹੈ ਪਰ ਇਹ ਸਾਰੇ ਅਨੇਕ ਵੇਸ ਵੀ ਤੇਰੇ ਹੀ ਹਨ ਮੈਂ ਨਾਨਕ ਤੇਰੇ ਕੌਤਕ ਨਹੀਂ ਸਮਝ ਸਕਦਾ। ਇਸ-ਵਾਰਤਾਲਾਪ ਦੁਆਰਾ ਸਮੂਹ ਫ਼ਿਰਕਿਆਂ ਦੇ ਲੋਕਾਂ ਨੂੰ ਸਚਾਈ ਧਾਰਨ ਕਰਨ ਤੇ ਸੱਚੀ ਰਹਿਣੀ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ।

---

69. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 434

ਹਿੰਦੂ ਕੈ ਘਰਿ ਹਿੰਦੂ ਆਵੈ ।
ਸੂਤੁ ਜਨੇਊ ਪੜਿ ਗਲਿ ਪਾਵੈ ।
ਸੂਤੁ ਪਾਇ ਕਰੇ ਬੁਰਿਆਈ ।
ਨਾਤਾ ਧੋਤਾ ਥਾਇ ਨ ਪਾਈ ।
ਮੁਸਲਮਾਨੁ ਕਰੇ ਵਡਿਆਈ ।
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ।
ਰਾਹੁ ਦਸਾਇ ਓਥੈ ਕੋ ਜਾਇ ।
ਕਰਣੀ ਬਾਝਹੁ ਭਿਸਤਿ ਨ ਪਾਇ ।
ਜੋਗੀ ਕੈ ਘਰਿ ਜੁਗਤਿ ਦਸਾਈ ।
ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ।
ਮੁੰਦ੍ਰਾ ਪਾਇ ਫਿਰੈ ਸੰਸਾਰਿ ।
ਜਿਥੈ ਕਿਥੈ ਸਿਰਜਣਹਾਰੁ ।[70]

ਹੇ ਭਾਈ, ਹਿੰਦੂ ਦੇ ਘਰ ਵਿਚ ਇਕ ਹੋਰ ਹਿੰਦੂ (ਬ੍ਰਾਹਮਣ) ਆਉਂਦਾ ਹੈ। ਸੂਤਰ ਦਾ ਜਨੇਊ ਮੰਤਰ ਪੜ੍ਹ ਕੇ ਉਸ ਹਿੰਦੂ ਦੇ ਗਲ ਵਿਚ ਪਾ ਦੇਂਦਾ ਹੈ। ਇਸ ਹਿੰਦੂ ਜਨੇਊ ਤਾਂ ਪਾ ਲੈਂਦਾ ਹੈ ਪਰ ਜਨੇਊ ਪਾ ਕੇ ਭੈੜੇ ਕਰਮ ਵੀ ਕਰਦਾ ਰਹਿੰਦਾ ਹੈ । ਅਜਿਹੇ ਹਿੰਦੂ ਦਾ ਤੀਰਥ ਇਸ਼ਨਾਨ ਨਿਸਫਲ ਹੈ । ਇਸੇ ਤਰ੍ਹਾਂ ਮੁਸਲਮਾਨ ਦੀ ਵਡਿਆਈ ਕਰਦਾ ਹੈ ਪਰ ਨੇਕੀਆਂ ਗੱਲਾਂ ਹੀ ਕਰਦਾ ਹੈ ਅਤੇ ਗੁਰੂ ਪੀਰ ਦੁਆਰਾ ਦਰਸਾਏ ਮਾਰਗ ਤੇ ਨਹੀਂ ਚਲਦਾ। ਰਾਹ ਤਾਂ ਸਾਰੇ ਪੁਛਦੇ ਹਨ ਪਰ ਚਲਦਾ ਕੋਈ ਵਿਰਲਾ ਹੈ। ਨੇਕੀ ਕਰਨ ਤੋਂ ਬਿਨਾਂ ਬਹਿਸ਼ਤ ਨਹੀਂ ਮਿਲ ਸਕਦਾ । ਮਨੁੱਖ ਜੋਗੀ ਦੇ ਡੇਰੇ ਜੋਗ ਦੀ ਜੁਗਤ ਪੁਛਣ ਲਈ ਜਾਂਦਾ ਹੈ ਅਤੇ ਕੰਨ ਵਿਚ ਮੁੰਦਰਾਂ ਵੀ ਪਾ ਲੈਂਦਾ ਹੈ । ਮੁੰਦਰਾਂ ਪਾ ਕੇ ਐਵੇਂ ਫ਼ਜ਼ੂਲ ਹੀ ਦੁਨੀਆਂ ਵਿਚ ਭੌਂਦਾ ਫਿਰਦਾ ਹੈ। ਸਰਬ ਵਿਆਪਕ ਹਰੀ ਨੂੰ ਨਹੀਂ ਬੁਝਦਾ ।

ਸਾਸਤੁ ਬੇਦੁ ਨ ਮਾਨੈ ਕੋਇ ।
ਆਪੋ ਆਪੈ ਪੂਜਾ ਹੋਇ ।
ਕਾਜੀ ਹੋਇ ਕੈ ਬਹੈ ਨਿਆਇ ।
ਫੇਰੇ ਤਸਬੀ ਕਰੇ ਖੁਦਾਈ ।
ਵਢੀ ਲੈ ਕੈ ਹਕੁ ਗਵਾਏ ।
ਜੇ ਕੋ ਪੁਛੈ ਤਾਂ ਪੜਿ ਸੁਣਾਏ ।

70. ਗੁਰੂ ਨਾਨਕ ਬਾਣੀ, ਰਾਗ ਮਾਰੂ, ਪੰ. 1040

ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ।
ਲੋਕ ਮੁਹਾਵਹਿ ਚਾੜੀ ਖਾਹਿ ।
ਚਉਕਾ ਦੇ ਕੈ ਸੁਚਾ ਹੋਇ ।
ਐਸਾ ਹਿੰਦੂ ਵੇਖਹੁ ਕੋਇ ।
ਜੋਗੀ ਗਿਰਹੀ ਜਟਾ ਬਿਭੂਤ ।
ਆਗੈ ਪਾਛੈ ਰੋਵਹਿ ਪੂਤ ।
ਜੋਗੁ ਨ ਪਾਇਆ ਜੁਗਤਿ ਗਵਾਈ ।
ਕਿਤੁ ਕਾਰਣਿ ਸਿਰਿ ਛਾਈ ਪਾਈ ।
ਨਾਨਕ ਕਲਿ ਕਾ ਏਹੁ ਪਰਵਾਣੁ ।
ਆਪੇ ਆਖਣੁ ਆਪੇ ਜਾਣੁ।

ਹੇ ਕਾਜ਼ੀ ਸ਼ਾਸਤਰਾਂ ਵੇਦਾਂ ਦੀ ਸਿਖਿਆ ਤਾਂ ਕੋਈ ਮੰਨਦਾ ਨਹੀਂ ਹੈ। ਲੋਕ ਕੇਵਲ ਆਪਣੇ ਆਪਣੇ ਸੁਆਰਥ ਦੀ ਹੀ ਪੂਜਾ ਕਰਦੇ ਹਨ ।

ਕਾਜ਼ੀ ਇਨਸਾਫ਼ ਕਰਨ ਲਈ ਬੈਠਦਾ ਹੈ ਪਰ ਰਿਸ਼ਵਤ ਲੈ ਕੇ ਦੂਸਰੇ ਦੇ ਹੱਕ ਨੂੰ ਮਾਰ ਦਿੰਦਾ ਹੈ । ਉਹ ਬਦਨੀਤ ਹੁੰਦਾ ਹੋਇਆ ਵੀ ਸ਼ਰਾਂ ਪੜ੍ਹ ਪੜ੍ਹ ਸੁਣਾਈ ਜਾਂਦਾ ਹੈ। ਹਿੰਦੂ ਧਾਰਮਿਕ ਸਾਧੂ ਆਪਣੇ ਹਿਰਦੇ ਵਿਚ ਤੁਰਕਾਂ ਦਾ ਮੰਤਰ (ਕਲਮਾ) ਵਸਾਉਂਦੇ ਹਨ ਪਹਿਲਾਂ ਲੋਕਾਂ ਨੂੰ ਲੁਟਦੇ ਹਨ ਫਿਰ ਉਨ੍ਹਾਂ ਲੋਕਾਂ ਦੀ ਚੁਗਲੀ ਹਾਕਮਾਂ ਪਾਸ ਕਰਦੇ ਹਨ ਅਜਿਹਾ ਹਿੰਦੂ ਅਜੇ ਵੀ ਵਿਖਾਵੇ ਦੇ ਚੌਕੇ ਦੇ ਕੇ ਪਵਿਤਰ ਬਣਿਆ ਫਿਰਦਾ ਹੈ। ਹੈਰਾਨੀ ਦੀ ਗੱਲ ਹੈ ਇਸ ਤਰ੍ਹਾਂ ਦੀ ਬੇਈਮਾਨ ਵਿਅਕਤੀ ਵੀ ਹਿੰਦੂ ਬਣ ਜਾਂਦਾ ਹੈ। ਜੋਗੀ ਅੰਦਰੋਂ ਤਾਂ ਸਾਬਤ ਗ੍ਰਿਹਸਤੀ ਹੈ ਪਰ ਬਾਹਰੋਂ ਜੋਗ ਦਾ ਭੇਖ ਬਣਾਇਆ ਹੋਇਆ ਹੈ, ਅਜਿਹੇ ਜੋਗੀ ਦੇ ਅੱਗੇ ਪਿਛੇ ਪੁੱਤਰ ਰੋ ਰਹੇ ਹਨ। ਅਜਿਹੇ ਜੋਗੀ ਨੇ ਨਾਂ ਤਾਂ ਜੋਗ ਨੂੰ ਲਭਾ ਹੈ ਅਤੇ ਨਾਂ ਹੀ ਜੋਗ ਦੀ ਜੁਗਤ ਪਾਈ ਹੈ। ਇਸਨੇ ਤਾਂ ਐਵੇਂ ਸਿਰ ਤੇ ਸਵਾਹ ਪਾਈ ਹੋਈ ਹੈ। ਨਾਨਕ ਇਹ ਸਾਰੇ ਕਲਜੁਗ ਦੇ ਲੱਛਣ ਹਨ। ਇਹ ਸਾਰੇ ਲੋਕ ਹਊਮੈ ਭਾਵ ਤੋਂ ਮੁਕਤ ਨਹੀਂ ਹੋ ਸਕੇ ਇਸ ਲਈ ਆਪ ਹੀ ਆਖਦੇ ਹਨ, ਅਤੇ ਆਪਣੇ ਆਪ ਨੂੰ ਆਪੇ ਹੀ ਪਰਖਣ ਬੈਠ ਜਾਂਦੇ ਹਨ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਉਪਰ-ਅੰਕਿਤ ਵਾਰਤਾਲਾਪ ਦਾ ਵਿਸ਼ਲੇਸ਼ਣਾ-ਤਮਕ ਅਧਿਐਨ ਕਰਦਿਆਂ ਹੋਇਆਂ ਅਸਾਂ ਵੇਖਿਆ ਹੈ ਕਿ ਗੁਰੂ ਜੀ ਨੇ ਭਾਰਤੀ ਸੰਸਕ੍ਰਿਤੀ ਦੇ ਅੰਤਰਗਤ ਆਉਂਦੇ ਸਭ ਧਰਮਾਂ ਦਾ ਡੂੰਘਾ ਮੁਤਾਲਿਆ ਕੀਤਾ ਹੋਇਆ ਸੀ । ਇਸ ਤੋਂ ਇਲਾਵਾ

ਆਪ ਨੇ ਇਸਲਾਮ ਅਤੇ ਸੂਫੀਮਤ ਦੀਆਂ ਦਾਰਸ਼ਨਿਕ-ਪ੍ਰਣਾਲੀਆਂ ਨੂੰ ਪੂਰੀ ਤਰ੍ਹਾਂ ਘੋਖਿਆ ਤੇ ਪੜਤਾਲਿਆ ਸੀ । ਇਸਲਾਮ ਦੇ ਨਾਲ ਮਿਲਦੇ ਜੁਲਦੇ ਪਾਰਸੀ ਤੇ ਯਹੂਦੀ ਮਤ ਬਾਰੇ ਵੀ ਆਪ ਨੇ ਸੰਕੇਤ ਕੀਤੇ ਹਨ । ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਹਰ ਧਰਮ ਦੇ ਵਿਅਕਤੀ ਵਿਸ਼ੇਸ਼, ਆਮ ਵਿਅਕਤੀ ਅਤੇ ਉਸ ਧਰਮ ਦੀ ਸਮੁੱਚੀ ਵਿਚਾਰਧਾਰਾ ਨਾਲ ਸੰਵਾਦ ਰਚਾਉਂਦੇ ਹੋਏ ਅੰਤਿਮ 'ਸਚ' ਨੂੰ ਨਿਰੂਪਣ ਕਰਦੇ ਹਨ । ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਹਰ ਪਰਕਾਰ ਦੇ ਭੇਖਾਂ ਤੇ ਪਖੰਡਾਂ ਅਥਵਾ ਵਿਖਾਵੇ ਦੇ ਬਾਹਰੀ ਚਿੰਨਾਂ ਦੀ ਕੱਟੜਤਾ ਨਾਲ ਪਾਲਣਾ ਦੀ ਨਿਖੇਧੀ ਕਰਦੇ ਹਨ ਅਤੇ ਧਰਮ ਦੀ ਸੱਚੀ ਸੁੱਚੀ ਆਤਮਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦੇਂਦੇ ਹਨ ।

ਉਪਰੋਕਤ ਧਰਮਾਂ ਜਿਵੇਂ ਵੈਦਿਕ, ਧਰਮ, ਉਪਨਿਸ਼ਦ ਫਿਲਾਸਫੀ, ਜੈਨ ਮਤ,ਬੁਧ ਮੱਤ, ਇਸਲਾਮ, ਸੂਫੀ ਮੱਤ, ਵੈਸ਼ਨਵ ਮਤ,ਸ਼ਾਕਤ ਮਤ, ਚਾਰਵਾਕਾ ਮਤ ਅਤੇ ਸਾਂਖ ਮਤ ਆਦਿ ਮਤਾਂ ਮਤਾਂਤਰਾਂ ਨਾਲ ਗੁਰੂ ਨਾਨਕ ਬਾਣੀ ਯਥਾਰਥ ਦੀ ਪੱਧਰ ਤੇ ਸੰਵਾਦ ਰਚਾਉਂਦੀ ਹੈ ਅਤੇ ਸੂਖਮ ਅਧਿਆਤਮਕ ਭਾਵਾਂ ਨੂੰ ਸਥੂਲ ਦੀ ਪੱਧਰ ਤੇ ਸਮਝਣ ਗੋਚਰ ਕਰ ਦੇਂਦੀ ਹੈ । ਇਨ੍ਹਾਂ ਉਕਤ ਭਾਰਤੀ ਮਤਾਂ ਤੇ ਧਰਮਾਂ ਵਿੱਚ ਆ ਚੁੱਕੀ ਗਿਰਾਵਟ ਅਤੇ ਆਚਰਣਹੀਣਤਾ ਨੂੰ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹੋਏ ਸਹੀ-ਜੀਵਨ ਜਾਚ ਦੀ ਪ੍ਰੇਰਨਾ ਦੇਂਦੇ ਹਨ। ਇਹ ਵਾਰਤਾਲਾਪ ਕੇਵਲ ਕਿਸੇ ਧਰਮ ਨੂੰ ਨੀਵਾਂ ਜਾਂ ਉਚਾ ਵਖਾਣ ਦੀ ਨੀਯਤ ਨਾਲ ਨਹੀਂ ਰਚੇ ਗਏ ਸਗੋਂ ਸਚਾਈ ਦੀ ਖੋਜ ਬਾਰੇ ਪ੍ਰੇਰਨਾ ਦੇਣ ਲਈ ਰਚੇ ਗਏ ਹਨ। ਇਸ ਲਈ ਅਗਲੇ ਅਧਿਆਏ ਵਿਚ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਉਦੇਸ਼ ਅਤੇ ਦ੍ਰਿਸ਼ਟੀਕੋਣ ਵਿਸਥਾਰ ਸਹਿਤ ਵਿਚਾਰ ਰਹੇ ਹਾਂ ।

## ਅਧਿਆਏ ਪੰਜਵਾਂ

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ
ਦਾ ਸੁਭਾਅ ਅਤੇ ਮੰਤਵ

ੲ) ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਸਮਕਾਲੀ ਧਰਮਾਂ ਪ੍ਰਤੀ ਦ੍ਰਿਸ਼ਟੀਕੋਣ

ਅ) ਗੁਰੂ ਨਾਨਕ ਬਾਣੀ ਵਿਚਲੇ ਅੰਤਰ ਧਰਮੀ ਵਾਰਤਾਲਾਪ ਦਾ ਸੰਚਾਰ-ਵਿਗਿਆਨ ਅਤੇ ਸੰਚਾਰ ਜੁਗਤਾਂ

ਅਧਿਆਇ ਪੰਜਵਾਂ

## ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੁਭਾਅ ਅਤੇ ਮਹੱਤਵ

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦੀ ਪ੍ਰਕ੍ਰਿਤੀ ਅਤੇ ਮਹੱਤਵ ਨੂੰ ਸਮਝਣ ਲਈ ਸਾਨੂੰ ਉਸ ਇਤਿਹਾਸਕ ਪਿਛੋਕੜ ਵਲ ਧਿਆਨ ਮਾਰਨਾ ਪਵੇਗਾ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ । ਇਤਿਹਾਸਕ ਤੱਥ ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਭਾਰਤ-ਸਮਾਜ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿੱਚ ਜਾ ਚੁੱਕਾ ਸੀ । ਭਾਰਤੀ ਸਮਾਜ ਬਲ, ਹੁੰਨਰ ਅਤੇ ਸਿਦਕੋਂ ਹਰ ਕੇ ਆਤਮ-ਵਿਸ਼ਵਾਸਹੀਣ ਹੋ ਚੁੱਕਾ ਸੀ । ਇਸਲਾਮੀ ਧਾੜਵੀਆਂ ਤੁਰਕਾਂ, ਮੰਗੋਲਾਂ ਅਤੇ ਮੁਗਲਾਂ ਦੇ ਨਿਰੰਤਰ ਹਮਲਿਆਂ ਨੇ ਭਾਰਤੀ ਸੰਸਕ੍ਰਿਤੀ ਨੂੰ ਤਹਿਸ-ਨਹਿਸ ਕਰ ਦਿਤਾ ਸੀ । ਭਾਰਤੀ ਸਮਾਜ ਦੀ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਸਥਿਤੀ ਬੜੀ ਡਾਵਾਂ ਡੋਲ ਹਾਲਤ ਵਿੱਚ ਸੀ । ਉਸ ਸਮੇਂ ਦੇ ਭਾਰਤੀ ਧਰਮ ਨਿਰਮੂਲ ਪ੍ਰਚਾਰ ਦੇ ਪੂਜਾ-ਅਚਾਰ ਅਤੇ ਭੇਖਾਂ ਪਖੰਡਾਂ ਵਿੱਚ ਉਲਝੇ ਹੋਏ ਸਨ । ਭਾਈ ਗੁਰਦਾਸ ਨੇ ਆਪਣੀ ਵਾਰ ਵਿੱਚ ਉਸ ਸਮੇਂ ਦੇ ਭਾਰਤ ਦੀ ਤਸਵੀਰ ਬੜੇ ਸੁੰਦਰ ਤੇ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕੀਤੀ ਹੈ :

ਕਲ ਕਾਲੀ ਆਈ ਕੁਤੇ ਮੂੰਹੀ ਖਾਜੁ ਹੋਆ ਮੁਰਦਾਰ ਗੁਸਾਈਂ ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸੱਤ ਮੁਖਹੁ ਅਲਾਈ ।
ਚੇਲੇ ਸਾਜ ਵਜਾਇਦੇ ਨਚਨ ਗੁਰੂ ਬਹੁਤ ਬਿਧਿ ਭਾਈ ।
ਕਾਜੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ ।
ਇਸਤ੍ਰੀ ਪੁਰਖੈ ਦਾਮੁ ਹਿਤ ਭਾਵੈਂ ਆਏ ਕਿਥਾਉਂ ਜਾਈ
ਵਰਤਿਆ ਪਾਪ/ਸਭਸ ਜਗ ਮਾਹੀ ।[1]

ਅਰਥਾਤ ਕਲ ਜੁਗ ਦਾ ਜ਼ਮਾਨਾ ਆ ਗਿਆ ਹੈ । ਹਰ ਪਾਸੇ ਉਲਟੀ ਭਾਵ ਵਰਤ ਗਈ ਹੈ ਜ਼ੋਰ ਜ਼ੁਲਮ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ । ਪਰਜਾ ਦੇ ਰਾਖੇ ਰਾਜੇ ਪਾਪੀ ਹੋ ਗਏ ਹਨ, ਪਰਜਾ ਨੂੰ ਲੁਟ-ਲੁਟ ਖਾ ਰਹੇ ਹਨ। ਪਰਜਾ ਅਗਿਆਨਤਾ ਦੇ ਅੰਧੇਰੇ ਵਿਚ ਭਟਕਦੀ ਹੋਈ ਝੂਠ ਬੋਲ ਰਹੀ ਹੈ ਚੇਲੇ ਸਾਜ ਵਜਾਉਂਦੇ ਹਨ ਅਤੇ ਗੁਰੂ ਨੱਚਦੇ ਹਨ, ਸੇਵਕ ਘਰ ਵਿਚ ਹੀ ਬੈਠੇ ਰਹਿੰਦੇ

---

1. ਡਾ: ਜਗੀਰ ਸਿੰਘ ਦੀਪ, ਭਾਈ ਗੁਰਦਾਸ ਦੀ ਪਹਿਲੀ ਵਾਰ ਪਉੜੀ-30

ਹਨ । ਗੁਰੂ ਸੁਆਰਥ ਪੂਰਤੀ ਲਈ ਆਪ ਉਨ੍ਹਾਂ ਦੇ ਘਰ ਜਾਂਦੇ ਹਨ । ਕਾਜ਼ੀ ਵੱਢੀ ਖੋਰ ਹੋ ਗਏ ਹਨ ਤੇ ਵੱਢੀ ਲੈ ਕੇ ਬੇਇਨਸਾਫੀ ਕਰਦੇ ਹਨ । ਸਮਾਜਕ ਜੀਵਨ ਵਿਚ ਔਰਤ ਤੇ ਮਰਦ ਦੇ ਰਿਸ਼ਤੇ ਵਿਚ ਪ੍ਰਸਪਰ ਪਿਆਰ ਨਹੀਂ ਸਗੋਂ ਪਦਾਰਥ ਹੀ ਪਰਧਾਨ ਹੈ, ਕੋਈ ਜਿਥੇ ਮਰਜੀ ਜਾਏ ਕਿਸੇ ਨੂੰ ਕੋਈ ਚਿੰਤਾ ਨਹੀਂ । ਸਾਰੇ ਪਾਸੇ ਪਾਪ ਵਰਤਿਆ ਹੋਇਆ ਹੈ ।

ਗੁਰੂ ਨਾਨਕ ਦੇਵ ਜੀ ਖੁਦ ਆਪਣੇ ਸ਼ਬਦਾਂ ਵਿਚ ਆਪਣੇ ਸਮਕਾਲੀ ਸਮਾਜ ਦੀ ਤਸਵੀਰ ਪੇਸ਼ ਕਰਦੇ ਹੋਏ ਫੁਰਮਾਣ ਕਰਦੇ ਹਨ ਕਿ ਕਲ ਜੁਗ ਦੇ ਸਮੇਂ ਵਿਚ ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ । ਇਸ ਲਈ ਧਰਮ, ਕਰਮ ਖੰਭ ਲਾ ਕੇ ਜਿਵੇਂ ਉੜ ਗਿਆ ਹੈ । ਹਰ ਪਾਸੇ ਮੱਸਿਆ ਦੀ ਕਾਲਖ ਪਸਰੀ ਹੋਈ ਹੈ ਅਤੇ ਸਚ ਰੂਪੀ ਚੰਦਰਮਾਂ ਨਜ਼ਰ ਨਹੀਂ ਆਉਂਦਾ :

> ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।
> ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।[2]

ਧਾਰਮਿਕ ਆਗੂਆਂ ਦੀ ਹਾਲਤ ਰਾਜਿਆਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਨਾਲੋਂ ਵੀ ਮਾੜੀ ਹੈ ਜਿਵੇਂ:

> ਕਾਦੀ ਕੂੜੁ ਬੋਲਿ ਮਲੁ ਖਾਇ ।
> ਬ੍ਰਾਹਮਣੁ ਨਾਵੈ ਜੀਆ ਘਾਇ ।
> ਜੋਗੀ ਜੁਗਤਿ ਨ ਜਾਣੈ ਅੰਧੁ ।
> ਤੀਨੇ ਓਜਾੜੇ ਕਾ ਬੰਧੁ ।।[3]

ਅਰਥਾਤ ਕਾਜ਼ੀ ਲੋਕ ਝੂਠ ਬੋਲਕੇ ਹਰਾਮ ਦੀ ਕਮਾਈ ਖਾਂਦੇ ਹਨ । ਬ੍ਰਾਹਮਣ ਜੀਵਾਂ ਦੀ ਹਤਿਆ ਕਰਕੇ ਤੀਰਥ ਇਸ਼ਨਾਨ ਵੀ ਕਰਦੇ ਹਨ । ਤੀਸਰਾ ਵੱਡਾ ਫਿਰਕਾ ਜੋਗੀਆਂ ਦਾ ਹੈ । ਜੋਗੀਆਂ ਨੂੰ ਜੋਗ ਦੀ ਜੁਗਤੀ ਦਾ ਪਤਾ ਨਹੀਂ ਕਰਮਕਾਂਡਾਂ ਵਿਚ ਫਸੇ ਹੋਏ ਹਨ। ਇਹ ਤਿੰਨੇ ਹੀ ਅਸਲੀ ਧਰਮ ਦੇ ਫਰਜ਼ਾਂ ਤੋਂ ਖੁੰਝੇ ਹੋਏ ਹਨ ਅਤੇ ਆਪਣੀ ਬਰਬਾਦੀ ਦਾ ਆਪ ਬੰਧਨ ਬਣ ਗਏ ਹਨ ।

ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਦੇਸ਼ ਦਾ ਧਾਰਮਿਕ ਵਾਤਾਵਰਣ ਸੰਪੂਰਨ ਰੂਪ ਵਿੱਚ ਗੰਧਲਿਆ ਹੋਇਆ ਸੀ । ਵੱਖ ਵੱਖ ਧਰਮ ਆਪਸ ਵਿਚ ਖਹਿ ਰਹੇ ਸਨ । ਵਿਰੋਧੀ ਧਰਮਾਂ ਪ੍ਰਤੀ ਈਰਖਾ ਤੇ ਨਫਰਤ ਪਾਈ ਜਾਂਦੀ ਸੀ । ਇਸ ਇਤਿਹਾਸਕ ਤੱਥ ਨੂੰ ਭਾਈ ਗੁਰਦਾਸ ਜੀ ਨੇ ਨਿਮਨ ਲਿਖਤ ਸ਼ਬਦਾਂ ਵਿਚ ਬਿਆਨ ਕੀਤਾ ਹੈ :

---

2. ਆਦਿ ਗ੍ਰੰਥ, ਪੰ. 145
3. ਉਹੀ, ਪੰ. 662

ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ।
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ ।
ਸੁੰਨਤਿ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ।
ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮੁਲਾਣੇ ।[4]

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ-ਵਾਰਤਾਲਾਪ ਦੀ ਪ੍ਰਕ੍ਰਿਤੀ ਨੂੰ ਸਮਝਣ ਲਈ ਉਪਰੋਕਿਤ ਕਾਵਿ-ਪੰਕਤੀਆਂ ਇਤਿਹਾਸਕ ਪਰਿਪੇਖ ਨੂੰ ਸਾਕਾਰ ਕਰਦੀਆਂ ਹਨ । ਅਰਥਾਤ ਉਸ ਸਮੇ ਭਾਰਤ ਵਿਚ ਵਰਣ ਆਸ਼ਰਮ ਦਾ ਜੋਰ ਸੀ । ਦੋ ਵੱਡੀਆਂ ਜਾਤੀਆਂ ਹਿੰਦੂ ਅਤੇ ਮੁਸਲਮਾਣ ਸਨ । ਦੋਹਾਂ ਦੇ ਆਪਣੇ ਆਪਣੇ ਧਰਮ ਸਨ । ਦੋਵੇਂ ਆਪਣੇ ਆਪਣੇ ਧਰਮ ਨੂੰ ਚੰਗਾਂ ਉਚਾ ਤੇ ਸੁੱਚਾ ਸਮਝਦੇ ਸਨ ਅਤੇ ਦੂਸਰੇ ਧਰਮ ਨੂੰ ਨਫਰਤ ਅਤੇ ਈਰਖਾ ਦੀਆਂ ਨਜ਼ਰਾਂ ਨਾਲ ਵੇਖਦੇ ਸਨ । ਸਮੇਂ ਦੇ ਹਾਕਮ ਪਾਸ ਇਕ ਦੂਸਰੇ ਵਿਰੁਧ ਚੁਗਲੀਆਂ ਕਰਦੇ ਸਨ ਅਤੇ ਸਵਾਰਥ-ਸਿਧੀ ਹੀ ਇਨ੍ਹਾਂ ਜਾਤੀਆਂ ਦਾ ਧਰਮ ਈਮਾਨ ਬਣ ਗਿਆ ਸੀ । ਦੋਵੇਂ ਧਰਮ 'ਸੱਚੇ ਮਾਰਗ' ਤੋਂ ਖੁੰਝੇ ਜਾ ਰਹੇ ਸਨ ਅਤੇ ਆਪਸ ਵਿਚ ਖਹਿ ਖਹਿ ਮਰ ਰਹੇ ਸਨ । ਹਿੰਦੂ ਗੰਗਾ ਅਤੇ ਬਨਾਰਸ ਦੀ ਯਾਤਰਾ ਨੂੰ ਹੀ ਧਾਰਮਿਕ ਜੀਵਨ ਦਾ ਪਰਮ ਲਕਸ਼ ਮੰਨੀ ਬੈਠੇ ਸਨ । ਇਸੇ ਤਰ੍ਹਾਂ ਮੁਸਲਮਾਨ ਮੱਕੇ, ਕਾਬੇ ਦੇ ਹੱਜ ਨੂੰ ਹੀ ਧਾਰਮਿਕਤਾ ਦਾ ਅੰਤਿਮ ਉਦੇਸ਼ ਮੰਨੀ ਬੈਠੇ ਸਨ । ਹਿੰਦੂ, ਮੱਥੇ ਤੇ ਤਿਲਕ ਲਾਉਣ, ਧੋਤੀ ਪਹਿਨਣ ਅਤੇ ਜੰਞੂ ਪਾਉਣ ਨੂੰ ਹੀ ਮੁਕਤੀ ਸਮਝੀ ਬੈਠੇ ਸਨ ।ਜਦੋਂ ਕਿ ਮੁਸਲਮਾਨ ਸੁੰਨਤ ਨੂੰ ਹੀ 'ਅਲਾਹ' ਦੀ ਪ੍ਰਾਪਤੀ ਦਾ ਸਾਧਨ ਮੰਨੀ ਬੈਠੇ ਸਨ ।

ਪਵਿਤਰ ਧਾਰਮਿਕ ਪੁਸਤਕਾਂ, ਵੇਦ ਅਤੇ ਕੁਰਾਨ ਸ਼ਰੀਫ ਦੇ ਤੱਤ ਸਾਰ ਨੂੰ ਦੋਵੇਂ ਧਰਮ ਹੀ ਭੁਲੀ ਬੈਠੇ ਸਨ ਅਤੇ ਇਸ ਤਰ੍ਹਾਂ ਸਹੀ ਮਾਰਗ ਤੋਂ ਭਟਕ ਚੁੱਕੇ ਸਨ। ਧਰਮ ਦੀ ਅਸਲੀਅਤ ਨੂੰ ਦੋਹਾਂ ਵਿਚੋਂ ਕੋਈ ਨਹੀਂ ਸੀ ਸਮਝ ਰਿਹਾ । ਦੋਵੇਂ ਧਰਮ ਹੀ ਉਦਰ-ਪੂਰਤੀ ਲਈ ਕਰਮ ਕਾਂਡਾਂ ਵਿਚ ਫਸੇ ਹੋਏ ਸਨ। ਮੁਸਲਮਾਨ ਵੀ ਅਤੇ ਹਿੰਦੂ ਵੀ ਦੋਵੇਂ ਹੀ ਭੇਖਾਂ ਵਿਖਾਵਿਆਂ, ਆਡੰਬਰਾਂ ਅਤੇ ਕਰਮ ਕਾਂਡਾ ਨੂੰ ਹੀ ਧਰਮ ਸਮਝੀ ਬੈਠੇ ਸਨ । ਇਸ ਅਧਾਰਮਿਕਤਾ ਦੇ ਅੰਧਕਾਰ ਨੂੰ ਗਿਆਨ ਦੀ ਰੋਸ਼ਨੀ ਵਿਚ ਬਦਲਣ ਲਈ ਕਿਸੇ ਮਹਾਨ ਯੁਗ-ਪੁਰਸ਼ ਦੀ ਲੋੜ ਸੀ ਅਤੇ ਇਹ

---

4. ਭਾਈ ਗੁਰਦਾਸ ਦੀ ਪਹਿਲੀ ਵਾਰ, ਪਉੜੀ 21 .

ਯੁਗ-ਪੁਰਸ਼ ਉਸ ਸਮੇਂ ਨੂੰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਾਪਤ ਹੋਇਆ ।ਗੁਰੂ ਜੀ ਨੇ ਉਸ ਸਮੇ ਦੇ ਭਾਰਤ ਦੇ ਦੋਹਾਂ ਵੱਡੇ ਧਰਮਾਂ, ਹਿੰਦੂ ਅਤੇ ਮੁਸਲਮਾਨਾਂ ਨੂੰ ਸਹੀ-ਮਾਰਗ ਦਰਸ਼ਨ ਦਿਤਾ । ਇਸ ਪਰਿਪੇਖ ਵਿਚੋਂ ਹੀ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ ।

ਗੁਰੂ ਨਾਨਕ ਬਾਣੀ ਵਿਚ ਅੰਤਰ-ਧਰਮੀ ਵਾਰਤਾਲਾਪ ਦੀ ਪ੍ਰਕਿਰਤੀ ਉਕਿਤ ਕਿਸਮ ਦੇ ਭ੍ਰਸ਼ਟ-ਧਾਰਮਿਕ ਵਾਤਾਵਰਣ ਦਾ ਨਿਰੂਪਣ ਕਰਨ ਦੀ ਸੀ ਅਤੇ ਇਸ ਵਾਰਤਾਲਾਪ ਦੀ ਪਰਵਿਰਤੀ ਲੁਕਾਈ ਦਾ ਸਹੀ ਮਾਰਗ ਦਰਸ਼ਨ ਕਰਨ ਦੀ ਸੀ। ਭਾਈ ਗੁਰਦਾਸ ਜੀ ਨੇ ਇਸ ਸਥਿਤੀ ਨੂੰ ਇਸ ਤਰ੍ਹਾਂ ਸਾਕਾਰ ਕੀਤਾ ਹੈ :

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।
ਬਾਝਹੁ ਗੁਰੂ ਗੁਬਾਰਿ ਹੈਅ, ਹੈ ਹੈ ਕਰਦੀ ਸੁਣੀ ਲੁਕਾਈ ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ
ਚੜ੍ਹਿਆ ਸੋਧਣਿ ਧਰਮ ਲੁਕਾਈ ।[5]

ਉਪਰੋਕਤ ਅੰਕਿਤ ਕੀਤੀ ਗਈ ਸਥਿਤੀ ਵਿਚ ਭਾਰਤੀ ਸਮਾਜ ਖੇਰੂੰ ਖੇਰੂੰ ਹੋ ਚੁੱਕਾ ਸੀ । ਵਹਿਮਾਂ, ਭਰਮਾਂ, ਅੰਧ ਵਿਸ਼ਵਾਸ਼ਾਂ ਅਤੇ ਅਗਿਆਨਤਾ ਕਾਰਨ ਆਮ ਲੋਕਾਂ ਦਾ ਜੀਵਨ ਬੜ੍ਹਾ ਹੀ ਤਰਸਯੋਗ ਅਵਸਥਾ ਵਾਲਾ ਬਣ ਗਿਆ ਸੀ । ਕਾਜ਼ੀ ਰਿਸ਼ਵਤ ਲੈ ਕੇ ਬੇਈਮਾਨੀ ਕਰਦੇ ਤੇ ਹੱਕਦਾਰ ਦਾ ਹੱਕ ਮਾਰਦੇ ਸਨ। ਪੰਡਿਤ ਲੋਕ ਭ੍ਰਿਸ਼ਟਾਚਾਰ ਤੇ ਗਿਰ ਚੁੱਕੇ ਸਨ ।ਲਾਲਚੀ ਤੇ ਸੁਆਰਥੀ ਫ਼ਿਰਕਿਆਂ ਦੇ ਆਗੂ ਆਚਰਣ ਹੀਣਤਾ ਦਾ ਜੀਵਨ ਬਤੀਤ ਕਰਦੇ ਸਨ ।ਜੋਗੀਆਂ ਜੈਨੀਆਂ ਬੋਧੀਆਂ, ਸਰੇਵੜਿਆਂ, ਪਾਰਸੀਆਂ, ਵੈਸ਼ਨਵਾਂ,ਸੰਨਿਆਸੀਆਂ, ਬੈਰਾਗੀਆਂ,ਕਪਾੜੀਆਂ ਆਦਿ ਫ਼ਿਰਕਿਆਂ ਦੇ ਲੋਕ ਸੱਚਾ ਰਾਹ ਛੱਡ ਕੇ ਕੁਰਾਹੇ ਪਏ ਹੋਏ ਸਨ। ਇਸ ਸਮੇਂ ਦੁਖਾਂ ਕਲੇਸ਼ਾਂ, ਵਹਿਮਾਂ, ਭਰਮਾ ਤੇ ਅੰਧ ਵਿਸ਼ਵਾਸਾਂ ਵਿਚ ਸੜ ਰਹੇ ਸਮੂਹ ਵਿਸ਼ਵ ਨੂੰ ਠੰਡ ਪਾਉਣ ਦਾ ਮੰਤਵ ਲੈ ਕੇ ਗੁਰੂ ਜੀ ਨੇ ਚਾਰ ਉਦਾਸੀਆਂ ਕੀਤੀਆਂ । ਇਸ ਤਰ੍ਹਾਂ ਗੁਰੂ ਨਾਨਕ ਦੁਆਰਾ ਰਚਾਏ ਸੰਵਾਦ ਦਾ ਨਜ਼ਰੀਆ ਕਿਸੇ ਮੱਤ ਜਾਂ ਧਰਮ ਨੂੰ ਛੁਟਿਆਣਾ ਜਾਂ ਵਡਿਆਉਣਾ ਨਹੀਂ ਸੀ ਸਗੋਂ ਸਮੁੱਚੀ ਧਰਤੀ ਦੀ ਮਾਨਵ ਜਾਤੀ ਦਾ ਉਧਾਰ ਕਰਨਾ ਸੀ । ਗੁਰੂ ਜੀ ਨੇ ਆਪਣੀਆਂ ਚਾਰ ਉਦਾਸੀਆਂ ਵਿਚ ਸਮੁੱਚੇ ਭਾਰਤ ਦੇ ਵੱਖ ਵੱਖ ਧਾਰਮਿਕ ਟਿਕਾਣਿਆਂ ਅਤੇ ਤੀਰਥਾਂ ਦਾ ਭਰਮਣ ਕੀਤਾ ਅਤੇ ਜਿਥੇ ਜਿਥੇ ਵੀ ਕਿਸੇ ਕਰਾਮਾਤੀ ਦੀ ਪੂਜਾ-ਵਿਧੀ ਵਿਚ ਕੋਈ ਅੰਧ-ਵਿਸ਼ਵਾਸ

---

5. ਭਾਈ ਗੁਰਦਾਸ ਦੀ ਪਹਿਲੀ ਵਾਰ, ਪਉੜੀ 24

ਜਾਂ ਕੋਈ ਨਿਰਾਰਥਕਤਾ ਵੇਖੀ ਉਸੇ ਪ੍ਰਤੀ ਵਾਰਤਾਲਾਪ ਰਚਾਇਆ ਅਤੇ ਸਹੀ ਜੀਵਨ ਜਾਚ ਦੇ ਅੰਤਰਗਤ ਸਹੀ ਪੂਜਾ ਵਿਧੀ ਦਾ ਢੰਗ ਦਸਿਆ । ਫਿਰ ਗੁਰੂ ਜੀ ਮੱਧ ਏਸ਼ੀਆ, ਮੱਕਾ, ਬਗਦਾਦ, ਬਸਰਾ ਅਤੇ ਰੂਸ ਵਿਚ ਤਾਸ਼ਕੰਦ ਤੱਕ ਗਏ ਅਤੇ ਅਗਿਆਨਤਾ ਦੀ ਅਗਨੀ ਵਿਚ ਸੜਦੀ ਲੋਕਾਈ ਦੇ ਸੀਨੇ ਠੰਡ ਪਾਈ। ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀ ਇਹੀ ਪ੍ਰਕ੍ਰਿਤੀ ਅਤੇ ਪ੍ਰਵਿਰਤੀ ਸੀ ਕਿ ਸਮੁਚੀ ਮਾਨਵ-ਜਾਤੀ ਦਾ ਕਲਿਆਣ ਕੀਤਾ ਜਾਏ ।

ਗੁਰੂ ਨਾਨਕ ਬਾਣੀ ਵਿਚਲੇ ਅੰਤਰ-ਧਰਮੀ ਵਾਰਤਾਲਾਪ ਨੇ ਵੱਖ ਵੱਖ ਧਾਰਮਿਕ ਮਤਾਂ-ਮਤਾਂਤਰਾਂ ਅਤੇ ਫ਼ਿਰਕਿਆਂ ਨਾਲ ਜੋ ਸੰਵਾਦ ਰਚਾਇਆ, ਉਸ ਵਿਚ ਕਿਸੇ ਨੂੰ ਉੱਚਾ ਜਾਂ ਨੀਵਾਂ ਸੱਚਾ ਜਾਂ ਝੂਠਾ, ਸੰਪੂਰਨ ਜਾਂ ਅਧੂਰਾ ਨਹੀਂ ਆਖਿਆ ਸਗੋਂ ਹਰ ਧਰਮ ਦਾ ਵਿਗਿਆਨਕ ਅਧਿਐਨ ਕਰਨ ਉਪਰੰਤ ਉਸ ਦਾ ਸਰਲ ਸਾਫ਼, ਸਾਦਾ ਅਤੇ ਤਰਕਸ਼ੀਲ ਮੁਲੰਕਣ ਪੇਸ਼ ਕੀਤਾ ਹੈ । ਗੁਰੂ ਜੀ ਦਾ ਮੰਤਵ ਧਰਮ ਦੀ ਵਾਸਤਵਿਕਤਾ ਨੂੰ ਸਾਕਾਰ ਕਰਨਾ ਸੀ । ਸੱਚੇ ਧਰਮ ਦੀ ਸੋਝੀ ਕਰਵਾਉਣਾ ਸੀ ਅਤੇ ਵਿਖਾਵੇ ਦੇ ਕਰਮ ਕਾਂਡ ਅਤੇ ਪਾਖੰਡਾਂ ਦਾ ਖੰਡਨ ਕਰਨਾ ਸੀ ।

ਗੁਰੂ ਜੀ ਵਿਭਿੰਨ ਧਰਮਾਂ ਨਾਲ ਵਾਸਤਵਿਕਤਾ ਦੀ ਪੱਧਰ ਤੇ ਸੰਵਾਦ ਰਚਾਉਂਦੇ ਹਨ । ਜੇ ਜੋਗੀਆਂ ਨਾਲ ਵਾਰਤਾਲਾਪ ਰਚਾਇਆ ਹੈ ਤਾਂ ਜੋਗੀਆਂ ਨੂੰ ਸੱਚੇ ਜੋਗ ਦੀ ਪ੍ਰਾਪਤੀ ਲਈ ਪ੍ਰੇਰਨਾ ਦਿੱਤੀ ਹੈ । ਪੰਡਤਾਂ ਨੂੰ ਫੋਕਟ ਕਾਂਡ ਤੋਂ ਵਰਜਿਆ ਹੈ । ਬੋਧੀਆਂ ਤੇ ਜੈਨੀਆਂ ਨੂੰ ਵੀ ਨਿਰਾਰਥਕ ਕਰਮ ਕਾਂਡਾਂ ਵਿਚ ਰੁਝਿਆ ਦੱਸਿਆ ਗਿਆ ਹੈ । ਮੁਸਲਮਾਨਾਂ ਨੂੰ ਸੱਚੇ ਮੁਸਲਮਾਨ ਬਣਨ ਦੀ ਪ੍ਰੇਰਨਾ ਦਿੱਤੀ ਹੈ । ਕਾਜ਼ੀਆਂ, ਮੁਲਾਣਿਆਂ, ਪੰਡਤਾਂ, ਜੋਗੀਆਂ ਅਤੇ ਸਿਧਾਂ ਨੂੰ ਜੀਵਨ ਦਾ ਸਹੀ ਮਾਰਗ-ਦਰਸ਼ਨ ਦਿੱਤਾ ਹੈ ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਵਾਰਤਾਲਾਪ ਰਚਦੇ ਸਮੇਂ ਉਦੇਸ਼ ਪੱਖੋਂ ਕਿਸੇ ਵੀ ਧਰਮ ਨੂੰ ਮਾੜਾ ਨਹੀਂ ਕਿਹਾ, ਗੁਰੂ ਜੀ ਕਿਸੇ ਵਿਸ਼ੇਸ਼ ਧਰਮ ਦਾ ਪ੍ਰਚਾਰ ਕਰਨ ਤਾਂ ਆਏ ਨਹੀਂ ਸਨ ਉਹ ਤਾਂ ਲੁਕਾਈ ਨੂੰ ਧਰਮ ਦੀ ਸੱਚੀ ਆਤਮਾ ਤੋਂ ਜਾਣੂ ਕਰਵਾਉਣ ਆਏ ਸਨ ਅਤੇ ਜੀਵਾਂ ਨੂੰ ਸਹੀ ਜੀਵਨ ਜਾਚ ਦਾ ਰਸਤਾ ਦੱਸਣ ਆਏ ਸਨ । ਇਸ ਲਈ ਉਨ੍ਹਾਂ ਦਾ ਮੰਤਵ ਧਰਮ ਦਾ ਖੰਡਨ ਮੰਡਨ ਨਹੀਂ ਸੀ ਸਗੋਂ ਧਰਮਾਂ ਵਿਚ ਪਾਈ ਜਾਂਦੀ ਗਿਰਾਵਟ, ਭ੍ਰਿਸ਼ਟਾਚਾਰ, ਪਾਖੰਡ, ਦੰਭ ਅਤੇ ਨਿਰਮੂਲ ਧਾਰਮਿਕ ਸੰਸਕਾਰਾਂ ਦੀ ਨਿਰਾਰਥਕਤਾ ਨੂੰ ਦਰਸਾ ਕੇ ਦੁਨੀਆਂ ਨੂੰ ਕੇਵਲ ਇਕ ਪ੍ਰਮਾਤਮਾ ਦੇ ਲੜ ਲਾਉਣਾ ਸੀ । ਉਨਾਂ ਦੁਆਰਾ ਵਖ ਵੱਖ ਧਰਮਾਂ ਨਾਲ ਰਚਾਏ ਗਏ ਵਾਰਤਾਲਾਪ ਪ੍ਰਕ੍ਰਿਤੀ ਤੇ ਪ੍ਰਵਿਰਤੀ ਵਜੋਂ ਸਪਸ਼ਟਤਾ ਦੇ ਸਰੂਪ ਦੇ ਧਾਰਨੀ ਹਨ । ਕਿਸੇ ਇਕ ਥਾਂ ਵੀ ਕੋਈ ਧੁੰਦਲਾਪਣ ਨਹੀਂ। ਗੱਲ ਬੜੀ ਸਰਲ, ਸਪਸ਼ਟ ਤੇ ਸਿਧੇ ਸ਼ਬਦਾਂ ਵਿਚ ਕਹੀ ਗਈ ਹੈ। ਪ੍ਰਕ੍ਰਿਤੀ ਵਜੋਂ ਇਹ ਵਾਰਤਾਲਾਪ ਕਿਤੇ ਕਿਤੇ ਹਾਸ-ਰਸ ਸ਼ੈਲੀ ਦੁਆਰਾ ਵਿਅੰਗਮਈ

ਭਾਵਨਾ ਨੂੰ ਵੀ ਪ੍ਰਸਤੁਤ ਕਰਦੇ ਹਨ ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ।
ਵਢੀਅਹਿ ਹਥ ਦਲਾਲ ਕੈ ਮੁਸਫੀ ਏਹ ਕਰੇਇ ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ।[5ੲ]

ਉਪਰੋਕਤ ਵਾਰਤਾਲਾਪ ਉਨ੍ਹਾਂ ਹਿੰਦੂ ਕਰਮਕਾਂਡੀ-ਮਨੁੱਖਾਂ ਨਾਲ ਰਚਾਇਆ ਗਿਆ ਹੈ ਜਿਹੜੀ ਮਰੇ ਪਿਤਰਾਂ ਦੇ ਨਿਮਿਤ ਸਰਾਧ ਕਰਵਾਉਂਦੇ ਹਨ, ਦਾਨ, ਬਸਤਰ,ਵਸਤੂਆਂ ਆਦਿ ਦੇਂਦੇ ਹਨ, ਅਤੇ ਵਿਸ਼ਵਾਸ ਕਰਦੇ ਹਨ ਕਿ ਇਹ ਵਸਤੂਆਂ ਉਨ੍ਹਾਂ ਦੇ ਪਿਤਰਾਂ ਨੂੰ ਸਵਰਗ ਲੋਕ ਵਿਚ ਮਿਲ ਜਾਣਗੀਆਂ । ਇਸ ਵਾਰਤਾਲਾਪ ਵਿੱਚ ਸਪੱਸ਼ਟਤਾ ਵੀ ਹੈ ਅਤੇ ਵਿਅੰਗ ਵੀ। ਗੁਰੂ ਜੀ ਸਮਝਾਉਂਦੇ ਹਨ ਕਿ ਜੇ ਚੋਰ ਆਦਮੀ ਦੇ ਘਰ ਕੋਈ ਪਿਤਰ ਮਰ ਗਿਆ ਹੋਵੇ ਅਰਥਾਤ ਦੂਸਰੇ ਮਨੁੱਖਾਂ ਦਾ ਹੱਕ ਖੋਹਣ ਵਾਲਾ (ਮੋਹੱਕਾ) ਮਨੁੱਖ ਆਪਣੇ ਪਿਤਰਾਂ ਨੂੰ ਵਸਤਾਂ ਆਦਿ ਦਾਨ ਕਰਦਾ ਹੈ ਅਤੇ ਇਹ ਵੀ ਮਨ ਲਈ ਕਿ ਉਹ ਵਸਤਾਂ ਉਸਦੇ ਪਿਤਰਾਂ ਨੂੰ ਪੁਜ ਜਾਂਦੀਆਂ ਹਨ । ਪਰ ਇਹ ਵਸਤੂਆਂ ਤਾਂ ਕਿਸੇ ਦੇ ਘਰੋਂ ਚੋਰੀ ਕੀਤੀਆਂ ਹੋਈਆਂ ਹਨ । ਉਥੇ ਸਵਰਗ ਲੋਕ ਵਿੱਚ ਉਨ੍ਹਾਂ ਘਰਾਂ ਦੇ ਪਿਤਰ ਵੀ ਮਰ ਕੇ ਪੁਜੇ ਹੋਏ ਹਨ, ਉਹ ਝੱਟ ਪਛਾਣ ਲੈਣਗੇ ਕਿ ਇਹ ਵਸਤਾਂ ਤਾਂ ਸਾਡੀਆਂ ਹਨ, ਤੂੰ ਚੋਰ ਹੈ । ਇਸ ਦਾ ਭਾਵ ਇਹ ਹੋਇਆ ਕਿ ਚੋਰ ਨੇ ਆਪਣੇ ਚੰਗੇ ਭਲੇ ਸ਼ਰੀਫ ਪਿਤਰ ਨੂੰ ਚੋਰ ਬਣਾ ਦਿੱਤਾ । ਗੁਰੂ ਜੀ ਸਮਝਾਉਂਦੇ ਹਨ ਕਿ ਭਾਈ ਅਗੇ ਤਾਂ, ਮਨੁੱਖ ਨੂੰ ਉਹੋ ਕੁਝ ਹੀ ਮਿਲਦਾ ਹੈ ਜੋ ਉਸਨੇ ਐਥੇ ਆਪ ਕਮਾਇਆ ਹੈ । ਉਸਨੇ ਜੋ ਸੁਚੀ ਕਿਰਤ ਕਰਕੇ ਦੂਸਰਿਆਂ ਨਾਲ ਵੰਡੀ ਹੈ । ਉਸ ਨੂੰ ਉਹੋ ਮਿਲੇਗੀ, ਚੋਰੀ ਦੀਆਂ ਵਸਤੂਆਂ ਨਹੀਂ। ਇਸ ਲਈ ਸਰਾਧ ਕਰਨੇ ਨਿਰਮੂਲ ਰਸਮ ਹੈ ।

## ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦਾ ਸਮਕਾਲੀ ਧਰਮਾਂ ਪ੍ਰਤੀ ਦ੍ਰਿਸ਼ਟੀਕੋਣ

ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਸਹਿਜ ਦ੍ਰਿਸ਼ਟੀ ਦੇ ਧਾਰਨੀ ਹਨ । ਆਪਣੇ ਸੰਪਰਕ ਵਿਚ ਆਉਣ ਵਾਲੇ ਧਰਮਾਂ ਪ੍ਰਤੀ ਇਨ੍ਹਾਂ ਵਾਰਤਾਲਾਪਾਂ ਵਿਚ ਕਿਸੇ ਪ੍ਰਕਾਰ ਦਾ ਪੱਖ ਪਾਤ, ਤੰਗਾ ਮਾੜਾ ਜਾਂ ਉਲਾਰਵਾਦੀ ਭਾਵਨਾ ਦਾ ਅਭਾਵ ਹੈ। ਗੁਰੂ ਜੀ

5ਏ. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ. 601

ਦਾ ਮੰਤਵ ਕਿਸੇ ਧਰਮ ਦੀ ਆਲੋਚਨਾ ਦੀ ਖਾਤਰ ਆਲੋਚਨਾ ਕਰਨੀ ਜਾਂ ਕਿਸੇ ਦੀਆਂ ਤਰੁਟੀਆਂ ਜਾਂ ਘਾਟਾਂ ਨੂੰ ਉਛਾਲਣ ਦਾ ਨਹੀਂ ਸੀ ਸਗੋਂ ਉਨ੍ਹਾਂ ਦਾ ਮੰਤਵ ਤਾਂ ਪ੍ਰਾਣੀ-ਮਾਤਰ ਨੂੰ ਧਰਮ ਪ੍ਰਤੀ ਸਾਂਝੀ ਦ੍ਰਿਸ਼ਟੀ ਦਾ ਧਾਰਨੀ ਕਰਵਾਉਣਾ ਸੀ ਅਤੇ ਇਹੋ ਦ੍ਰਿਸ਼ਟੀ ਉਨ੍ਹਾਂ ਦੁਆਰਾ ਵੱਖ ਵੱਖ ਧਰਮਾਂ ਨਾਲ ਰਚਾਏ ਗਏ ਸੰਵਾਦਾਂ ਦੀ ਅਧਾਰਸ਼ਿਲਾ ਹੈ ।

ਗੁਰੂ ਨਾਨਕ ਬਾਣੀ ਵਿਚਲੇ ਅੰਤਰ-ਧਰਮੀ ਵਾਰਤਾਲਾਪ ਗੁਰਮਤਿ ਦੇ ਜਿਸ ਨਜ਼ਰੀਏ ਨੂੰ ਪ੍ਰਸਤੁਤ ਕਰਦੇ ਹਨ ਉਹ ਬੜਾ ਸਰਲ ਤੇ ਸਾਦਾ ਹੈ । ਗੁਰਮਤਿ ਕੋਈ ਵਿਸ਼ੇਸ਼ ਉਕਤੀਆਂ-ਜੁਗਤੀਆਂ ਵਾਲਾ ਧਰਮ ਨਹੀਂ ਸਗੋਂ ਇਕ ਸਹੀ ਅਤੇ ਸਿਧੀ-ਪੱਧਰੀ ਜੀਵਨ ਜਾਚ ਹੈ। ਗੁਰਮਤਿ ਦਾ ਨਜ਼ਰੀਆ ਕਿਸੇ ਸਿਧਾਂਤਕ ਜੀਵਨ ਦੀ ਵਿਆਖਿਆ ਕਰਨਾ ਨਹੀਂ । ਇਸੇ ਲਈ ਗੁਰੂ ਨਾਨਕ ਬਾਣੀ ਜੋ ਕਿ ਗੁਰਮਤਿ ਦਾ ਅਧਾਰ ਹੈ, ਦੇ ਵਾਰਤਾਲਾਪ ਸਭ ਪ੍ਰਕਾਰ ਦੀਆਂ ਉਕਤੀਆਂ-ਜੁਗਤੀਆਂ ਅਤੇ ਦਾਰਸ਼ਨਿਕ ਘੁੰਡੀਆਂ ਤੋਂ ਸਾਫ਼ ਅਤੇ ਪਵਿਤਰ ਹਨ ਕਿਉਂਕਿ ਇਸ ਮੰਤਵ ਸਹੀ ਤੇ ਏਨਾਰ ਜੀਵਨ-ਜਾਚ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦੇਣਾ ਹੈ । ਜਿਥੇ ਬਾਕੀ ਭਾਰਤੀ ਮਤ-ਮਤਾਂਤਰ ਤਿਆਗਵਾਦ ਤੇ ਉਦਾਸਵਾਦ ਤੇ ਵਧੇਰੇ ਬਲ ਦੇਂਦੇ ਹਨ ਅਸਮਾਜਿਕ ਜੀਵਨ ਪ੍ਰਤੀ ਭਾਂਜਵਾਦੀ ਦ੍ਰਿਸ਼ਟੀ ਦੇ ਲਖਾਇਕ ਹਨ, ਉਥੇ ਗੁਰਮਤਿ ਤਿਆਗਵਾਦ ਅਤੇ ਉਦਾਸਵਾਦ ਦਾ ਖੰਡਨ ਕਰਦੀ ਹੋਈ ਗ੍ਰਿਸਥ ਜੀਵਨ ਦੀ ਵਡਿਆਈ ਦੀ ਮਹਾਨਤਾ ਨੂੰ ਦਰਸਾਉਂਦੀ ਹੈ । ਗੁਰਮਤਿ ਦਾ ਦ੍ਰਿਸ਼ਟੀਕੋਣ ਧਰਮਾਂ ਪ੍ਰਤੀ ਸੁਹਿਰਦਤਾ ਦਾ ਲਖਾਇਕ ਹੈ । ਗੁਰਮਤਿ ਦਾ ਵਿਚਾਰ ਹੈ ਕਿ ਜੇ ਹਿੰਦੂ ਹੈ ਤਾਂ ਸੱਚਾ ਹਿੰਦੂ ਬਣੇ ਜੇ ਮੁਸਲਮਾਨ ਹੈ ਤਾਂ ਸੱਚਾ ਮੁਸਲਮਾਨ ਬਣੇ ਅਤੇ ਜੇ ਜੋਗੀ ਹੈ ਤਾਂ ਸੱਚਾ ਜੋਗੀ ਬਣੇ। ਪਾਖੰਡ, ਭੇਖ ਅਤੇ ਵਿਖਾਵੇ ਦਾ ਵਿਰੋਧ ਕਰਨਾ ਹੀ ਗੁਰਮਤਿ ਦਾ ਵੱਖ ਵੱਖ ਧਰਮਾਂ ਪ੍ਰਤਿ ਨਜ਼ਰੀਆ ਹੈ ।

ਸਮਕਾਲੀ ਅਤੇ ਗੁਰਮਤਿ ਤੋਂ ਪਹਿਲਾਂ ਹੋਏ ਧਰਮ ਤੇ ਮੱਤ ਮਤਾਂਤਰ ਜਾਂ ਤਾਂ ਕੇਵਲ ਰਸਮਾਂ ਰੀਤਾਂ ਦੀ ਨਿਰੋਲ ਪੂਰਤੀ ਬਣ ਕੇ ਰਹਿ ਗਏ ਸਨ ਅਤੇ ਜਾਂ ਫਿਰ ਇਕ-ਪਾਸੜ ਤੇ ਉਲਾਰੂ ਸੋਚ ਦੇ ਧਾਰਨੀ ਬਣ ਗਏ ਸਨ । ਹਿੰਦੂਸਤਾਨ ਵਿੱਚ ਤਿਆਗਵਾਦ ਅਤੇ ਅਹਿੰਸਾਵਾਦੀ ਹੋਣ ਦਾ ਇਤਨਾ ਕੋੜਾ ਤੇ ਅਰਥਹੀਣ ਪਰਪੰਚ ਰਚਿਆ ਜਾ ਚੁੱਕਾ ਸੀ ਕਿ ਇਸ ਪਰਪੰਚ ਨੇ ਭਾਰਤੀ ਲੋਕਾਂ ਨੂੰ ਸਮਾਜਿਕ ਜੀਵਨ ਦੇ ਕਰਤੱਵਾਂ ਤੋਂ ਕੋਰਾ ਬਣਾ ਦਿੱਤਾ ਸੀ। ਫਲਸਰੂਪ ਭਾਰਤ ਦੇ ਗਲ 8ਵੀਂ ਸਦੀ ਤੋਂ ਆਰੰਭ ਹੋਈ ਤੇਰਾਂ ਸੌ ਸਾਲ ਦੀ ਲੰਮੀ ਗੁਲਾਮੀ ਪੈ ਗਈ ਸੀ। ਭਾਰਤੀ ਲੋਕ-ਭਾਂਜਵਾਦੀ ਦ੍ਰਿਸ਼ਟੀ ਦੇ ਧਾਰਨੀ ਹੋ ਗਏ ਸਨ । ਲੋਕ ਉਦਾਸੀਆਂ, ਤਿਆਗੀਆਂ, ਬੈਰਾਗੀਆਂ, ਬੋਧੀਆਂ ਅਤੇ ਜੈਨੀਆਂ ਦੇ ਨਿਰਮੂਲ ਭੇਖਾਂ ਦੇ ਧਾਰਨ ਕਰਕੇ ਅਤੇ ਸੀਮਤ ਉਪਦੇਸ਼ਾਂ ਕਾਰਨ ਸਮਾਜਿਕ ਜੀਵਨ ਤੋਂ ਬੇ-ਮੁੱਖ ਹੋ ਚੁੱਕੇ ਸਨ । ਇਸ ਬ੍ਰਿਤੀ ਨੇ ਜੋਗੀਆਂ, ਸਿਧਾਂ, ਨਾਥਾਂ, ਸਰਵੇੜਿਆਂ,

ਨਾਗਿਆਂ, ਵੈਸ਼ਨਵਾਂ, ਸ਼ੈਵਾਂ, ਉਦਾਸੀਆਂ, ਸੰਨਿਆਸੀਆਂ ਆਦਿ ਫਿਰਕਿਆਂ ਦੇ ਧਾਰਮਿਕ ਭਿੰਨ-ਭਾਵ ਖੜੇ ਕਰ ਦਿੱਤੇ ਸਨ । ਬਦੇਸ਼ੀ ਸ਼ਾਸਕਾਂ ਦਾ ਧਰਮ ਇਸਲਾਮ ਸੀ । ਕਿਉਂਕੇ ਇਸਲਾਮ ਰਾਜ਼ਾਸ਼ਾਹੀ ਦਾ ਧਰਮ ਸੀ ਇਸ ਲਈ ਕਾਜ਼ੀ, ਮੁਲਾਂ, ਸ਼ੇਖ਼ ਅਤੇ ਅਨੇਕਾਂ ਪੀਰਾਂ ਦੀਆਂ ਸ਼੍ਰੇਣੀਆਂ ਹੋਂਦ ਵਿਚ ਆ ਚੁਕੀਆਂ ਸਨ ।

ਧਰਮਾਂ ਦੀ ਆਪਸੀ ਖਿਚੋਤਾਣ ਅਤੇ ਆਪਸੀ ਨਫ਼ਰਤ ਸਿੱਖਰ ਤੇ ਪੁਜ ਚੁਕੀ ਸੀ। ਭਾਰਤੀ ਸਮਾਜ ਦੇ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਜੀਵਨ ਦੇ ਹਰ ਖੇਤਰ ਵਿਚ ਵਿਗਾੜਾ ਅਤੇ ਪਾਖੰਡ ਪਾਇਆ ਜਾਂਦਾ ਸੀ ।

ਗੁਰਮਤਿ ਦਾ ਦ੍ਰਿਸ਼ਟੀਕੋਣ ਇਸ ਸਾਰੇ ਵਾਤਾਵਰਣ ਨੂੰ ਇਕ ਨਵੀਂ ਸੇਧ ਦੇਣਾ, ਸੱਚ ਦੀ ਸੋਝੀ ਕਰਵਾਉਣਾ, ਝੂਠੇ ਤੇ ਸੁੱਚੇ ਧਾਰਮਕ ਕਰਮਾਂ ਨੂੰ ਨਿਰ ਕਰਵਾਉਣਾ, ਜਾਤ ਪਾਤ ਦਾ ਖੰਡਨ ਕਰਨਾ, ਸਭ ਜੀਵਾਂ ਨੂੰ ਪਰਮਾਤਮਾਂ ਦੇ ਪੁੱਤਰ ਤੇ ਬਰਾ-ਬਰ ਸਿਧ ਕਰਨਾ, ਧਾਰਮਿਕ ਵੰਡੀਆਂ ਤੇ ਨਫ਼ਰਤ ਨੂੰ ਦੂਰ ਕਰਨਾ ਅਤੇ ਪੁਜਾਰੀ ਸ਼੍ਰੇਣੀ ਦੁਆਰਾ ਸਥਾਪਿਤ ਕੀਤੀਆਂ ਕੁਰੁ-ਰੀਤਾਂ ਦਾ ਖਾਤਮਾ ਕਰਨਾ, ਅੰਧ-ਵਿਸ਼ਵਾਸਾਂ ਦਾ ਨਾਸ਼ ਕਰਨਾ ਸੱਚੇ ਗੁਰੂ ਦੀ ਭਾਲ ਕਰਨਾ, ਸਾਧ ਸੰਗ ਕਰਨਾ ਕੇਵਲ ਇਕ ਪਰਮਾਤਮਾਂ ਦੀ ਪੂਜਾ ਕਰਨਾ ਅਤੇ ਸਮਾਜਿਕ ਅਤੇ ਅਧਿਆਤਮਕ ਜੀਵਨ ਪ੍ਰਤੀ ਸਹਿਜ-ਦ੍ਰਿਸ਼ਟੀ ਦਾ ਧਾਰਨੀ ਹੋਣ ਦੇ ਵਿਚਾਰਾਂ ਨੂੰ ਦ੍ਰਿੜ ਕਰਵਾਉਣਾ ਸੀ ਅਤੇ ਇਸ ਮੰਤਵ ਦੀ ਪੂਰਤੀ ਗੁਰੂ-ਨਾਨਕ ਦੇਵ ਜੀ (ਗੁਰਮਤਿ ਦੇ ਮੋਢੀ) ਨੇ ਆਪਣੀ ਬਾਣੀ ਵਿਚ ਰਚਾਏ ਅੰਤਰ-ਧਰਮੀ ਵਾਰਤਾਲਾਪਾਂ ਵਿਚ ਸਰਲ ਸਾਦੇ ਅਤੇ ਸਪੱਸ਼ਟ ਰੂਪ ਵਿਚ ਕੀਤੀ ਹੈ ।

<u>ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ-ਸੰਚਾਰ ਜੁਗਤਾਂ</u>

<u>ਅਤੇ ਸੰਚਾਰ ਵਿਗਿਆਨ ਦੇ ਪਰਿਪੇਖ ਵਿਚ</u> :

ਚੌਥੇ ਅਧਿਆਏ ਵਿੱਚ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦੀ ਵਿਆਖਿਆ ਕਰਨਉਪਰੰਤ ਇਸ ਅਧਿਆਏ ਵਿੱਚ ਗੁਰੂ ਨਾਨਕ ਬਾਣੀ ਵਿਚਲੇ ਵਾਰਤਾਲਾਪ ਦੀ ਪ੍ਰਕ੍ਰਿਤੀ ਅਤੇ ਪ੍ਰਵਿਰਤੀ ਬਾਰੇ ਸੰਖੇਪ ਚਰਚਾ ਕੀਤੀ ਹੈ । ਇਸ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੇ ਵਾਰਤਾਲਾਪ ਦੇ ਪਰਿਪੇਖ ਵਿਚ ਉਨ੍ਹਾਂ ਸੰਚਾਰ ਜੁਗਤਾਂ ਬਾਰੇ ਵੀ ਸੰਖੇਪ ਚਰਚਾ ਕਰਨੀ ਉਚਿਤ ਜਾਪਦੀ ਹੈ, ਜਿਨ੍ਹਾਂ ਦੇ ਮਾਧਿਅਮ ਦੁਆਰਾ, ਇਹ ਵਾਰਤਾਲਾਪ ਹੋਂਦ ਵਿੱਚ ਆਏ ਹਨ । ਗੁਰੂ ਨਾਨਕ ਬਾਣੀ ਦੀਆਂ ਸੰਚਾਰ ਜੁਗਤਾਂ ਬਾਰੇ ਦੂਸਰੇ ਅਧਿਆਏ ਵਿਚ ਸੰਚਾਰ-ਪ੍ਰਕ੍ਰਿਆ ਅਧੀਨ

ਵਿਸਤ੍ਰਿਤ ਚਰਚਾ ਕੀਤੀ ਜਾ ਚੁੱਕੀ ਹੈ । ਇਥੇ ਕੇਵਲ ਇਹ ਅੰਕਿਤ ਕਰਨਾ ਹੀ ਕਾਫੀ ਹੈ ਕਿ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਵੀ ਤਿੰਨ੍ਹਾ ਹੀ ਸੰਚਾਰ ਜੁਗਤਾਂ ਨੂੰ ਮਾਧਿਅਮ ਵਜੋਂ ਵਰਤੋਂ ਵਿਚ ਲਿਆਉਂਦੇ ਹਨ ਜਿਨ੍ਹਾਂ ਦੀ ਵਰਤੋਂ ਗੁਰੂ ਜੀ ਨੇ ਆਪਣੀ ਬਾਕੀ ਸਾਰੀ ਬਾਣੀ ਵਿਚ ਕੀਤੀ ਹੈ। ਇਹ ਸੰਚਾਰ ਜੁਗਤਾਂ ਪਰੰਪਰਾਗਤ ਭਾਰਤੀ ਸਾਹਿਤਕ-ਪਰੰਪਰਾ ਨਾਲ ਵੀ ਸੰਬੰਧਿਤ ਹਨ ਅਤੇ ਲੋਕ-ਸਾਹਿਤ ਪਰੰਪਰਾ ਨਾਲ ਵੀ ਸੰਬਧਤ ਹਨ । ਫਰਕ ਕੇਵਲ ਇਤਨਾ ਹੈ ਕਿ ਵਾਰਤਾਲਾਪ ਵਿੱਚ ਅਧਿਕਤਰ ਸੰਬੋਧਨੀ ਅਤੇ ਪ੍ਰਸ਼ਨੋਤਰੀ ਸੰਚਾਰ ਜੁਗਤ ਨੂੰ ਵਧੇਰੇ ਵਰਤੋਂ ਵਿਚ ਲਿਆਂਦਾ ਗਿਆ ਹੈ । ਹਰ ਹਾਲਤ ਵਿਚ ਇਨ੍ਹਾਂ ਦਾ ਉਦੇਸ਼ ਲੋਕ-ਮਾਨਸ-ਪੁਨਰ-ਉਸਾਰੀ ਕਰਨਾ ਹੈ । ਇਸ ਉਦੇਸ਼ ਕਾਰਣ ਪੰਜਾਬ ਵਿਚ ਗੁਰਬਾਣੀ ਦੇ ਰਚਨਹਾਰਿਆਂ ਨੇ ਇਕ ਸਭਿਆਚਾਰਕ ਇਨਕਲਾਬ ਲਿਆਂਦਾ ਹੈ । ਇਸ ਇਨਕਲਾਬ ਦਾ ਪ੍ਰਭਾਵ ਸਮੁੱਚੀ ਭਾਰਤੀ ਜੀਵਨ, ਧਰਮ ਅਤੇ ਸਭਿਆਚਾਰ ਤੇ ਪ੍ਰਤੱਖ ਰੂਪ ਵਿਚ ਪਿਆ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਅੰਤਰ-ਧਰਮੀ ਵਾਰਤਾਲਾਪ ਸੰਚਾਰ ਜੁਗਤਾਂ ਦੀ ਦ੍ਰਿਸ਼ਟੀ ਤੋਂ ਵਿਅੱਕਤੀ ਵਿਸ਼ੇਸ਼, ਵਿਅੱਕਤੀ ਆਮ, ਧਰਮ ਵਿਸ਼ੇਸ਼ ਅਤੇ ਇਕੋ ਸਮੇਂ ਇਕ ਤੋਂ ਵਧੇਰੇ ਧਰਮਾਂ ਨਾਲ ਰਚਾਏ ਗਏ ਹਨ । ਵਿਅਕਤੀ ਵਿਸ਼ੇਸ਼ ਦੀ ਸ਼ੈਲੀ ਬੌਧਿਕ ਕਿਸਮ ਦੀ ਹੈ ਅਤੇ ਉਚੇਰੇ ਸਾਹਿਤਕ ਪੱਧਰ ਨੂੰ ਵਿਅਕਤ ਕਰਦੀ ਹੈ । ਆਮ ਵਿਅਕਤੀ ਵੇਲੇ ਸ਼ੈਲੀ ਸਰਲ ਤੇ ਸੁਖੈਨ ਹੋ ਗਈ ਹੈ ਸਿਧਾਂਤਕ ਸ਼ਬਦਾਵਲੀ ਦੀ ਥਾਂ ਆਮ ਜੀਵਨ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ । ਇਹ ਸਾਰੀਆਂ ਸੰਚਾਰ ਜੁਗਤਾਂ ਮਿਲਕੇ, ਗੁਰੂ ਨਾਨਕ ਬਾਣੀ ਵਿਚ ਅੰਤਰ-ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਨੂੰ ਨਿਸਚਿਤ ਕਰਦੀਆਂ ਹਨ ।

ਇਥੇ ਸਾਡਾ ਮੰਤਵ ਗੁਰੂ ਨਾਨਕ ਬਾਣੀ ਵਿਚਲੇ ਅੰਤਰ ਧਰਮੀ ਵਾਰਤਾਲਾਪ ਦੇ ਪਰਿਪੇਖ ਵਿਚ, ਗੁਰੂ ਨਾਨਕ ਬਾਣੀ ਦੇ ਸੰਚਾਰ ਵਿਗਿਆਨ ਬਾਰੇ ਚਰਚਾ ਕਰਨ ਦਾ ਹੈ । ਅਜਿਹਾ ਇਸ ਲਈ ਵੀ ਕੀਤਾ ਹੈ ਕਿਉਂਕਿ ਵਾਰਤਾਲਾਪ ਦਾ ਪ੍ਰਭਾਵ ਅਤੇ ਮੰਤਵ ਪੂਰਤੀ ਉਸ ਵਿਧੀ-ਵਿਗਿਆਨ ਤੇ ਨਿਰਭਰ ਕਰਦੀ ਹੈ ਜਿਹੜੀ ਵਾਰਤਾਲਾਪ ਰਚਨ ਲਈ ਵਰਤੋਂ ਵਿਚ ਲਿਆਂਦੀ ਜਾਂਦੀ ਹੈ । ਸੰਚਾਰ ਵਿਗਿਆਨ ਕਿਸੇ ਵੀ ਸਾਹਿਤਕ ਰਚਨਾ ਦਾ ਉਹ ਚਮਤਕਾਰੀ ਗੁਣ ਹੈ, ਜਿਸ ਤੋਂ ਬਿਨਾ ਯੋਗ ਅਤੇ ਸਹੀ ਪ੍ਰਭਾਵ ਦੀ ਸਿਰਜਨਾਂ ਨਹੀਂ ਕੀਤੀ ਜਾ ਸਕਦੀ । ਸੰਚਾਰ-ਵਿਗਿਆਨ ਦਾ ਸਭ ਤੋਂ ਨੇੜੇ ਦਾ ਸੰਬੰਧ ਰਚਨਾਕਾਰ ਦੀਆਂ ਮਾਨਸਿਕ ਅਤੇ ਬੌਧਿਕ ਪ੍ਰਵਿਰਤੀਆਂ ਨਾਲ ਹੁੰਦਾ ਹੈ । ਇਹ ਪ੍ਰਵਿਰਤੀਆਂ ਵਿਅਕਤੀਗਤ ਹੁੰਦੀਆਂ ਹੋਈਆਂ ਵੀ ਸਮੂਹਕ ਭਾਵਨਾਵਾਂ ਨੂੰ ਸਾਕਾਰ ਕਰਦੀਆਂ ਹਨ । ਇਸੇ ਦਿਰਸ਼ਟੀ ਤੋਂ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਨੂੰ ਸਮਝਿਆ ਜਾ ਸਕਦਾ ਹੈ । ਇਸਦਾ ਇਕ ਕਾਰਣ ਇਹ ਵੀ ਹੁੰਦਾ ਹੈ ਕਿ ਵਕਤਾ ਅਤੇ ਸਰੋਤਾ, ਰਚਨਹਾਰਾ ਅਤੇ ਪਾਠਕ ਦੋਹਾਂ ਦਾ

ਵਿਰਸਾ ਵੀ ਸਾਂਝਾ ਹੁੰਦਾ ਹੈ ਅਤੇ ਵਰਤਮਾਨ ਵੀ ਇਕ ਸਮਾਨ ਹੁੰਦਾ ਹੈ। ਵਕਤਾ-ਸਰੋਤਾ ਦੀ ਇਸ ਸਾਂਝ ਦੇ ਅਦਾਨ-ਪ੍ਰਦਾਨ ਵਿਚੋਂ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਹੋਂਦ ਵਿੱਚ ਆਇਆ ਹੈ।

ਹਰ ਪ੍ਰਕਾਰ ਦੇ ਸਾਹਿਤਕ-ਰੂਪ ਦੇ ਸੰਚਾਰ ਵਿਗਿਆਨ ਦਾ ਅਧਾਰ, ਉਸ ਸਾਹਿਤਕਾਰ ਦੁਆਰਾ ਵਰਤੀ ਗਈ ਭਾਸ਼ਾ ਹੁੰਦੀ ਹੈ। ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਵਿੱਚ, ਅਸਲ ਵਿਚ ਭਾਸ਼ਾ ਦਾ ਚਮਤਕਾਰੀ ਪੱਖ ਹੀ ਉਹ ਨਵੀਨ ਸੰਭਾਵਨਾਵਾਂ ਉਤਪਨ ਕਰਦਾ ਹੈ ਜਿਹੜੀਆਂ ਕਿਸੇ ਕੌਮ ਜਾਂ ਦੇਸ਼ ਦੇ ਸਭਿਆਚਾਰ ਵਿਚ ਪਰਿਵਰਤਨ ਲਿਆਉਣ ਵਿਚ ਸਮਰਥ ਹੁੰਦੀਆਂ ਹਨ। ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੇ ਪਰਿਪੇਖ ਵਿਚ ਇਕ ਉਦਾਹਰਣ ਭਾਸ਼ਾ ਦੀ ਦ੍ਰਿਸ਼ਟੀ ਤੋਂ ਪੇਸ਼ ਹੈ :

ਮੱਥੈ ਟਿਕਾ ਤੇੜਿ ਧੋਤੀ ਕਖਾਈ ।
ਹਥਿ ਛੁਰੀ ਜਗਤ ਕਾਸਾਈ ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ ।

ਉਪਰੋਕਤ ਸ਼ਬਦ ਵਿਚ ਭਾਸ਼ਾ ਅਤੇ ਸ਼ਬਦਾਵਲੀ ਇਤਨੀ ਸਪੱਸ਼ਟ ਰੂਪ ਵਿਚ ਵਰਤੀ ਗਈ ਹੈ ਕਿ ਸਰੋਤਾ/ਪਾਠਕ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦੇ।

ਸ਼੍ਰੀ ਗੁਰੂ ਨਾਨਕ ਦੇਵ ਜੀ ਵਿਚ ਇਕ ਉੱਨਤ ਕਲਾਕਾਰ ਵਾਲੇ ਸਾਰੇ ਗੁਣ ਮੌਜੂਦ ਹਨ। ਗੁਰੂ ਜੀ ਇਸ ਗਲ ਨੂੰ ਭਲੀਭਾਂਤ ਜਾਣਦੇ ਸਨ ਕਿ ਕਿਹੜੀ ਗਲ ਕਿਥੇ, ਕਿਸ ਸਮੇਂ ਅਤੇ ਕਿਸ ਵਰਗ ਜਾਂ ਵਿਅਕਤੀ ਨੂੰ ਕਹਿਣੀ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਆਪਣੇ ਸੰਬੋਧਿਤ ਵਰਗ ਤੋਂ ਅਤੇ ਉਸ ਵਰਗ ਦੇ ਬੌਧਿਕ ਤੇ ਮਾਨਸਿਕ ਪੱਖ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਲਈ ਗੁਰੂ ਨਾਨਕ ਬਾਣੀ ਦਾ ਸੰਚਾਰ-ਵਿਗਿਆਨ ਪਾਠਕ ਅਥਵਾ ਸਰੋਤਾ ਮੁੱਖ ਹੈ। ਜੇ ਪੜ੍ਹੇ ਲਿਖੇ ਗਿਆਨੀ ਵਰਗ, ਜੋਗੀਆਂ, ਪੰਡਿਤਾਂ ਅਤੇ ਵੈਸ਼ਨਵਾਂ ਆਦਿ ਨੂੰ ਗੱਲ ਸਮਝਾਉਣੀ ਹੁੰਦੀ ਤਾਂ ਗੁਰੂ ਜੀ ਭਾਰਤੀ ਸਾਹਿਤ ਪਰੰਪਰਾ ਦੇ ਅੰਤਰਗਤ ਆਪਣੇ ਭਾਵਾਂ ਤੇ ਵਿਚਾਰਾਂ ਦਾ ਸੰਚਾਰ ਕਰਦੇ ਸਨ। ਪਰ ਜੇ ਉਹਨਾਂ ਆਪਣਾ ਸੰਦੇਸ਼ ਸਧਾਰਣ ਵਿਅਕਤੀ ਨੂੰ

---

ਦੇਣਾ ਹੁੰਦਾ ਤਾਂ ਉਹ ਲੋਕ-ਪਰੰਪਰਾ ਨੂੰ ਵਰਤੋਂ ਵਿਚ ਲਿਆਉਂਦੇ ਹਨ । ਦੋਹਾਂ ਹਾਲਤਾਂ ਵਿਚ ਹੀ ਉਹਨਾਂ ਦਾ ਸੰਚਾਰ-ਵਿਗਿਆਨ ਪਾਠਕ/ਸਰੋਤਾ ਦੀਆਂ ਭਾਵਨਾਵਾਂ ਹੁੰਦੀਆਂ ਅਤੇ ਬੌਧਿਕ ਪੱਧਰ ਦੇ ਅਨੁਕੂਲ ਹੁੰਦਾ ਹੈ । ਜਿਥੇ ਗੱਲ ਵਿਦਵਾਨ ਵਰਗ ਨੂੰ ਸਮਝਾਣੀ ਹੈ ਉਥੇ ਸ਼ੈਲੀ ਦਾ ਪੱਧਰ ਬੌਧਿਕ ਕਿਸਮ ਦਾ ਹੈ ਅਤੇ ਕਾਵਿ-ਉਡਾਰੀ ਵੀ ਬਹੁਤ ਉਚੇ ਪੱਧਰ ਦੀ ਹੈ । ਪਰ ਜਿਥੇ ਉਹਨਾਂ ਦਾ ਸੰਬੋਧਿਤ ਵਰਗ ਆਮ ਜਨ ਸਧਾਰਣ ਲੋਕਾਂ ਦਾ ਹੈ ਉਥੇ ਭਾਸ਼ਾ ਵੀ ਸਰਲ ਹੈ ਅਤੇ ਅਲੰਕਾਰ ਤੇ ਉਪਮਾਵਾਂ ਵੀ ਆਮ-ਜੀਵਨ ਦੀ ਨਿੱਤ ਵਰਤੋਂ ਦੀਆਂ ਵੇਖੀਆਂ,ਸੁਣੀਆਂ, ਵਸਤੂਆਂ ਨਾਲ ਸੰਬੰਧਿਤ ਹਨ । ਅਜਿਹੀ ਸਥਿਤੀ ਵਿਚ ਗੂਹੜ ਤੇ ਸੂਖਮਈ ਭਾਵਾਂ ਨੂੰ ਅਤਿ ਸਰਲ ਤੇ ਸਧਾਰਣ ਸ਼ੈਲੀ ਵਿਚ ਵਿਅਕਤ ਕੀਤਾ ਗਿਆ ਹੈ ।

ਇਸ ਨਾਲ ਸਾਡੀ ਇਸ ਧਾਰਨਾ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਗੁਰੂ ਨਾਨਕ ਬਾਣੀ ਦੇ ਅੰਤਰਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਉਚੇਰੇ ਮਿਆਰ ਦਾ ਧਾਰਨੀ ਹੈ । ਇਹ ਸੰਚਾਰ ਵਿਗਿਆਨ ਸਰੋਤਾ ਮੁੱਖ ਹੈ ਅਤੇ ਸਰੋਤੇ ਦੇ ਜੀਵਨ ਪੱਧਰ ਗਿਆਨ ਪੱਧਰ ਅਤੇ ਮਾਨਸਿਕ ਰੁਚੀਆਂ ਦੇ ਅਨੁਕੂਲ ਵੀ ਪ੍ਰਸਾਰਿਤ ਹੁੰਦਾ ਹੈ । ਇਸ ਪ੍ਰਸਾਰਨ ਵਿਚ ਇਤਿਹਾਸ ਮਿਥਿਹਾਸ, ਗਿਆਨ, ਵਿਗਿਆਨ, ਲੋਕ ਵਿਸ਼ਵਾਸ, ਰਹੁ ਰੀਤਾਂ, ਅਤੇ ਸਭਿਆਚਾਰਕ ਰੁਚੀਆਂ ਨਿਰੰਤਰ ਪ੍ਰਵਾਹਸ਼ੀਲ ਰਹਿੰਦੀਆਂ ਹਨ । ਹਰ ਵਰਗ ਦੇ ਪਾਠਕ ਅਤੇ ਸਰੋਤੇ ਦੀਆਂ ਭਾਵਨਾਵਾਂ ਦੀ ਤ੍ਰਿਪਤੀ, ਬੌਧਿਕ ਤਸੱਲੀ ਅਤੇ ਮਾਨਸਿਕ ਸੰਤੁਸ਼ਟੀ ਕਰਨ ਦੀ ਸਮਰਥਾ ਰੱਖਦਾ, ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਮੱਧ ਕਾਲ ਦਾ ਨਮੂਨੇ ਦਾ ਸੰਚਾਰ ਵਿਗਿਆਨ ਹੈ ।

ਡਾ. ਮਹਿੰਦਰ ਕੌਰ ਗਿੱਲ ਨੇ ਗੁਰੂ ਨਾਨਕ-ਬਾਣੀ ਦੇ ਸੰਚਾਰ ਵਿਗਿਆਨ ਬਾਰੇ ਚਰਚਾ ਕਰਦਿਆਂ ਹੋਇਆਂ ਇੱਕ ਥਾਂ ਲਿਖਿਆ ਹੈ :

> "ਹਰ ਕਾਵਿ-ਪਰੰਪਰਾ ਵਿਚ ਕੁਝ ਕੁ ਅਜੇਹੀਆਂ ਜੁਗਤਾਂ ਹੁੰਦੀਆਂ ਹਨ ਜੋ ਸੰਚਾਰ-ਸ੍ਰੋਤਾ ਨਾਲ ਸੰਪਨ ਹੁੰਦੀਆਂ ਹਨ। ਲੋਕ-ਮਨ ਤੇ ਧਰਮ ਸੰਸਕਾਰ ਮਨੁੱਖ ਵਿਸ਼ੇਸ਼ ਲਈ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ ਸਗੋਂ ਹਰ ਵਿਅਕਤੀ ਇਹਨਾਂ ਨੂੰ ਸਹਿਜ-ਰੂਪ ਵਿਚ ਗ੍ਰਹਿਣ ਕਰਦਾ ਹੈ ......ਰੂਪ ਦੀ ਦ੍ਰਿਸ਼ਟੀ ਤੋਂ ਗੁਰਮਤਿ ਸਕੂਲ ਨੇ ਦੋ ਤਰ੍ਹਾਂ ਦੇ ਸੰਚਾਰ-ਮਾਡਲਾਂ ਦਾ ਪ੍ਰਯੋਗ ਕੀਤਾ ਹੈ । ਪਹਿਲੀ ਤਰ੍ਹਾਂ ਦੇ ਸੰਚਾਰ ਮਾਡਲ ਸਾਹਿਤਕ ਪਰੰਪਰਾ ਨਾਲ ਜੁੜੇ ਹੋਏ ਹਨ, ਜਿਹਾ ਕਿ ਇਕ ਪਦੇ, ਦੁਪਦੇ, ਤਿਪਦੇ,ਚਉਪਦੇ ਪੰਚਪਦੇ,ਛੇਪਦੇ ਸਤਪਦੇ,

> ਅਸ਼ਟਪਦੇ ਸ਼ਲੋਕ ਸੋਲਹੇ ਆਦਿ । ਦੂਜੀ ਤਰ੍ਹਾਂ ਦੇ ਸੰਚਾਰ-ਮਾਡਲ ਲੋਕ ਪਰੰਪਰਾ ਨਾਲ ਸੰਬੰਧਿਤ ਹਨ । ਖੁਦ ਗੁਰੂ ਨਾਨਕ ਦੇਵ ਨੇ ਪਹਿਰੇ, ਛੰਤ ਥਿਤੀ, ਬਾਰਾਮਾਂਹ, ਵਾਰਾਂ ਅਤੇ ਅਲਾਹੁਣੀ ਰੂਪ ਦੀ ਵਰਤੋਂ ਕੀਤੀ ਹੈ "।[6]

ਡਾ. ਮਹਿੰਦਰ ਕੌਰ ਗਿੱਲ ਦੇ ਉਪਰੋਕਤ ਸ਼ਬਦ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ-ਵਿਗਿਆਨ ਬਾਰੇ ਸੰਕੇਤ ਦੇਂਦੇ ਹੋਏ ਸਿਧ ਕਰਦੇ ਹਨ ਕਿ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪਾਂ ਦਾ ਸੰਚਾਰ ਵਿਗਿਆਨ ਦਾ ਅਧਾਰ ਦੋ ਪ੍ਰਕਾਰ ਦੇ ਸੰਚਾਰ-ਮਾਡਲ ਹਨ । ਇਕ ਜਿਨ੍ਹਾਂ ਦਾ ਅਧਾਰ ਭਾਰਤੀ ਸਾਹਿਤ-ਪਰੰਪਰਾ ਹੈ ਅਤੇ ਦੂਜਾ ਜਿਨ੍ਹਾਂ ਦਾ ਅਧਾਰ ਲੋਕ-ਸਾਹਿਤ ਪਰੰਪਰਾ ਹੈ । ਗੁਰੂ ਨਾਨਕ ਬਾਣੀ ਵਿਚਲੇ ਅੰਤਰ ਧਰਮੀ ਵਾਰਤਾਲਾਪ ਦੀ ਉਸਾਰੀ ਵਿੱਚ ਦੋਹਾਂ ਸੰਚਾਰ ਮਾਡਲਾਂ ਦੀ ਵਰਤੋਂ ਕੀਤੀ ਗਈ ਹੈ ।

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਗਿਆਨ, ਦਰਸ਼ਨ, ਤੇ ਸਿਧਾਂਤਕ ਵਿਚਾਰ ਬੁਧੀ ਦੇ ਖੇਤਰ ਨਾਲ ਸੰਬੰਧਿਤ ਹਨ ਪਰ ਗੁਰਬਾਣੀ ਵਿਚਲਾ ਪ੍ਰੀਤ ਦਾ ਰਹੱਸ ਤੇ ਵਿਸ਼ਮਾਦ, ਮਨੁੱਖ ਭਾਵੁਕਤਾ ਤੇ ਹੁਲਾਸ ਨੂੰ ਪ੍ਰਸਤੁਤ ਕਰਦੇ ਹਨ ਅਤੇ ਇਸ ਪੇਸ਼ਕਾਰੀ ਦਾ ਅਧਾਰ ਅਨੁਭਵ ਹੈ । ਇਸ ਲਈ ਗੁਰੂ ਬਾਣੀ ਦਾ ਸੰਚਾਰ ਵਿਗਿਆਨ ਸਮੂਹ ਗੋਚਰ ਅਤੇ ਅਗੋਚਰ ਅਨੁਭਵ ਤੇ ਗਿਆਨ ਖੇਤਰਾਂ ਦਾ ਸਮਾਨਵੀਕਰਨ ਪੇਸ਼ ਕਰਦਾ ਹੈ । ਇਸੇ ਲਈ ਇਸ ਵਿਚ ਸਰੀਰ ਮਨ, ਬੁਧੀ ਅਤੇ ਆਤਮਾਂ ਸਭ ਦੀ ਤ੍ਰਿਪਤੀ ਦੇ ਭਰਪੂਰ ਅੰਸ਼ ਪ੍ਰਾਪਤ ਹਨ । ਇਸ ਸੰਬੰਧ ਵਿਚ ਸੁਰਜੀਤ ਸਿੰਘ ਭਾਟੀਆਂ ਦਾ ਵਿਚਾਰ ਅੰਕਿਤ ਹੈ :

> ਜਿਥੇ ਗਿਆਨ, ਦਰਸ਼ਨ ਤੇ ਸਿਧਾਂਤਕ ਵਿਚਾਰ, ਦਿਮਾਗ ਤੇ ਬੁਧੀ ਦਾ ਵਿਸ਼ਾ ਹਨ, ਉਥੇ ਪ੍ਰੀਤ ਦਾ ਰਹੱਸ ਤੇ ਵਿਸਮਾਦ, ਭਾਵੁਕਤਾ ਤੇ ਹੁਲਾਸ ਦਾ ਐਸਾ ਨਕਸ਼ ਹਨ, ਜੋ ਕੇਵਲ ਅਨੁਭਵ ਤੋਂ ਹੀ ਉਪਜਦੇ ਹਨ, ਜਿਸ ਵਿਚ ਮਨੁੱਖ ਦੀ ਸੰਪੂਰਨ ਸਮੁੱਚਤਾ ਦੀ ਸ਼ਮੂਲੀਅਤ ਹੁੰਦੀ ਹੈ, ਸਰੀਰ, ਮਨ, ਬੁਧੀ ਤੇ ਆਤਮਾ ਸਾਰੇ ਹੀ ਇਕ ਤਾਰ ਹੋਏ, ਅਨੰਦ ਵਿਚ ਗਦ ਗਦ ਹੁੰਦੇ ਹਨਥ।[7]

ਅਰਥਾਤ ਗੁਰਬਾਣੀ ਅਥਵਾ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਵਿਸ਼ੇਸਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਅਨੁਭਵ ਤੇ ਗਿਆਨ ਦਾ ਏਕੀਕਰਣ ਹੋ ਗਿਆ ਹੈ। ਹਿਰਦਾ ਅਤੇ ਬੁੱਧੀ ਇਕ ਰਸ, ਇਕ ਤਾਰ ਵਿਚ ਪਰੋਤੇ ਗਏ ਹਨ। ਇਸ ਸਥਿਤੀ ਵਿਚ ਗੋਚਰ ਅਤੇ ਸਮਗੋਚਰ ਦਾ ਸਮਨਵੀਕਰਣ ਹੋ ਗਿਆ ਹੈ। ਅਜਿਹੀ ਹਾਲਤ ਵਿਚ ਸਰੀਰ, ਮਨ, ਬੁਧੀ ਅਤੇ ਆਤਮਾਂ ਸਭ ਦੀ ਤ੍ਰਿਪਤੀ ਸੰਭਵ ਹੋ ਗਈ ਹੈ ।

---

6. ਡਾ. ਮਹਿੰਦਰ ਕੌਰ ਗਿੱਲ, ਬਾਣੀ ਵਿਧਾਨ, ਨੈਸ਼ਨਲ ਬੁਕ ਸ਼ਾਪ ਦਿੱਲੀ, 1984, ਪੰ.76
7. ਸੁਰਜੀਤ ਸਿੰਘ ਭਾਟੀਆ, 'ਗੁਰਬਾਣੀ ਦੀ ਸੀਰਤ, ਸਿਮਰ ਸਾਹਿਤ ਸਦਨ ਅੰਮ੍ਰਿਤਸਰ, ਪੰ. 38

ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਇਕੋ ਸਮੇਂ ਹਿਰਦੇ ਅਤੇ ਬੁੱਧੀ ਦੋਹਾਂ ਦੀ ਤ੍ਰਿਪਤੀ ਕਰਦੇ ਹਨ ਜਿਵੇਂ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ।
ਲਿਖੁ ਰਾਮ ਨਾਮ ਗੁਰਮੁਖਿ ਗੋਪਾਲ ।[8]

ਜਾਂ

ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮੁ ।
ਜਪੁ ਤਪੁ ਸੰਜਮੁ ਕਮਾਵੈ ਕਰਮੁ ।
ਸੀਲ ਸੰਤੋਖ ਕਾ ਰਖੈ ਧਰਮੁ
ਬੰਧਨ ਤੋੜੈ ਹੋਵੈ ਮੁਕਤ ।
ਸੋਈ ਬ੍ਰਾਹਮਣ ਪੂਜਣ ਜੁਗਤੁ ।[9]

ਉਪਰੋਕਤ ਦੋਹਾਂ ਉਦਾਹਰਣਾਂ ਵਿਚੋਂ ਪਹਿਲੀ ਦਾ ਭਾਵ ਅਰਥ ਹੈ, ਹੇ ਪੰਡਿਤ ਤੂੰ ਮਨ-ਬੁਧੀ ਦੁਆਰਾ ਉਪਜੀਆਂ ਉਕਤੀਆਂ-ਜੁਗਤੀਆਂ ਦੇ ਕਿਸ ਗਿਆਨ ਨੂੰ ਲਿਖ ਰਿਹਾ ਹੈ,, ਭਾਈ ! ਇਹ ਤਾਂ ਸਾਰਾ ਸੰਸਾਰਿਕ ਜੰਜਾਲ ਹੈ। ਜੇ ਆਤਮਾਂ ਦੀ ਸੁਧੀ ਕਰਨੀ ਚਾਹੁੰਦਾ ਹੈ ਤਾਂ ਆਪਣੇ ਹਿਰਦੇ ਅਤੇ ਬੁੱਧੀ ਵਿਚ ਪ੍ਰਭੂ ਦਾ ਸਿਮਰਨ ਵਸਾ ਅਤੇ ਫਿਰ ਪ੍ਰਭੂ ਦਾ ਨਾਮ ਹੀ ਲਿਖ । ਦੂਜੀ ਉਦਾਹਰਣ ਵਿੱਚ ਵਿਅਕਤੀ-ਬ੍ਰਾਹਮਣ ਨੂੰ ਸੰਬੋਧਨ ਕਰ ਕੇ ਕਿਹਾ ਗਿਆ ਹੈ ਭਾਈ ! ਬ੍ਰਾਹਮਣ ਤਾਂ ਉਹ ਹੈ ਜਿਹੜਾ ਬ੍ਰਹਮ ਦੀ ਪਛਾਣ ਕਰਦਾ ਹੈ। ਬ੍ਰਾਹਮਣਾਂ ਦੇ ਘਰ ਜਨਮ ਲੈ ਕੇ ਬ੍ਰਾਹਮਣ ਨਾ ਬਣ ਭਾਈ !. ਉਹ ਪੰਡਤ/ਬ੍ਰਾਹਮਣ ਪੂਜਣ ਜੋਗ ਹੈ ਜਿਸਨੇ ਜਤੁ ਸਤ, ਸੰਤੋਖ ਆਦਿ ਗੁਣ ਧਾਰਨ ਕੀਤੇ ਹਨ ।

ਪਾਂਡੇ ਐਸਾ ਬ੍ਰਹਮ ਬੀਚਾਰ
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ।ਰਹਾਉ।
ਬਾਹਰ ਜਨੇਊ ਜਿਚਰੁ ਜੋਤਿ ਹੈ ਨਾਲ
ਧੋਤੀ ਟਿਕਾ ਨਾਮੁ ਸਮਾਲ
ਐਥੈ ਊਥੈ ਨਿਭਹੀ ਨਾਲਿ
ਵਿਣ ਨਾਵੈ ਹੋਰਿ ਕਰਮ ਨ ਭਾਲਿ ।[10]

---

8. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰ. 926
9. ਉਹੀ, ਪੰ. 1538-39
10. ਉਹੀ, ਭਾਗ ਪਹਿਲਾ, ਪੰ. 425

ਉਪਰੋਕਤ ਉਦਾਹਰਣਾਂ ਤੋਂ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਬਾਣੀ ਵਿਚਲੇ ਅੰਤਰ ਧਰਮੀ ਵਾਰਤਾਲਾਪ ਦਾ ਸੰਚਾਰ ਗਿਆਨ ਅਜਿਹੀ ਸੰਪੂਰਨ ਤੇ ਨਿਪੁੰਨ ਕਿਸਮ ਦਾ ਹੈ ਕਿ ਇਸ ਦੁਆਰਾ ਗੁਰੂ ਸਾਹਿਬ ਨੇ ਇਕੋ ਸਮੇਂ ਸਮੂਹ ਮਾਨਵੀ-ਗਿਆਨ ਇੰਦਰੀਆਂ ਦੀ ਸੰਤੁਸ਼ਟੀ ਕਰਵਾ ਦਿਤੀ ਹੈ ।

ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਸੰਚਾਰ-ਵਿਗਿਆਨ ਨੂੰ ਸਮਝਣ ਲਈ ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਦੇ ਨਿਮਨ ਲਿਖਤ ਸ਼ਬਦ ਵੀ ਇਸ ਨਾਲ ਵਿਚਾਰ ਨਾਲ ਸੰਮਤੀ ਰਖਦੇ ਪ੍ਰਤੀਤ ਹੁੰਦੇ ਹਨ :

> ਲੋਕਾਂ ਦੇ ਜੀਵਨ ਵਿਚ ਨਰੋਆ ਪਰਿਵਰਤਨ ਲਿਆਉਣ ਲਈ ਗੁਰੂ ਨਾਨਕ ਦੇਵ ਨੇ ਬਾਣੀ ਦਾ ਕੋਮਲ ਤੇ ਸੋਝਮਈ ਹਥਿਆਰ ਵਰਤਿਆ ਤੇ ਬਾਣੀ ਦੀ ਸ਼ਕਤੀ ਨਾਲ ਉਨ੍ਹਾਂ ਨੇ ਲੋਕਾਂ ਦੀਆਂ ਮਾਨਸਿਕ ਬਿਰਤੀਆਂ ਬਦਲ ਦਿਤੀਆਂ । ਉਨ੍ਹਾਂ ਦੀ ਸਾਰੀ ਬਾਣੀ ਲੋਕ ਕਲਿਆਣ ਲਈ ਹੈ ਤੇ ਇਹ ਲੋਕਾਂ ਨੂੰ ਸੰਬੋਧਨ ਕਰਕੇ ਰਚੀ ਗਈ ਹੈ - ਸਭ ਸੁਣਿਅਹੁ ਲੋਕ ਸਬਾਇਆ' ਜਿਸ ਤਰ੍ਹਾਂ ਦੇ ਲੋਕ-ਸਮੂਹ ਨਾਲ ਵਾਹ ਪਿਆ, ਉਸ ਅਨੁਕੂਲ ਰਚਨਾ ਕੀਤੀ, ਪਰ ਸਿਰਜਨਾ ਸਮੇਂ ਉਸ ਵਿਚ ਅਜਿਹੇ ਤੱਤ ਭਰ ਦਿੱਤੇ ਕਿ ਉਹ ਸਾਰੀ ਮਨੁੱਖ ਜਾਤੀ ਦਾ ਪੱਥ-ਪ੍ਰਦਰਸ਼ਨ ਕਰਨ ਲਈ। ਜੋਗੀਆਂ ਨਾਲ ਉਨ੍ਹਾਂ ਦੀ ਆਪਣੀ ਰਹੱਸਵਾਦੀ ਸ਼ਬਦਾਵਲੀ ਤੇ ਚਿੰਨ੍ਹਾ ਵਲੀ, ਮੁੰਦਾ, ਝੋਲੀ, ਬਿਭੂਤ, ਖਿੰਥਾ ਕਾਇਆ, ਡੰਡਾ, ਨਾਦ ਵਿਚ ਗਲਾਂ ਕੀਤੀਆਂ। ਮੁਸਲਮਾਣ ਪੀਰਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਪੂਜਾ-ਵਿਧੀਆਂ ਦਾ ਮੂਲ ਰਹਸ ਸਮਝਾਇਆ, ਆਮ ਲੋਕਾਂ ਨਾਲ ਜੀਵਨ ਵਿਹਾਰ ਤੇ ਚੱਜ ਅਚਾਰ ਦੀਆਂ ਗੱਲਾਂ ਕੀਤੀਆਂ।[11]

ਉਪਰੋਕਤ ਟਿਪਣੀ ਦੀ ਰੋਸ਼ਨੀ ਵਿਚ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ-ਵਾਰਤਾਲਾਪ ਦੇ ਸੰਚਾਰ ਵਿਗਿਆਨ ਨੂੰ ਨਿਮਨ ਲਿਖਤ ਵਾਰਤਾਲਾਪ ਸਪੱਸ਼ਟ ਕਰਦਾ ਪ੍ਰਤੀਤ ਹੁੰਦਾ ਹੈ :

ਮੁੰਦ੍ਰਾ ਤੇ ਘਟ ਭੀਤਰਿ. ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ।
ਪੰਚ ਚੇਲੇ ਵਸ ਕੀਜਹਿ ਰਾਵਲ, ਇਹ ਮਨੁ ਕੀਜੈ ਡੰਡਾਤਾ ।
ਜੋਗ ਜੁਗਤ ਇਵ ਪਾਵਸਿਤਾ ।
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ।ਰਹਾਉ। ।2

---

11. ਡਾ. ਸੋਹਿੰਦਰ ਸਿੰਘ ਬੇਦੀ (ਵਣਜਾਰਾ ਬੇਦੀ) ਗੁਰੂ ਨਾਨਕ ਤੇ ਲੋਕ ਪ੍ਰਵਾਹ, ਨੇਸ਼ਨਲ ਬੁਕ ਸ਼ਾਪ ਦਿਲੀ,1971,ਪੰ. 20
12. ਗੁਰੂ ਨਾਨਕ ਬਾਣੀ ਤਾਰਾ ਪਦਿਕਾ ਪੰ. 323

ਇਸ ਸਾਰੇ ਸ਼ਬਦ ਵਿਚ ਜੋਗੀਆਂ ਦੇ ਬਾਹਰਲੇ ਧਾਰਮਿਕ ਚਿੰਨ੍ਹਾਂ ਦੇ ਪ੍ਰਤੀਰੂਪਾਂ ਦੀ ਸਚਾਈ ਨੂੰ ਸਪੱਸ਼ਟ ਕਰਦਿਆਂ ਜੋਗੀਆਂ ਦੱਸਿਆ ਹੈ, ਹੇ ਜੋਗੀ ! ਅਸਲ ਮੁੰਦਰਾਂ ਕੰਨਾਂ ਨੂੰ ਨਹੀਂ ਹਿਰਦੇ ਅਥਵਾ ਮਨ ਨੂੰ ਪਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਮੰਦੀਆਂ ਤੇ ਭੈੜੀਆਂ ਵਾਸ਼ਨਾਵਾਂ ਨੂੰ ਵਿੰਨ੍ਹਿਆ ਜਾ ਸਕੇ। ਇਸੇ ਤਰ੍ਹਾਂ ਸਰੀਰ ਨੂੰ ਵਿਨਾਸ਼ਮਾਨ ਸਮਝਣਾ ਹੀ ਅਸਲੀ ਖਫ਼ਨੀ ਹੈ। ਹੇ ਜੋਗੀ ਪੰਜ ਗਿਆਨ ਇੰਦਰਿਆਂ ਨੂੰ ਵਸ ਵਿਚ ਕਰ ਅਤੇ ਵਸ ਵਿਚ ਕਰਨ ਲਈ ਮਨ ਨੂੰ ਡੰਡਾ ਬਣਾ ਅਤੇ ਇਹ ਸਮਝ ਕੇ ਵਾਹਿਗੁਰੂ ਦਾ ਇਕ ਸ਼ਬਦ ਹੀ ਸਥਿਰ ਹੈ ਬਾਕੀ ਸਭ ਸੰਸਾਰ ਨਾਸ਼ਵਾਨ , ਫਰੇਬ ਛੱਡ ਕੇ ਕੇਵਲ ਹਰੀ ਨਾਮ ਨੂੰ ਸਿਮਰ । ਇਹ ਵਾਰਤਾਲਾਪ ਜੋਗੀਆਂ ਦੀ ਭਾਸ਼ਾ ਤੇ ਸ਼ਬਦਾਵਲੀ ਵਿਚ ਹੀ ਰਚਿਆ ਗਿਆ ਹੈ। ਇਸ ਸੰਚਾਰ ਵਿਗਿਆਨ ਦੀ ਕਸਵਟੀ ਤੇ ਪੂਰਾ ਉਤਰਦਾ ਹੈ। ਇਸ ਤਰ੍ਹਾਂ ਮੁਸਲਮਾਨ ਵਿਅਕਤੀ ਪ੍ਰਤੀ ਸੰਬੋਧਨ ਹੈ :

ਸਰਮ ਸੁੰਨਤ ਸੀਲੁ ਰੋਜਾ ਹੋਹੁ ਮੁਸਲਮਾਣੁ ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ।
ਤਸਬੀ ਜਾਂ ਤਿਸੁ ਭਾਵਸੀ ਨਾਨਕ ਰਖੈ ਲਾਜ ।[12ਈ]

ਅਰਥਾਤ ਹੇ ! ਮੁਸਲਮਾਨ ਵੀਰ, ਤੇਰੀ ਮਸੀਤ ਮਿਹਰਾਂ ਦੀ ਬਣੀ ਹੋਈ ਹੋਵੇ ਸਗੋਂ ਨੇਕਾਂ ਉਤੇ ਦਿਆ ਭਾਵ ਕਰਨ ਵਾਲੀ ਹੋਵੇ। ਪਰਮਾਤਮਾਂ ਦੀ ਅਦੀਵੀ ਹੋਂਦ ਨੂੰ ਆਪਣੇ ਵਿਸ਼ਵਾਸ਼ ਦਾ ਆਧਾਰ ਬਣਾ ਤਾਂ ਕਿ ਕਿਸੇ ਅਜਿਹੇ ਵਿਅਕਤੀ ਜਾਂ ਪੈਗੰਬਰ ਨੂੰ ਜਿਹੜਾ ਪਰਮਾਤਮਾਂ ਦੇ ਹੁਕਮ ਵਿਚ ਜਨਮ-ਮਰਨ ਦੇ ਗੇੜ ਵਿਚ ਆਇਆ ਹੈ । ਹੇ ਭਾਈ ! ਹੱਕ ਹਲਾਲ ਦੀ ਕਮਾਈ ਤੇਰਾ ਪਵਿਤਰ 'ਕੁਰਾਨ ਸ਼ਰੀਫ' ਹੋਵੇ ਲੱਜਾ ਕਰਨੀ ਤੇਰੀ ਸੁੰਨਤ ਹੋਵੇ ਅਤੇ ਨੇਕ ਸੁਭਾਵ ਤੇਰਾ ਰੋਜ਼ਾ ਹੋਵੇ। ਉਚੀ ਤੇ ਸੁੱਚੀ ਕਰਣੀ ਨੂੰ ਧਾਰਮਿਕ ਸਥਾਨ ਮੱਕਾ ਕਾਬਾ ਸਮਝ, ਸੱਚ ਨੂੰ ਪੀਰ ਅਤੇ ਨੇਕ ਅਮਲਾਂ ਨੂੰ ਨਿਮਾਜ਼ ਸਮਝ ਤਾਂ ਤੂੰ ਸੱਚਾ ਮੁਸਲਮਾਨ ਬਣ ਸਕਦਾ ਹੈ। ਐਸੇ ਮੁਸਲਮਾਨ ਦੀ ਇੱਜ਼ਤ ਪ੍ਰਭੂ ਆਪ ਰੱਖਦਾ ਹੈ ।

ਗੁਰੂ ਨਾਨਕ ਬਾਣੀ ਦੇ ਅੰਤਰਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੇ ਸੰਬੰਧ ਵਿੱਚ ਡਾਕਟਰ ਜਸਵਿੰਦਰ ਕੌਰ ਵਿਲੋਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਬਾਣੀ ਦਾ ਸੰਚਾਰ-ਵਿਗਿਆਨ ਸੁਹਜਾਤਮਕ ਤਤਾਂ ਦਾ ਲਖਾਇਕ ਹੈ। ਗੁਰੂ ਜੀ ਦੀ ਬਾਣੀ ਦਾ ਵਿਸ਼ਾ ਪੱਖ ਤਾਂ ਉੱਚਾ ਸੁੱਚਾ ਅਤੇ ਮਹਾਨ ਹੈ ਹੀ ਗੁਰੂ ਜੀ ਦਾ ਬਾਣੀ ਦਾ ਸ਼ੈਲੀ ਪੱਖ ਵੀ ਚਮਤਕਾਰੀ

---

12ਈ. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 238

ਗੁਣਾਂ ਦਾ ਧਾਰਨੀ ਹੈ । ਗੁਰੂ ਜੀ ਦੀ ਸੁਚੱਜੀ ਸ਼ਬਦ ਚੋਣ, ਪ੍ਰਭਾਵਸ਼ਾਲੀ ਤੇ ਡੂੰਘੇਰੇ ਭਾਵਾਂ ਦਾ ਧਾਰਨੀ ਬਿੰਬ-ਵਿਧਾਨ ਅਤੇ ਸ਼ਬਦ ਚਿਤਰਾਂ ਦੀ ਉਸਾਰੀ ਸਭ ਕਲਾਤਮਕ ਗੁਣ ਗੁਰੂ ਜੀ ਦੇ ਸੰਚਾਰ ਵਿਗਿਆਨ ਦੇ ਸੂਚਕ ਹਨ । ਜਿਵੇਂ:

> "ਨਾਨਕ ਬਾਣੀ ਵਿਚ ਸਾਹਿਤਕ ਪੱਖ ਤੋਂ ਵੀ ਸੁੰਦਰਤਾ ਦੀ ਘਾਟ ਨਹੀਂ ਹੈ । ਵਿਸ਼ੇ ਪੱਖ ਦੀ ਸੁੰਦਰਤਾ ਉਤੇ ਜਿੰਨਾ ਜੋਰ ਹੈ, ਸ਼ੈਲੀ-ਪੱਖ ਦੀ ਸੁੰਦਰਤਾ ਤੇ ਵੀ ਉਨ੍ਹਾਂ ਹੀ ਜ਼ੋਰ ਹੈ । ਗੁਰੂ ਸਾਹਿਬ ਦੀ ਬਾਣੀ ਵਿਚ ਸ਼ਬਦ ਚੋਣ, ਬਿੰਬ ਵਿਧਾਨ, ਤੇ ਚਿਤਰਾਂ ਦੀ ਉਸਾਰੀ ਸੁਹਜ-ਭਾਵ ਪੈਦਾ ਕਰਦੀ ਹੈ । ਜੇ ਇਹ ਕਿਹਾ ਜਾਵੇ ਕਿ ਨਾਨਕ ਬਾਣੀ ਵਿਚ ਵਿਸ਼ੇ ਤੇ ਸ਼ੈਲੀ ਦੋਨਾਂ ਪੱਖਾਂ ਦਾ ਸੁਯੋਗ ਸੰਤੁਲਨ ਸੁਹਜ ਭਾਵ ਪੈਦਾ ਕਰਦਾ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ । ਜਿਸ ਪ੍ਰਕਾਰ ਵਿਸ਼ੇ ਪੱਖ ਵਿਚ ਵਿਵਿਧਤਾ ਹੈ ਪ੍ਰਕਿਰਤੀ, ਪਸ਼ੂ, ਮਾਨਵ, ਉਨ੍ਹਾਂ ਦੇ ਸੰਬੰਧ, ਰਾਜਨੀਤਕ ਜੀਵਨ ਅਧਿਆਤਮਕ ਭਾਵਾਂ, ਗਿਆਨ, ਨੈਤਿਕਤਾ, ਆਦਿਕ ਸਭ ਪ੍ਰਕਾਰ ਦੇ ਬਿੰਬਾਂ ਦਾ ਪ੍ਰਯੋਗ ਗੁਰੂ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ"।[13]

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਉਚਿਤ ਵਿਦਿਵਾਨ ਦੇ ਸੰਦਰਭ ਵਿਚ ਸੁਹਜਾਤਮਕ ਤੱਤਾਂ ਦਾ ਧਾਰਨੀ ਵੀ ਹੈ । ਇਹ ਸੁਹਜਾਤਮਕ ਤੱਤ ਸੂਖਮ ਵਿਅੰਗ ਦੀ ਪੱਧਰ ਤੇ ਵੀ ਸਾਕਾਰ ਹੋਏ ਹਨ ਅਤੇ ਵਾਸਤਵਿਕਤਾ ਦੀ ਪੱਧਰ ਤੇ ਵੀ ਪੇਸ਼ ਹੋਏ ਹਨ । ਅਜਿਹੇ ਵਾਰਤਾਲਾਪ ਵਿਅਕਤੀ ਵਿਸ਼ੇਸ਼ ਨਾਲ ਵੀ ਰਚਾਏ ਗਏ ਹਨ ਅਤੇ ਇਕੋ ਸਮੇਂ ਇਕ ਤੋਂ ਵਧੇਰੇ ਧਰਮਾਂ ਨਾਲ ਵੀ । ਵਿਅਕਤੀ ਵਿਸ਼ੇਸ਼ ਦੇ ਪਾਖੰਡ ਦਾ ਭਾਂਡਾ ਨਿਮਨ ਲਿਖਤ ਅਨੁਸਾਰ ਭੰਨਿਆ ਹੈ:

ਅੱਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ।ਰਹਾਉ।
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।[14]

ਅਰਥਾਤ ਹੇ ! ਜੋਗੀ ਬਗਲੇ ਵਾਂਗ ਅੱਖਾਂ ਮੀਟ ਕੇ ਸਮਾਧੀ ਲਗਾਉਣ ਦਾ ਪਖੰਡ ਰਚਨਾ ਤਾਂ ਕੇਵਲ ਦੁਨੀਆਂ ਨੂੰ ਧੋਖਾ ਦੇਣ ਦਾ ਪ੍ਰਬੰਧ ਹੈ । ਕਹਿੰਦਾ ਤਾਂ ਇਹ ਹੈ ਕਿ ਮੈਨੂੰ ਤ੍ਰਿਨਾਂ ਲੋਕਾਂ ਦੀ ਸੋਝੀ ਹੋ ਗਈ ਹੈ ਪਰ ਤੈਨੂੰ ਤਾਂ ਤੇਰੇ ਪਿਛੇ ਪਏ ਹੋਏ ਲੋਟੇ ਦਾ ਵੀ ਗਿਆਨ ਨਹੀਂ

---

13. ਡਾ. ਜਸਵਿੰਦਰ ਕੌਰ ਢਿਲੋਂ ਗੁਰੂ ਨਾਨਕ ਦੀ ਕੀਮਤ-ਮੀਮਾਂਸਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ. 111 (1982)
14. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 732

ਜਿਸ ਨੂੰ ਗਾਹਿਣ ਵੇਖ ਕੇ ਤੇਰੀ ਘਬਰਾਹਟ ਵੱਧ ਗਈ ਹੈ। ਜੋ ਜੋਗੀ ਇਸ ਤਰ੍ਹਾਂ ਦਾ ਪਦਮ ਆਸਣ ਲਗਾਉਂਦਾ ਕੇਵਲ ਇਕ ਪਾਖੰਡ ਹੈ । ਇਸ ਤਰ੍ਹਾਂ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਸੂਖਮ-ਵਿਅੰਗਮਈ ਭਾਵਾਂ ਦਾ ਨਿਰੂਪਨ ਨਿਮਨ ਲਿਖਤ ਗੁਰਵਾਕ ਵਿਚ ਵੀ ਹੋਇਆ ਹੈ :

> ਕਾਦੀ ਕੂੜੁ ਬੋਲਿ ਮਲੁ ਖਾਇ ।
> ਬ੍ਰਾਮਣ ਨਾਵੈ ਜੀਆ ਘਾਇ ।
> ਜੋਗੀ ਜੁਗਤਿ ਨ ਜਾਣੈ ਅੰਧੁ
> ਤੀਨੇ ਉਜਾੜੇ ਕਾ ਬੰਧੁ ।[15]

ਅਰਥਾਤ ਕਾਜੀ ਝੂਠ ਬੋਲ ਬੋਲ ਕੇ ਭ੍ਰਿਸ਼ਟ ਪਦਾਰਥ ਖਾਂਦਾ ਹੈ । ਬ੍ਰਾਹਮਣ ਜੀਵਾਂ ਦਾ ਘਾਤ ਕਰਕੇ (ਮਾਰਕੇ) ਇਸ਼ਨਾਨ ਕਰਨ ਨਾਲ ਪਵਿਤਰ ਹੋਣ ਦਾ ਪਖੰਡ ਕਰਦਾ ਹੈ। ਜੋਗੀ ਨੂੰ ਸਚੇ-ਜੋਗ ਦੀ ਪ੍ਰਾਪਤੀ ਦਾ ਰਸਤਾ ਹੀ ਪਤਾ ਨਹੀਂ। ਇਹ ਤਿਨੇ ਪਾਖੰਡੀ ਹਨ ਇਸ ਲਈ ਇਹ ਕੇਵਲ ਸੰਸਾਰਕ ਪਦਾਰਥਾਂ ਦਾ ਉਜਾੜਾ ਕਰਨ ਦਾ ਹੀ ਕੰਮ ਕਰਦੇ ਹਨ । ਧਰਮ-ਕਰਮ ਦੀ ਇਨ੍ਹਾਂ ਨੂੰ ਬੁਨਿਆਦੀ ਸੋਝੀ ਵੀ ਨਹੀਂ ਇਹ ਤਾਂ ਕੇਵਲ ਭੇਖਾਂ ਨਾਲ ਲੋਕਾਂ ਨੂੰ ਠੱਗਦੇ ਹਨ ।

ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਇਕ ਖੂਬੀ ਇਸ ਗੱਲ ਵਿਚ ਹੈ ਕਿ ਗੁਰੂ ਸਾਹਿਬ ਇਕੋ ਸਮੇਂ ਇਕ ਤੋਂ ਵਧੀਕ ਧਰਮਾਂ ਨਾਲ ਸੰਵਾਦ ਰਚਾ ਕੇ ਤੁਲਨਾਤਮਿਕ ਅੰਤਰਦਰਸ਼ਨ ਪ੍ਰਸਤੁਤ ਕਰ ਦੇਂਦੇ ਹਨ । ਅਜਿਹੀ ਸਥਿਤੀ ਵਿਚ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪਾਂ ਦਾ ਸੰਚਾਰ-ਵਿਗਿਆਨ ਬਹੁਪੱਖੀ ਮੰਤਵ ਦੀ ਸਿਧੀ ਪ੍ਰਸਤੁਤ ਕਰਦਾ ਹੈ । ਜਿਵੇਂ:

> ਸਾਸਤੁ ਬੇਦੁ ਨ ਮਾਨੈ ਕੋਇ
> ਆਪੋ ਆਪੈ ਪੂਜਾ ਹੋਇ ।
> ਕਾਜੀ ਹੋ ਕੈ ਬਹੈ ਨਿਆਇ ।

---

15. ਗੁਰੂ ਨਾਨਕ ਬਾਣੀ, ਭਾਗ ਪਹਿਲਾ, ਪੰ: 730

ਫੇਰੇ ਤਸਬੀ ਕਰੇ ਖੁਦਾਇ ।
ਵਢੀ ਲੈ ਕੇ ਹਕੁ ਗਵਾਏ
ਜੇ ਕੋ ਪੁਛੈ ਤਾ ਪੜਿ ਸੁਣਾਏ
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ।
ਲੋਕ ਮੁਹਾਵਹਿ ਚਾੜੀ ਖਾਹਿ ।
ਚਉਕਾ ਦੇ ਕੈ ਸੁਚਾ ਹੋਇ ।
ਐਸਾ ਹਿੰਦੂ ਵੇਖੋ ਸੋਇ ।
ਜੋਗੀ ਗਿਰਹੀ ਜਟਾ ਬਿਭੂਤ ।
ਆਗੈ ਪਾਛੈ ਰੋਵਹਿ ਪੂਤ ।
ਜੋਗੁ ਨ ਪਾਇਆ ਜੁਗਤਿ ਗਵਾਈ ।
ਕਿਤੁ ਕਾਰਣ ਸਿਰ ਛਾਈ ਪਾਈ ।
ਨਾਨਕ ਕਲਿ ਕਾ ਏਹੁ ਪਰਵਾਣ ।
ਆਪੇ ਆਖਣੁ ਆਪੇ ਜਾਣ ।[16]

ਉਪਰੋਕਤ ਸ਼ਬਦ ਵਿੱਚ ਵੈਦਿਕ ਧਰਮ, ਇਸਲਾਮ ਮਤ, ਅਤੇ ਜੋਗ ਮਤ ਨਾਲ ਇਕੋ ਸਮੇਂ ਸਿਧਾਂ ਸੰਵਾਦ ਰਚਾਇਆ ਗਿਆ ਹੈ। ਇਸ ਇਕੋ ਸ਼ਬਦ ਵਿੱਚ ਤਿੰਨਾ ਧਰਮਾਂ ਅਥਵਾ ਮੱਤਾ ਦੇ ਵਿਚਾਰੋ ਅਤੇ ਉਨ੍ਹਾਂ ਦੇ ਜੀਵਨ ਦਾ ਅੰਤਰ ਨਿਖੇੜਾ ਕਰ ਦਿਤਾ ਹੈ। ਕੇਵਲ ਅੰਤਰ ਨਿਖੇੜਾ ਹੀ ਨਹੀਂ ਕੀਤਾ ਸਗੋਂ ਤਿੰਨਾਂ ਦਾ ਵਿਗਿਆਨਕ ਵਿਸ਼ਲੇਸ਼ਣ ਵੀ ਕਰ ਦਿਤਾ ਹੈ। ਇਸ ਵਿਸ਼ਲੇਸ਼ਣ ਦੀ ਬਤੌਰ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਖੂਬੀ ਇਸ ਗਲ ਵਿੱਚ ਹੈ ਕਿ ਕਿਸੇ ਧਰਮ ਨੂੰ ਮਾੜਾ ਜਾਂ ਚੰਗਾ ਨਹੀਂ ਕਿਹਾ। ਕੇਵਲ ਤੱਥਾਂ ਨੂੰ ਰੂਪ ਬਿਆਨ ਕੀਤਾ ਹੈ। ਸਰੋਤਾ ਅਤੇ ਪਾਠਕ ਆਪਣੇ ਆਪ ਹੀ ਸੱਚ ਅਤੇ ਕੂੜ ਵਿਚ ਫਰਕ ਸਮਝ ਲੈਂਦਾ ਹੈ। ਹਰ ਧਰਮ ਵਿਚਲੇ ਤੱਥ ਦੀ ਅਸਲੀਅਤ ਵੀ ਬਿਆਨ ਕਰਦਿਆਂ ਪ੍ਰਸ਼ਨ ਚਿੰਨ ਖੜਾ ਕਰ ਦਿਤਾ ਹੈ ? ਸਰੁਤਾ/ਪਾਠਕ ਜਿਸ ਵੀ ਧਰਮ ਜਾਂ ਮਤ ਦਾ ਸ਼ਰਧਾਲੂ ਹੈ ਉਹ ਖੁਦ ਸਮਝੇ ਕਿ, ਕੀ ਉਹ ਆਪਣੇ ਮੱਤ ਦੀ ਅਸਲੀਅਤ ਨੂੰ ਸਮਝਦਾ ਹੈ ਜਾਂ ਨਹੀਂ ? ਬਤੌਰ ਸੰਚਾਰ ਵਿਗਿਆਨ ਦੇ ਇਹ ਵਾਰਤਾਲਾਪ ਕਿਸੇ ਮਤ ਨੂੰ ਚੰਗਾ ਮਾੜਾ ਕਹੇ ਬਿਨਾ ਸੁਝਾਉ ਦੇਂਦਾ ਹੈ ਕਿ ਲੋਕ ਆਪਣੇ ਆਪਣੇ ਧਰਮ ਸ਼ਾਸ਼ਤਰਾਂ ਦੀ ਸਿਖਿਆ ਨੂੰ ਤਾਂ ਮੰਨਦੇ ਨਹੀਂ। ਸਗੋਂ ਇਹ ਲੋਕ ਤਾਂ ਕੇਵਲ ਆਪਣੇ ਆਪਣੇ ਸੁਆਰਥ ਦੀ ਪੂਜਾ ਕਰਨ ਵਿਚ ਰੁਝੇ ਹੋਏ ਹਨ।

ਕਾਜ਼ੀ ਇਨਸਾਫ ਦੀ ਕੁਰਸੀ ਤੇ ਬੈਠਦਾ ਹੈ ਪਰ ਰਿਸ਼ਵਤ ਲੈ ਕੇ ਦੂਸਰੇ ਦਾ ਹੱਕ ਮਾਰਦਾ ਹੈ ਅਤੇ ਗ਼ਲਤ ਫੈਸਲੇ ਕਰਦਾ ਹੈ। ਹਿੰਦੂ ਧਾਰਮਿਕ ਲੋਕ ਵੀ ਚੁਗਲੀਆਂ ਕਰਕੇ ਹੀ ਆਪਣੇ

16. ਗੁਰੁ ਨਾਨਕ ਬਾਣੀ ਭਾਗ ਦੂਜਾ ਪੰ. 1033-39

ਸੁਆਰਥ ਦੀ ਪੂਰਤੀ ਕਰਦੇ ਹਨ । ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੋਕ ਸਾਰੇ ਬੇਈਮਾਨ ਹਨ ਫਿਰ ਵੀ ਆਪਣੇ ਆਪ ਨੂੰ ਪਵਿਤਰ ਤੇ ਉਚਾ ਸੁੱਚਾ ਸਮਝਦੇ ਹਨ । ਇਸੇ ਤਰ੍ਹਾਂ ਜੋਗੀ ਮਨ ਕਰਕੇ ਤਾਂ 'ਗ੍ਰਹਿਸਥੀ', ਪਰਾਈਆਂ ਔਰਤਾਂ ਵਲ ਵੀ ਨਜ਼ਰ ਰੱਖਦਾ ਹੈ, ਹਰ ਪ੍ਰਕਾਰ ਦਾ ਕੁਕਰਮ ਕਰਦਾ ਹੈ ਵਿਖਾਵੇ ਲਈ ਜੋਗੀ ਹੈ ਪਰ ਔਗੇ ਪਿਛੇ ਪੁਤਰ ਰੋਂਦੇ ਫਿਰਦੇ ਹਨ । ਅਜਿਹੇ ਜੋਗੀ ਨੇ ਨਾਂ ਤਾਂ ਜੋਗ ਨੂੰ ਹੀ ਲਭਣਾ ਹੈ ਅਤੇ ਨਾ ਉਸ ਨੂੰ ਜੋਗ ਪ੍ਰਾਪਤ ਕਰਨ ਦੀ ਅਕਲ ਆਈ ਹੈ। ਇਸ ਨੇ ਤਾਂ ਐਵੇਂ ਸਿਰ-ਸਵਾਹ ਪਾਈ ਹੋਈ ਹੈ। ਗੁਰੂ ਜੀ ਆਖਦੇ ਹਨ ਇਹ ਸਾਰੇ ਕਲਯੁਗ ਦੇ ਲੱਛਣ ਹਨ । ਇਹ ਸਾਰੇ ਪੰਡਿਤ,ਕਾਜ਼ੀ ਅਤੇ ਜੋਗੀ ਹਊਮੈ ਵਿਚ ਡੁਬੇ ਹੋਏ ਹਨ ਅਤੇ ਅਸਲੀਅਤ ਤੋਂ ਖੁੰਝੇ ਹੋਏ ਹਨ ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦਾ ਇਕ ਮਹੱਤਵ ਪੂਰਨ ਲੱਛਣ ਇਹ ਹੈ ਕਿ ਇਸ ਵਿੱਚ ਇਕੋ ਸਮੇਂ ਇਕ ਤੋਂ ਵਧੀਕ ਧਰਮਾਂ ਜਾਂ ਮਤਾਂ ਦਾ ਵਿਸ਼ਲੇਸ਼ਣ ਹੋ ਸਕਿਆ ਹੈ ।

ਗੁਰੂ ਨਾਨਕ ਬਾਣੀ ਵਿਚਲੇ ਅੰਤਰ ਧਰਮੀ ਵਾਰਤਾਲਾਪ-ਬਤੌਰ ਸੰਚਾਰ ਵਿਗਿਆਨ ਦੇ ਉਨ੍ਹਾਂ ਤੱਥਾਂ ਦੀ ਨਿਰਾਰਥਕਤਾ ਨੂੰ ਰੂਪਮਾਨ ਕਰਦੇ ਹਨ ਜਿਨ੍ਹਾਂ ਨੂੰ ਉਸ ਸਮੇਂ ਦੇ ਧਾਰਮਿਕ ਵਿਅਕਤੀ ਜੀਵਨ ਅਤੇ ਧਰਮ ਦਾ ਅੰਤਿਮ ਉਦੇਸ਼ ਸਮਝੀ ਬੈਠੇ ਸਨ । ਗੁਰੂ ਜੀ ਨੇ ਵਾਸਤਵਿਕਤਾ ਦੀ ਪੱਧਰ ਤੇ ਅਜਿਹੀਆਂ ਧਾਰਮਿਕ ਰਹੁ-ਰੀਤਾਂ ਅਤੇ ਪੂਜਾ ਵਿਧੀਆਂ ਦੀ ਨਿਖੇਧੀ ਕੀਤੀ ਹੈ ਜਿਹੜੀਆਂ ਕੇਵਲ ਵਿਖਾਵੇ ਦੇ ਲੋਕ-ਜੀਵਨ ਲਈ ਕੀਤੀਆਂ ਜਾਂਦੀਆਂ ਹਨ ਅਤੇ ਜਿਹੜੀਆਂ ਮਨੁੱਖੀ ਆਤਮਾਂ ਦਾ ਕਲਿਆਣ ਕਰਨ ਵਿੱਚ ਅਸਮਰੱਥ ਹਨ । ਇਨ੍ਹਾਂ ਰਸਮਾਂ ਵਿਚੋਂ ਜਨੇਊ ਪਹਿਨਣਾ,ਚੁਉਕਾ ਦੇਣਾ, ਤਿਲਕ ਲਗਾਉਣਾ, ਧੋਤੀ ਬੰਨ੍ਹਣੀ, ਹਵਨ ਆਦਿ ਕਰਨੇ ਆਦਿ ਦੀ ਅਸਲੀਅਤ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ ।

ਗੁਰੂ ਜੀ ਹਿੰਦੂ ਧਰਮ ਦੀ ਜਨੇਊ ਦੀ ਰਸਮ ਦੇ ਧਾਰਨ ਕਰਨ ਦੀ ਨਿਰਾਰਥਕਤਾ ਨੂੰ ਸਪੱਸ਼ਟ ਕਰਦੇ ਹੋਏ ਦਸਦੇ ਹਨ ਕਿ ਉਸ ਜਨੇਊ ਦੇ ਗਲ ਵਿਚ ਪਾਉਣ ਦਾ ਕੀ ਲਾਭ ਹੈ ਜਿਹੜਾ ਮਨੁੱਖ ਦੇ ਮਰਨ ਵੇਲੇ ਸੜ ਜਾਂਦਾ ਹੈ ਅਤੇ ਪਰਲੋਕ ਵਿੱਚ ਉਸ ਦੀ ਸਹਾਇਤਾ ਨਹੀਂ ਕਰ ਸਕਦਾ । ਗੁਰੂ ਜੀ ਬ੍ਰਾਹਮਣ ਧਰਮ ਦੇ ਵਿਅਕਤੀ ਵਿਸ਼ੇਸ਼ ਨਾਲ ਸੰਵਾਦ ਰਚਾਉਂਦੇ ਹੋਏ ਫੁਰਮਾਣ ਕਰਦੇ ਹਨ ਹੇ ਭਾਈ !ਜੇ ਦਇਆਰੂਪੀ ਕਪਾਹ, ਸੰਤੋਖ ਰੂਪੀ ਸੂਤਰ ਅਤੇ ਜਤ ਦੀ ਗੰਢ ਅਤੇ ਸਚਾਈ ਦੇ ਵੱਟ ਦੁਆਰਾ ਤਿਆਰ ਕੀਤਾ ਗਿਆ ਜਨੇਊ ਤੇਰੇ ਪਾਸ ਹੈ ਤਾਂ ਮੈਂ ਅਜਿਹਾ ਜਨੇਊ ਗਲ ਪਾਉਣ ਨੂੰ

ਤਿਆਰ ਹਾਂ ਕਿਉਂਕਿ ਅਜਿਹਾ ਜਨੇਊ ਨਾ ਟੁੱਟਦਾ ਹੈ, ਨਾ ਇਸ ਨੂੰ ਮੈਲ ਲਗਦੀ ਹੈ ਅਤੇ ਨਾ ਇਹ ਗਲਦਾ ਸੜਦਾ ਹੈ। ਉਹ ਲੋਕ ਧੰਨਤਾਯੋਗ ਹਨ ਜਿਹੜੇ ਇਨ੍ਹਾਂ ਸਦ-ਗੁਣਾਂ ਰੂਪੀ ਜਨੇਊ ਨੂੰ ਪਹਿਣ ਕੇ ਪ੍ਰਭੂ ਦੇ ਦਰਬਾਰ ਵਿਚ ਜਾਂਦੇ ਹਨ। ਪਰ ਚਾਰ ਕੌਡੀਆਂ ਤੋਂ ਮੁੱਲ ਮੂਲ ਲੈ ਕੇ ਤਿਆਰ ਕੀਤਾ ਗਿਆ ਜਨੇਊ ਜੋ ਧਾਰਮਿਕ ਪ੍ਰੋਹਤ ਆਪਣੇ ਸ਼ਗਿਰਦਾਂ ਦੇ ਗਲ ਪਾ ਦੇਂਦਾ ਹੈ ਉਸ ਦਾ ਆਤਮਾਂ ਨੂੰ ਕੋਈ ਲਾਭ ਨਹੀਂ ਪੁਜਦਾ ਕਿਉਂਕਿ ਮਨੁੱਖ ਦੇ ਮਰਨ ਨਾਲ ਹੀ ਉਹ ਜਨੇਊ ਸੜ ਕੇ ਝੜ ਜਾਂਦਾ ਹੈ ਅਤੇ ਵਿਅਕਤੀ 'ਵੇਤੱਗਾ' ਹੀ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ। ਜਿਵੇਂ:

ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵਟੁ ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ।
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ।
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ।[17]

ਉਪਰੋਕਤ ਸਲੋਕ ਵਿਚ ਜਿ ਜਨੇਊ ਪਾਣ ਵਾਲੇ ਕਰਮਕਾਂਡੀ ਪੰਡਿਤ ਨੂੰ ਸੰਬੋਧਨ ਕੀਤਾ ਗਿਆ ਹੈ ਅਤੇ ਜਨੇਊ ਪਹਿਨਣ ਪਹਿਨਾਉਣ ਦੀ ਰਸਮ ਦੀ ਨਿਰਾਰਥਕਤਾ ਦਾ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਦਸਿਆ ਹੈ ਕਿ ਕਪਾਹ ਦੇ ਧਾਗੇ ਦਾ ਚਾਰ ਕੌਡੀਆਂ ਦਾ ਖਰੀਦਿਆ ਇਹ ਜਨੇਊ ਸ਼ਰੀਰ ਦੇ ਨਾਲ ਹੀ ਨਾਸ਼ ਹੋ ਜਾਵੇਗਾ ਫਿਰ ਇਸ ਦਾ ਕੀ ਲਾਭ ਹੈ ਇਹ ਪ੍ਰਭੂ ਦੀ ਦਰਗਾਹ ਵਿਚ ਤਾਂ ਜੀਵ ਦੀ ਸਹਾਇਤਾ ਨਹੀਂ ਕਰ ਸਕੇਗਾ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਲੋਕ ਮਾਨਸ ਦੀ ਸੰਪੂਰਨ ਅਭੀਵਿਅਕਤੀ ਹੋਈ ਹੈ।

ਗੁਰੂ ਨਾਨਕ ਜੀਵਨ ਕਾਲ ਸਮੇਂ ਦਾ ਲੋਕ-ਮਾਨਸ, ਮਾਨਸਿਕ ਅਤੇ ਬੌਧਿਕ ਤੌਰ ਤੇ ਖੋਖਲਾ ਹੋ ਚੁੱਕਾ ਸੀ। ਇਸ ਖੋਖਲੇਪਣ ਦੇ ਉਪਜਣ ਵਿਚ ਉਸ ਸਮੇਂ ਦੀਆਂ ਇਸਲਾਮੀ ਤੇ ਹਿੰਦੂ ਧਾਰਮਿਕ ਸ਼੍ਰੇਣੀਆਂ ਦੇ ਪੁਜਾਰੀਆਂ ਦਾ ਵੀ ਮਹੱਤਵ ਪੂਰਨ ਯੋਗਦਾਨ ਸੀ। ਇਸ ਤੋਂ ਬਿਨਾਂ ਲੋਕ-ਮਾਨਸ ਸਦੀਆਂ ਪੁਰਾਣੇ ਸੰਸਕਾਰਾਂ ਦੀ ਪੱਕੀ ਜਕੜ ਵਿੱਚ ਫਸਿਆ ਹੋਇਆ ਸੀ। ਸਮਾਂ ਬੀਤ ਜਾਣ

---

17. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 593

ਤੇ ਇਹ ਸੰਸਕਾਰ ਚੋਖੇ ਤੇ ਨਿਰੂਲ ਬਣ ਚੁੱਕੇ ਸਨ ਅਤੇ ਬਦਲਦੀਆਂ ਪ੍ਰਸਥਿਤੀਆਂ ਵਿੱਚ ਤਰਕ ਤੇ ਪੂਰੇ ਨਹੀਂ ਸਨ ਉਤਰਦੇ। ਮੁਸਲਮਾਨ ਅਤੇ ਹਿੰਦੂ ਦੋਨਾਂ ਧਰਮਾਂ ਦੇ ਲੋਕ ਸੰਸਕਾਰਾਂ ਦੀ ਕੈਦ ਕਾਰਣ ਮਾਨਸਿਕ ਤੇ ਬੌਧਿਕ ਤੌਰ ਤੇ ਖੋਖਲੇ ਹੋ ਚੁਕੇ ਸਨ। ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਮੂਲ ਸਮੱਸਿਆ ਇਨ੍ਹਾਂ ਸੰਸਕਾਰਾਂ ਦੀ ਨਿਰਾਰਥਕਤਾ ਨੂੰ ਲੋਕ-ਮਾਨਸ ਦੇ ਗਿਆਨ ਗੋਚਰੇ ਕਰਨਾ ਸੀ। ਇਸ ਸਥਿਤੀ ਬਾਰੇ ਡਾ. ਸੋਹਿੰਦਰ ਸਿੰਘ ਬੇਦੀ ਦੇ ਨਿਮਨ ਲਿਖਤ ਸ਼ਬਦ ਅੰਕਿਤ ਕਰਨਯੋਗ ਜਾਪਦੇ ਹਨ।

> "ਪੰਡਤਾਂ, ਅਖੌਤੀ ਵਿਦਵਾਨਾਂ ਤੇ ਸ਼ਾਸਤ੍ਰਾਰਥੀਆਂ ਨਾਲ ਤਾਂ ਬੌਧਿਕ ਪਧਰ ਤੇ ਚਰਚਾ ਕਰਕੇ, ਉਨ੍ਹਾਂ ਦੇ ਫੋਕਟ ਨਿਸਚਿਆਂ ਦੀ ਕਲੋਈ ਖੋਲੀ ਜਾ ਸਕਦੀ ਸੀ, ਪਰ ਜਨ-ਸਾਧਾਰਨ, ਜੋ ਕੁਝ ਕੁ ਧਾਰਮਿਕ ਵਿਧੀਆਂ, ਸੰਸਕਾਰਾਂ ਤੇ ਰੀਤੀ-ਵਧਾਨ ਨੂੰ ਹੀ ਮੂਲ ਧਰਮ ਸਮਝੀ ਬੈਠਾ ਸੀ, ਉਸਦੇ ਸਾਰੇ ਸੰਕਲਪ ਨੂੰ ਬਦਲਣਾਂ ਸੌਖੀ ਜਿਹੀ ਗਲ ਨਹੀਂ ਸੀ। ਇਕ ਤਾਂ ਇਸ ਸੰਕਲਪ ਦੀ ਪਿੱਠ ਉਤੇ ਸਦੀਆਂ ਦੇ ਸੰਸਾਕਾਰ ਪ੍ਰਵਾਹ ਦਾ ਪ੍ਰਬਲ ਵੇਗ ਸੀ, ਦੂਜਾ ਪੰਡਤ ਤੇ ਪਾਂਧੇ, ਆਪਣੇ ਹਿੱਤਾਂ ਲਈ ਜਨ-ਸਾਧਾਰਨ ਨੂੰ ਫੋਕਟ ਨਿਸਚਿਆਂ ਤੇ ਕੁਰੀਤੀਆਂ ਦੀ ਜਿਲਣ ਵਿਚੋਂ ਨਿਕਲਣ ਨਹੀਂ ਸਨ ਦੇਣਾ ਚਾਹੁੰਦੇ ਤੇ ਤੀਜੀ ਵੱਡੀ ਗਲ ਇਹ ਸੀ ਕਿ ਪਰੰਪਰਾ ਨਾਲ ਜਨ-ਸਾਧਾਰਨ ਮਾਨਸਿਕ ਤੌਰ ਉਤੇ ਇਤਨਾਂ ਜੁੜਿਆ ਪਿਆ ਸੀ ਕਿ ਇਸ ਨਾਲੋਂ ਟੁੱਟ ਕੇ ਇਕ ਖਲਾ ਪੈਦਾ ਹੋ ਜਾਂਦਾ ਸੀ, ਤੇ ਜਨ ਸਾਧਾਰਨ ਦੇ ਮਾਨਸਿਕ ਸੰਤੁਲਤਾ ਨੂੰ ਸਥਾਪਿਤ ਰਖਣ ਲਈ ਇਸ ਖਲਾ ਨੂੰ ਨਾਲੋ ਨਾਲ ਪੂਰਾ ਕਰਨਾ ਜਰੂਰੀ ਸੀ।[18]

ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਸਫਲਤਾ ਅਤੇ ਨਿਪੁੰਨਤਾ ਇਸ ਗਲ ਵਿਚ ਹੈ ਕਿ ਇਸ ਸੰਚਾਰ ਵਿਗਿਆਨ ਨੇ ਉਪਰ ਅੰਕਿਤ ਸਥਿਤੀ ਵਿਚੋਂ ਲੋਕ ਮਾਨਸ ਨੂੰ ਅਜਿਹੇ ਸਹਿਜ ਨਾਲ ਕਢਿਆ ਹੈ ਕਿ ਕਿਸੇ ਪ੍ਰਕਾਰ ਦਾ ਮਾਨਸਿਕ ਜਾਂ ਬੌਧਿਕ ਖਲਾਅ ਪੈਦਾ ਨਹੀਂ ਹੋਣ ਦਿਤਾ।

---

18. ਸੋਹਿੰਦਰ ਸਿੰਘ ਵਣਜਾਰਾ ਬੇਦੀ, 'ਗੁਰੂ ਨਾਨਕ ਤੇ ਲੋਕ ਪ੍ਰਵਾਹ, ਪੰ. 67, ਨੇਸ਼ਨਲ ਬੁਕ ਸ਼ਾਪ ਦਿਲੀ ਪਹਿਲੀ ਵਾਰ, 1971

ਗੁਰੂ ਜੀ ਦੇ ਸਾਹਮਣੇ ਇਹ ਸਵਾਲ ਹੋਰ ਵੀ ਬੜਾ ਮਹੱਤਵ ਪੂਰਨ ਸੀ । ਉਹ ਇਸ ਕਿ ਜਨ ਸਧਾਰਣ ਲੋਕਾਂ ਅਥਵਾ ਲੋਕ-ਮਾਨਸ ਦੀ ਸੂਝ ਇਤਨੀ ਤੀਖਣ ਅਤੇ ਨਾਜ਼ੀਕ ਨਹੀਂ ਹੁੰਦੀ ਕਿ ਉਹ ਸੂਖਮ ਤੇ ਅਮੂਰਤ ਗਲਾਂ ਨੂੰ ਉਨਾਂ ਦੇ ਸਹੀ-ਪ੍ਰਸੰਗ ਵਿੱਚ ਸਮਝ ਸਕਣ । ਇਸ ਲਈ ਲੋਕ-ਮਾਨਸ ਵਿਚ ਤਬਦੀਲੀ ਲਿਆਉਣ ਲਈ, ਉਸ ਨੂੰ ਜਾਗ੍ਰਤ ਕਰਨ ਲਈ ਅਤੇ ਉਸ ਵਿਚ ਵਿਕਾਸ ਲਿਆਉਣ ਦੀ ਲੋੜ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਹਿਜ ਬਿੰਬਾਂ ਪ੍ਰਤੀਕਾਂ ਅਤੇ ਪ੍ਰਤਿਰੂਪਾਂ ਦੀ ਵਰਤੋਂ ਨਾਲ ਲੋਕ ਮਾਨਸ ਦੀਆਂ ਮਾਨਸਿਕ ਅਤੇ ਬੌਧਿਕ ਪ੍ਰਵਿਰਤੀਆਂ ਨੂੰ ਜ਼ਬਰਦਸਤ ਹਲੂਣਾ ਦਿਤਾ ਸੀ । ਅਜਿਹਾ ਕਰਦੇ ਸਮੇਂ ਗੁਰੂ ਜੀ ਨੇ ਆਪਣੇ ਸੰਚਾਰ-ਵਿਗਿਆਨ ਵਿਚ ਪਰੰਪਰਾਗਤੀ ਤੇ ਨਵੀਨ ਵਿਚਾਰਾਂ ਨੂੰ ਨਾਲੋ ਨਾਲ ਮੁਕਾਬਲੇ ਵਿੱਚ ਬਿਆਨ ਕਰਕੇ ਲੋਕ-ਮਾਨਸ ਦਾ ਵਾਸਤਵਿਕ ਤੇ ਸਹੀ ਮਾਰਗ ਦਰਸ਼ਨ ਕੀਤਾ ਹੈ ।

ਲੋਕ ਮਾਨਸ ਦੀ ਅਭਿਵਿਅਕਤੀ ਲਈ ਅਤੇ ਇਸ ਦੀ ਪ੍ਰਫੁੱਲਤੀ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੱਖ ਰੂਪ ਵਿੱਚ ਤਿੰਨ ਪ੍ਰਮੁਖ ਰੂਪ ਵਰਤੋਂ ਵਿਚ ਲਿਆਂਦੇ ਹਨ । ਇਨ੍ਹਾਂ ਪ੍ਰਤਿਰੂਪਾਂ ਨੂੰ ਸਮਝੇ ਬਿਨਾ ਗੁਰੂ ਨਾਨਕ ਬਾਣੀ ਦੇ ਸੰਚਾਰ ਵਿਗਿਆਨ ਦੀ ਸਮਸਿਆ ਨੂੰ ਸਮਝਣਾ ਆਸਾਨ ਨਹੀਂ ਹੈ ਕਿਉਂਕਿ ਇਨ੍ਹਾਂ "ਪ੍ਰਤਿਰੂਪਾਂ" ਵਿਚ ਹੀ ਗੁਰੂ ਨਾਨਕ ਦੇ ਸਮਕਾਲੀ ਸਮਾਜ ਦਾ ਸਮੁੱਚਾ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ, ਅਤੇ ਸਭਿਆਚਾਰਕ ਜੀਵਨ ਵਿਚੱਰ ਰਿਹਾ ਸੀ। ਮੂਲ ਰੂਪ ਵਿਚ ਇਹ ਤਿੰਨੇ ਪ੍ਰਤਿ ਰੂਪ, ਜੀਵ ਜਗਤ ਅਤੇ ਪ੍ਰਭੂ ਦੇ ਆਪਸੀ ਸੰਬੰਧਾਂ ਨੂੰ ਸਪੱਸ਼ਟ ਕਰਦੇ ਪ੍ਰਤੀਤ ਹੁੰਦੇ ਹਨ। ਲੋਕ-ਮਾਨਸ ਇਨ੍ਹਾਂ ਸੰਬੰਧਾਂ ਦੇ ਰੋੜ ਵਿਚ ਹੀ ਧਰਮ, ਧਾਰਮਿਕ ਰਹੁ ਰੀਤਾਂ, ਪੂਜਾ ਵਿਧੀਆਂ, ਸਮਾਜਕ ਰਹੁ ਰੀਤਾਂ ਅਤੇ ਵਿਸ਼ਵਾਸਾਂ ਦਾ ਧਾਰਨੀ ਹੈ ।

ਇਸ ਤੋਂ ਪਹਿਲਾਂ ਕਿ ਅਸੀਂ ਗੁਰੂ ਨਾਨਕ ਬਾਣੀ ਦੇ ਸੰਚਾਰ-ਵਿਗਿਆਨ ਦੇ ਅਧਾਰ ਸੰਦ ਲੋਕ-ਮਾਨਸ ਦੀ ਅਭਿਵਿਅਕਤੀ ਬਾਰੇ ਵਿਸਤ੍ਰਿਤ ਚਰਚਾ ਕਰੀਏ ਸਾਡੇ ਲਈ ਇਹ ਜਾਣ ਲੈਣਾ ਉਚਿਤ ਹੋਵੇਗਾ ਕਿ ਲੋਕ ਮਾਨਸ ਹੁੰਦਾ ਕੀ ਹੈ ? ਅਰਥਾਤ ਲੋਕ-ਮਾਨਸ ਤੋਂ ਭਾਵ ਕੀ ਹੈ ? ਇਸ ਜਾਣ ਲੈਣ ਉਪਰੰਤ ਹੀ ਅਸੀਂ ਨਾਨਕ -ਬਾਣੀ ਦੇ ਸੰਚਾਰ ਵਿਗਿਆਨ ਨੂੰ ਸਮਝਣ ਦੇ ਸਮਰਥ ਹੋ ਸਕਾਂਗੇ ਕਿਉਂਕਿ ਗੁਰੂ ਜੀ ਦਾ ਪਸਾਰ-ਪ੍ਰਕ੍ਰਿਆ ਦਾ ਸੰਬੰਧ ਵਧੇਰੇ ਲੋਕ-ਮਾਨਸ ਨਾਲ ਹੈ ਅਰਥਾਤ ਸਾਧਾਰਣ ਮਨੁੱਖ ਨਾਲ ਹੈ, ਪੰਡਤ ਅਥਵਾ ਪੜ੍ਹੇ ਲਿਖੇ ਤੇ ਸੂਝਵਾਨ ਵਿਅਕਤੀ ਨਾਲ ਘੱਟ ਹੈ । ਇਸ ਦਾ ਅਧਾਰ ਕਾਰਣ ਇਹ ਹੈ ਕਿ

ਸਾਂਸਕ੍ਰਿਤਕ-ਪਰਿਵਰਤਨ ਪੜ੍ਹੇ ਲਿਖੇ ਸ਼ਾਸਤਰੀ ਨਹੀਂ ਲਿਆਉਂਦੇ ਸਗੋਂ ਆਮ ਜਨਤਾ ਲਿਆਉਂਦੀ ਹੈ ਅਤੇ ਗੁਰੂ ਜੀ ਪੰਜਾਬ ਨੂੰ ਇਕ ਸਤਿਆਚਾਰਕ ਇਨਕਲਾਬ ਵੱਲ ਪ੍ਰੇਰਤ ਕਰ ਰਹੇ ਸਨ ।

ਅਜੋਕੇ ਸਮੇਂ ਵਿੱਚ ਵੱਖ ਵੱਖ ਵਿਦਵਾਨਾਂ ਨੇ ਲੋਕ-ਮਾਨਸ ਉਕਤੀ ਦੀ ਵਿਆਖਿਆ ਆਪਣੇ ਆਪਣੇ ਢੰਗ ਨਾਲ ਕੀਤੀ ਹੈ । ਡਾ. ਮਹਿੰਦਰ ਕੌਰ ਗਿੱਲ ਨੇ ਜਗਤ-ਪ੍ਰਸਿੱਧ ਮਨੋਵਿਗਿਆਨੀ ਫਰਾਇਡ ਅਤੇ ਸੀ.ਜੀ.ਯੁੰਗ. ਦਾ ਹਵਾਲਾ ਦਿੰਦਿਆਂ ਹੋਇਆ ਆਪਣੀ ਇਕ ਪੁਸਤਕ ਵਿਚ ਲੋਕ-ਮਾਨਸ ਬਾਰੇ ਇਸ ਤਰ੍ਹਾਂ ਵਿਚਾਰ ਕੀਤੀ ਹੈ ।

> "ਮਨੁੱਖ ਨੂੰ ਆਪਣੇ ਵਡੇਰਿਆਂ ਤੋਂ ਵਿਰਾਸਤ ਵਿਚ ਸਾਰੀਆਂ ਪਰਵਿਰਤੀਆਂ ਮਿਲਦੀਆਂ ਹਨ । ਇਹ ਪਰਵਿਰਤੀਆਂ ਉਸ ਵਿਰਸੇ ਦਾ ਸਬੂਤ ਹਨ ਜੋ ਸਾਡੇ ਨਿਰਮਾਣ ਦੇ ਮੂਲ ਸਰੂਪ ਦਾ ਅਧਾਰ ਹੈ । ਇਹਨਾਂ ਪਰਿਵਿਰਤੀਆਂ ਦਾ ਵਾਸ ਸਾਡੇ ਮਨ ਵਿਚ ਹੀ ਹੁੰਦਾ ਹੈ । ਇਹ ਸਥਾਪਨਾ ਤਾਂ ਠੀਕ ਹੀ ਹੈ ਕਿ ਅਵਚੇਤਨ ਮਨ ਦੀ ਤਰ੍ਹਾਂ ਵਿਰਸੇ ਵਿਚੋਂ ਪ੍ਰਾਪਤ ਪਰਿਵਿਰਤੀਆਂ ਵੀ ਮਨੁੱਖ ਦੀ ਸਾਰੀ ਸ਼ਖਸੀਅਤ ਨੂੰ ਪ੍ਰੇਰਿਤ ਤੇ ਨਿਰਮਾਣ ਕਰਨ ਵਿੱਚ ਮਹੱਤਵ ਪੂਰਨ ਰੋਲ ਅਦਾ ਕਰਦੀਆਂ ਹਨ । ਜਾਹਿਰ ਹੈ, ਇਸ ਤਰ੍ਹਾਂ ਅਵਚੇਤਨ ਮਨ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ । ਪਹਿਲਾ ਸਹਿਜ-ਅਵਚੇਤਨ ਤੇ ਦੂਸਰਾ ਕਮਾਇਆ ਹੋਇਆ (ਉਪਾਰਜਿਤ)। ਇਹ ਸਹਿਜ ਅਵਚੇਤਨ ਹੀ ਲੋਕ-ਮਾਨਸ ਹੈ। ਇਸ ਲੋਕ-ਮਨ ਸਮੁੱਚੀ ਜਾਤੀ ਦਾ ਮਨ ਹੁੰਦਾ ਹੈ ਜਿਸ ਦੀ ਪਰਛਾਈ ਹਰੇਕ ਮਨੁੱਖ ਵਿਚ ਕਿਸੇ ਨਾਂ ਕਿਸੇ ਰੂਪ ਵਿਚ ਝਲਕਦੀ ਹੈ ।[19]

ਉਪਰੋਕਤ ਕਥਨ ਤੋਂ ਇਹ ਭਲੀ ਭਾਂਤ ਸਪਸ਼ਟ ਹੋ ਗਿਆ ਹੈ ਕਿ ਲੋਕ-ਮਾਨਸ ਸਮੁੱਚੀ ਜਾਤੀ ਦਾ ਲੋਕ ਮਨ ਹੈ ਅਤੇ ਇਹ ਲੋਕ ਮਨ ਲੋਕ ਕਾਵਿ ਦਾ ਮੂਲ ਬੁਨਿਆਦੀ ਤੱਤ ਹੈ। ਲੋਕ-ਮਨ ਸਮਾਜ ਦਾ ਅਜਿਹਾ ਵਰਗ ਹੈ ਜੋ ਨਿੱਜੀ ਗਿਆਨ ਤੇ ਹਉਮੈ ਤੋਂ ਉਪਰ ਉਠ ਕੇ ਇਕ ਪਰੰਪਰਾ ਦੇ ਪ੍ਰਵਾਹ ਵਿਚ ਜਿਉਂਦਾ ਰਹਿੰਦਾ ਹੈ ।

ਇਹ ਪ੍ਰਵਾਹ ਇਕ ਪ੍ਰਕਾਰ ਦਾ ਲੋਕ-ਜੀਵਨ ਹੈ ਇਸ ਦੀ ਪੇਸ਼ਕਾਰੀ ਵਿੱਚ ਜੋ ਕੁਝ ਵੀ ਪ੍ਰਤੀਬਿੰਬਤ ਹੁੰਦਾ ਹੈ ਉਹ ਕਮਾਇਆ ਹੋਇਆ (ਉਪਾਰਜਿਤ) ਅਵਚੇਤਨ ਹੈ । ਇਸੇ

---

19. ਮਹਿੰਦਰ ਕੌਰ ਗਿੱਲ (ਡਾ.) ਆਦਿ ਗ੍ਰੰਥ ਲੋਕ ਰੂਪ, ਪੰਜਾਬੀ ਰਾਈਟਰਜ਼ ਕੁਆਪਰੇਟਿਵ ਨਵੀਂ ਦਿਲੀ, 1930,ਪੰ. 26-27

ਨੂੰ ਵਿਦਵਾਨਾਂ ਨੇ ਲੋਕ ਤੱਤ ਦਾ ਨਾਮ ਵੀ ਦਿੱਤਾ ਹੈ । ਇਸ ਲੋਕ ਤੱਤ ਦੀ ਪਛਾਣ ਹੀ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੇ ਸੰਚਾਰ-ਵਿਗਿਆਨ ਦੀ ਮੂਲ ਕੜੀ ਹੈ। ਗੁਰੂ ਜੀ ਨੇ ਲੋਕ-ਮਾਨਸ ਦੀ ਇਸ ਅਭਿਵਿਅਕਤੀ ਦੇ ਸੰਦਰਭ ਵਿਚ ਆਪਣੇ ਵਿਚਾਰਾਂ ਨੂੰ ਚਿੰਨ੍ਹਾਂ ਅਤੇ ਪ੍ਰਤਿਰੂਪਾਂ ਵਿਚ ਅਜਿਹੇ ਰੂਪ ਵਿਚ ਢਾਲਿਆ ਹੈ ਕਿ ਸੂਖਮ ਤੇ ਅਦ੍ਰਿਸ਼ਟ ਵਿਚਾਰ ਵੀ ਜਨ-ਸਾਧਾਰਣ ਦੀ ਸਮਝ-ਗੋਚਰੇ ਬਣ ਗਏ ਹਨ ।

ਹਿੰਦੂ-ਧਰਮ ਵਿੱਚ ਮੂਰਤੀ-ਪੂਜਾ ਦਾ ਇਤਿਹਾਸ ਬੜਾ ਪੁਰਾਣਾ ਹੈ । ਇਸ ਦਾ ਸੰਬੰਧ ਨਾਰਦ ਰਿਸ਼ੀ ਨਾਲ ਜੋੜਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਹਿੰਦੂ ਧਰਮ ਦੇ ਇਸ ਅਕੀਦੇ ਦੀ ਨਿਰਾਰਥਕਤਾ ਦੇ ਪਰਿਪੇਖ ਵਿਚ ਸੰਚਾਰ ਜੁਗਤੀਂ ਲੈ ਕੇ ਲੋਕ ਮਾਨਸ ਵਿਚ ਬਣੇ ਇਸ ਵਿਸ਼ਵਾਸ ਨੂੰ ਵਿਗਿਆਨਕ ਵਿਧੀ ਨਾਲ ਸਪੱਸ਼ਟ ਕਰਦੇ ਹਨ ।

ਹਿੰਦੂ ਮੂਲੇ ਭੂਲੇ ਅਖੂਟੀ ਜਾਂਹੀ ।
ਨਾਰਦਿ ਕਹਿਆ ਸਿ ਪੂਜ ਕਰਾਂਹੀ ।
ਅੰਧੇ ਗੁੰਗੇ ਅੰਧ ਅੰਧਾਰੁ ।
ਪਾਥਰੁ ਲੇ ਪੂਜਹਿ ਮੁਗਧ ਗਵਾਰ ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ।[20]

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ।
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ।
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗ ਬੂਡੈ ਪਤਿ ਖੋਇ ।
ਮੇਰੇ ਠਾਕੁਰ ਹਥਿ ਵਡਿਆਈਆਂ ਭਾਈ ਜੈ ਭਾਵੈ ਤੈ ਦੇਇ ।[21]

ਉਪਰੋਕਤ ਦੋਵੇਂ ਉਦਾਹਰਣਾਂ ਮੂਰਤੀ ਪੂਜਾ ਨਾਲ ਜੁੜੇ ਲੋਕ ਵਿਸ਼ਵਾਸ਼ਾਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ, ਪਰ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਨਿਪੁੰਨਤਾ ਇਸ ਗੱਲ ਵਿਚ ਹੈ, ਇਨ੍ਹਾਂ ਦੋਹਾਂ ਉਦਾਹਰਣਾਂ ਵਿਚ ਮੂਰਤੀ ਪੂਜਾ ਦੀ ਵਿਰੋਧਤਾ ਨਹੀਂ ਕੀਤੀ ਗਈ । ਦੋਵੇਂ ਉਦਾਹਰਣਾਂ ਸਮੱਸਿਆ ਦਾ ਵਿਸ਼ਲੇਸ਼ਣ ਕਰਦੀਆਂ ਹਨ। ਇਸ ਵਿਸ਼ਲੇਸ਼ਣ ਵਿਚ ਇਸ ਪੂਜਾ ਵਿਧੀ ਦੀਆਂ ਤਰੁੱਟੀਆਂ ਅੰਤਰ-ਨਿਹਤ ਹਨ। ਗੁਰੂ ਜੀ ਦਾ ਮੰਤਵ ਕਿਸੇ ਪੂਜਾ ਵਿਧੀ ਦੀ ਨਿਖੇਧੀ ਕਰਨਾ ਨਹੀਂ ਸੀ ਸਗੋਂ ਸੰਬੰਧਿਤ ਰਸਮ ਦੀ ਵਿਖਾਵੇ ਦੀ ਨਿਰਾਰਥਕਤਾ ਨੂੰ ਸਪਸ਼ਟ ਕਰਕੇ ਲੋਕ ਮਾਨਸ

---

20. ਗੁਰੂ ਨਾਨਕ ਬਾਣੀ ਭਾਗ ਪਹਿਲਾ ,ਪੰ. 642
21. ਉਹੀ,ਪੰ. 711

ਨੂੰ ਇਕ ਨਵੀਂ ਦਿਸ਼ਾ ਵੱਲ ਤੋਰਨਾ ਸੀ । ਇਸ ਨਵੀਂ ਦਿਸ਼ਾ ਨੂੰ ਸਿਧਾਂਤਕ ਭਾਸ਼ਾ ਵਿੱਚ ਵਿਗਿਆਨਕ ਪਹੁੰਚ ਵਿਧੀ ਕਿਹਾ ਜਾ ਸਕਦਾ ਹੈ ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ-ਵਿਗਿਆਨ ਲੋਕ ਮਾਨਸ ਵਰ ਵਿਗਿਆਨਕ ਪਹੁੰਚ ਵਿਧੀ ਦਾ ਧਾਰਨੀ ਹੈ । ਲੋਕ ਮਾਨਸ ਦੇ ਜਿਹਦੇ ਵਿਚੋਂ ਸਦੀਆਂ ਦੇ ਵਹਿਮ ਭਰਮ ਤੇ ਅੰਧ ਵਿਸ਼ਵਾਸ਼ ਕੱਢ ਕੇ ਇਹ ਸੰਚਾਰ-ਵਿਗਿਆਨ ਲੋਕ-ਮਾਨਸ ਨੂੰ ਵਿਗਿਆਨਕ ਪਹੁੰਚ ਦਾ ਧਾਰਨੀ ਬਣਾਉਂਦਾ ਹੈ।

ਉਪਰੋਕਤ ਉਦਾਹਰਣਾਂ ਵਿਚ ਅਸੀਂ ਵੇਖਿਆ ਹੈ ਕਿ ਗੁਰੂ ਨਾਨਕ ਬਾਣੀ ਦੀ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਸਧਾਰਨ ਸਮਝਦੇ ਵਿਅਕਤੀਆਂ ਨੂੰ ਸਧਾਰਨ ਸ਼ਬਦਾਵਲੀ ਵਿਚ ਸਮਝਾਉਂਦੀ ਹੈ ਕਿ ਜਿਹੜਾ ਪੱਥਰ ਆਪ ਪਾਣੀ ਵਿਚ ਡੁਬ ਜਾਂਦਾ ਹੈ, ਉਹ ਜੀਵਾਂ ਦਾ ਆਵਾਗਵਨ ਕਿਵੇਂ ਕੱਟ ਸਕਦਾ ਹੈ ।

ਬੌਧਿਕ ਵਿਕੋਲਤੀ ਨੂੰ ਸ਼ਾਸ਼ਤਰੀ ਭਾਸ਼ਾ ਵਿਚ ਬੌਧਿਕ ਪੱਧਰ ਤੇ ਦਾਰਸ਼ਨਿਕ ਅਤੇ ਸਿਧਾਂਤਕ ਢੰਗ ਨਾਲ ਨਿਭਾਈ ਗਈ ਹੈ। ਜਿਵੇਂ :

ਸਾਸਤੁ ਵੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ।
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ।
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ।
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ
ਸਤਿਗੁਰੁ ਸੇਵੇ ਤਾ ਸੁਖ ਪਾਏ ਭਾਈ ਆਵਣੁ ਜਾਣੁ ਰਹਾਈ ।[22]

ਉਪਰੋਕਤ ਵਾਰਤਾਲਾਪ ਦਾ ਸੰਚਾਰ ਵਿਗਿਆਨ ਬਤੌਰ ਵਿਗਿਆਨਕ ਪਹੁੰਚ ਵਿਧੀ ਦੇ ਸਮੱਸਿਆ ਦਾ ਸਮਾਧਾਨ ਵੀ ਸ਼ਾਸਤਰੀ ਭਾਸ਼ਾ ਵਿਚ ਹੀ ਕਰਦਾ ਹੈ । ਅਰਥਾਤ ਹੇ ਭਾਈ ! ਪੜ੍ਹਦਾ, ਬੋਲਦਾ ਤਾਂ ਵੇਦਾਂ ਸ਼ਾਸਤਰਾਂ ਦੀ ਸਿੱਖਿਆ ਨੂੰ ਹੈ ਪਰ ਕੰਮ ਤੇਰੇ ਸਾਰੇ ਹੀ ਮਾਇਆਧਾਰੀ ਸੰਸਾਰਿਕ ਮਨੁੱਖਾਂ ਵਾਲੇ ਹਨ। ਵਿਖਾਵੇ ਦੇ ਧਰਮ-ਸ਼ਾਸ਼ਤਰ ਗਿਆਨ ਮਨ ਦੀ ਮੈਲ ਦੂਰ ਨਹੀਂ ਕਰ ਸਕਦੇ ਅਜਿਹੇ ਪਾਖੰਡੀ ਤਾਂ ਉਸ ਮਕੜੀ ਦੇ ਕੀੜੇ ਵਰਗੇ ਹਨ ਜਿਹੜੀ ਪੁੱਠੀ ਹੋ ਕੇ ਸਿਰ ਦੇ ਭਾਰ ਆਪਣਾ ਜਾਲ ਤਣਦੀ ਹੈ ਅਤੇ ਆਪ ਹੀ ਉਸ ਵਿਚ ਡੁਬ ਮਰਦੀ ਹੈ ।ਮਨਮਤਿ ਜਾਂ ਖੋਟੀ ਮਤ ਬਹੁਤ ਵਿਕਾਰਾਂ ਦੀ ਧਾਰਨੀ ਹੁੰਦੀ ਹੈ । ਇਹ ਮਨੁੱਖ ਨੂੰ ਪ੍ਰਭੂ ਵਾਲੇ ਪਾਸੇ ਨਹੀਂ ਲੱਗਣ ਦੇਂਦੀ । ਹੇ ਭਾਈ ਸੱਚੇ ਗੁਰੂ ਤੋਂ ਬਿਨਾਂ 'ਨਾਮ' ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾਮ ਦੀ

---

22. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰ. 704

ਪ੍ਰਾਪਤੀ ਤੋਂ ਬਿਨਾਂ ਆਵਾਗਵਨ ਦਾ ਗੇੜ ਨਹੀਂ ਕੱਟਿਆ ਜਾ ਸਕਦਾ । ਸਹੇ ਗੁਰੂ ਦੁਆਰਾ ਦਰਸਾਏ ਮਾਰਗ ਉਪਰ ਚਲ ਕੇ ਹੀ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਸਕਦਾ ਹੈ । ਇਸ ਤਰ੍ਹਾਂ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੀਆਂ ਸੰਚਾਰ ਜੁਗਤਾਂ ਅਥਵਾ ਸੰਚਾਰ ਵਿਗਿਆਨ ਵਿਸ਼ਿਸ਼ਟ ਸ਼ੈਲੀ ਦਾ ਧਾਰਨੀ ਹੈ। ਗੁਰੂ ਸਾਹਿਬ ਇਸ ਸੰਚਾਰ ਵਿਗਿਆਨ ਦੇ ਅੰਤਰਗਤ ਸਾਧਾਰਣ ਵਿਅੱਕਤੀ ਨੂੰ ਸੁਖੈਨ ਭਾਸ਼ਾ, ਵਿਧੀ ਅਤੇ ਸਰਲ ਸ਼ਬਦਾਵਲੀ ਦੁਆਰਾ ਗੱਲ ਅਜਿਹੇ ਢੰਗ ਨਾਲ ਸਮਝਾਉਂਦੇ ਹਨ ਕਿ ਗੁਰੂ ਜੀ ਦਾ ਵਿਚਾਰ ਸਿਧਾ ਲੋਕ-ਮਨ ਤੇ ਪ੍ਰਭਾਵ ਪਾਉਂਦਾ ਹੈ । ਇਸ ਪ੍ਰਭਾਵ ਦੇ ਸਿੱਟੇ ਵਜੋਂ ਲੋਕ ਚੇਤਨਾ ਉਤਪਨ ਹੋਈ ਹੈ ਅਤੇ ਇਸੇ ਚੇਤਨਾ ਵਿਚੋਂ ਗੁਰਮਤਿ ਦੀ ਲਹਿਰ ਦੇ ਪ੍ਰਭਾਵ ਕਾਰਨ ਪੰਜਾਬ ਵਿਚ ਸਭਿਆਚਾਰਕ ਇਨਕਲਾਬ ਆਇਆ ਹੈ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਬਤੌਰ ਸ਼ੈਲੀ ਦੇ ਪ੍ਰਸ਼ਨੋਤਰੀ-ਸ਼ੈਲੀ ਦੀ ਵਰਤੋਂ ਬੜੀ ਸਫਲਤਾ ਨਾਲ ਕਰਦਾ ਹੈ। ਅਜਿਹੇ ਵਾਰਤਾਲਾਪ ਆਮ ਕਰਕੇ ਸਿਧ-ਗੋਸ਼ਟਿ ਬਾਣੀ ਵਿੱਚ ਪਾਏ ਜਾਂਦੇ ਹਨ ਪਰ ਇਹ ਵਿਧੀ ਗੁਰੂ ਜੀ ਦੇ ਬਾਕੀ ਬਾਣੀਆਂ ਵਿਚ ਵੀ ਸਫਲਤਾ ਨਾਲ ਵਰਤੋਂ ਵਿਚ ਲਿਆਂਦੀ ਹੈ ।ਜਿਵੇਂ :

ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ ।
ਕਵਣ ਕਥਾ ਲੇ ਰਹਹੁ ਨਿਰਾਲੇ ।
ਬੋਲੈ ਨਾਨਕ ਸੁਣਹੁ ਤੁਮ ਬਾਲੇ ।
ਏਸੁ ਕਥਾ ਕਾ ਦੇਇ ਬੀਚਾਰੁ
ਭਵਜਲ ਸਬਦਿ ਲੰਘਾਵਣ ਹਾਰੁ ।[23]

ਉਪਰੋਕਤ ਸ਼ਬਦ ਵਿੱਚ ਸਿੱਧਾ ਦੁਆਰਾ ਗੁਰੂ ਨਾਨਕ ਸਾਹਿਬ ਨਾਲ ਸੰਵਾਦ-ਰਚਾਇਆ ਗਿਆ ਹੈ । ਸਿਧ ਪ੍ਰਸ਼ਨ ਕਰਦੇ ਹਨ ਕਿ ਸ੍ਰਿਸ਼ਟੀ ਦਾ ਅਰੰਭ ਕਦੋਂ ਹੋਇਆ ਅਤੇ ਇਸ ਦਾ ਅਧਾਰ ਕੀ ਹੈ। ਗੁਰੂ ਜੀ ਨੂੰ ਛੋਟੀ ਉਮਰ ਦਾ ਹੋਣ ਕਰਕੇ 'ਬਾਲੇ' ਸ਼ਬਦ ਨਾਲ ਸੰਬੋਧਨ ਕਰਦੇ ਹੋਏ ਸਿਧ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ ਕਿ ਹੇ ਬਾਲੇ। ਨਾਨਕ ਇਸ ਪ੍ਰਸ਼ਨ ਦਾ ਉੱਤਰ ਦੇ, ਇਸ ਸਮੱਸਿਆ (ਕਥਾ) ਦਾ ਹੱਲ ਦੱਸ ਕਿ ਕਿਸ ਸ਼ਬਦ ਦੀ ਕਮਾਈ ਦੁਆਰਾ, ਆਵਾਗਵਨ ਕੱਟਿਆ ਜਾ ਸਕਦਾ ਹੈ। ਗੁਰੂ ਜੀ ਉਤਰ ਦੇਂਦੇ ਹਨ :

---

23. ਗੁਰੂ ਨਾਨਕ ਬਾਣੀ ਭਾਗ ਦੂਜਾ ,ਪੰ. 1012

ਪਵਨ ਅਰੰਭੁ ਸਤਿਗੁਰ ਮਤਿ ਵੇਲਾ ।
ਸਬਦ ਗੁਰੂ ਸੁਰਤਿ ਧੁਨਿ ਚੇਲਾ ।
ਅਕਥ ਕਥਾ ਲੇ ਰਹਉ ਨਿਰਾਲਾ ।
ਨਾਨਕ ਜੁਗਿ ਜੁਗਿ ਗੁਰ ਗੁਪਾਲਾ ।
ਏਕ ਸਬਦ ਜਿਤੁ ਕਥਾ ਵੀਚਾਰੀ ।
ਗੁਰਮੁਖਿ ਹਉਮੈ ਅਗਨਿ ਨਿਵਾਰੀ ।[24]

ਗੁਰੂ ਨਾਨਕ ਦੇਵ ਜੀ ਸਿੱਧਾਂ ਦੇ ਪ੍ਰਸ਼ਨ ਦੇ ਉੱਤਰ ਵਿਚ ਰਚਾਇਆ ਗਿਆ ਉਪਰੋਕਤ ਵਾਰਤਾਲਾਪ ਬਤੌਰ ਸੰਚਾਰ ਵਿਗਿਆਨ ਦੇ ਇਕ ਨਿਪੁੰਨ ਤੇ ਅਰਥ ਭਰਪੂਰ ਸ਼ੈਲੀ ਦਾ ਪ੍ਰਮਾਣ ਹੈ। ਸ੍ਰਿਸ਼ਟੀ ਦਾ ਅਰੰਭ ਹਵਾ ਤੋਂ ਹੈ ਕਿਉਂਕਿ ਸਾਹ ਤੋਂ ਬਿਨਾਂ ਜੀਵ ਜੀਵਿਤ ਨਹੀਂ, ਸ਼ਬਦ ਗੁਰੂ ਹੈ( ਸ਼ਬਦ ਆਪ ਨਿਰੰਕਾਰ ਹੈ) ਸੁਰਤੀ ਚੇਲਾ, ਸਿੱਖ, ਅਥਵਾ ਸ਼ਾਗਿਰਦ ਹੈ । ਇਹ ਕਥਾ ਅੱਕਥ ਹੈ, ਜੁਗਾਂ ਜੁਗਾਂ ਤੋਂ ਅੱਕਥ ਹੈ ਗੁਰੂ ਹੀ ਜਿਸ ਦਾ ਕਥਨ ਕਰ ਸਕਦਾ ਹੈ, ਉਹ ਗੁਰੂ ਜਿਹੜਾ ਆਪ ਸ਼ਬਦ ਰੂਪ ਹੈ। ਉਹ ਸ਼ਬਦ ਵੀ ਇਕ ਹੀ ਹੈ, ਉਹ ਸ਼ਬਦ ਸਾਰੇ ਬ੍ਰਹਿਮੰਡ ਵਿਚ ਗੂੰਜ ਰਿਹਾ ਹੈ। ਉਸ ਦੀ ਸੋਝੀ ਕਾਰਨ ਹੀ ਗੁਰੂ ਦੀ ਮਤ ਤੇ ਚਲਣ ਵਾਲਾ ਆਪਣੀ ਹਉਮੈ ਨੂੰ ਮਾਰ ਸਕਦਾ ਹੈ ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁੰਤ ਅੰਤਰ-ਧਰਮੀ ਵਾਰਤਾਲਾਪ, ਵਿਸ਼ਿਸ਼ਟ ਪ੍ਰਕਾਰ ਦੀਆਂ ਸੰਚਾਰ-ਜੁਗਤਾਂ ਦਾ ਧਾਰਨੀ ਹੈ। ਇਹ ਸੰਚਾਰ ਜੁਗਤਾਂ ਭਾਰਤੀ ਕਲਾਸੀਕਲ ਸਾਹਿਤ ਪਰੰਪਰਾ ਨਾਲ ਵੀ ਅਤੇ ਲੋਕ- ਸਾਹਿਤ ਪਰੰਪਰਾ ਨਾਲ ਵੀ ਸੰਬੰਧ ਰੱਖਦੀਆਂ ਹਨ। ਇਨ੍ਹਾਂ ਸੰਚਾਰ- ਜੁਗਤਾਂ ਨੇ ਇਕ ਨਿਸਚਿਤ ਸੰਚਾਰ-ਵਿਗਿਆਨ ਨੂੰ ਸਾਕਾਰ ਕੀਤਾ ਹੈ । ਇਹ ਉਹ ਸੰਚਾਰ-ਵਿਗਿਆਨ ਹੈ ਜਿਸ ਦੇ ਅੰਤਰਗਤ ਆਧੁਨਿਕ ਕਾਲ ਵਿੱਚ ਮੱਧਕਾਲੀਨ ਰਹੱਸਵਾਦੀ ਕਾਵਿ ਦਾ ਪੁਨਰ-ਮੁਲੰਕਣ ਹੋਣਾ ਅਰੰਭ ਹੋਇਆ ਹੈ। ਪੱਛਮੀ ਮੁਲੰਕਣ ਵਿਧੀਆਂ ਤੋਂ ਪ੍ਰਭਾਵਤ ਜਾਂ ਪ੍ਰੇਰਿਤ ਵਿਦਿਵਾਨਾ ਨੇ ਗੁਰ ਬਾਣੀ ਨੂੰ ਹੀ ਇਕ ਨਿਸਚਿ ਤ ਸੰਚਾਰ- ਵਿਗਿਆਨ ਦੀ ਦ੍ਰਿਸ਼ਟੀ ਤੋਂ ਸਮਝਣ ਦਾ ਉਪਰਾਲਾ ਕੀਤਾ ਹੈ । ਇਸ ਲੜੀ ਵਿੱਚ ਮੇਰਾ ਵੀ ਇਹ ਨਿਮਾਣਾ ਜਿਹਾ ਯਤਨ ਹੈ ।

ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਸਮਝਦਾ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਦੂਹਰੇ ਸੰਚਾਰ ਮਾਡਲਾਂ ਦਾ ਧਾਰਨੀ ਹੈ । ਇਹ ਵਾਰਤਾਲਾਪ ਇਕ ਪਾਸੇ ਤਾਂ ਲੋਕ-ਮਾਨਸ ਦੀ ਵਿਰਸੇਗਤ ਸਮਗਰੀ ਦੀ ਨਵੀਨ ਦ੍ਰਿਸ਼ਟੀ ਤੋਂ ਵਿਆਖਿਆ ਕਰਦਾ ਹੋਇਆ, ਲੋਕ ਮਾਨਸ ਨੂੰ ਇਕ ਨਵੀਂ ਦਿਸ਼ਾ ਵਲ ਪ੍ਰੇਰਿਤ ਕਰਦਾ ਹੈ । ਨਿਸ਼ਚੇ ਹੀ ਇਹ ਨਵੀਂ ਦਿਸ਼ਾ ਜੀਵ-ਜਗਤ ਅਤੇ ਬ੍ਰਹਮ ਦੇ ਆਪਸੀ ਸੰਬੰਧਾਂ ਦਾ ਵਿਗਿਆਨਕ ਅਧਿਐਨ ਕਰਨ ਵਲ ਅਗ੍ਰਸਰ ਕਰਦੀ ਹੈ। ਦੂਜੇ ਪਾਸੇ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪਾਂ ਦਾ ਸੰਚਾਰ ਵਿਗਿਆਨ ਭਾਰਤੀ ਸਾਹਿਤਕ-ਪਰੰਪਰਾ ਨਾਲ ਸੰਬੰਧਿਤ ਸੰਚਾਰ ਮਾਡਲਾਂ ਨੂੰ ਵੀ ਵਰਤੋਂ ਵਿਚ ਲਿਆਉਂਦਾ ਹੈ । ਇਸ ਸਥਿਤੀ ਵਿਚ ਇਹ ਵਾਰਤਾਲਾਪ ਬੌਧਿਕ ਤੇ ਦ੍ਰਿੜ ਵਿਅਕਤੀਆਂ ਦੇ ਪੱਕੇ ਹੋਏ ਭਰਮ ਭੁਲੇਖਿਆਂ ਨੂੰ ਉਨ੍ਹਾਂ ਲੋਕਾਂ ਦੀ ਹੀ ਸ਼ਬਦਾਵਲੀ ਵਿਚ ਨਿਰਮੂਲ ਤੇ ਨਿਰਾਰਥਕ ਸਿੱਧ ਕਰਦਾ ਹੈ। ਬਤੌਰ-ਸੰਚਾਰ ਵਿਗਿਆਨ ਦੇ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ, ਵਿਸ਼ੇਸ਼ ਧਾਰਮਿਕ ਵਿਅਕਤੀਆਂ, ਆਮ ਲੋਕਾਂ, ਅਤੇ ਵਿਸ਼ੇਸ਼ ਧਰਮ ਨੂੰ ਸਿੱਧੇ ਸੰਬੋਧਨ ਹੋ ਕੇ ਰਚਾਏ ਗਏ ਹਨ ਅਤੇ ਮਨੁੱਖੀ ਮਨ ਦੀ ਕਾਇਆ ਕਲਪ ਕਰਨ ਦੀ ਸਮਰੱਥਾ ਰੱਖਦੇ ਹਨ ।

## ਅਧਿਆਏ ਛੇਵਾਂ

### ਨਿਸ਼ਕਰਸ਼

ਆਧੁਨਿਕ ਕਾਲ ਵਿੱਚ, ਵਿਸ਼ਵ ਸਾਹਿਤ-ਚੇਤਨ ਦੇ ਪਰਿਪੇਖ ਵਿਚ ਮੌਜੂਦਾ ਸਾਹਿਤ ਲਈ ਸਾਹਿਤ-ਮੁਲੰਕਣ ਦੀਆਂ ਨਵੀਨ ਵਿਧੀਆਂ ਦੀ ਵਰਤੋਂ ਵਧੇਰੇ ਹੋਣ ਲਗ ਪਈ ਹੈ। ਪੰਜਾਬੀ ਸਾਹਿਤ ਵਿੱਚ, ਵਿਸ਼ੇਸ ਕਰਕੇ ਗੁਰਬਾਣੀ ਦੇ ਅਧਿਐਨ ਲਈ ਵੀ ਪਿਛਲੇ ਕੁਝ ਸਾਲਾਂ ਤੋਂ ਨਵੀਨ ਪਰਪਾਟੀਆਂ ਦੀ ਵਰਤੋਂ ਹੋਣ ਲਗ ਪਈ ਹੈ। ਭਾਸ਼ਾ ਵਿਗਿਆਨ ਦੇ ਨਵੀਨਤਮ ਅਤੇ ਦੀਰਘ-ਅਧਿਐਨ ਨੇ ਸਾਹਿਤ ਮੁਲੰਕਣ ਦੀਆਂ ਨਵੀਨ- ਵਿਧੀਆਂ ਪੈਦਾ ਕੀਤੀਆਂ ਹਨ। ਇਨ੍ਹਾਂ ਵਿਧੀਆਂ ਦੇ ਅੰਤਰਗਤ ਸਾਹਿਤ-ਅਧਿਐਨ ਲਈ ਵਿਗਿਆਨਕ ਪਹੁੰਚ ਵਿਧੀ ਅਤੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਪਣਾਇਆ ਜਾ ਰਿਹਾ ਹੈ। ਇਸੇ ਦ੍ਰਿਸ਼ਟੀ ਨੂੰ ਪਿਛੋਕੜ ਵਿੱਚ ਰੱਖ ਕੇ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦਾ ਅਧਿਐਨ ਕਰਨ ਦਾ ਨਿਮਾਣਾ ਜਿਹਾ ਪਰ ਸੁਹਿਰਦ ਯਤਨ ਕੀਤਾ ਹੈ।

ਵਾਰਤਾਲਾਪ, ਭਾਸ਼ਾ ਦੀ ਉਹ ਮੂਲ ਇਕਾਈ ਹੈ ਜਿਹੜੀ ਵਿਅਕਤੀ ਨੂੰ ਸਮਾਜ ਵਿਚ ਪ੍ਰਵਰਤਿਤ ਕਰਦੀ ਹੈ। ਵਾਰਤਾਲਾਪ ਮਨੁੱਖਾਂ ਨੂੰ ਆਪਸ ਵਿੱਚ ਜੋੜਦੇ ਹਨ ਵਿਚਾਰਾਂ ਦੀ ਸਾਂਝ ਦਾ ਪੁਲ ਬੰਨ੍ਹਦੇ ਹਨ ਅਤੇ ਵਿਚਾਰਾਂ ਦੀ ਸਾਂਝ ਸਮਾਜ ਦੀ ਹੋਂਦ ਦਾ ਅਧਾਰ ਬਣਦੀ ਹੈ। ਵਾਰਤਾਲਾਪ ਕੇਵਲ ਕਿਸੇ ਸਮਾਜ ਦੀ ਹੋਂਦ ਦਾ ਅਧਾਰ ਹੀ ਨਹੀਂ ਬਣਦੇ ਸਗੋਂ ਉਸਦੇ ਵਿਕਾਸ ਦਾ ਸਾਧਨ ਵੀ ਬਣਦੇ ਹਨ। ਇਸੇ ਪਰਿਪੇਖ ਵਿੱਚ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਦਾ ਉਪਰਾਲਾ ਕੀਤਾ ਹੈ। ਸ਼ੋਧ-ਕਾਰਜ ਦੇ ਕੇਂਦਰੀ ਥੀਮ ਨੂੰ ਸਮਝਣ ਅਤੇ ਇਸਦੇ ਉਦੇਸ਼ ਨੂੰ ਸਪੱਸ਼ਟ ਕਰਨ ਲਈ ਵਾਰਤਾਲਾਪ ਦੇ ਪਿਛੋਕੜ ਵਿੱਚ ਕਾਰਜਸ਼ੀਲ ਭਾਸ਼ਾ-ਸੰਚਾਰ ਦਾ ਅਧਿਐਨ ਕਰਨਾ ਵੀ ਉਚਿਤ ਹੈ। ਆਧੁਨਿਕ ਯੁਗ ਦੇ ਮਹਾਨ ਚਿੰਤਕਾਂ ਨੇ ਇਸ ਗਲ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਕਿ ਧਰਮ ਕਿਸੇ ਸੰਸਕ੍ਰਿਤੀ ਦੀ ਵਸਤੂ ਹੁੰਦੀ ਹੈ ਅਤੇ ਸੰਸਕ੍ਰਿਤੀ ਕਿਸੇ ਧਰਮ ਦਾ ਰੂਪ ਹੁੰਦੇ ਹੈ। ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਬਤੌਰ ਧਾਰਮਿਕ ਵਿਸ਼ਲੇਸ਼ਣ ਇਕ ਨਿਸਚਿਤ ਪ੍ਰਕਾਰ ਦੀ ਸੰਚਾਰ-ਪ੍ਰਕ੍ਰਿਆ ਹੈ। ਉਸ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਲਈ ਸੰਚਾਰ, ਸੰਚਾਰ-ਵਿਗਿਆਨ ਅਤੇ ਸੰਚਾਰ ਵਿਗਿਆਨ ਦੇ ਪਰਿਪੇਖ ਵਿਚ ਸੰਸਕ੍ਰਿਤੀ ਦੇ ਨਿਰਮਾਣ ਬਾਰੇ ਪਹਿਲੇ ਅਧਿਆਏ ਵਿਚ ਸਿਧਾਂਤਕ ਵਿਚਾਰ ਕੀਤੀ ਹੈ। ਇਸ ਵਿਚਾਰ ਦੇ ਅੰਤਰਗਤ ਅਸੀਂ ਇਸ ਸਿੱਟੇ ਤੇ ਪੁਜੇ ਹਾਂ ਕਿ 'ਸੰਚਾਰ' ਸਮੁੱਚੇ ਬ੍ਰਹਿਮੰਡ ਦੀ ਕੇਂਦਰੀ ਸ਼ਕਤੀ ਹੈ। ਜਦੋਂ ਇਹ ਸੰਚਾਰ-

ਪ੍ਰਕ੍ਰਿਆ ਭਾਸ਼ਾ ਦੁਆਰਾ ਮਨੁੱਖੀ ਸਮਾਜ ਦੀ ਹੋਂਦ ਦਾ ਅਧਾਰ ਬਣਦੀ ਹੈ ਤਾਂ ਇਕ ਨਿਸ਼ਚਿਤ ਉਦੇਸ਼ਾਂ ਵਾਲੀ ਸੰਸਕ੍ਰਿਤੀ ਦਾ ਨਿਰਮਾਣ ਹੁੰਦਾ ਹੈ । ਇਸ ਸੰਸਕ੍ਰਿਤੀ ਦੇ ਵਿਕਾਸ ਵਿੱਚ ਧਰਮ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ । ਇਸੇ ਲਈ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰਧਰਮੀ ਵਾਰਤਾਲਾਪ ਦਾ ਭਾਰਤੀ ਸੰਸਕ੍ਰਿਤੀ ਦੇ ਸੰਦਰਭ ਵਿੱਚ ਅਧਿਐਨ ਕਰਦੇ ਸਮੇਂ ਉਨ੍ਹਾਂ ਸੰਚਾਰ ਜੁਗਤਾਂ ਅਥਵਾ ਸੰਚਾਰ ਵਿਧਿਆਨ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ । ਸੰਚਾਰ ਵਿਧਿਆਨ ਦੇ ਮਾਧਿਅਮ ਦੁਆਰਾ ਉਸਾਰੇ ਗਏ ਵਾਰਤਾਲਾਪ ਸਾਹਿਤ ਦੀ ਸਿਰਜਨਾ ਕਰਦੇ ਹਨ । ਗੁਰੂ ਨਾਨਕ ਬਾਣੀ ਜਿਥੇ ਰਹੱਸਮਈ ਅਨੁਭਵ ਦਾ ਸ਼ਾਬਦਿਕ ਸਰੂਪ ਹੈ, ਉਥੇ ਇਕ ਕਾਵਿ- ਵਿਧਾ ਵੀ ਹੈ । ਇਸ ਕਾਵਿ-ਵਿਧਾ ਦੇ ਅੰਤਰਗਤ ਹੀ ਅੰਤਰ-ਧਰਮੀ ਵਾਰਤਾਲਾਪ ਆਪਣੇ ਸਰੂਪ ਦੇ ਧਾਰਨੀ ਬਣਦੇ ਹਨ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਬਤੌਰ ਇਕ ਕਾਵਿ-ਵਿਧਾ ਦੇ ਇਕ ਬਹੁਵੀਂ ਸੰਚਾਰ-ਪ੍ਰਕ੍ਰਿਆ ਦੇ ਧਾਰਨੀ ਹਨ । ਇਸ ਲਈ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦੀ ਸੰਚਾਰ ਪ੍ਰਕ੍ਰਿਆ ਨੂੰ ਸਮਝਣ ਲਈ ਅਸਾਂ ਗੁਰੂ ਨਾਨਕ ਬਾਣੀ ਅਤੇ ਇਸ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦੇ ਮਾਧਿਅਮ ਵਜੋਂ ਵਰਤੋਂ ਵਿੱਚ ਲਿਆਂਦੀ ਗਈ ਸੰਚਾਰ-ਪ੍ਰਕ੍ਰਿਆ ਨੇ ਸਮਾਜ ਵਿਚ ਇਕ ਸਭਿਆਚਾਰਕ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਸੀ। ਜਿਵੇਂ ਕਿ ਅਸੀਂ ਅਧਿਐਨ ਵਿਚ ਵੀ ਵੇਖ ਆਏ ਹਾਂ ਕਿ ਸੰਸਕ੍ਰਿਤੀ ਅਤੇ ਧਰਮ ਦਾ ਸੰਬੰਧ ਅੰਤਰਨਿਕਟ ਕਿਸਮ ਦਾ ਹੁੰਦਾ ਹੈ । ਭਾਰਤੀ ਸੰਸਕ੍ਰਿਤੀ ਦੇ ਘੇਰੇ ਵਿਚ ਅਨੇਕ ਧਰਮ ਅਤੇ ਮਤ ਮਤਾਂਤਰ ਆਪਣੀ ਆਪਣੀ ਵੱਖਰੀ ਤੇ ਨਿਵੇਕਲੀ ਹੋਂਦ ਦੇ ਧਾਰਨੀ ਹਨ । ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਵਾਰਤਾਲਾਪ ਇਕ ਚਮਤਕਾਰੀ ਸੰਚਾਰ ਪ੍ਰਕ੍ਰਿਆ ਦੁਆਰਾ ਇਨ੍ਹਾਂ ਧਰਮਾਂ ਅਤੇ ਮਤਾਂ ਮਤਾਂਤਰਾਂ ਦਾ ਕੇਵਲ ਸਰਵੇਖਣ ਹੀ ਨਹੀਂ ਕਰਦੇ ਸਗੋਂ ਇਨ੍ਹਾਂ ਦਾ ਵਿਸ਼ਲੇਸ਼ਣ,ਸੰਸ਼ਲੇਸ਼ਣ ਅਤੇ ਮੁਲੰਕਣ ਵੀ ਕਰਦੇ ਹਨ । ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀ ਸੰਚਾਰ ਪ੍ਰਕ੍ਰਿਆ ਵੀ ਉਨ੍ਹਾਂ ਹੀ ਲੀਹਾਂ ਤੇ ਅਧਾਰਿਤ ਹੈ ਜਿਨ੍ਹੀਆਂ ਲੀਹਾਂ ਤੇ ਗੁਰੂ ਜੀ ਦੀ ਬਾਕੀ ਸਾਰੀ ਬਾਣੀ ਦਾ ਸੰਚਾਰ ਪ੍ਰਬੰਧ ਕਾਰਜਸ਼ੀਲ ਹੈ । ਇਸ ਸੰਚਾਰ ਪ੍ਰਕ੍ਰਿਆ ਦਾ ਮਾਧਿਅਮ ਬਤੌਰ ਸੰਚਾਰ ਜੁਗਤਾਂ ਦੇ ਲੋਕ ਰੂੜੀਆਂ ਦੀ ਵਰਤੋਂ ਸਾਂਸਕ੍ਰਿਤ ਧਰਾਤਲ ਤੇ ਬਣੀ ਹੈ। ਲੋਕ ਕਾਵਿ ਰੂਪ ਅਤੇ ਰਾਗ ਸੰਗੀਤ ਵੀ ਇਸ ਸੰਚਾਰ-ਪ੍ਰਕ੍ਰਿਆ ਦੇ ਮਹੱਤਵ ਪੂਰਨ ਪਹਿਲੂ ਹਨ । ਇਸ ਦਾ ਸਭ ਤੋਂ ਅੰਤਿਮ ਪਹਿਲੂ ਹੈ ਸਾਹਿਬ ਗੁਰੂ ਨਾਨਕ ਦੇਵ ਜੀ ਸਰਬਗੁਣ ਸੰਪੰਨ ਮਹਾਨ

ਸ਼ਖਸੀਅਤ, ਜਿਸ ਵਿਚ ਇਕ ਮਹਾਨ ਕਵੀ, ਰਸਿਕ ਆਤਮਾ, ਚੇਤੰਨ ਗਿਆਨੀ, ਸੁਗਿਆਨੀ, ਅਧਿਆਤਮਕ ਰਹਿਬਰ, ਨਿਪੁੰਨ ਸੰਗੀਤਕਾਰ ਅਤੇ ਪ੍ਰੋੜ ਸੈਲੀਕਾਰ ਵਾਲੇ ਸਾਰੇ ਗੁਣ ਸਨ ।

ਇਨ੍ਹਾਂ ਗੁਣਾਂ ਕਾਰਨ ਹੀ ਗੁਰੂ ਨਾਨਕ ਬਾਣੀ ਅਤੇ ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਬਾਣੀ ਵਿਚਲੇ ਅੰਤਰ-ਧਰਮੀ ਵਾਰਤਾਲਾਪ ਦੇ ਤੌਰ ਸੰਚਾਰ-ਪ੍ਰਕ੍ਰਿਆ ਦੇ ਸਾਂਸਕ੍ਰਿਤ ਧਰਾਤਲ ਤੇ ਲੋਕ ਰੂੜੀਆਂ ਅਥਵਾ ਲੋਕ ਮਾਨ੍ਹ ਦੀ ਭਰਪੂਰ ਵਰਤੋਂ ਕਰਦੇ ਹਨ। ਇਨ੍ਹਾਂ ਵਾਰਤਾਲਾਪਾਂ ਦੀ ਰਚਨਾ ਵਿਚ ਲੋਕ-ਕਾਵਿ ਰੂਪ ਜਿਵੇਂ ਬਾਰਾਮਾਂਹ, ਵਾਰਾਂ, ਥਿਤੀ, ਪੱਟੀ, ਅਲਾਹੁਣੀਆਂ, ਕੁਚੱਜੀ, ਸੁਚੱਜੀ, ਸੋਲਹੇ ਆਦਿ ਬਤੌਰ ਸੰਚਾਰ-ਪ੍ਰਕ੍ਰਿਆ ਦੇ ਅਹਿਮ ਭੂਮਿਕਾ ਨਿਭਾਉਂਦੇ ਹਨ । ਇਸ ਪ੍ਰਕ੍ਰਿਆ ਵਿਚ ਇਹ ਵਾਰਤਾਲਾਪ ਰਹੱਸਮਈ-ਭਾਵਾਂ ਨੂੰ ਸਰਲ ਸਾਦਾ ਅਤੇ ਜਨ ਸਧਾਰਣ ਦੀ ਭਾਸ਼ਾ ਦੁਆਰਾ ਤੱਥ ਨੂੰ ਸਥੂਲ ਰੂਪ ਵਿਚ ਸਪੱਸ਼ਟ ਕਰਦੇ ਹਨ । ਪਰ ਇਹ ਵਾਰਤਾਲਾਪ ਪੜ੍ਹੇ ਲਿਖੇ ਗਿਆਨੀਆਂ, ਚਿੰਤਕਾਂ ਅਤੇ ਦਾਰਸ਼ਨਿਕ ਵਿਅਕਤੀਆਂ ਨੂੰ ਇਹੋ ਤੱਥ ਭਾਰਤੀ ਸਾਹਿਤ-ਪਰੰਪਰਾ ਦੇ ਸੰਦਰਭ ਵਿੱਚ ਸਾਹਿਤਕ-ਕਾਵਿ ਰੂਪ ਜਿਵੇਂ, ਪਦੇ, ਦੁਪਦੇ, ਤਿਪਦੇ, ਚਉਪਦੇ, ਅਸ਼ਟਪਦੀ ਆਦਿ ਦੁਆਰਾ ਰਹੱਸਮਈ ਭਾਵ ਸੂਖਮ ਹੀ ਪੱਧਰ ਤੇ ਸਮਝਾਉਂਦੇ ਹਨ ।

ਗੁਰੂ ਨਾਨਕ ਬਾਣੀ ਵਿੱਚ ਅੰਤਰ-ਧਰਮੀ ਵਾਰਤਾਲਾਪ ਦੀਆਂ ਸੰਚਾਰ ਜੁਗਤਾਂ ਦੇ ਘੇਰੇ ਵਿਚ ਦੂਜਾ ਪ੍ਰਤੀਕਾਤਮਕ-ਪ੍ਰਵਚਨ ਵੀ ਆਉਂਦੇ ਹਨ ਜਿਨ੍ਹਾਂ ਦੁਆਰਾ ਗੁਣੀਆਂ ਤੇ ਸੂਖਮ ਭਾਵਾਂ ਸਥੂਲ ਵਸਤੂਆਂ ਦੇ ਪ੍ਰਤੀਕਾਂ ਦੁਆਰਾ ਜਨ ਸਧਾਰਣ ਦੀ ਪੱਧਰ ਤੇ ਸਮਝਣ ਯੋਗ ਬਣਾਈਆਂ ਹਨ। ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਇਸ ਸੰਚਾਰ-ਪ੍ਰਕ੍ਰਿਆ ਦੇ ਅੰਤਰਗਤ ਵੱਖ ਵੱਖ ਧਰਮਾਂ ਵਿੱਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਵਿੱਚ ਸਫਲ ਹੋਏ ਹਨ।

ਸਾਡੇ ਸ਼ੋਧ-ਪ੍ਰਬੰਧ ਦੀ ਕੇਂਦਰੀ ਸਮੱਸਿਆ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਹੈ । ਇਸ ਕੇਂਦਰੀ ਸਮੱਸਿਆ ਦਾ ਤਾਤਵਿਕ ਅਧਿਐਨ ਕਰਨ ਲਈ ਅਸਾਂ ਗੁਰੂ ਨਾਨਕ ਬਾਣੀ ਵਿੱਚ ਧਰਮ ਅਤੇ ਧਾਰਮਿਕਤਾ ਦੇ ਸੰਕਲਪ ਨੂੰ ਵਿਚਾਰਣ ਦਾ ਉਪਰਾਲਾ ਕੀਤਾ ਹੈ । ਅਸੀਂ ਸਿੱਟੇ ਤੇ ਪੁਜੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਅਤੇ ਧਾਰਮਿਕਤਾ ਦਾ ਸੰਕਲਪ ਸਰੂਪ ਵਜੋਂ, ਸੁਭਾਆਂ ਵਜੋਂ ਅਤੇ ਉਦੇਸ਼ ਪਖੋ ਆਪਣੇ ਤੋਂ ਪਹਿਲਾਂ ਹੋਏ ਧਰਮਾਂ ਅਤੇ ਮਤਾਂ-ਮਤਾਂਤਰਾਂ ਨਾਲੋਂ ਵੱਖਰੀ ਤੇ ਨਿਰਾਲੀ ਕਿਸਮ ਦਾ ਹੈ । ਜਿਥੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਧਰਮ ਅਤੇ ਮਤ-ਮਤਾਂਤਰ ਇਕ ਨਿਸਚਿਤ ਕਿਸਮ ਦੀਆਂ ਪੂਜਾ ਵਿਧੀਆਂ, ਨਿਸਚਿਤ ਕਿਸਮ ਦੀ ਨੈਤਿਕਤਾ ਅਤੇ ਬਾਹਰੀ ਰਹਿਣੀ ਬਹਿਣੀ ਨੂੰ ਸੰਕੀਰਣਤਾ ਦੀ ਦ੍ਰਿਸ਼ਟੀ ਤੋਂ ਅਪਣਾਉਂਦੇ ਹਨ, ਉਥੇ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਅਤੇ ਧਾਰਮਿਕਤਾ ਦਾ ਸੰਕਲਪ ਅਕਾਲ ਵਾਂਗ

ਸਰਬਕਾਲੀ ਅਤੇ ਸਰਬ ਵਿਆਪਕ ਪੂਜਾ-ਵਿਧੀਆਂ ਅਤੇ ਸਰਬ ਸਾਂਝੀ ਮਾਨਵਤਾ ਦੀ ਨੈਤਿਕਤਾ ਨੂੰ ਅਪਣਾਉਂਦਿਆਂ ਹੋਇਆਂ ਕਰਤਾਰ ਦੇ ਕਰਤਾਰੀ ਲੋਕਾਂ ਅਨੁਸਾਰ ਵਿਚਰਨ ਦਾ ਉਪਦੇਸ਼ ਦੇਂਦੇ ਹਨ।

ਆਪਣੇ ਇਸ ਮੰਤ ਦੀ ਪੂਰਤੀ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਸਾਰੇ ਧਰਮਾਂ ਅਤੇ ਮਤਾਂ ਮਤਾਂਤਰਾਂ ਬਾਰੇ ਵੀ ਚਰਚਾ ਕੀਤੀ ਜਾਵੇ ਜਿਨ੍ਹਾਂ ਬਾਰੇ ਗੁਰੂ ਨਾਨਕ ਬਾਣੀ ਵਿਚ ਰਚਨਾਤਮਕ ਪੱਧਰ ਦੇ ਵਾਰਤਾਲਾਪ ਪ੍ਰਾਪਤ ਹਨ। ਇਨ੍ਹਾਂ ਵਿਚੋਂ ਹਿੰਦੂ ਮੱਤ, ਉਪਨਿਸ਼ਦਕ ਤੱਤ ਗਿਆਨ, ਜੋਗ ਮਤ, ਜੈਨ ਮਤ, ਬੁੱਧ ਮਤ, ਸ਼ੈਵ ਮਤ, ਸ਼ਾਕਤ ਮਤ, ਸਾਂਖ ਅਤੇ ਚਾਰਵਾਕਾ ਮਤ ਸਾਡੀ ਚਰਚਾ ਦਾ ਵਿਸ਼ਾ ਬਣੇ ਹਨ। ਅਭਾਰਤੀ ਮਤਾਂ ਵਿਚੋਂ ਇਸਲਾਮ ਮਤ ਅਤੇ ਇਸ ਦੇ ਘੇਰੇ ਦਾ ਸੂਫ਼ੀ ਮਤ ਵੀ ਵਿਚਾਰ ਹੇਠ ਰਖੇ ਗਏ ਹਨ। ਗੁਰੂ ਨਾਨਕ ਬਾਣੀ ਵਿੱਚ ਇਨ੍ਹਾਂ ਧਰਮਾਂ ਦੀ ਸਾਰਥਿਕਤਾ ਬਾਰੇ ਤਾਂ ਵਿਸਥਾਰ ਵਿਚਾਰ ਅਗਲੇ ਅਧਿਆਏ ਵਿੱਚ ਕੀਤੀ ਹੈ। ਇਥੇ ਕੇਵਲ ਇਨ੍ਹਾਂ ਮਤਾਂ ਨੂੰ ਧਰਮ ਅਤੇ ਧਾਰਮਿਕਤਾ ਦੇ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ। ਅਜਿਹਾ ਇਸ ਲਈ ਕੀਤਾ ਹੈ ਤਾਂ ਕਿ ਗੁਰੂ ਨਾਨਕ ਬਾਣੀ ਵਿਚ ਧਰਮ ਅਤੇ ਧਾਰਮਿਕਤਾ ਪ੍ਰਤੀ ਉਸ ਵਿਗਿਆਨਕ ਦ੍ਰਿਸ਼ਟੀ ਦਾ ਨਿਰੀਖਣ ਕੀਤਾ ਜਾ ਸਕੇ ਜਿਸਨੇ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰਧਰਮੀ ਵਾਰਤਾਲਾਪ ਦਾ ਅਧਾਰ ਬਣਨਾ ਹੈ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਅਤੇ ਧਾਰਮਿਕਤਾ ਦੇ ਪ੍ਰਸ਼ਨ ਬਾਰੇ ਵੱਖ ਵੱਖਾਂ ਧਰਮਾਂ ਅਤੇ ਮਤਾਂ ਮਤਾਂਤਰਾਂ ਦੇ ਪਰਿਪੇਖ ਵਿਚ ਵਿਚਾਰ ਕਰਦੇ ਸਮੇਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਗੁਰੂ ਨਾਨਕ ਸਾਹਿਬ ਧਰਮ ਅਤੇ ਧਾਰਮਿਕਤਾ ਦੀ ਸਮੱਸਿਆ ਦਾ ਸਮਾਧਾਨ ਕਰਦੇ ਸਮੇਂ ਯਥਾਰਥਿਕ ਅਤੇ ਵਿਗਿਆਨਕ ਪਹੁੰਚ ਨੂੰ ਅਪਣਾਉਂਦੇ ਹਨ। ਇਸੇ ਲਈ ਗੁਰੂ ਸਾਹਿਬ ਧਰਮ ਅਤੇ ਧਾਰਮਿਕਤਾ ਦੇ ਖੇਤਰ ਵਿੱਚ ਪਾਏ ਜਾਂਦੇ ਹਰ ਪ੍ਰਕਾਰ ਦੇ ਵਹਿਮ, ਭਰਮ ਅਤੇ ਅੰਧ ਵਿਸ਼ਵਾਸ਼ ਜਾਂ ਵਿਖਾਵੇ ਦੇ ਕਰਮ-ਕਾਂਡਾਂ ਦੀ ਨਕਾਰਣ ਕਰਦੇ ਹਨ। ਗੁਰੂ ਸਾਹਿਬ ਇਨ੍ਹਾਂ ਖੇਤਰਾਂ ਵਿੱਚ ਮਨੁੱਖ ਨੂੰ 'ਕਹਿਣੀ' ਅਤੇ 'ਕਰਨੀ' ਦਾ ਇਕ ਹੋਣ ਦੀ ਪ੍ਰੇਰਣਾ ਦੇਂਦੇ ਹਨ। ਇਸ ਲਈ ਸੱਚ ਅਤੇ ਸੱਚਾ-ਆਚਾਰ ਦੋਵੇਂ ਹੋਣ ਗੁਰਮਤਿ ਦਾ ਮੂਲ ਅਧਾਰ ਹਨ। ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਅਤੇ ਧਾਰਮਿਕਤਾ ਦੀ ਸਮੱਸਿਆ ਉਪਰੋਕਤ ਧਰਮਾਂ ਅਤੇ ਮਤਾਂ ਮਤਾਂਤਰਾਂ ਬਾਰੇ ਵੀ ਵਿਗਿਆਨਕ ਤੇ ਯਥਾਰਥਿਕ ਪਹੁੰਚ ਵਿਧੀ ਦੀ ਧਾਰਣੀ ਹੈ। ਇਸੇ ਲਈ ਇਸ ਪਹੁੰਚ ਵਿਧੀ ਦਾ ਉਪਦੇਸ਼ ਹੈ, ਜੇ ਮੁਸਲਮਾਨ ਹੈ ਤਾਂ ਸੱਚਾ ਮੁਸਲਮਾਨ ਬਣ ਅਤੇ ਜੇ ਹਿੰਦੂ ਹੈ ਤਾਂ ਸੱਚਾ ਹਿੰਦੂ ਬਣ। ਜੇ ਜੋਗੀ ਹੈ ਅਤੇ ਜੋਗ ਦੇ ਤੱਤ ਸਾਰ ਨੂੰ ਸਮਝ ਕੇ ਸੱਚਾ ਜੋਗੀ ਬਣ। ਹਰ ਪ੍ਰਕਾਰ ਦੇ ਆਡੰਬਰ

ਵਿਧਾਨਾਂ ਅਤੇ ਪਾਖੰਡ ਨੂੰ ਤਿਆਗ ਕੇ ਹੀ ਵਿਅਕਤੀ ਸੱਚੇ ਧਰਮ ਅਤੇ ਸੱਚੀ ਧਾਰਮਿਕਤਾ ਦੀ ਪਛਾਣ ਕਰ ਸਕਦਾ ਹੈ । ਗੁਰੂ ਨਾਨਕ ਬਾਣੀ ਜਿਥੇ ਸਮੂਹ ਧਰਮਾਂ ਦੇ ਵਿਸ਼ਲੇਸ਼ਣ ਅਤੇ ਮੁਲੰਕਣ ਉਪਰੰਤ ਇਕ ਸਰਬਕਾਲੀ, ਸਦੀਵੀ ਤੇ ਸਰਬ ਪ੍ਰਵਾਨਿਤ ਮੱਤ ਵੀ ਪੇਸ਼ ਕਰਦੀ ਹੈ ਜਿਹੜਾ ਕਿ ਸਿੱਖ ਧਰਮ ਦੇ ਸਰੂਪ ਵਿੱਚ ਭਾਰਤ ਵਿੱਚ ਉਭਰਿਆ। ਜਿਸਨੇ ਭਾਰਤੀ ਸਭਿਆਚਾਰ ਨੂੰ ਤੇ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਨਵੀਂ ਦਿਸ਼ਾ ਦੇ ਸੰਦਰਭ ਵਿਚ ਹੀ ਅਸੀਂ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰਧਰਮੀ ਵਾਰਤਾਲਾਪ ਦਾ ਵਿਸਤ੍ਰਿਤ ਅਧਿਐਨ ਕਰਨ ਦਾ ਯਤਨ ਕੀਤਾ ਹੈ ।

ਸਾਡੇ ਸ਼ੋਧ-ਪ੍ਰਬੰਧ ਦਾ ਕੇਂਦਰੀ ਥੀਸਸ ਉਪਰੋਕਤ ਵਿਚਾਰ ਦੀ ਰੋਸ਼ਨੀ ਵਿਚ ਚੌਥੇ ਅਧਿਆਏ ਵਿੱਚ ਪ੍ਰਸਤੁਤ ਹੋਇਆ ਹੈ । ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀਆਂ ਸੰਚਾਰ ਜੁਗਤਾਂ, ਸੰਚਾਰ ਪ੍ਰਕ੍ਰਿਆ ਅਤੇ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਧਰਮ ਤੇ ਧਾਰਮਿਕਤਾ ਦੇ ਪਰਿਪੇਖ ਵਿਚ ਵੱਖ ਵੱਖ ਭਾਰਤੀ ਅਤੇ ਅਭਾਰਤੀ ਧਰਮਾਂ ਅਤੇ ਮਤਾਂ ਮਤਾਂਤਰਾਂ ਬਾਰੇ ਦੀਰਘ ਵਿਚਾਰ ਕਰਨ ਉਪਰੰਤ ਅਸੀਂ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਬਾਰੇ ਚਰਚਾ ਕਰਦੀ ਹੈ । ਪ੍ਰਕ੍ਰਿਤੀ ਤੇ ਪ੍ਰਵਿਰਤੀ ਬਾਰੇ ਚਰਚਾ ਕਰਨ ਤੋਂ ਪਹਿਲਾਂ ਸਿਧਾਂਤਕ ਦ੍ਰਿਸ਼ਟੀ ਤੋਂ ਵਾਰਤਾਲਾਪ ਦੇ ਸਰੂਪ, ਪਰਿਭਾਸ਼ਾ, ਉਦੇਸ਼ ਅਤੇ ਪ੍ਰਕਾਰਜ ਆਦਿ ਬਾਰੇ ਵੀ ਚਰਚਾ ਕਰਦਿਆਂ 'ਹੋਇਆਂ' ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਵਾਰਤਾਲਾਪ ਮਨੁੱਖੀ ਸਭਿਅਤਾ ਅਤੇ ਸਭਿਆਚਾਰ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ । ਮਨੁੱਖ ਨੇ ਸਮਾਜ ਦੀ ਰਚਨਾ ਵੀ ਵਾਰਤਾਲਾਪ ਦੀ ਸ਼ਕਤੀ ਦੁਆਰਾ ਕੀਤੀ ਹੈ। ਵਾਰਤਾਲਾਪ ਸਮੂਹਾਂ ਦੋ ਧਿਰਾਂ ਜਾਂ ਦੋ ਸਿਰਿਆਂ ਦੇ ਵਿਚਾਲੇ ਹੁੰਦਾ ਹੈ । ਇਹ ਦੋ ਧਿਰਾਂ ਦੋ ਵਿਅਕਤੀ ਵੀ ਹੋ ਸਕਦੇ ਹਨ, ਦੋ ਪਾਰਟੀਆਂ ਵੀ ਅਤੇ ਦੋ ਧਰਮ ਵੀ ਜਾਂ ਦੋ ਤੋਂ ਵੱਧ ਵਿਅਕਤੀ ਜਾਂ ਧਰਮ ਵੀ। ਵਾਰਤਾਲਾਪ ਦੀ ਸਿਧਾਂਤਕ ਰੂਪ ਵਿਚ ਪਰਿਭਾਸ਼ਾ ਕਰਦਿਆਂ ਹੋਇਆਂ ਗੁਰੂ ਨਾਨਕ ਸਾਹਿਬ ਨੇ ਖੁਦ ਫੁਰਮਾਣ ਕੀਤਾ ਹੈ :

"ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ।
ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ।

ਅਰਥਾਤ ਮਨੁੱਖੀ ਜੀਵਨ ਦਾ ਧਰਮ ਉਸੇ ਕਹਿਣ ਸੁਣਨ ਦੀ ਪ੍ਰਕ੍ਰਿਆ ਨੂੰ ਧਾਰਣ ਕਰਨਾ ਹੈ ਅਤੇ ਅਤੇ ਇਹ ਪ੍ਰਕ੍ਰਿਆ ਵਾਰਤਾਲਾਪ ਹੈ। ਇਹ ਵੀ ਵਾਰਤਾਲਾਪ ਵਿਚਾਰਾਂ ਦੇ ਅਦਾਨ-ਪ੍ਰਦਾਨ ਨਾਲ ਸਮਾਜ ਦੀ ਸਿਰਜਣਾ ਕਰਦਾ ਹੈ । ਵਾਰਤਾਲਾਪ ਆਪਣੇ ਆਪ ਵਿਚ ਇਕ

ਸੰਵਾਦ-ਪ੍ਰਕ੍ਰਿਆ ਦਾ ਨਾਟਕੀ ਰੂਪ ਹੈ । ਵਾਰਤਾਲਾਪ ਰਚੇਤਾ ਇਸ ਪ੍ਰਕ੍ਰਿਆ ਦੇ ਮਾਧਿਅਮ ਵਜੋਂ ਕਦੀ ਤਾਂ ਸਿਧੀ ਤੇ ਸਪੱਸ਼ਟ ਗਲ ਕਰਦਾ ਹੈ ਅਤੇ ਕਦੀ ਚਿੰਨ੍ਹਾਂ ਜਾਂ ਪ੍ਰਤੀਕਾਂ ਦੀ ਵਰਤੋਂ ਦੁਆਰਾ ਭਾਵਾਂ ਦਾ ਨਿਰੂਪਣ ਕਰਦਾ ਹੈ ।

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਮੁਖੀ ਵਾਰਤਾਲਾਪ ਸ਼ੈਲੀ ਸੰਵਾਦ-ਪ੍ਰਕ੍ਰਿਆ ਦੇ ਜਿਸ ਵਾਰਤਾਲਾਪੀ ਸ਼ੈਲੀ ਨੂੰ ਅਪਣਾਉਂਦੇ ਹਨ ਉਸ ਸ਼ੈਲੀ ਵਿਚ ਗੁਰੂ ਜੀ ਕਿਸੇ ਜਾਂ ਤੇ ਤਾਂ ਕਿਸੇ ਵਿਸ਼ਿਸ਼ਟ ਧਾਰਮਿਕ ਵਿਅਕਤੀ ਨੂੰ ਸੰਬੋਧਨ ਕਰਕੇ ਜਾਂ ਸਨਮੁਖ ਰੱਖ ਕੇ ਵਾਰਤਾਲਾਪ ਰਚਦੇ ਹਨ । ਕਈ ਵਾਰੀ ਉਸ ਸਮੇਂ ਦੇ ਆਮ, ਸਾਧਾਰਣ ਵਿਅੱਕਤੀ ਨੂੰ ਸੰਬੋਧਨੀ ਸ਼ੈਲੀ ਦੁਆਰਾ ਸੰਬੋਧਿਤ ਹੋ ਕੇ ਵਾਰਤਾਲਾਪ ਉਸਾਰਦੇ ਹਨ। ਕਈ ਵਾਰੀ ਗੁਰੂ ਜੀ ਕਿਸੇ ਵਿਸ਼ੇਸ਼ ਧਰਮ ਨੂੰ ਸਨਮੁਖ ਰੱਖ ਕੇ ਵਾਰਤਾਲਾਪ ਰਚਦੇ ਹਨ ਅਤੇ ਕਈ ਵਾਰੀ ਇਕ ਤੋਂ ਵਧੇਰੇ ਧਰਮਾਂ ਨਾਲ ਇਕੋ ਸਮੇਂ ਸੰਵਾਦ ਰਚਾਉਂਦੇ ਹਨ। ਗੁਰੂ ਨਾਨਕ ਬਾਣੀ ਵਿੱਚ ਧਰਮ-ਵਿਸ਼ੇਸ਼ ਦੇ ਸਿਧਾਂਤਕ ਵਿਚਾਰਾਂ ਨਾਲ ਵੀ ਸੰਵਾਦ ਰਚਾਏ ਗਏ ਹਨ । ਆਮ ਜਾਂ ਸਧਾਰਨ ਵਿਅੱਕਤੀਆਂ ਤੋਂ ਬਿਨਾਂ ਪੰਡਿਤ, ਬ੍ਰਾਹਮਣ, ਮੁੱਲਾਂ, ਕਾਜ਼ੀ, ਜੋਗੀ, ਆਦਿ ਵਿਅੱਕਤੀ-ਵਿਸ਼ੇਸ਼ ਨਾਲ ਵੀ ਸੰਵਾਦ ਰਚਾਇਆ ਹੈ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰਮੁਖੀ ਵਾਰਤਾਲਾਪ ਨਾ ਤਾਂ ਹਿੰਦੂ ਮਤ, ਨਾਂ ਇਸਲਾਮ, ਨਾਂ ਜੋਗ, ਬੁੱਧ, ਜੈਨ, ਸ਼ਾਕਤ ਜਾਂ ਕਿਸੇ ਮਤ ਦੇ ਵਿਰੋਧੀ ਹਨ। ਨਾਂ ਹੀ ਇਹ ਵਾਰਤਾਲਾਪ ਇਨ੍ਹਾਂ ਧਰਮਾਂ ਦੇ ਧਾਰਮਿਕ ਵਿਸ਼ਵਾਸ਼ ਨੂੰ ਮਾੜਾ ਸਿਧ ਕਰਦੇ ਹਨ। ਸਗੋਂ ਇਹ ਵਾਰਤਾਲਾਪ ਤਾਂ ਇਸ ਗੱਲ ਤੇ ਜ਼ੋਰ ਦੇਂਦੇ ਹਨ ਕਿ ਧਰਮ ਦੀ ਆਤਮਾ ਨੂੰ ਸਮਝੋ, ਜੇ ਮੁਸਲਮਾਨ ਹੋ ਤਾਂ ਸਚੇ ਮੁਸਲਮਾਨ ਬਣੋ। ਇਸੇ ਤਰ੍ਹਾਂ ਸਚੇ ਜੈਨੀ, ਸਚੇ ਬੋਧੀ, ਸਚੇ ਜੋਗੀ, ਸੱਚੇ ਸ਼ੈਵ ਅਤੇ ਸੱਚੇ ਸਰੇਵੜੇ ਆਦਿ ਬਣਨ ਦਾ ਉਪਦੇਸ਼ ਹੈ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਮੁਖੀ ਵਾਰਤਾਲਾਪ, ਹਰ ਪ੍ਰਕਾਰ ਦੇ ਭੇਖਾਂ ਪਾਖੰਡਾਂ ਅਧਾਰ ਵਿਖਾਵੇ ਦੇ ਬਾਹਰੀ ਚਿੰਨ੍ਹਾਂ ਦੀ ਕੱਟੜਤਾ ਨਾਲ ਪਾਲਣ ਕਰਨ ਨੂੰ ਹੀ ਅੰਤਿਮ ਲਕਸ਼ ਸਮਝਣ ਦੇ ਵਿਚਾਰਾਂ ਦੀ ਵਿਰੋਧੀ ਕਰਦੇ ਹਨ ।

ਗੁਰੂ ਜੀ ਇਨ੍ਹਾਂ ਸਾਰੇ ਭਾਰਤੀ ਅਤੇ ਅਭਾਰਤੀ ਧਰਮਾਂ ਨਾਲ ਸੰਵਾਦ ਰਚਾਉਂਦੇ ਹੋਏ ਯਥਾਰਥ ਦੀ ਪੱਧਰ ਤੇ ਹਰ ਗੱਲ ਨੂੰ ਵਿਗਿਆਨਕ ਢੰਗ ਨਾਲ ਦਲੀਲ ਦੀ ਕਸੌਟੀ ਤੇ ਪਰਖ ਕੇ ਸਮਝਾਉਂਦੇ ਹਨ । ਇਹਨਾਂ ਧਰਮਾਂ ਵਿੱਚ ਆਤਮਿਕ ਅਤੇ ਆਚਰਣਿਕ ਗਿਰਾਵਟ ਦਾ ਵਿਗਿਆਨਕ ਵਿਸ਼ਲੇਸ਼ਣ, ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਮੁਖੀ ਵਾਰਤਾਲਾਪ ਵਿਗਿਆਨਕ ਦ੍ਰਿਸ਼ਟੀ

ਤੋਂ ਪੇਸ਼ ਕਰਦੇ ਹਨ । ਫਿਰ ਇਨ੍ਹਾਂ ਵਾਰਤਾਲਾਪਾਂ ਦੀ ਖੂਬੀ ਇਸ ਗੱਲ ਵਿਚ ਹੈ ਕਿ ਇਹ ਵਿਗਿਆਨਕ ਵਿਸ਼ਲੇਸ਼ਣ ਕਰਨ ਤੱਕ ਹੀ ਸੀਮਤ ਨਹੀਂ ਰਹਿੰਦੇ ਸਗੋਂ ਸਹੀ ਜੀਵਨ-ਜਾਚ ਦਾ ਰਸਤਾ ਵੀ ਵਿਖਾਉਂਦੇ ਹਨ ।

ਗੁਰੂ ਨਾਨਕ ਬਾਣੀ ਵਿੱਚ ਅੰਤਰ ਧਰਮੀ ਵਾਰਤਾਲਾਪ ਦੀ ਕੇਂਦਰੀ ਸਮੱਸਿਆ ਦਾ ਸਮਾਧਾਨ ਕਰਦੇ ਹੋਏ ਅਸੀਂ ਆਪਣੇ ਸ਼ੋਧ ਕਾਰਜ ਦੇ ਅੰਤਿਮ ਭਾਗ ਵਿਚ ਅਸਾਂ ਸਮੁੱਚੀ ਵਿਚਾਰ ਦੇ ਆਧਾਰ ਤੇ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦੇ ਸੁਭਾਅ ਅਤੇ ਮੰਤਵ ਬਾਰੇ ਕੁਝ ਨਿਰਣੇ ਕਢੇ ਹਨ। ਇਨ੍ਹਾਂ ਨਿਰਣਿਆਂ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪੁਜੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਸਹਿਜ ਪ੍ਰਕ੍ਰਿਤੀ ਦੇ ਧਾਰਨੀ ਹਨ। ਇਨ੍ਹਾਂ ਵਿਚ ਕਿਤੇ ਵੀ ਰੂਪ ਭਾਵੁਕਤਾ ਜਾਂ ਈਰਖਾ ਜਾਂ ਕਰੋਧ ਦੀ ਭਾਵਨਾ ਉਤਪੰਨ ਨਹੀਂ ਹੋਈ। ਇਹ ਵਾਰਤਾਲਾਪ ਉਦੇਸ਼ ਵਜੋਂ ਵੀ ਸਹਿਜ ਦ੍ਰਿਸ਼ਟੀ ਦੇ ਧਾਰਨੀ ਹਨ ਅਤੇ ਕਿਸੇ ਧਰਮ ਨੂੰ ਛੁਟਿਆਉਣ ਜਾਂ ਕਿਸੇ ਨੂੰ ਵਡਿਆਉਣ ਦੇ ਮੰਤਵ ਨਾਲ ਨਹੀਂ ਰਚੇ ਗਏ। ਸਗੋਂ ਇਨ੍ਹਾਂ ਦੀ ਰਚਨਾਂ ਤਾਂ ਸਰਬ ਸਾਂਝੀ ਮਾਨਵਤਾ ਲਈ ਸਰਬ ਸਾਂਝੇ ਪੈਗਾਮ ਨੂੰ ਪ੍ਰਸਤੁਤ ਕਰਦਾ ਹੈ।

ਵੱਖ ਵੱਖ ਧਰਮਾਂ ਨਾਲ, ਇਨ੍ਹਾਂ ਧਰਮਾਂ ਦੇ ਸਾਧਾਰਨ ਵਿਅਕਤੀਆਂ ਨਾਲ, ਵਿਸ਼ੇਸ਼ ਜਾਂ ਵਿਸ਼ਿਸ਼ਟ ਵਿਅਕਤੀਆਂ ਨਾਲ ਜਾਂ ਕਿਸੇ ਧਰਮ ਦੇ ਸਿਧਾਂਤਾਂ ਨਾਲ ਸੰਵਾਦ ਰਚਾਂਦੇ ਸਮੇਂ ਇਹ ਵਾਰਤਾਲਾਪ ਮੂਲ ਸਹਿਜ ਦ੍ਰਿਸ਼ਟੀ ਨੂੰ ਤਿਆਗ ਨਹੀਂ ਸਕਦੇ ਹਨ। ਕਿਸੇ ਧਰਮ ਨੂੰ ਇਨ੍ਹਾਂ ਵਾਰਤਾਲਾਪਾਂ ਦੇ ਮਾਧਿਅਮ ਦੁਆਰਾ ਭੰਡਿਆ ਜਾਂ ਮਾੜਾ ਨਹੀਂ ਕਿਹਾ ਗਿਆ । ਧਰਮਾਂ ਦਾ ਵਿਸ਼ਲੇਸ਼ਣ ਸਹਿਜ ਰੂਪ ਵਿਚ ਬਿਨਾਂ ਕਿਸੇ ਪ੍ਰਕਾਰ ਦੀ ਉਪਭਾਵੁਕਤਾ, ਨਿੰਦਕਤਾ ਜਾਂ ਬਿਨਾਂ ਕਿਸੇ ਪੱਖ ਪਾਤ ਦੇ ਕੀਤਾ ਹੈ । ਇਹੀ ਇਸ ਵਾਰਤਾਲਾਪ ਦੀ ਵਿਸ਼ਿਸ਼ਟ ਪ੍ਰਾਪਤੀ ਹੈ ।

ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਦ੍ਰਿਸ਼ਟੀ ਵਜੋਂ ਜਿਥੇ ਸਹਿਜ-ਦ੍ਰਿਸ਼ਟੀ ਦੇ ਧਾਰਨੀ ਹਨ ਉਥੇ ਵਿਗਿਆਨਕ ਪਹੁੰਚ ਵਿਧੀ ਦੇ ਧਾਰਨੀ ਵੀ ਹਨ । ਇਹ ਵਾਰਤਾਲਾਪ ਮਨੋਵਿਗਿਆਨਕ ਪੱਧਰ ਤੇ ਰਚਾਏ ਗਏ ਹੋਣ ਕਰਕੇ ਸਿਧਾਂ ਤੇ ਤੁਰੰਤ ਪ੍ਰਭਾਵ ਉਤਪਨ ਕਰਨ ਦੀ ਸਮਰੱਥਾ ਰੱਖਦੇ ਹਨ । ਇਹੀ ਕਾਰਨ ਹੈ ਕਿ ਸਾਹਿਬ ਗੁਰੂ ਨਾਨਕ ਦੇਵ ਜੀ ਪ੍ਰਮੁੱਖ ਧਾਰਮਿਕ ਕੇਂਦਰਾਂ ਵਿੱਚ ਜਦੋਂ ਉਨ੍ਹਾਂ ਧਰਮਾਂ ਨਾਲ ਸੰਵਾਦ ਰਚਾਉਂਦੇ ਸਨ ਤਾਂ ਉਹ ਆਪਣੇ ਪੱਖ ਦੇ ਇੱਕਲੇ ਵਿਅਕਤੀ ਹੀ ਹੁੰਦੇ ਸਨ ਜਦੋਂ ਕਿ ਵਿਰੋਧੀ ਮਤ ਵਾਲੇ ਬਹੁ-ਸੰਖਿਆ ਵਿੱਚ ਹੁੰਦੇ ਸਨ । ਇਹ ਕਰਾਮਾਤ ਇਨ੍ਹਾਂ ਅੰਤਰ ਧਰਮੀ ਵਾਰਤਾਲਾਪ ਦੀ ਪਹੁੰਚ ਵਿਧੀ ਦੀ ਹੀ ਹੁੰਦੀ ਸੀ ਕਿ ਵਿਰੋਧੀ ਬਹੁ-ਗਿਣਤੀ ਵਿੱਚ ਹੁੰਦੇ ਹੋਏ ਵੀ ਗੁਰੂ ਜੀ ਦਾ ਵਿਰੋਧ ਨਹੀਂ ਸਨ ਕਰ ਸਕਦੇ

ਅਤੇ ਉਨ੍ਹਾਂ ਦੁਆਰਾ ਦਰਸਾਏ ਗਏ ਗਿਆਨ ਨਾਲ ਸਹਿਮਤਿ ਹੋ ਜਾਂਦੇ ਸਨ । ਅਜਿਹਾ ਇਸ ਲਈ ਹੁੰਦਾ ਸੀ ਕਿਉਂਕਿ ਗੁਰੂ ਜੀ ਦੁਆਰਾ ਕਰਵਾਇਆ ਗਿਆ ਸੰਵਾਦ ਸਰੋਤਿਆਂ ਦੀ ਅੰਤਰ-ਆਤਮਾਂ ਨੂੰ ਸਿਧੇ ਹੀ ਪ੍ਰਤੀਤ ਢੰਗ ਨਾਲ ਛੂੰਹਦਾ ਸੀ । ਇਸ ਦਾ ਭਾਵ ਇਹ ਹੋਇਆ ਕਿ ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਸੰਚਾਰ-ਵਿਗਿਆਨ ਅਜਿਹੀਆਂ ਵਿਧੀਆਂ ਅਤੇ ਜੁਗਤਾਂ ਦਾ ਪ੍ਰਯੋਗ ਕਰਦੀ ਹੈ ਜਿਹੜੀਆਂ ਸਮੂਹ ਨਾਨਕ ਬਾਣੀ ਦੇ ਮਨਾਂ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰਖਦੀਆਂ ਹਨ ।

ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦਾ ਸੰਚਾਰ-ਵਿਗਿਆਨ, ਇਸ ਵਾਰਤਾਲਾਪ ਦੀ ਉਸਾਰੀ ਕਰਨ ਸਮੇਂ ਸਭ ਤੋਂ ਵਧੀਕ ਵਰਤੋਂ ਲੋਕ ਮਾਨਸ ਦੀ ਕਰਦਾ ਹੈ । ਲੋਕ-ਮਾਨਸ ਵਿਚ ਕਿਸੇ ਸਮਾਜ ਦਾ ਸਭਿਆਚਾਰਕ ਵਿਰਸਾ ਅਤੇ ਉਸ ਦੀਆਂ ਲੋਕ-ਰੂੜੀਆਂ ਸਮਿਲਤ ਹੁੰਦੀਆਂ ਹਨ । ਇਹ ਲੋਕ ਰੂੜੀਆਂ ਵਿਅਕਤੀਆਂ ਦੇ ਚੇਤਨ ਅਤੇ ਅਚੇਤਨ ਮਨ ਵਿਚ ਸਹਿਜ ਰੂਪ ਵਿਚ ਵਿਰਸੇਗਤ ਗਿਆਨ ਦੇ ਰੂਪ ਵਿੱਚ ਟਿਕੀਆਂ ਰਹਿੰਦੀਆਂ ਹਨ । ਜਦੋਂ ਕੋਈ ਸਮਾਜ ਸਾਹਿਤਕਾਰ ਆਪਣੇ ਵਿਚਾਰਾਂ ਦਾ ਸੰਚਾਰ ਇਨ੍ਹਾਂ ਲੋਕ ਰੂੜੀਆਂ ਨੂੰ ਸੰਦੇਸ਼ ਵਿਚ ਰੱਖ ਕੇ ਕਰਦੇ ਹਨ ਤਾਂ ਲੋਕ-ਮਨ ਤੁਰੰਤ ਪ੍ਰਭਾਵਤ ਹੋ ਜਾਂਦਾ ਹੈ ਅਤੇ ਲੋਕ ਕਹੀ ਗਈ ਗਲ ਨੂੰ ਛੇਤ ਸਮਝ ਜਾਂਦੇ ਹਨ । ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ ਵਾਰਤਾਲਾਪ ਦਾ ਸੰਚਾਰ ਵਿਗਿਆਨ ਵੀ ਇਸੇ ਪ੍ਰਭਾਵਸ਼ਾਲੀ ਵਿਧੀ ਅਥਵਾ ਸੰਚਾਰ-ਜੁਗਤ ਦੀ ਵਰਤੋਂ ਕਰਦਾ ਹੈ ।

ਇਸ ਪਰਿਪੇਖ ਵਿੱਚ ਗੁਰੂ ਨਾਨਕ ਬਾਣੀ ਦਾ ਸੰਚਾਰ-ਵਿਗਿਆਨ, ਇਸ ਬਾਣੀ ਵਿੱਚ ਸ਼ਾਮਿਲ ਅੰਤਰ ਧਰਮੀ ਵਾਰਤਾਲਾਪ ਉਤੇ ਵੀ ਲਾਗੂ ਹੁੰਦਾ ਹੈ । ਦੂਸਰੀ ਵਿਸ਼ੇਸ਼ਤਾ ਇਸ ਸੰਚਾਰ ਵਿਗਿਆਨ ਦੀ ਇਹ ਹੈ ਕਿ ਇਸ ਦੁਆਰਾ ਵਿਗਿਆਨਕ ਪਹੁੰਚ ਵਿਧੀ ਨੂੰ ਅਪਣਾਇਆ ਗਿਆ ਹੈ । ਅਰਥਾਤ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਸੰਬੰਧਿਤ ਧਰਮਾਂ ਦੀਆਂ ਨਿਰਾਰਥਕ ਪੂਜਾ ਵਿਧੀਆਂ ਦਾ ਨਕਾਰਣ ਵਿਗਿਆਨਕ ਪੱਧਰ ਤੇ ਕੀਤਾ ਹੈ । ਅਜਿਹਾ ਕਰਨ ਨਾਲ ਸੰਬੰਧਤ ਧਰਮਾਂ ਦੇ ਲੋਕ ਆਪਣੀਆਂ ਆਪਣੀਆਂ ਤੁਟਤਾਈਆਂ ਤੋਂ ਭਲੀ ਭਾਂਤ ਜਾਣੂ ਹੋ ਜਾਂਦੇ ਹਨ ਅਤੇ ਗੁਰੂ ਜੀ ਦੁਆਰਾ ਦਰਸਾਏ ਮਾਰਗ ਦੇ ਅਨੁਸਾਰੀ ਬਣ ਜਾਂਦੇ ਹਨ । ਉਦਾਹਰਣ ਲਈ ਜੋ ਗੁਰੂ ਨਾਨਕ ਬਾਣੀ ਦੇ ਅੰਤਰ-ਧਰਮੀ ਵਾਰਤਾਲਾਪ ਮੂਰਤੀ ਪੂਜਾ ਦੀ ਨਿਰਾਰਥਕਤਾ ਨੂੰ ਸਿੱਧ ਕਰਦੇ ਹਨ ਤਾਂ ਅਜਿਹੇ ਵਿਗਿਆਨਕ ਢੰਗ ਨਾਲ ਗਲ ਨੂੰ ਸਮਝਾਉਂਦੇ ਹਨ ਕਿ ਵਿਰੋਧੀ ਧਿਰ ਗੁਰੂ ਜੀ ਦੁਆਰਾ ਦਸੇ ਗਏ ਤੱਥ ਨਾਲ ਸਹਿਮਤ ਹੋਏ ਬਿਨਾਂ ਨਹੀਂ ਰਹਿ ਸਕਦੀ ।

ਗੁਰੂ ਨਾਨਕ ਬਾਣੀ ਦੇ ਅੰਤਰ ਧਰਮੀ-ਵਾਰਤਾਲਾਪ ਦੇ ਸੰਚਾਰ ਵਿਗਿਆਨ ਦੀ ਇਕ ਵਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਧਰਮਾਂ ਅਤੇ ਵਿਅਕਤੀਆਂ ਨੂੰ ਸੰਬੋਧਿਤ ਹੁੰਦੇ ਸਮੇਂ ਦੋਹਰੀ ਸੰਚਾਰ-ਪ੍ਰਕ੍ਰਿਆ ਨੂੰ ਵਰਤੋਂ ਵਿਚ ਲਿਆਉਂਦਾ ਹੈ । ਇਕ ਸੰਚਾਰ-ਪ੍ਰਕ੍ਰਿਆ ਦੁਆਰਾ ਧਾਰਮਿਕ ਵਿਅਕਤੀਆਂ ਨੂੰ ਧਾਰਮਿਕ ਪੱਧਰ ਤੇ ਸਿਧਾਂਤਕ ਸ਼ਬਦਾਵਲੀ ਦੁਆਰਾ ਤੱਤ ਦੀ ਸੋਝੀ ਕਰਵਾਈ ਗਈ ਹੈ ਅਤੇ ਆਮ ਸਾਧਾਰਣ ਵਿਅਕਤੀਆਂ ਨੂੰ ਆਮ ਬੋਲ ਚਾਲ ਦੀ ਸਾਧਾਰਣ ਸ਼ਬਦਾਵਲੀ ਦੁਆਰਾ ਸਥੂਲ ਦੀ ਪੱਧਰ ਤੇ ਸੂਖਮ ਰਹੱਸਮਈ ਤੱਥ ਸਮਝਾਏ ਗਏ ਹਨ । ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਅਜਿਹੇ ਸੰਚਾਰ ਵਿਗਿਆਨ ਨੂੰ ਵਰਤੋਂ ਵਿੱਚ ਲਿਆਉਣ ਦੇ ਕਾਰਣ ਹੀ ਲੋਕ-ਚੇਤਨਾਂ ਉਤਪਨ ਕਰਨ ਵਿੱਚ ਸਫਲ ਹੋ ਸਕੇ ਹਨ । ਉਦਾਹਰਣ ਲਈ ਜੇ ਜੋਗੀਆਂ ਨਾਲ ਸੰਵਾਦ ਰਚਾਇਆ ਹੈ ਤਾਂ ਉਨ੍ਹਾਂ ਦੀ ਸ਼ਬਦਾਵਲੀ ਅਤੇ ਵਿਧੀ-ਵਿਧਾਨ ਨੂੰ ਆਪਣੇ ਵਿਚਾਰਾਂ ਦੇ ਸੰਚਾਰ ਲਈ ਮਾਧਿਅਮ ਬਣਾ ਲਿਆ ਹੈ । ਜੇ ਮੁਲਾਂ,ਕਾਜੀ ਜਾਂ ਪੰਡਿਤ ਜਾਂ ਕਿਸੇ ਧਰਮ-ਸ਼ਾਸਤਰੀ ਨੂੰ ਸੰਬੋਧਿਤ ਕਰਕੇ ਸੰਵਾਦ ਰਚਾਇਆ ਹੈ ਤਾਂ ਉਸੇ ਸੰਬੰਧਿਤ ਧਰਮ ਦੀ ਸ਼ਬਦਾਵਲੀ, ਉਸ ਦੇ ਬਾਹਰੀ ਚਿੰਨ੍ਹਾਂ ਅਤੇ ਪੂਜਾ-ਅਰਚਾ ਦੀਆਂ ਵਿਧੀਆਂ ਨੂੰ ਮਾਧਿਅਮ ਬਣਾ ਕੇ ਵਾਰਤਾਲਾਪ ਦੀ ਉਸਾਰੀ ਕਰ ਲਈ ਹੈ । ਅਜਿਹਾ ਕਰਨ ਨਾਲ ਗੁਰੂ ਜੀ ਆਪਣੀ ਗਲ ਨੂੰ ਆਸਾਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਵਿਚ ਕਾਮਯਾਬ ਹੋਏ ਹਨ। ਇਹੀ ਕਾਰਣ ਹੈ ਕਿ ਸਖਤ ਵਿਰੋਧਤਾ ਹੋਣ ਦੇ ਬਾਵਜੂਦ ਵੀ ਵੱਖ ਵੱਖ ਧਰਮਾਂ ਦੇ ਲੋਕ ਗੁਰੂ ਜੀ ਦੇ ਵਿਚਾਰਾਂ ਨਾਲ ਸਹਿਮਤ ਹੋ ਜਾਂਦੇ ਸਨ ਕਿਉਂਕਿ ਉਨ੍ਹਾਂ ਪਾਸ ਗੁਰੂ ਜੀ ਦੁਆਰਾ ਦਿਤੀ ਗਈ ਦਲੀਲ ਦੇ ਉੱਤਰਾਂ ਦਾ ਕੋਈ ਉੱਤਰ ਨਹੀਂ ਸੀ ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਸੰਚਾਰ-ਵਿਗਿਆਨ ਦੀ ਦ੍ਰਿਸ਼ਟੀ ਤੋਂ ਬਹੁ-ਦਿਸ਼ਾਵੀ ਅਤੇ ਬਹੁ-ਮੰਤਵੀ ਸੰਚਾਰ-ਪ੍ਰਕ੍ਰਿਆ ਦੇ ਧਾਰਨੀ ਹਨ । ਇਹ ਵਾਰਤਾਲਾਪ ਸਰੂਪ, ਸੁਭਾਅ ਅਤੇ ਉਦੇਸ਼ ਪਖੋਂ ਸਹਿਜ-ਦ੍ਰਿਸ਼ਟੀ ਦੇ ਸੂਚਿਕ ਹਨ ਕਿਉਂਕਿ ਇਹਨਾਂ ਵਾਰਤਾਲਾਪਾਂ ਵਿੱਚ ਕਿਸੇ ਧਰਮ, ਫਿਰਕੇ ਜਾਂ ਮਤ ਨੂੰ ਉਤਮ ਜਾਂ ਮਾੜਾ ਨਹੀਂ ਕਿਹਾ ਗਿਆ। ਕਿਸੇ ਧਰਮ ਜਾਂ ਫਿਰਕੇ ਦੀ ਆਲੋਚਨਾਂ ਕੇਵਲ ਆਲੋਚਨਾਂ ਦੀ ਖਾਤਰ ਨਹੀਂ ਕੀਤੀ ਗਈ । ਇਹ ਵਾਰਤਾਲਾਪ ਤੱਥਾਂ ਦੇ ਅਧਾਰ ਤੇ ਗੁਣਾਂ ਔਗੁਣਾਂ ਦਾ ਸਮਨਵੀਕਰਨ ਪ੍ਰਸਤੁਤ ਕਰਦੇ ਹੋਏ ਅੰਤਿਮ ਨਿਰਣਾ ਪਾਠਕ ਤੇ ਛੱਡ ਦੇਂਦੇ ਹਨ ਕਿ ਉਸਨੇ

ਕਿਸ ਮਾਰਗ ਨੂੰ ਧਾਰਨ ਕਰਦਾ ਹੈ ? ਕੀ ਉਸਨੇ ਨਾਨਾਂ-ਧਰਮਾਂ, ਅੰਧਵਿਸ਼ਵਾਸ਼ਾਂ ਦੇ ਮਾਰਗ ਦਾ ਧਾਰਨੀ ਬਣਨੇ ਨਾਲ ਜਾਂ ਵਿਵਾਦੇ ਦਾ ਧਾਰਨੀ ਹੋਣਾ ਹੈ ਜਾਂ ਧਰਮ ਦੀ ਆਤਮਾਂ ਨੂੰ ਸਮਝ ਕੇ ਉਸ ਅਨੁਸਾਰ ਆਪਣੀ ਧਰਮ ਨੂੰ ਧਾਰਨ ਕਰਨਾ ਹੈ । ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਅੰਤਰ ਧਰਮੀ ਵਾਰਤਾਲਾਪ ਭਾਰਤ ਦੀ ਕਲਾਸੀਕਲ ਸਾਹਿਤ ਪਰੰਪਰਾ ਦੀਆਂ ਸੰਚਾਰ ਜੁਗਤਾਂ ਦੀ ਵਰਤੋਂ ਵੀ ਕਰਦੇ ਹਨ ਪਰ ਇਸ ਤੋਂ ਵੀ ਵਧੇਰੇ ਵਰਤੋਂ ਲੋਕ ਸਾਹਿਤ-ਪਰੰਪਰਾ ਦੀਆਂ ਸੰਚਾਰ ਜੁਗਤਾਂ ਦੀ ਕਰਦੇ ਹਨ । ਇਹ ਵਿਧੀਆਂ, ਵਿਧਾਵਾਂ ਅਤੇ ਸੰਚਾਰ ਜੁਗਤਾਂ ਆਧੁਨਿਕ ਕਾਲ ਦੀ ਸ਼ਬਦਾਵਲੀ ਵਿਚ ਇਕ ਨਿਸ਼ਚਿਤ ਨਿਯਮ ਦੇ ਵਿਸਤਾਰ ਜਾਂ ਸੰਚਾਰ-ਵਿਗਿਆਨ ਨੂੰ ਪ੍ਰਗਟ ਕਰਦੀਆਂ ਹਨ । ਇਸ ਦੇ ਅੰਤਰਗਤ ਆਧੁਨਿਕ ਕਾਲ ਵਿਚ ਸਮਕਾਲੀਨ ਰੱਸਕਾਰੀ ਨਾਟਕ ਦਾ ਪੂਰਬ ਪੂਰਨਤਾ ਹੋਣਾ ਅਰਥ ਕੀਤਾ ਗਿਆ ਹੈ । ਇਸ ਬਾਣੀ ਵਿਚ ਮੇਰਾ ਇਹ ਨਿਸ਼ਾਨਾ ਜਿਸਦਾ ਪਾਠਕ ਦੀ ਸ਼ਾਮਲ ਹੈ ।

ਮੈਂ ਇਸ ਗਲ ਦਾ ਦਾਅਵਾ ਤਾਂ ਨਹੀਂ ਕਰ ਸਕਦਾ ਕਿ ਮੈਂ ਗੁਰੂ ਨਾਨਕ ਬਾਣੀ ਵਿੱਚ ਪ੍ਰਸਤੁਤ ਅੰਤਰ-ਧਰਮੀ ਵਾਰਤਾਲਾਪ ਦੇ ਸਰੂਪ, ਜੁਗਤਾਂ ਅਤੇ ਮੰਤਵ ਨੂੰ ਸੰਪੂਰਨ ਰੂਪ ਵਿਚ ਸਮਝ ਲਿਆ ਅਤੇ ਪ੍ਰਸਤੁਤ ਕਰ ਦਿਤਾ ਹੈ। ਅਜਿਹਾ ਇਸ ਲਈ ਵੀ ਸੰਭਵ ਨਹੀਂ ਕਿਉਂਕਿ ਅਸੀਂ ਹੁਣੀਆਂ ਤਕ ਏਨੀਆਂ ਉਕਤੀਆਂ ਜੁਗਤੀਆਂ ਨਾਲ ਗੁਰੂ ਨਾਨਕ ਸਾਹਿਬ ਦੇ ਅਨੁਭਵ ਪੱਧਰ ਤੱਕ ਪੁਜ ਹੀ ਨਹੀਂ ਸਕਦੇ। ਫਿਰ ਵੀ ਮੈਂ ਇਸ ਦਿਸ਼ਾ ਵੱਲ ਆਪਣੀ ਸੀਮਿਤ ਬੁੱਧੀ ਦੇ ਘੇਰੇ ਵਿਚ ਵਿਚਰਦਿਆਂ ਇਕ ਨੁਮਾਇੰਦਾ ਯਤਨ ਜ਼ਰੂਰ ਕੀਤਾ ਹੈ । ਮੈਂ ਆਸ ਕਰਦਾ ਹਾਂ ਕਿ ਇਹ ਰਹਿ ਗਈਆਂ ਖਾਮੀਆਂ ਜਾਂ ਤਰੁੱਟੀਆਂ ਇਸ ਦਿਸ਼ਾ ਵਿਚ ਕੰਮ ਕਰਨ ਵਾਲੇ, ਅੱਗੋਂ ਆਉਣ ਵਾਲੇ ਵਿਦਵਾਨ ਪੂਰੀਆਂ ਕਰਨ ਦੇ ਸਮਰੱਥ ਹੋ ਸਕਣਗੇ ।

## ਪੁਸਤਕ ਸੂਚੀ

### ਪੰਜਾਬੀ


1. ਅਹੂਜਾ, ਰੋਸ਼ਨ ਲਾਲ(ਡਾ.)-ਅਧਿਆਤਮਿਕ ਆਲੋਚਨਾਂ,ਲਾਹੌਰ ਬੁਕ ਸ਼ਾਪ ਲੁਧਿਆਣਾ-1984
2. ਸ਼ੇਰ ਸਿੰਘ (ਡਾ.) - ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1962 ਦੂਜੀ ਵਾਰ
3. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਮ੍ਰਿਤਸਰ-1969
4. ਕੁਲਵੰਤ ਕੌਰ (ਡਾ.)- ਗੁਰਮਤਿ ਕਾਵਿ-ਸ਼ਿਲਪ ਅਧਿਐਨ, ਲੋਕ ਗੀਤ ਪ੍ਰਕਾਸ਼ਨ,ਚੰਡੀਗੜ੍ਹ,1974
5. ਕੰਵਰ, ਕਰਨੈਲ ਸਿੰਘ (ਡਾ.) - ਸਿਧਾਂਤ ਸਮਿਆਵਾਦ, ਲਾਹੌਰ ਬੁਕ ਸ਼ਾਪ ਲੁਧਿਆਣਾ-
6. ਗਿੱਲ, ਮੁਹਿੰਦਰ ਕੌਰ (ਡਾ.)- ਬਾਣੀ ਵਿਧਾਨ, ਨੈਸ਼ਨਲ ਬੁਕ ਸ਼ਾਪ ਦਿੱਲੀ-1984
7. ਗੁਰੂ ਗ੍ਰੰਥ ਕੋਸ਼-ਰੂਪ, ਪੰਜਾਬੀ ਕਾਲੀਕਲਜ਼ ਦਿੱਲੀ,1930
8. ਗੁਪਤਾ ਸ਼ਾਂਤੀ ਲਾਲ (ਡਾ.) - ਭਾਰਤੀ ਦਰਸ਼ਨ, ਪੰਜਾਬ ਯੂਨੀਵਰਸਿਟੀ ਟੈਕਸਟ ਬੁਕ ਬੋਰਡ,ਚੰਡੀਗੜ੍ਹ,1974
9. ਗੁਰਮੁਖ ਨਿਹਾਲ ਸਿੰਘ (ਸੰਪਾ:)- ਗੁਰੂ ਨਾਨਕ ਜੀਵਨ ਯੁਗ ਅਤੇ ਸਿੱਖਿਆ,ਗੁਰੂ ਨਾਨਕ ਫਾਊਂਡੇਸ਼ਨ ਦਿੱਲੀ,1969
10. ਜਸਬੀਰ ਸਿੰਘ (ਡਾ.)- ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ-ਭਾਸ਼ਾ ਵਿਭਾਗ ਪਟਿਆਲਾ,1973
11. ਜੱਗੀ, ਗੁਰਸ਼ਰਨ ਕੌਰ- ਗੁਰੂ ਨਾਨਕ ਦੀ ਕਾਵਿ ਕਲਾ, ਲਾਹੌਰ ਬੁਕ ਸ਼ਾਪ,ਲੁਧਿਆਣਾ,1979
12. ਜੱਗੀ, ਰਤਨ ਸਿੰਘ (ਡਾ.)- ਗੁਰੂ ਨਾਨਕ ਦੀ ਵਿਚਾਰਧਾਰਾ,ਨਵਯੁਗ ਪਬਲਿਸ਼ਰਜ, ਦਿੱਲੀ,1969
13. ਜੋਸ਼ੀ ਐਲ.ਐਮ ਤੇ ਜੋਧ ਸਿੰਘ- ਵਿਸ਼ਵ ਧਰਮ ਸੰਗ੍ਰਹਿ,ਪੰਜਾਬੀ ਯੂਨੀਵਰਸਿਟੀ,ਪਟਿਆਲਾ,1971
14. ਥਿੰਦ, ਕਰਨੈਲ ਸਿੰਘ,- ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ,ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ-1973
15. ਢਿਲੋਂ, ਜਸਵਿੰਦਰ ਕੌਰ, ਗੁਰੂ ਨਾਨਕ ਬਾਣੀ ਦੀ ਕੀਮਤ ਮੀਮਾਂਸਾ,ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ-1982
16. ਦੀਪ, ਦਲੀਪ ਸਿੰਘ (ਡਾ.)- ਭਾਈ ਗੁਰਦਾਸ ਦੀ ਪਹਿਲੀ ਵਾਰ,ਲਾਹੌਰ ਬੁਕ ਸ਼ਾਪ, ਲੁਧਿਆਣਾ,(ਮਿਤੀਹੀਣ)

17. ਬੁਸਾਂਝ, ਕੁਲਦੀਪ ਕੌਰ - ਪੰਜਾਬੀ ਸੂਫੀ ਕਾਵਿ ਦਾ ਸਭਿਆਚਾਰਕ ਅਧਿਐਨ, ਦੀਪਕ ਪਬਲਿਸ਼ਰਜ਼, ਜਲੰਧਰ-1979

18. ਪਦਮ, ਪਿਆਰਾ ਸਿੰਘ, - ਪੰਜਾਬੀ ਸਾਹਿਤ ਦੀ ਰੂਪ ਰੇਖਾ, ਕਲਮ ਮੰਦਰ, ਪਟਿਆਲਾ -

19. ਪ੍ਰੀਤਮ ਕੌਰ(ਡਾ.)- ਆਦਿ ਗ੍ਰੰਥ ਦੀਆਂ ਵਾਰਾਂ ਦਾ ਵਿਚਾਰ ਸਿਧਾਂਤ, ਵਾਰਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990

20. ਪ੍ਰੇਮ ਪ੍ਰਕਾਸ਼ ਸਿੰਘ- ਗੁਰੂ ਨਾਨਕ ਨਿਰਗੁਣ ਧਾਰਾ, ਭਾਸ਼ਾ ਵਿਭਾਗ, ਪਟਿਆਲਾ, 1973

21. ਗੁਰੂ ਨਾਨਕ ਬਾਣੀ ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

22. ਗੁਰੂ ਨਾਨਕ ਬਾਣੀ ਭਾਗ ਦੂਜਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1969

23. ਬਲਜੀਤ ਕੌਰ - ਸੁਹਜ ਸ਼ਾਸਤਰ ਦੀ ਰੂਪ ਰੇਖਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987

24. ਬੇਦੀ ਕਾਲਾ ਸਿੰਘ, (ਡਾ.)- ਵਾਰਤਾਕਾਰ ਗੁਰੂ ਨਾਨਕ

25. ਭਾਰਤੀ, ਨਰੀ ਸਿੰਘ - ਗੁਰੂ ਨਾਨਕ ਦਾ ਸਦਾਚਾਰ ਮਾਰਗ, ਸੰਦੀਪ ਪਬਲਿਸ਼ਰਜ਼ ਚੰਡੀਗੜ੍ਹ, 1990

26. ਮਨਮੋਹਨ ਸਿੰਘ - ਭਾਰਤੀ ਧਰਮ ਤੇ ਨੈਤਿਕਤਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ-1988

27. ਮੈਣੀ, ਧਰਮ ਪਾਲ, (ਡਾ.)- ਗੁਰੂ ਨਾਨਕ ਚਿੰਤਨ ਤੇ ਕੋਰ ਨਿਸ਼ੰਗ, ਕੇ. ਲਾਲ ਐਂਡ ਕੰਪਨੀ, ਜਲੰਧਰ-1972

28. ਵਣਜਾਰਾ ਬੇ ਦੀ, ਸੁਹਿੰਦਰ ਸਿੰਘ- ਪੰਜਾਬੀ ਲੋਕ ਧਾਰਾ, ਨੈਸ਼ਨਲ ਬੁਕ ਟਰੱਸਟ ਇੰਡੀਆ, 1971

29. ________________ ਗੁਰੂ ਨਾਨਕ ਤੇ ਲੋਕ-ਪ੍ਰਵਾਹ, ਨੈਸ਼ਨਲ ਬੁਕ ਸ਼ਾਪ, ਲੁਧਿਆਣਾ, 1971

30. ਭਾਈ ਜੋਧ ਸਿੰਘ(ਡਾ.) - ਗੁਰਮਤਿ ਨਿਰਣਯ, ਲਾਹੌਰ ਬੁਕ ਸ਼ਾਪ ਲੁਧਿਆਣਾ, 1962

31. ਭਾਟੀਆ,- ਸੁਰਜੀਤ ਸਿੰਘ, ਗੁਰਬਾਣੀ ਦੀ ਸੀਰਤ,, ਸਿਮਰ ਸਾਹਿਤ ਸਦਨ ਅੰਮ੍ਰਿਤਸਰ-1992

32. ਰਾਮ ਸਿੰਘ, (ਪ੍ਰੋ.)- ਗੁਰੂ ਨਾਨਕ ਦੀ ਸੁਹਜ ਕਲਾ, ਸਿੰਘ ਬ੍ਰਦਰਜ਼ ਅੰਮ੍ਰਿਤਸਰ-**1968**

<u>ਹਿੰਦੀ</u>


1. ਚੌਹਾਨ, ਪ੍ਰੇਮਾ ਰਾਣੀ ਜਾਦੋ,(ਡਾ.) - ਹਿੰਦੀ ਸੂਫ਼ੀ ਕਾਵਿ ਮੇਂ ਪੌਰਾਣਿਕ ਆਖਿਆਨ, ਅਭਿਨਵ ਪ੍ਰਕਾਸ਼ਨ, ਦਿਲੀ-1976
2. ਦਿਵੇਦੀ, ਹਜ਼ਾਰੀ ਪ੍ਰਸਾਦ- ਮੱਧਕਾਲੀਨ ਧਰਮ ਸਾਧਨਾ, ਸਾਹਿਤ੍ਯ ਭਵਨ, ਇਲਾਹਾਬਾਦ,1956
3. ਧਰਮਵੀਰ(ਡਾ.)- ਸਿਧ ਸਾਹਿਤ੍ਯ, ਇਲਾਹਾਬਾਦ,1955
4. ਸ਼ੁਕਲਾ, ਵੀ.ਐਨ.(ਡਾ.)- ਗੁਰੂ ਨਾਨਕ, ਸੰਗੀਤਗ੍ਯ, ਹਿੰਦੂ ਬੁਕ ਕੰਪਨੀ, ਜਲੰਧਰ-1978
5. ਸਹਿਗਲ, ਮਨਮੋਹਨ(ਡਾ.), ਗੁਰੂ ਗ੍ਰੰਥ ਸਾਹਿਬ- ਏਕ ਸਾਂਸਕ੍ਰਿਤਕ ਸਰਵੇਖਣ, ਭਾਸ਼ਾ ਵਿਭਾਗ ਪਟਿਆਲਾ,1971
6. ਪਾਠਕ, ਵਿਸ਼ੁਧਾਨੰਦ,(ਡਾ.)- ਮੱਧ ਕਾਲੀਨ ਹਿੰਦੀ ਸਾਹਿਤ੍ਯ ਪਰ ਬੁਧ ਧਰਮ ਕਾ ਪ੍ਰਭਾਵ, ਸਾਹਿਤ੍ਯ ਨਿਕੇਤਨ, ਕਾਨਪੁਰ ।

English

1. Abdullah Yusuf Ali(Trans.- Glorious Quran-Dar Al Kitab Al Masri vol I & II,Undated.

2. A.R. Desai - Rural Sociology in India,Popular Parkash, Bombay,1961

3. Avtar Singh- Ethics of the Sikhs,Panjabi University, Patiala,1970

4. Darshan Singh(Dr.)-The Religion of Guru Nanak,Lyall Book Depot.,Ludhiana,1970.

5. Dass Gupta S.N.- A History of Indian Philosophy,Cambridge University,Press 1957.

6. Gurinder Kaur-The Guru Granth Sahib,Its Physics and Meta Physics - Sterling Publishers,Private Ltd. Delhi-1981

7. Harbans Singh (ed)- Perspectives on Guru Nanak,Panjabi University,Patiala,1975

8. James - Principles of Psychology

9. Kohli, S.S.(Dr.)- A Critical Study of Adi Granth, Pbi. Writers Co-Op New Delhi,1969

[illegible]. Mohan Singh(Dr.) - A History of Panjabi Literature, Bharat Parkashan Jallandhur-1971

[illegible]. M.A. Macauliffe - The Sikh Religion (in six Vol.) S.Chand Co. Delhi-1963

[illegible]. Narang, Gokul Chand,- Transformation of Sikhism, New Book Society New Delhi-1956

[illegible]. Sarvpalli, Radha Krishan (Dr.)- Indian Philosophy, Vol I & II, New York, 1966

[illegible]. Taran Singh (Dr.) Guru Nanak and Indian Religion Thought, Panjabi University, Patiala-1970

[illegible]. W.H. McLeod, Guru Nanak and the Sikh Religion, Oxford University Press London-1968